ਸਮਰਪਣ
ਉਨ੍ਹਾਂ ਵਿਦਵਾਨਾਂ ਨੂੰ ਜੋ ਸੱਚ ਦੇ ਖੋਜੀ
ਹਨ ਅਤੇ ਸਭ ਧਰਮਾਂ ਦਾ
ਸਤਿਕਾਰ ਕਰਦੇ ਹਨ।

ਸਮਰਪਣ
ਉਨ੍ਹਾਂ ਵਿਦਵਾਨਾਂ ਨੂੰ ਜੋ ਸੱਚ ਦੇ ਖੋਜੀ
ਹਨ ਅਤੇ ਸਭ ਧਰਮਾਂ ਦਾ
ਸਤਿਕਾਰ ਕਰਦੇ ਹਨ।

ਸਮਰਪਣ
ਉਨ੍ਹਾਂ ਵਿਦਵਾਨਾਂ ਨੂੰ ਜੋ ਸੱਚ ਦੇ ਖੋਜੀ
ਹਨ ਅਤੇ ਸਭ ਧਰਮਾਂ ਦਾ
ਸਤਿਕਾਰ ਕਰਦੇ ਹਨ।

ਸਮਰਪਣ
ਉਨ੍ਹਾਂ ਵਿਦਵਾਨਾਂ ਨੂੰ ਜੋ ਸੱਚ ਦੇ ਖੋਜੀ
ਹਨ ਅਤੇ ਸਭ ਧਰਮਾਂ ਦਾ
ਸਤਿਕਾਰ ਕਰਦੇ ਹਨ।

ਸਮਰਪਣ
ਉਨ੍ਹਾਂ ਵਿਦਵਾਨਾਂ ਨੂੰ ਜੋ ਸੱਚ ਦੇ ਖੋਜੀ
ਹਨ ਅਤੇ ਸਭ ਧਰਮਾਂ ਦਾ
ਸਤਿਕਾਰ ਕਰਦੇ ਹਨ।

# ਸਿੱਖ ਧਰਮ ਤੇ ਈਸਾਈ ਧਰਮ

## (Sikh Religion and Christianity)

**ਜੀ. ਐੱਸ. ਸਿੱਧੂ (ਐਮ-ਏ)**

**ਗੁਰੂ ਨਾਨਕ ਚੈਰੀਟੇਬਲ ਟਰੱਸਟ (ਰਜਿ.) ਮੁੱਲਾਂਪੁਰ ਦਾਖਾ ਮੰਡੀ**
ਜ਼ਿਲ੍ਹਾ ਲੁਧਿਆਣਾ, ਪੰਜਾਬ, ਭਾਰਤ
ਫੋਨ : 0161-2881001
www.gurmatbhawan.org.
email : info@gurmatbhawan.org
: gurmat_bhawan@sify.com

**SIKH DHARAM TE IASEE DHARAM**

Punjabi Translation of

Sikh Religion and Christianity

*by Inderpal Singh (Lect.) Govt. College Karamsar. Ludhiana*

ISBN-1 902122 00 3

**© ਜੀ. ਐੱਸ. ਸਿੱਧੂ (ਐਮ-ਏ)**

**ਚੌਥੀ ਵਾਰ** : 2009 (1000 **ਕਾਪੀਆਂ)**

**ਅਨੁਵਾਦਕ : ਪ੍ਰੋ. ਇੰਦਰਪਾਲ ਸਿੰਘ**

**ਪ੍ਰਕਾਸ਼ਕ :**

**ਗੁਰੂ ਨਾਨਕ ਚੈਰੀਟੇਬਲ ਟਰੱਸਟ (ਰਜਿ.) ਮੁੱਲਾਂਪੁਰ ਦਾਖਾ ਮੰਡੀ**

**ਜ਼ਿਲ੍ਹਾ ਲੁਧਿਆਣਾ, ਪੰਜਾਬ, ਭਾਰਤ**

**ਫੋਨ** : 0161-2881001

www.gurmatbhawan.org.

email : info@gurmatbhawan.org

: gurmat_bhawan@sify.com

# ਤਤਕਰਾ

ਮੁੱਖ ਬੰਦ ........ 7

ਦੋ ਸ਼ਬਦ ........ 9

ਪੁਸਤਕ ਬਾਰੇ ........ 11

ਪੁਸਤਕ ਬਾਰੇ ........ 12

ਉੱਤਮ ਕਿਰਤ ........ 13

ਸਿੱਖ ਧਰਮ ਅਤੇ ਈਸਾਈ ਧਰਮ-ਪਿਛੋਕੜ ........ 14

**ਅਧਿਆਇ ਪਹਿਲਾ**

ਇਤਿਹਾਸਕ ਪਿਛੋਕੜ

1.1 ਈਸਾਈ ਧਰਮ ਦਾ ਇਤਿਹਾਸ ........ 18

1.2 ਸਿੱਖਾਂ ਦਾ ਸੰਖੇਪ ਇਤਿਹਾਸ ........ 23

**ਅਧਿਆਇ ਦੂਜਾ**

ਧਰਮ ਗ੍ਰੰਥ

2.1 ਪਵਿੱਤਰ ਬਾਈਬਲ ........ 27

2.2 ਪਵਿੱਤਰ ਗੁਰੂ ਗ੍ਰੰਥ ਸਾਹਿਬ ........ 31

**ਅਧਿਆਇ ਤੀਜਾ**

ਪਰਮਾਤਮਾ

3.1 ਪਰਮਾਤਮਾ ........ 34

3.2 ਪਰਮਾਤਮਾ ਦਾ ਘਰ ........ 37

3.3 ਪਰਮਾਤਮਾ ਦਾ ਜਨਮ ਅਤੇ ਮੌਤ ........ 39

3.4 ਪਰਮਾਤਮਾ ਦਾ ਇੱਕੋ ਇੱਕ ਪੁੱਤਰ ........ 40

3.5 ਪਰਮਾਤਮਾ ਅਤੇ ਪੁੱਤਰ ਇੱਕੋ ਸਰੀਰ ਵਿਚ ........ 42

3.6 ਪਰਮਾਤਮਾ ਦੀ ਕੁਰਬਾਨੀ ........ 44

3.7 ਪਰਮਾਤਮਾ ਪ੍ਰਲੋਭਿਤ ਹੁੰਦਾ ਹੈ ........ 45

3.8 ਪਰਮਾਤਮਾ ਡਰ ਭਰਪੂਰ ਹੈ ........ 46

3.9 ਪਰਮਾਤਮਾ ਗਲਤੀਆਂ ਕਰਦਾ ਹੈ ........ 47

3.10 ਪਰਮਾਤਮਾ ਪੇਟੂ ਹੈ ........ 49

3.11 ਪਰਮਾਤਮਾ ਅਜਿੱਤ ਨਹੀਂ ਹੈ ........ 50

3.12 ਪਰਮਾਤਮਾ ਅਨਿਆਂ ਪੂਰਨ ਹੈ ........ 51
3.13 ਪਰਮਾਤਮਾ ਬਦਲੇ ਖੋਰ ਹੈ ........ 55
3.14 ਨੈਤਿਕ ਅਤੇ ਅਨੈਤਿਕ ਪਰਮਾਤਮਾ ........ 56
3.15 ਪਰਮਾਤਮਾ ਦੀ ਯਾਦਗਾਰ ........ 57
3.16 ਪਰਮਾਤਮਾ ਦੇ ਚੋਣਵੇਂ ਲੋਕ ........ 58
3.17 ਰੂਹਾਨੀ ਸੰਦੇਸ਼ ........ 60
3.18 ਪੁਨਰ ਜਨਮ ਅਤੇ ਮੁੜ ਵਾਪਸੀ ........ 61

## ਅਧਿਆਇ ਚੌਥਾ

ਰਚਣਹਾਰ ਦੀ ਰਚਨਾ
4.1 ਬ੍ਰਹਿਮੰਡ ਦੀ ਰਚਨਾ ........ 67
4.2 ਬ੍ਰਹਿਮੰਡ ਕਿੰਨਾ ਵੱਡਾ ਹੈ? ........ 70
4.3 ਪਰਮਾਤਮਾ ਨੂੰ ਸ੍ਰਿਸ਼ਟੀ ਰਚਣ ਉਪਰੰਤ ਆਰਾਮ ਦੀ ਲੋੜ ਪਈ ........ 71
4.4 ਧਰਤੀ ਦੀਆਂ ਚਾਰ ਨੁੱਕਰਾਂ ਹਨ ........ 71
4.5 ਪਵਿੱਤਰ ਦਿਨ ........ 72
4.6 ਸਵਰਗ ਦਾ ਦਾਖਲਾ ........ 74

## ਅਧਿਆਇ ਪੰਜਵਾਂ

ਵਿਸ਼ਵਾਸ਼
5.1 ਤ੍ਰਿਮੂਰਤੀ ........ 77
5.2 ਨਿਰਮਲ ਜਨਮ ........ 83
5.3 ਫਰਿਸ਼ਤੇ ........ 85
5.4 ਧੂਫ਼ ਜਲਾਉਣਾ ........ 86
5.5 ਚਮਤਕਾਰ ........ 87
5.6 ਮੌਤ ........ 90
5.7 ਪਰਮਾਤਮਾ ਦੀਆਂ ਆਵਾਜ਼ਾਂ ........ 93
5.8 ਪਿਸ਼ਾਚ, ਦੈਤ, ਭੂਤ, ਚੁੜੈਲਾਂ ਅਤੇ ਸ਼ੈਤਾਨ ........ 95
5.9 ਪਾਪ ਦਾ ਜਨਮ ........ 96
5.10 ਪਾਪਾਂ ਦੀ ਮੁਆਫ਼ੀ ........ 100
5.11 ਪਾਪਾਂ ਦਾ ਖਾਤਮਾ ........ 101
5.12 ਮੁਕਤੀ ........ 104
5.13 ਮੁਰਦੇ ਜ਼ਿੰਦਾਂ ਹੋਣਗੇ ........ 105
5.14 ਪਛਤਾਵਾ ........ 107
5.15 ਆਤਮਾ ........ 107



## ਅਧਿਆਇ ਛੇਵਾਂ

ਰਸਮਾਂ
6.1 ਰਸਮਾਂ ਵਿਚ ਸਮਾਨਤਾ ........ 111
6.2 ਸ਼ਰਾਬ ਅਤੇ ਬਲੀ ........ 116
6.3 ਪਾਦਰੀ ਧਰਮ ........ 120
6.4 ਪਸ਼ਚਾਤਾਪ ........ 121
6.5 ਪ੍ਰਾਰਥਨਾ ........ 121
6.6 ਈਸਾਈ ਬੈਪਾਟਿਜ਼ਮ ਅਤੇ ਸਿੱਖ ਅੰਮ੍ਰਿਤ ........ 124

## ਅਧਿਆਇ ਸੱਤਵਾਂ

ਮਨੁੱਖੀ ਜੀਵਨ ਅਤੇ ਸਮਾਜ
7.1 ਜ਼ਿੰਦਗੀ ਦੀ ਫਿਲਾਸਫੀ (ਦਰਸ਼ਨ) ........ 127
7.2 ਬਦਲਾ ........ 128
7.3 ਔਰਤ ........ 131
7.4 ਗ੍ਰਹਿਸਥ ........ 132
7.5 ਵਿਆਹ ........ 134
7.6 ਜੀਵ ਅਤੇ ਵਿਭਚਾਰ ........ 135
7.7 ਸਿੱਧ ਅਤੇ ਸੰਤ ........ 136

## ਅਧਿਆਇ ਅੱਠਵਾਂ

ਗੁਣ
ਕਿਵ ਸਚਿਆਰਾ ਹੋਈਐ ........ 143

## ਅਧਿਆਇ ਨੌਂਵਾਂ

ਅੰਤਮ ਕਥਨ
ਪਰਮਾਤਮਾ ਦੀ ਪਵਿੱਤਰ ਸ਼ਾਨ ਵਿੱਚ ........ 145
ਇੱਕ ਪ੍ਰਾਰਥਨਾ ........ 148

# ਮੁੱਖ ਬੰਦ

ਸਿੱਖਾਂ ਦੇ ਛੋਟੇ, ਪਰ ਕਾਰਨਾਮਿਆਂ ਭਰਪੂਰ ਇਤਿਹਾਸ ਵਿਚ ਸਿੱਖਾਂ ਅਤੇ ਸਿੱਖੀ ਬਾਰੇ ਦੁਨੀਆਂ ਭਰ ਦੇ ਲੋਕਾਂ ਨੂੰ ਪਹਿਲਾਂ ਨਾਲੋਂ ਹੁਣ ਵਧੇਰੇ ਜਾਣਕਾਰੀ ਹੈ। ਭਾਰਤ ਵਿਚ ਵੇਦਾਂ ਦੇ ਤੀਬਰ ਪ੍ਰਭਾਵ ਤੋਂ ਅਹਿੱਲ ਰਹਿ ਕੇ ਅਸਲ ਵਿਚ ਦੁਨੀਆਂ ਦੇ ਵੱਖ-ਵੱਖ ਸਭਿਆਚਾਰਾਂ ਤੋਂ ਮਨੁੱਖਤਾ ਦੇ ਸਾਂਝੇ ਸਭਿਆਚਾਰ ਦੀ ਸਿਰਜਣਾ ਬਾਰੇ ਲੋਚਦੇ ਇੱਕ ਮੁਕੰਮਲ ਸਿਆਸੀ ਫਲਸਫ਼ੇ ਮੁਤਾਬਕ ਧਰਮਾਂ ਅਤੇ ਸਮਾਜਕ ਪ੍ਰਬੰਧਾਂ ਨੂੰ ਆਪਣੇ ਕਲਾਵੇ ਵਿਚ ਲੈਣ ਦੇ ਸਮਰੱਥ ਅਤੇ ਜੀਵਨ-ਜਾਚ ਦਰਸਾਉਂਦੀ ਹੋਈ ਸਿੱਖੀ ਹੁਣ ਆਪਣੇ ਸੁਚੱਜੇ ਰੂਪ ਵਿਚ ਉੱਭਰ ਰਹੀ ਹੈ। ਪਰਮ ਪਿਤਾ ਪਰਮਾਤਮਾ ਅਤੇ ਮਨੁੱਖੀ ਭਾਈਚਾਰੇ ਦੇ ਸੰਬੰਧ ਵਿਚ ਨੇਕੀ ਅਤੇ ਬਦੀ ਦੀ ਪਹਿਚਾਣ ਕਰਵਾਉਂਦੀ ਸਿੱਖੀ ਨੂੰ, ਈਸਾਈ ਧਰਮ ਸਮੇਤ ਦੁਨੀਆਂ ਦੇ ਹੋਰਨਾਂ ਧਰਮਾਂ ਦੇ ਬਰਾਬਰ ਬੈਠਣ ਵਿਚ ਕੋਈ ਮੁਸ਼ਕਿਲ ਪੇਸ਼ ਨਹੀਂ ਆ ਰਹੀ।

ਬੜੀ ਦੇਰ ਤੋਂ ਉਡੀਕੇ ਜਾ ਰਹੇ ਸਿੱਖ ਧਰਮ ਅਤੇ ਈਸਾਈ ਮਤ ਦੇ ਤੁਲਨਾਤਮਕ ਅਧਿਐਨ ਵਿਚ ਸ੍ਰ. ਜੀ. ਐਸ. ਸਿੱਧੂ ਨੇ ਦੁਨੀਆਂ ਦੇ ਇਨ੍ਹਾਂ ਦੋ ਧਰਮਾਂ ਵਿਚਕਾਰਲੇ ਵਖਰੇਵੇਂ ਨੂੰ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ। ਇਹ ਇਕ ਕਠਿਨ ਅਤੇ ਬਹੁਤ ਸੰਵੇਦਨਸ਼ੀਲ ਕਾਰਜ ਹੈ, ਜਿਸ ਨੂੰ ਉਨ੍ਹਾਂ ਨੇ ਬੜੀ ਲਗਨ ਨਾਲ ਸਿਰੇ ਚਾੜ੍ਹਿਆ ਹੈ। ਸਭਨਾਂ ਤਰਕਾਂ ਅਤੇ ਟਿੱਪਣੀਆਂ ਨੂੰ ਨਜਿੱਠਣਾ ਬਹੁਤ ਮੁਸ਼ਕਿਲ ਹੁੰਦਾ ਹੈ ਪਰ ਮੈਨੂੰ ਯਕੀਨ ਹੈ ਕਿ ਕਿਤਾਬ ਪੜ੍ਹ ਕੇ ਪਾਠਕ ਨੂੰ ਲੱਗੇਗਾ ਕਿ ਅਗਲੇਰੀ ਖੋਜ ਵਾਸਤੇ ਉਸ ਨੂੰ ਇਕ ਨਿੱਗਰ ਆਧਾਰ ਮੁਹੱਈਆ ਹੋ ਗਿਆ ਹੈ।

ਸ੍ਰ. ਜੀ. ਐਸ. ਸਿੱਧੂ ਨੇ ਅਰਧ-ਗਿਆਨੀ ਸਿੱਖ ਗ੍ਰੰਥੀਆਂ ਅਤੇ ਸੰਤਾਂ ਸੰਬੰਧੀ ਤਿੱਖੀ ਆਲੋਚਨਾ ਕੀਤੀ ਹੈ। ਅਜਿਹਾ ਬਿਲਕੁਲ ਸਹੀ ਕੀਤਾ ਗਿਆ ਹੈ। ਪਰ ਕਸੂਰ ਅਨੁਯਾਈਆਂ ਦਾ ਹੈ। ਪ੍ਰਵਾਸੀ ਸਿੱਖ ਪਦਾਰਥਕ ਲਾਭ ਖਾਤਰ, ਬਹੁ-ਫਿਰਕਾ ਮਾਹੌਲ ਵਿਚ ਵਿਚਾਰਾਂ ਦੀ ਆਪਣੀ ਸੂਝ ਤੇ ਪੈਣ ਵਾਲੇ ਅਸਰ ਤੋਂ ਬੇਖ਼ਬਰ, ਇੱਕ ਵਿਸ਼ਾਲ ਸਮੁੰਦਰ ਵਿਚ ਬਿਨਾਂ ਪਤਵਾਰ ਤੋਂ ਟੱਕਰਾਂ ਮਾਰ ਰਹੇ ਹਨ। ਉਨ੍ਹਾਂ ਨੂੰ



ਇਹ ਸਮਝਣਾ ਪਵੇਗਾ ਕਿ ਕਿਸੇ ਵੀ ਸਭਿਆਚਾਰਕ ਸਮਾਜ ਦੀਆਂ ਪ੍ਰਚਲਤ ਧਾਰਨਾਵਾਂ ਸਾਹਮਣੇ ਆਪਣੀ ਪਹਿਚਾਣ ਬਣਾਉਣੀ ਕਿੰਨੀ ਮੁਸ਼ਕਿਲ ਹੁੰਦੀ ਹੈ। ਸਭਿਆਚਾਰਕ ਵਿਭਿੰਨਤਾ ਦੇ ਬਹੁ-ਪੱਖੀ ਖਾਸੇ ਨੂੰ ਸਮਝਦਿਆਂ ਹੋਇਆ ਇਸਦੇ ਹਰੇਕ ਰੂਪ ਨੂੰ ਮਾਨਣਾ ਚਾਹੀਦਾ ਹੈ। ਇਹੋ ਹੀ ਤਾਂ ਸਿੱਖੀ ਜੀਵਨ-ਜਾਂਚ ਦਾ ਅੰਦਰੂਨੀ ਮੁੱਦਾ ਹੈ। ਸਿੱਖਾਂ ਦੀ ਨੌਜਵਾਨ ਪੀੜ੍ਹੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਧਰਮ ਅਤੇ ਹੋਰਨਾਂ ਲੋਕਾਂ ਦੇ ਧਰਮਾਂ ਬਾਰੇ ਵਧੇਰੇ ਜਾਣੂ ਹੋਣ।

**ਗੁਰਮੁਖ ਸਿੰਘ**
ਪ੍ਰਿੰਸੀਪਲ (ਰਿਟਾਇਰਡ)

# ਦੋ ਸ਼ਬਦ

ਕੁਝ ਵਰ੍ਹੇ ਪਹਿਲਾਂ ਮੈਨੂੰ ਗ੍ਰੇਵਜ਼-ਐਂਡ (ਕੈਂਟ-ਯੂ.ਕੇ) ਕਮਿਊਨਿਟੀ ਰਿਲੇਸ਼ਨ ਕੌਂਸਿਲ ਦੀ ਇਕ ਮੀਟਿੰਗ ਨੂੰ ਸੰਬੋਧਿਤ ਹੋਣ ਲਈ ਬੁਲਾਇਆ ਗਿਆ ਸੀ। ਵਿਸ਼ਾ ਸੀ, "ਰਿਲੀਜਨ ਇਨ ਮੌਡਰਨ ਸੁਸਾਇਟੀ (ਵਰਤਮਾਨ ਸਮਾਜ ਵਿੱਚ ਧਰਮ ਦਾ ਅਸਥਾਨ)"। ਭਾਸ਼ਣ ਦੇ ਅੰਤ ਵਿਚ ਇਕ ਯਹੂਦੀ ਨੇ ਖੜ੍ਹਿਆਂ ਹੋ ਕੇ ਸਵਾਲ ਪੁੱਛਿਆ, "ਤੁਹਾਡਾ ਰੱਬ ਯਹੂਦੀਆਂ ਦੇ ਰੱਬ ਨਾਲੋਂ ਕਿਸ ਗੱਲੋਂ ਵੱਖਰਾ ਹੈ?" ਮੈਂ ਉਸਦਾ ਜਵਾਬ ਦਿੱਤਾ, "ਪਰਮਾਤਮਾ ਇੱਕ ਹੈ। ਯਹੂਦੀਆਂ ਅਤੇ ਸਿੱਖਾਂ ਦੇ ਪਰਮਾਤਮਾ ਵਿੱਚ ਕੋਈ ਭਿੰਨ ਭੇਦ ਨਹੀਂ ਹੈ"। ਮੈਂ ਉਨ੍ਹਾਂ ਤਿੰਨ ਅੰਨ੍ਹੇ ਆਦਮੀਆਂ ਦੀ ਗੱਲ ਸੁਣਾਈ ਜੋ ਹਾਥੀ ਵੇਖਣ ਗਏ । ਹਾਥੀ ਨੂੰ ਛੂਹਣ ਵੇਲੇ ਉਨ੍ਹਾਂ ਤਿੰਨਾਂ ਨੂੰ ਹੀ ਵੱਖੋ-ਵੱਖਰਾ ਅਹਿਸਾਸ ਹੋਇਆ। ਇਹੋ ਸੱਚਾਈ ਵੱਖੋ-ਵੱਖਰੇ ਪੱਖਾਂ ਤੋਂ ਧਰਮ ਦੀ ਹੈ। ਪਰਮਾਤਮਾ ਮਹਾਨ ਅਤੇ ਅਦ੍ਰਿਸ਼ਟ ਹੈ। ਹਰ ਕੋਈ ਉਸਨੂੰ ਆਪਣੇ ਨਜ਼ਰੀਏ ਨਾਲ ਦੇਖਦਾ ਹੈ। ਉਹ ਆਦਮੀ ਸੰਤੁਸ਼ਟ ਨਾ ਹੋਇਆ। ਉਸ ਦਾ ਮੰਨਣਾ ਸੀ ਕਿ ਸਿੱਖਾਂ ਦਾ ਰੱਬ, ਯਹੂਦੀਆਂ ਦਾ ਰੱਬ ਹੋ ਹੀ ਨਹੀਂ ਸਕਦਾ। ਸਾਰੀ ਕੋਸ਼ਿਸ਼ ਕੀਤੀ ਪਰ ਮੈਂ ਉਸ ਨੂੰ ਸੰਤੁਸ਼ਟ ਨਾ ਕਰ ਸਕਿਆ।

ਇਸ ਘਟਨਾ ਤੋਂ ਬਾਅਦ ਮੇਰੇ ਮਨ ਵਿਚ ਹਮੇਸ਼ਾ ਇਹੋ ਖਿਆਲ ਆਉਂਦਾ ਕਿ ਹੋ ਸਕਦਾ ਹੈ ਕਿ ਇਸ ਵਿਸ਼ੇ ਤੇ ਕੋਈ ਨਿਵੇਕਲੀ ਪਹੁੰਚ ਲੋਕਾਂ ਨੂੰ ਇੱਕ ਦੂਜੇ ਦੇ ਦ੍ਰਿਸ਼ਟੀਕੋਣ ਦੇ ਨੇੜੇ ਲਿਆਉਣ ਵਿਚ ਭੂਮਿਕਾ ਨਿਭਾ ਸਕੇ। ਇਹ ਪਹੁੰਚ ਸੀ ਆਪਣੇ ਧਾਰਮਿਕ ਵਿਸ਼ਵਾਸਾਂ ਦੇ ਜ਼ਾਵੀਏ (ਨਜ਼ਰੀਏ) ਤੋਂ ਦੂਜੇ ਧਰਮ ਨੂੰ ਵੇਖਣਾ ਤਾਂ ਜੋ ਇੱਕ ਤਾਂ ਵੱਖਰੇਵੇਂ ਉੱਘੜ ਕੇ ਸਾਹਮਣੇ ਆ ਜਾਣ ਅਤੇ ਦੂਸਰਾ ਜੀਵਨ ਦੇ ਸੱਚ ਪ੍ਰਤੀ ਇੱਕ ਸਮਾਨੰਤਰ ਪਹੁੰਚ ਅਪਣਾਉਣ ਵਿੱਚ ਸਹੂਲਤ ਹੋ ਜਾਵੇ।

ਵਰਤਮਾਨ ਸਮੇਂ ਵਿਚ ਲੋਕਾਂ ਨੂੰ ਨੇੜੇ ਲਿਆਉਣ ਲਈ ਅਨੇਕਾਂ ਯਤਨ ਹੋ ਰਹੇ ਹਨ। ਕਈ ਥਾਈਂ ਅੰਤਰ-ਧਾਰਮਿਕ ਗੋਸ਼ਟੀਆਂ ਰਾਹੀਂ ਵੱਖੋ-ਵੱਖਰੇ ਧਰਮਾਂ ਵਿਚਲੀ ਨੈਤਿਕ ਸਾਂਝ ਨੂੰ ਪ੍ਰਗਟ ਕੀਤਾ ਜਾ ਰਿਹਾ ਹੈ। ਇਹ ਬਹੁਤ ਹੀ ਸ਼ਲਾਘਾਯੋਗ ਉਦਮ ਹੈ ਪਰੰਤੂ ਇਸ ਗੱਲ ਵੱਲ ਵੀ ਉਚੇਚਾ ਧਿਆਨ ਦੇਣ ਦੀ ਲੋੜ ਹੈ ਕਿ ਜਦੋਂ ਤੱਕ ਅਸੀਂ ਵੱਖੋ-ਵੱਖਰੇ ਧਾਰਮਿਕ ਸਿਧਾਂਤਾਂ ਨੂੰ ਸਮਝਣ, ਵਿਚਾਰਨ ਅਤੇ ਸਹਿਣ ਕਰਨ ਨੂੰ ਤਿਆਰ ਨਹੀਂ ਹੁੰਦੇ ਇਨ੍ਹਾਂ ਯਤਨਾਂ ਦਾ ਕੋਈ ਲਾਭ ਨਹੀਂ ਹੋਵੇਗਾ। ਅਸੀਂ ਵੱਖੋ ਵੱਖਰੇ ਧਰਮਾਂ ਦੇ ਲੋਕਾਂ ਨੂੰ ਨੇੜੇ ਲਿਆਉਣ ਦੀ ਬਜਾਏ ਉਨ੍ਹਾਂ ਦੇ ਜ਼ਖਮਾਂ ਦੀ ਮੱਲ੍ਹਮ-ਪੱਟੀ ਹੀ ਕਰ ਰਹੇ ਹੋਵਾਂਗੇ। ਅਗਰਗਾਮੀ ਹੋਣ ਲਈ ਇੱਕੋ ਇੱਕ ਢੰਗ ਇਹ ਹੈ ਕਿ ਅਸੀਂ ਧਰਮਾਂ ਵਿਚਲੇ ਵੱਖਰੇਵਿਆਂ ਨੂੰ ਪਛਾਣੀਏ ਅਤੇ ਇਨ੍ਹਾਂ ਵਖਰੇਵਿਆਂ ਦਾ ਸਤਿਕਾਰ ਕਰਨਾ ਸਿੱਖੀਏ।

ਮੈਂ ਅਜਿਹੇ ਕੁਝ ਖੇਤਰ ਤਲਾਸ਼ੇ ਹਨ, ਜਿਨ੍ਹਾਂ ਦੇ ਸੰਦਰਭ ਤੋਂ ਸਿੱਖ ਧਰਮ ਅਤੇ ਈਸਾਈ ਮਤ ਮੁੱਢਲੇ ਸਿਧਾਂਤਾਂ ਦੇ ਪੱਖ ਤੋਂ ਵੱਖਰੇਵਾਂ ਰੱਖਦੇ ਹਨ। ਇਸ ਨਾਲ ਈਸਾਈ ਧਰਮ ਦੇ ਵਿਸ਼ਵਾਸ਼ਾਂ, ਕਾਰਜਾਂ ਅਤੇ ਇਤਿਹਾਸ ਪ੍ਰਤੀ ਮੇਰਾ ਸਤਿਕਾਰ ਘੱਟ ਨਹੀਂ ਹੁੰਦਾ।



ਇਸ ਪੁਸਤਕ ਦੇ ਰਾਹੀਂ ਮੈਂ ਸਿੱਖ ਵੀਰਾਂ ਨੂੰ ਭਗਤ ਕਬੀਰ ਜੀ ਦੇ ਉਸ ਕਥਨ ਨੂੰ ਚੇਤੇ ਕਰਵਾਉਣਾ ਚਾਹੁੰਦਾ ਹਾਂ ਜਿਸ ਵਿਚ ਉਹ ਆਖਦੇ ਹਨ, "ਵੇਦਾਂ ਕਤੇਬਾਂ ਨੂੰ ਝੂਠ ਨਾ ਕਹੋ, ਸਗੋਂ ਉਹ ਆਦਮੀ ਝੂਠਾ ਹੈ, ਜੋ ਇਨ੍ਹਾਂ ਵੇਦਾਂ ਵਿਚ ਦਿੱਤੇ ਸੰਦੇਸ਼ ਨੂੰ ਬੌਧਿਕ ਅੰਤਰਾਂ ਲਈ ਇਸਤੇਮਾਲ ਨਹੀਂ ਕਰਦਾ। ("ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ - (ਪੰਨਾ 1350)[1] । ਸਿੱਖ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤੇ ਕੁਝ ਵਿਚਾਰਾਂ ਬਾਰੇ ਹੋ ਸਕਦਾ ਹੈ ਕਿ ਈਸਾਈ ਲੋਕ ਸਹਿਮਤ ਨਾ ਹੋਣ ਪਰ ਇਸ ਦਾ ਅਰਥ ਇਹ ਨਹੀਂ ਕਿ ਸੱਚ ਉੱਪਰ ਸਿੱਖਾਂ ਦਾ ਏਕਾ-ਅਧਿਕਾਰ ਹੈ। ਸਾਰੇ ਧਰਮ ਇਕ ਹੀ ਚੋਟੀ ਤੇ ਪਹੁੰਚਾਉਣ ਵਾਲੇ ਵੱਖੋ-ਵੱਖਰੇ ਰਾਹਾਂ ਵਾਂਗ ਹਨ। ਸੰਭਵ ਹੈ ਕੁੱਝ ਰਾਹ ਭਿਆਨਕ ਜੰਗਲਾਂ ਵਿਚੋਂ ਜਾਂਦੇ ਹੋਣ ਤੇ ਕੁਝ ਚੱਟਾਨਾਂ ਵਿਚੋਂ ਪਰ ਸਭ ਦਾ ਟੀਚਾ ਤਾਂ ਪਰਮਾਤਮਾ ਦੀ ਪ੍ਰਾਪਤੀ ਹੀ ਹੈ।

ਅਗਲੇ ਪੰਨਿਆਂ ਵਿਚ ਉਨ੍ਹਾਂ ਖੇਤਰਾਂ ਤੇ ਰੌਸ਼ਨੀ ਪਾਉਣ ਦਾ ਯਤਨ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਸਿੱਖ ਧਰਮ ਈਸਾਈ ਮਤ ਨਾਲੋਂ ਵੱਖਰੇਵਾਂ ਰੱਖਦਾ ਹੈ। ਮੈਂ ਪਾਠਕਾਂ ਪਾਸੋਂ ਇਹੋ ਆਸ ਰਖਦਾ ਹਾਂ ਕਿ ਉਹ ਮੇਰੇ ਇਸ ਯਤਨ ਨੂੰ ਇਕ ਧਰਮ ਨੂੰ ਦੂਜੇ ਨਾਲੋਂ ਉਚਿਆਂ ਵਿਖਾਉਣ ਦੇ ਯਤਨ ਦੀ ਬਜਾਏ, ਦੋ ਧਰਮਾਂ ਨੂੰ ਸਮਝਣ ਲਈ ਕੀਤਾ ਗਿਆ ਇਕ ਗੰਭੀਰ ਯਤਨ ਪ੍ਰਵਾਨ ਕਰਨਗੇ। ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਅਨੁਸਾਰ ਸਾਡਾ ਉਦੇਸ਼ ਤਾਂ ਸਿਰਫ ਏਹੋ ਹੋਣਾ ਚਾਹੀਦਾ ਹੈ, "ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਅਹਿ" (ਪੰਨਾ-17) ਆਓ ਭੈਣਾਂ ਵਾਂਗ ਇਕੱਠੇ ਬੈਠੀਏ ਅਤੇ ਗੂੜ੍ਹੇ ਦੋਸਤਾਂ ਵਾਂਗ ਇਕ ਦੂਜੇ ਨੂੰ ਗਲਵੱਕੜੀ ਪਾਈਏ (ਪੰਨਾ-17)

ਮੈਂ ਵਾਰਵਿਕ ਯੂਨੀਵਰਸਟੀ ਦੀ ਰਿਲੀਜਸ ਐਜੁਕੇਸ਼ਨ ਦੀ ਲੈਕਚਰਾਰ ਐਲੈਨੌਰ ਨੈਸਬਿਟ, ਨੌਟਿੰਘਮ ਦੇ ਪ੍ਰੋ. ਸੀ.ਐਸ.ਸਿਆਨ, ਸਾਊਥਾਲ ਦੇ ਪ੍ਰਿੰਸੀਪਲ ਗੁਰਮੁੱਖ ਸਿੰਘ, ਹਡਰਜ਼ਫੀਲਡ ਦੇ ਪ੍ਰੋ. ਏ. ਕੇ. ਐਸ. ਔਜਲਾ, ਬਰਮਿੰਘਮ ਦੇ ਸ. ਰਣਜੀਤ ਸਿੰਘ ਵਾਹੀਵਾਲਾ ਅਤੇ ਸਿੱਖ ਮੈਸੰਜਰ ਦੇ ਸੰਪਾਦਕ ਸ੍ਰ. ਇੰਦਰਜੀਤ ਸਿੰਘ ਦਾ ਉਚੇਚੇ ਤੌਰ ਤੇ ਰਿਣੀ ਹਾਂ ਜਿਨ੍ਹਾਂ ਨੇ ਇਸ ਖਰੜੇ ਨੂੰ ਪੜ੍ਹ ਕੇ ਕਈ ਸੁਝਾਅ ਦਿੱਤੇ। ਮੇਰਾ ਧੰਨਵਾਦ ਹੈ, ਸਿੱਖ ਕਮਿਊਨਿਟੀ ਐਂਡ ਯੂਥ ਸਰਵਿਸ ਨੌਟਿੰਘਮ, ਬਰਮਿੰਘਮ ਦੇ ਐਸ.ਐਸ. ਸਰਾਂ ਅਤੇ ਉਨ੍ਹਾਂ ਸਭ ਮਿੱਤਰਾਂ ਨੂੰ, ਜਿਨ੍ਹਾਂ ਨੇ ਨਾ ਸਿਰਫ ਖਰੜੇ ਨੂੰ ਪੜ੍ਹ ਕੇ ਤਬਦੀਲੀਆਂ ਲਈ ਸੁਝਾਅ ਦਿੱਤੇ ਸਗੋਂ ਇਸ ਐਡੀਸ਼ਨ ਦੀ ਛਪਾਈ ਲਈ ਮਾਲੀ ਸਹਾਇਤਾ ਵੀ ਕੀਤੀ। ਨੌਟਿੰਘਮ ਦੇ ਸ੍ਰ. ਬਖਤਾਵਰ ਸਿੰਘ ਸੀਹਰਾ ਨੂੰ ਮੇਰਾ ਦਿਲੀ ਧੰਨਵਾਦ ਹੈ ਜਿਨ੍ਹਾਂ ਨੇ ਨਾ ਸਿਰਫ ਇਸ ਪੁਸਤਕ ਨੂੰ ਲਿਖਣ ਦੀ ਪ੍ਰੇਰਨਾ ਦਿੱਤੀ ਸਗੋਂ ਛਪਾਈ ਲਈ ਅੰਤਿਮ ਰੂਪ ਤਿਆਰ ਹੋਣ ਤੱਕ ਸਮੇਂ ਸਮੇਂ ਕਈ ਵਾਰ ਇਸ ਦੀ ਪੜਤ ਲਈ ਸਮਾਂ ਵੀ ਦਿੱਤਾ।

**-ਜੀ. ਐੱਸ. ਸਿੱਧੂ**

ਨੌਟਿੰਘਮ (ਇੰਗਲੈਂਡ)

---

1. ਬੇਦ ਸਾਸਤ੍ਰ ਕਉ ਤਰਕਨਿ ਲਾਗਾ ਤਤੁ ਜੋਗੁ ਨ ਪਛਾਨੈ (ਪੰਨਾ 381)

# ਪੁਸਤਕ ਬਾਰੇ

ਦੁਨੀਆਂ ਦੇ ਧਰਮਾਂ ਦਾ ਤੁਲਨਾਤਮਕ ਅਧਿਐਨ ਬਹੁਤ ਵੱਡੀ ਚੁਣੌਂਤੀ ਹੈ। ਇਹ ਇਕ ਐਸੀ ਵੰਗਾਰ ਹੈ ਜੋ ਕਿਸੇ ਇੰਗਲੈਂਡ ਵਰਗੇ ਬਹੁ-ਸੰਸਕ੍ਰਿਤਿਕ ਸਮਾਜ ਲਈ ਸਵੀਕਾਰਨੀ ਜ਼ਰੂਰੀ ਹੈ। ਇੰਗਲੈਂਡ ਵਿਚਲਾ ਘੱਟ ਗਿਣਤੀ ਵਰਗ ਤਾਰਕਿਕ ਦ੍ਰਿਸ਼ਟੀ ਤੋਂ ਆਪਣੇ ਧਾਰਮਿਕ ਅਤੇ ਸੰਸਕ੍ਰਿਤਿਕ ਕੀਮਤਾਂ ਦੇ ਖ਼ੋਰੇ ਸਬੰਧੀ ਚਿੰਤਤ ਹੈ। ਅਜਿਹਾ ਖਦਸ਼ਾ ਉਨ੍ਹਾਂ ਚਿੰਤਕਾਂ ਦੁਆਰਾ ਵੀ ਪ੍ਰਗਟਾਇਆ ਜਾਂਦਾ ਹੈ ਜੋ ਨਵੀਂ ਪੀੜ੍ਹੀ ਦੇ ਯੁਵਕਾਂ ਅੰਦਰ ਸਭਿਆਚਾਰ ਜਾਂ ਨੈਤਿਕ ਸ਼ਿਸ਼ਟਾਚਾਰ ਵਾਲੀ ਜਾਣਕਾਰੀ ਦੀ ਅਣਹੋਂਦ ਪ੍ਰਤੀਤ ਕਰਦੇ ਹਨ। ਬਹੁਤੇ ਪ੍ਰਵਾਸੀ ਆਗਾਮੀ ਖਤਰਿਆਂ ਬਾਰੇ ਠੀਕ ਹੀ ਚਿੰਤਤ ਹਨ।

ਇਸ ਪੂਰਨ ਖੋਜ ਭਰਪੂਰ ਪੁਸਤਕ ਵਿਚ ਸ੍ਰ. ਜੀ. ਐਸ. ਸਿੱਧੂ ਨੇ ਈਸਾਈ ਮਤ ਅਤੇ ਸਿੱਖ ਧਰਮ ਵਿਚਲੇ ਅੰਤਰਾਂ ਨੂੰ ਪ੍ਰਤੱਖ ਕਰਨ ਲਈ ਸ਼ਲਾਘਾਯੋਗ ਉੱਦਮ ਕੀਤਾ ਹੈ। ਇਹ ਅਜੋਕੀ ਲੋੜ ਦਾ ਮਹੱਤਵਪੂਰਨ ਹੱਲ ਕਿਹਾ ਜਾ ਸਕਦਾ ਹੈ। ਇਸ ਪੁਸਤਕ ਨਾਲ ਨੌਜਵਾਨ ਪੀੜ੍ਹੀ ਨੂੰ ਸਿੱਖ ਧਰਮ ਅਤੇ ਈਸਾਈ ਧਰਮ ਵਿਚਲੇ ਅੰਤਰਾਂ ਨੂੰ ਸਮਝਣ ਦਾ ਸੁਨਹਿਰੀ ਅਵਸਰ ਪ੍ਰਾਪਤ ਹੋਵੇਗਾ। ਸਿੱਖ ਸਮੁਦਾਇ ਅਤੇ ਵਿਸ਼ਵ ਧਰਮ ਦੇ ਵਿਦਿਆਰਥੀਆਂ ਨੂੰ ਮੈਂ ਇਸ ਪੁਸਤਕ ਨੂੰ ਉਚੇਚੇ ਤੌਰ ਤੇ ਪੜ੍ਹਨ ਦੀ ਸਿਫਾਰਸ਼ ਕਰਦਾ ਹਾਂ।

**-ਮਹਿੰਦਰ ਸਿੰਘ**
*ਆਨਰੇਰੀ ਜਨਰਲ ਸਕੱਤਰ*
*ਦ ਸਿੱਖ ਮਿਸ਼ਨਰੀ ਸੁਸਾਇਟੀ ਯੂ. ਕੇ. (ਰਜਿ.)*



# ਪੁਸਤਕ ਬਾਰੇ

ਸਿੱਖ ਮਿਸ਼ਨਰੀ ਸੁਸਾਇਟੀ ਯੂ.ਕੇ ਦੇ ਸੰਸਥਾਪਕ ਅਤੇ ਇਸ ਪੁਸਤਕ ਦੇ ਲੇਖਕ ਸ੍ਰ: ਗੁਰਬਚਨ ਸਿੰਘ ਸਿੱਧੂ ਨੇ ਅਣਗਿਣਤ ਪੁਸਤਕਾਂ ਅਤੇ ਖੋਜ ਪੱਤਰ ਪ੍ਰਕਾਸ਼ਿਤ ਕਰਵਾ ਕੇ ਪ੍ਰਸਿੱਧ ਅਤੇ ਪ੍ਰਮਾਣਿਕ ਵਿਦਵਾਨ ਹੋਣ ਦਾ ਗੌਰਵ ਪ੍ਰਾਪਤ ਕੀਤਾ ਹੈ।

ਈਸਾਈ ਮਤ ਅਤੇ ਸਿੱਖ ਧਰਮ ਦੇ ਤੁਲਨਾਤਮਕ ਅਧਿਐਨ ਨੂੰ ਉਨ੍ਹਾਂ ਨੇ ਇਸ ਪੁਸਤਕ ਵਿਚ ਬਹੁਤ ਹੀ ਸੁਹਿਰਦ, ਤਰਕਪੂਰਨ ਅਤੇ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਉਨ੍ਹਾਂ ਨੇ ਦੋਹਾਂ ਧਰਮਾਂ ਦੇ ਮੁੱਢਲੇ ਸਿਧਾਂਤਾਂ ਦਾ ਬੜੇ ਗਹੁ ਨਾਲ ਅਧਿਐਨ ਕੀਤਾ ਹੈ ਅਤੇ ਆਪਣੀਆਂ ਲੱਭਤਾਂ ਨੂੰ ਬਹੁਤ ਹੀ ਡੂੰਘਾਈ , ਸਰਲਤਾ, ਅਤੇ ਸੰਖੇਪਤਾ ਨਾਲ ਪ੍ਰਦਰਸ਼ਿਤ ਕੀਤਾ ਹੈ। ਇਹ ਲਿਖਤ ਬਹੁਤ ਹੀ ਵਿਦਵਤਾ ਭਰਪੂਰ ਅਤੇ ਸੰਯਮ ਭਰਪੂਰ ਹੈ। ਇਸ ਵਿਚਲੀ ਸਵੱਛ ਅਤੇ ਨਿਰਵਿਵਾਦ ਸਪਸ਼ਟਤਾ ਪਾਠਕ ਨੂੰ ਕੀਲ ਲੈਂਦੀ ਹੈ। ਇਸ ਪੁਸਤਕ ਨੂੰ ਸਿਰਫ ਸਿੱਖ ਦੇ ਹੀ ਨਹੀਂ ਸਗੋਂ ਹਰ ਧਰਮ ਦੇ ਵਿਅਕਤੀ ਦੀ ਅਲਮਾਰੀ ਦੀ ਸ਼ੋਭਾ ਬਣਨਾ ਚਾਹੀਦਾ ਹੈ। ਇਹ ਧਰਮ ਅਭਿਲਾਸ਼ੀਆਂ, ਸਾਧਾਰਨ ਪਾਠਕਾਂ, ਵਿਦਵਾਨ ਖੋਜੀਆਂ ਅਤੇ ਵਿਸ਼ੇਸ਼ ਕਰ ਸਿੱਖ ਨੌਜਵਾਨਾਂ ਲਈ ਇਕ ਅਨਮੋਲ ਤੋਹਫ਼ਾ ਹੈ ।

ਅਸੀਂ ਇੰਗਲੈਂਡ ਨਿਵਾਸੀ ਇਕ ਬਹੁ ਜਾਤੀ, ਬਹੁ ਸੰਸਕ੍ਰਿਤਕ, ਬਹੁ ਭਾਸ਼ਾਈ ਅਤੇ ਬਹੁ ਧਰਮੀ ਪੱਛਮੀ ਸਮਾਜ ਦੇ ਵਾਸੀ ਹਾਂ। ਇਹ ਸਮਾਜ ਨਸ਼ਿਆਂ, ਸ਼ਰਾਬ, ਤੰਬਾਕੂਨੋਸ਼ੀ, ਕਾਮ ਅਤੇ ਹਿੰਸਾ ਵਰਗੀਆਂ ਪ੍ਰਵਿਰਤੀਆਂ ਤੋਂ ਪ੍ਰਭਾਵਿਤ ਹੈ। ਜੇਕਰ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਪੱਛਮੀ ਬੁਰਾਈ ਵਾਲੇ ਇਸ ਅਭਿਸ਼ਾਪ ਤੋਂ ਬਚਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਨੌਜਵਾਨਾਂ ਨੂੰ ਗੰਭੀਰਤਾ ਨਾਲ ਧਾਰਮਿਕ ਸਿੱਖਿਆ ਦੇਣੀ ਚਾਹੀਦੀ ਹੈ। ਉਨ੍ਹਾਂ ਨੂੰ ਇਤਿਹਾਸ ਅਤੇ ਸਭਿਆਚਾਰ ਪ੍ਰਤੀ ਪੰਜਾਬੀ ਅਤੇ ਅੰਗਰੇਜ਼ੀ ਵਿਚ ਪ੍ਰਵਾਣਿਤ ਸਾਹਿਤ ਨੂੰ ਸਾਹਮਣੇ ਲਿਆਉਣਾ ਚਾਹੀਦਾ ਹੈ। ਇਹ ਪੁਸਤਕ ਸਿੱਖ ਨੌਜਵਾਨਾਂ ਲਈ ਲੰਮੇ ਸਮੇਂ ਤੋਂ ਮਹਿਸੂਸ ਕੀਤੀ ਜਾਂਦੀ ਉਡੀਕ ਦੀ ਪੂਰਤੀ ਲਈ ਉੱਚਿਤ ਕਦਮ ਹੈ। ਮੈਂ ਅਰਦਾਸ ਕਰਦਾ ਹਾਂ ਕਿ ਵਿਦਵਾਨ ਲੇਖਕ ਸ੍ਰ: ਗੁਰਬਚਨ ਸਿੰਘ ਸਿੱਧੂ ਆਪਣੇ ਹਰ ਉੱਦਮ ਵਿਚ ਕਾਮਯਾਬ ਹੋਣ। ਮੈਨੂੰ ਵਿਸ਼ਵਾਸ਼ ਹੈ ਕਿ ਇਹ ਪੁਸਤਕ ਦੋਹਾਂ ਧਰਮਾਂ ਵਿਚ ਸਹਿਣਸ਼ੀਲਤਾ ਅਤੇ ਭਾਈਚਾਰਕ ਸਾਂਝ ਨੂੰ ਪੱਕਾ ਕਰਨ ਵਿਚ ਬੇਹੱਦ ਸਹਾਇਕ ਹੋਵੇਗੀ।

**-ਸਰੂਪ ਸਿੰਘ ਨਾਰੰਗ**

# ਉੱਤਮ ਕਿਰਤ

ਦੁਨੀਆਂ ਦੇ ਵੱਡੇ ਧਰਮਾਂ ਬਾਰੇ ਪ੍ਰਕਾਸ਼ਨਾਵਾਂ ਦੀ ਇਹ ਦੂਜੀ ਲੜੀ ਹੈ। ਇਸ ਕਾਰਜ ਨੂੰ ਪੂਰੀ ਤਰ੍ਹਾਂ ਖੋਜ ਕਰਨ ਉਪਰੰਤ ਹੀ ਲਿਖਿਆ ਗਿਆ ਹੈ ਅਤੇ ਅੰਤਮ ਛਾਪ ਤੋਂ ਪਹਿਲਾਂ ਵਿਸਤ੍ਰਿਤ ਵਿਚਾਰ ਵਟਾਂਦਰਿਆਂ ਅਤੇ ਅਣਗਿਣਤ ਸਲਾਹ ਮਸ਼ਵਰਿਆਂ ਅਤੇ ਟਿੱਪਣੀਆਂ ਨਾਲ ਸੋਧਿਆ ਗਿਆ ਹੈ।

ਇਸ ਲੜੀ ਦਾ ਮੁੱਖ ਉਦੇਸ਼ ਸੰਸਾਰ ਦੇ ਵੱਧ ਤੋਂ ਵੱਧ ਲੋਕਾਂ ਦੁਆਰਾ ਅਪਣਾਏ ਜਾਂਦੇ ਧਰਮਾਂ ਦਾ ਤੁਲਨਾਤਮਕ ਅਧਯਨ ਕਰਕੇ ਉਨ੍ਹਾਂ ਵਿਚਲੇ ਅੰਤਰਾਂ ਸੰਬੰਧੀ ਅਪਣੱਤ ਵਾਲੀ ਸਮਝ ਨੂੰ ਕਾਰਗਰ ਬਣਾਉਂਦਾ ਹੈ।

ਲੇਖਕ ਸ. ਗੁਰਬਚਨ ਸਿੰਘ ਸਿੱਧੂ ਬਹੁਤ ਹੀ ਪ੍ਰਸਿੱਧ ਲਿਖਾਰੀ ਹਨ ਜਿਨ੍ਹਾਂ ਨੇ ਸਿੱਖ ਧਰਮ ਅਤੇ ਦੂਜੇ ਧਰਮਾਂ ਪ੍ਰਤੀ ਖੋਜ ਕਰਕੇ ਸਹਿਣਸ਼ੀਲਤਾ ਅਤੇ ਸੂਝ ਬੂਝ ਨੂੰ ਪ੍ਰਫੁੱਲਿਤ ਕਰਨ ਲਈ ਆਪਣੀ ਜ਼ਿੰਦਗੀ ਹੀ ਸਮਰਪਿਤ ਕਰ ਦਿੱਤੀ ਹੈ।

**-ਪ੍ਰੋ. ਸੀ.ਐਸ.ਸਿਆਨ**
ਐਮ.ਬੀ.ਇੰਜ.,ਪੀ.ਐਚ.ਡੀ,ਸੀ.ਇੰਜ., ਐਫ.ਆਈ.ਮਕੈ.ਇੰਜ
ਚੇਅਰਮੈਨ ਆਫ ਸਿੱਖ ਕਮਿਊਨਿਟੀ ਐਂਡ ਯੂਥ ਸਰਵਿਸਜ਼
ਨੌਟਿੰਘਮ, ਯੂ. ਕੇ.



# ਸਿੱਖ ਧਰਮ ਅਤੇ ਈਸਾਈ ਧਰਮ

## ਪਿਛੋਕੜ

ਜਦੋਂ ਲੋਕ ਕਿਸੇ ਇੱਕ ਭੂਗੋਲਿਕ ਖਿੱਤੇ ਤੋਂ ਦੂਜੇ ਭੂਗੋਲਿਕ ਖਿੱਤੇ ਵਿੱਚ ਪ੍ਰਵਾਸ ਲਈ ਜਾਂਦੇ ਹਨ ਤਾਂ ਉਹ ਆਪਣੀਆਂ ਸਭਿਆਚਾਰਕ, ਧਾਰਮਿਕ ਕਦਰਾਂ-ਕੀਮਤਾਂ ਅਤੇ ਵਿਸ਼ਵਾਸ਼ ਵੀ ਆਪਣੇ ਨਾਲ ਹੀ ਲੈ ਜਾਂਦੇ ਹਨ। ਇਹ ਕਦਰਾਂ-ਕੀਮਤਾਂ ਸਥਾਨਕ ਪ੍ਰਚਲਿਤ ਕਦਰਾਂ-ਕੀਮਤਾਂ ਨਾਲ ਟਕਰਾਉਂਦੀਆਂ ਹਨ ਤਾਂ ਦੁਵੱਲੇ ਸਿੱਟੇ ਸਾਹਮਣੇ ਆਉਂਦੇ ਹਨ। ਇਸ ਨਾਲ ਇੱਕ ਤਾਂ ਅਪਣਾਊ ਸਭਿਆਚਾਰ ਜਨਮ ਲੈਂਦਾ ਹੈ ਜੋ ਸਥਾਨਕ ਸਭਿਆਚਾਰ ਦੁਆਰਾ ਪ੍ਰਵਾਸੀਆਂ ਦੇ ਕੁਝ ਖਾਸ ਵਿਸ਼ਵਾਸ਼ਾਂ ਨੂੰ ਅਪਨਾਉਣ ਕਰਕੇ ਪੈਦਾ ਹੁੰਦਾ ਹੈ ਅਤੇ ਦੂਜਾ ਗਵਾਊ ਸਭਿਆਚਾਰ ਹੁੰਦਾ ਹੈ, ਜਿਸ ਅਧੀਨ ਪ੍ਰਵਾਸੀ ਲੋਕ ਸਥਾਨਕ ਸਭਿਆਚਾਰ ਦੇ ਪ੍ਰਭਾਵ ਅਧੀਨ ਆਪਣੇ ਸਮਾਜਿਕ ਮੁੱਲ ਅਤੇ ਕਦਰਾਂ-ਕੀਮਤਾਂ ਗੁਆ ਬੈਠਦੇ ਹਨ। ਵਧੇਰੇ ਕਰਕੇ ਸਿੱਖ ਸੱਠਵਿਆਂ (1960-70)ਵਿਚ ਇੰਗਲੈਂਡ ਵਿਚ ਆ ਵਸੇ ਸਨ ਜਿਸ ਕਾਰਨ ਇੰਗਲੈਂਡ ਵਿਚ ਵੱਡੀ ਗਿਣਤੀ ਵਿੱਚ ਗੁਰਦੁਆਰਿਆਂ ਦੀ ਉਸਾਰੀ ਹੋਈ ਪਰ ਸ਼ਕਤੀਸ਼ਾਲੀ ਈਸਾਈ ਧਰਮ ਦਾ ਸਿੱਖ ਪ੍ਰਵਾਸੀਆਂ ਦੀਆਂ ਕਦਰਾਂ-ਕੀਮਤਾਂ ਅਤੇ ਧਰਮ ਤੇ ਉੱਪਰ ਪ੍ਰਭਾਵ ਪੈਣਾ ਕੁਦਰਤੀ ਸੀ। ਸਿੱਟਾ ਇਹ ਨਿਕਲਿਆ ਕਿ ਦੂਜੀ ਅਤੇ ਤੀਜੀ ਪੀੜ੍ਹੀ ਦੇ ਵਧੇਰੇ ਸਿੱਖ ਆਪਣੀ ਪਛਾਣ ਗੁਆ ਬੈਠੇ ਅਤੇ ਉਨ੍ਹਾਂ ਲਈ ਇਹ ਸਮਝਣਾ ਮੁਸ਼ਕਿਲ ਹੋ ਗਿਆ ਕਿ ਉਨ੍ਹਾ ਦੇ ਜੀਵਨ ਵਿੱਚ ਸਿੱਖ ਧਰਮ ਦਾ ਕੀ ਮਹੱਤਵ ਹੈ?

ਇਹ ਸਥਿਤੀ ਹੋਰ ਵਿਗੜਦੀ ਗਈ ਕਿਉਂਕਿ ਗੁਰਦੁਆਰਿਆਂ ਵਿੱਚ ਬੱਚਿਆਂ ਨੂੰ ਛੋਟੀ ਉਮਰੇ ਹੀ ਬਹੁਮੁੱਲੀ ਸਹੀ ਜਾਣਕਾਰੀ ਨਹੀਂ ਸੀ ਮਿਲ ਰਹੀ। ਸਿੱਖ ਧਰਮ ਦੇ ਚੰਗੇ ਅਦਾਰੇ ਹੋਣ ਦੇ ਬਾਵਜੂਦ ਸਾਡੇ ਗੁਰਦੁਆਰੇ ਅਸਲ ਮੁੱਦਿਆਂ ਪਖੋਂ ਕਾਫੀ ਪਛੜ ਗਏ। ਸਾਡੇ ਪ੍ਰਚਾਰਕ ਬਿਨਾਂ ਇਸ ਗੱਲ ਤੇ ਗੌਰ ਕੀਤਿਆਂ ਕਿ ਸਰੋਤੇ ਉਨ੍ਹਾਂ ਦੀ ਗੱਲ ਸਮਝ ਰਹੇ ਹਨ ਜਾਂ ਨਹੀਂ, ਗੈਰ ਜ਼ਰੂਰੀ ਗੱਲਾਂ, ਧਾਰਨਾਵਾਂ ਅਤੇ ਮੁੱਦਿਆਂ ਉੱਪਰ ਜਿਸ ਤਰਾਂ ਪੰਜਾਬ ਵਿੱਚ ਬੋਲਦੇ ਸਨ, ਉਸੇ ਤਰਾਂ ਅੱਜ ਵੀ ਬੋਲੀ ਜਾ ਰਹੇ ਹਨ। ਉਹ ਇਹ ਨਹੀਂ ਸਮਝ ਸਕੇ ਕਿ ਪ੍ਰਵਾਸੀ ਸਿੱਖਾਂ ਦਾ ਧਰਮ ਬਹੁਤ ਸੂਖਮ ਵਿਚਾਰਾਂ ਨਾਲ ਅਤੇ ਉਨ੍ਹਾਂ ਦੀ ਸਮਝ ਗੋਚਰੀ ਭਾਸ਼ਾ ਦਾ ਪ੍ਰਯੋਗ ਕਰਕੇ ਹੀ ਬਚਾਇਆ ਜਾ ਸਕਦਾ ਹੈ ਜਿਸ ਲਈ ਇੱਕ ਯੋਜਨਾਬੱਧ ਤਰੀਕੇ ਦੀ ਜਰੂਰਤ ਹੈ। ਗੁਰਦੁਆਰਿਆਂ ਵਿਚ ਨੌਜਵਾਨਾਂ ਦੀ ਗਿਣਤੀ ਨਾ ਹੋਣ ਦੇ ਬਰਾਬਰ ਹੈ ਅਤੇ ਉਨ੍ਹਾਂ ਲਈ ਗੁਰੂ ਜੀ ਦਾ ਉਪਦੇਸ਼, ਨੀਰਸ ਅਣਉਪਯੋਗੀ ਅਤੇ ਖੁਸ਼ਕ ਬਣ ਚੁੱਕਾ ਹੈ। ਇਹ ਉਪਦੇਸ਼ ਉਨ੍ਹਾਂ ਨੂੰ ਉਤਸ਼ਾਹਿਤ ਨਹੀਂ ਕਰ ਸਕਦਾ। ਕੁੱਝ ਨੌਜਆਨ ਸਿੱਖ ਇਹ ਕਹਿੰਦੇ ਸੁਣੇ ਗਏ ਹਨ ਕਿ ਸਿੱਖ ਧਰਮ ਅਤੇ ਈਸਾਈ ਧਰਮ ਦੋਵੇਂ ਇਕੋ ਹੀ ਸਿੱਕੇ ਦੇ ਦੋ ਪਾਸੇ ਹਨ। ਕੁੱਝ ਇਹ ਵੀ ਆਖਦੇ ਹਨ ਕਿ ਆਧੁਨਿਕ ਵਿਗਿਆਨਕ ਯੁਗ ਵਿੱਚ ਧਰਮ ਦੀ ਲੋੜ ਹੀ ਨਹੀਂ। ਉਹ ਧਰਮ ਨੂੰ ਕਮਅਕਲੀ ਦਾ ਪ੍ਰਪੰਚ ਆਖਦੇ ਹੋਏ ਕਹਿੰਦੇ ਹਨ ਕਿ

ਗੁਰਦੁਆਰੇ ਵਿਚ ਆਪਣਾ ਕੀਮਤੀ ਸਮਾਂ ਖਰਾਬ ਕਰਨ ਦੀ ਬਜਾਏ ਉਨ੍ਹਾਂ ਨੂੰ ਆਪਣੇ ਬਾਗ ਵਿਚ ਚਹਿਲਕਦਮੀ ਕਰਕੇ ਜਾਂ ਫਿਰ ਆਪਣੇ ਪਾਲਤੂ ਕੁੱਤੇ ਨੂੰ ਸੈਰ ਕਰਵਾ ਕੇ ਵਧੇਰੇ ਸੰਤੁਸ਼ਟੀ ਮਿਲਦੀ ਹੈ। ਵਡੇਰੀ ਉਮਰ ਦੇ ਸਿੱਖਾਂ ਲਈ ਗੁਰਦਵਾਰਾ ਕੇਵਲ ਇਕ ਸਾਂਝਾ ਸਮਾਜਿਕ ਸਥਾਨ ਹੈ ਜਿਥੇ ਉਹ ਇਕ ਦੂਜੇ ਨੂੰ ਮਿਲ ਸਕਦੇ ਹਨ ਜਾਂ ਧਰਮੀ ਹੋਣ ਦਾ ਫੋਕਾ ਜਿਹਾ ਵਿਖਾਵਾ ਕਰ ਸਕਦੇ ਹਨ। ਅੱਜਕਲ੍ਹ ਸਿੱਖ ਧਰਮ ਉਸ ਬੁਆਇਲਰ (ਪਾਣੀ ਉਬਾਲਣ ਵਾਲੀ ਮਸ਼ੀਨ) ਵਾਂਗ ਹੈ, ਜੋ ਉਂਝ ਤਾਂ ਬੰਦ ਪਿਆ ਹੈ ਪਰ ਉਸ ਵਿੱਚ ਮਧਮ ਜਿਹੀ ਲੋਅ ਅਜੇ ਜਗਦੀ ਹੈ ।

ਮੈਨੂੰ ਬੜੀ ਹੈਰਾਨੀ ਹੋਈ ਜਦੋਂ ਕ੍ਰਿਸਮਿਸ ਵਾਲੇ ਦਿਨ, ਇਕ ਸਥਾਨਕ ਗੁਰਦੁਆਰੇ ਵਿਚ ਅਖੰਡ ਪਾਠ ਰਖਵਾਇਆ ਗਿਆ ਅਤੇ ਸਕੱਤਰ ਨੇ ਖੜ੍ਹੇ ਹੋ ਕੇ ਕਿਹਾ ਕਿ, "ਸਿੱਖ ਧਰਮ ਅਤੇ ਈਸਾਈ ਧਰਮ ਵਿਚ ਕੋਈ ਫਰਕ ਨਹੀਂ ।" ਫਿਰ ਗ੍ਰੰਥੀ ਨੇ ਕੀਰਤਨ ਗਾਇਨ ਕੀਤਾ ਅਤੇ ਇਕ ਤੁਕ **ਸ੍ਰੀ ਅਸਕੇਤ ਜਗਤ ਕੇ ਈਸਾ**[2] ਬੋਲ ਕੇ ਯੀਸੂ ਮਸੀਹ ਦੇ ਸੰਦਰਭ ਤੋਂ ਖੂਬ ਚਰਚਾ ਕੀਤੀ। ਇਸ ਤਰ੍ਹਾਂ ਗ੍ਰੰਥੀ ਨੇ ਵੀ ਸਕੱਤਰ ਦੇ ਦ੍ਰਿਸ਼ਟੀਕੋਣ ਨੂੰ ਹੀ ਜਾਇਜ਼ ਠਹਿਰਾ ਦਿੱਤਾ। ਮੈਨੂੰ ਯੀਸੂ ਮਸੀਹ ਨੂੰ ਇਕ ਧਾਰਮਿਕ ਆਗੂ ਸਮਝ ਕੇ ਉਸ ਦਾ ਸਤਿਕਾਰ ਕਰਨ ਵਿਚ ਕੋਈ ਹਿਚਕਿਚਾਹਟ ਮਹਿਸੂਸ ਨਹੀਂ ਹੁੰਦੀ ਪਰ ਮੈਂ ਈਸਾਈ ਧਰਮ ਦੇ ਸਿਧਾਂਤਾਂ ਨੂੰ ਸਿੱਖ ਧਰਮ ਦੇ ਸਿਧਾਂਤਾਂ ਦੇ ਬਰਾਬਰ ਮੰਨਣ ਨੂੰ ਹਰਗਿਜ਼ ਤਿਆਰ ਨਹੀਂ। ਸਿਸਰੋ ਦਾ ਕਥਨ ਹੈ, " ਬਿਨਾਂ ਸੋਚਿਆਂ ਸਹਿਮਤੀ ਦੀ ਆਦਤ ਖਤਰਨਾਕ ਅਤੇ ਤਿਲਕਣ ਭਰਪੂਰ ਹੈ"। ਗ੍ਰੰਥੀ ਅਤੇ ਸਕੱਤਰ ਪੂਰੀ ਤਰ੍ਹਾਂ ਗਲਤ ਸਨ। ਇਹ ਵਿਚਾਰ ਉਨ੍ਹਾਂ ਸਾਰਿਆਂ ਲੋਕਾਂ ਦਾ ਬੜੀ ਆਸਾਨੀ ਨਾਲ ਸਮਰਥਨ ਹਾਸਲ ਕਰ ਚੁੱਕਾ ਹੈ ਜੋ ਦਿਆਲਤਾ ਅਤੇ ਖੁਲ੍ਹ ਦਿਲੀ ਦੇ ਦਿਖਾਵੇ ਲਈ ਇਹ ਕਹਿ ਦਿੰਦੇ ਹਨ ਕਿ ਸੰਸਾਰ ਦੇ ਸਭ ਧਰਮਾਂ ਦੇ ਨਿਯਮ ਇੱਕੋ ਜਿਹੇ ਹਨ। ਉਹ ਕਹਿੰਦੇ ਹਨ ਕਿ ਪਰਮਾਤਮਾ ਦੀ ਜੋਤ ਇਸ ਵਿਸ਼ਾਲ ਦੁਨੀਆਂ ਵਿਚ ਇਕਸਾਰ ਵਿਆਪਕ ਹੈ ਅਤੇ ਸਥਿਤੀਆਂ ਦੇ ਬਦਲਣ ਨਾਲ ਕਿਤੇ ਯੀਸੂ, ਕਿਤੇ ਕ੍ਰਿਸ਼ਨ, ਕਿਤੇ ਬੁੱਧ, ਕਿਤੇ ਲਾਓ ਸੇ ਅਤੇ ਕਿਤੇ ਹਜ਼ਰਤ ਮੁਹੰਮਦ ਵਿਚ ਵਿਖਾਈ ਦਿੰਦੀ ਹੈ। ਭਾਵੇਂ ਉਪਰੋਕਤ ਵਿਚਾਰ ਕਿਸੇ ਖੁੱਲ੍ਹੇ ਦਿਲ ਵਿਚੋਂ ਉਗਮਿਆ ਹੈ ਪਰ ਸਿਧਾਂਤਕ ਪੱਧਰ ਤੇ ਇਹ ਪ੍ਰਗਤੀਵਾਦੀ ਵਿਚਾਰਾਂ ਦੀ ਉੱਨਤੀ ਦੇ ਰਾਹ ਵਿੱਚ ਇੱਕ ਰੋੜਾ ਹੈ। ਇਹ ਵਿਚਾਰ ਉਸ ਸੁਸਤ ਬੌਧਿਕਤਾ ਦੀ ਉਪਜ ਹੈ ਜੋ ਅਸਲ ਜਾਣਕਾਰੀ ਦੀ ਅਣਹੋਂਦ ਵਿਚ ਅਧੂਰੇ ਸੱਚ ਨਾਲ ਹੀ ਸੰਤੁਸ਼ਟ ਹੋ ਜਾਂਦੀ ਹੈ ਅਤੇ ਨਿਰਾਰਥਕ ਕਰਮ ਕਾਂਡਾਂ ਦੇ ਸੁੰਦਰ ਭਰਮ ਜਾਲ ਵਿਚ ਫਸ ਕੇ ਦਮ ਤੋੜ ਜਾਂਦੀ ਹੈ। ਹਮੇਸ਼ਾ ਵਿਰੋਧੀ ਅਤੇ ਕਦੇ ਕਦੇ ਸਹਿਮਤੀ ਭਰੇ ਵਿਚਾਰ ਪ੍ਰਗਟ ਕਰਨ ਪਿਛੇ ਕਿਸੇ ਨਾ

2. ਇਹ ਤੁਕਾਂ ਸਿੱਖਾਂ ਦੇ ਧਾਰਮਿਕ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਵਿਚ ਦਰਜ ਨਹੀਂ ਹਨ। ਇਨ੍ਹਾਂ ਦਾ ਅਰਥ ਹੈ "ਸਰਵ ਸ਼ਕਤੀਮਾਨ (ਸ਼ਾਬਦਿਕ ਤੌਰ ਤੇ ਤਲਵਾਰ ਧਾਰਕ) ਦੁਨੀਆਂ ਦਾ ਮਾਲਕ ਹੈ।



ਕਿਸੇ ਉਦੇਸ਼ ਦੀ ਪੂਰਤੀ ਛਿਪੀ ਹੁੰਦੀ ਹੈ। ਤੁਲਨਾਤਮਕ ਧਾਰਮਿਕ ਅਧਿਐਨ ਦੇ ਵਿਦਿਆਰਥੀਆਂ ਦਾ ਮੁੱਖ ਉਦੇਸ਼ ਅਸਲੀ ਤੱਥਾਂ ਦਾ ਵਰਣਨ ਕਰਕੇ ਭਿੰਨਤਾਵਾਂ ਨੂੰ ਪ੍ਰਗਟਾਉਣ ਦਾ ਹੋਣਾ ਚਾਹੀਦਾ ਹੈ। (ਮਿਸਟੀਸਿਜ਼ਮ ਸੇਕ੍ਰਿਡ ਐਂਡ ਪ੍ਰੋਫੇਨ ਕ੍ਰਿਤ ਆਰ.ਸੀ.ਜਹੇਨਰ, ਪੰਨਾ-198)

ਜਾਹਨ ਬੌਕਰ ਆਪਣੀ ਪੁਸਤਕ "ਵਰਲਡਜ਼ ਆਫ਼ ਫੇਥ' ਵਿਚ ਇੰਗਲੈਂਡ ਦੇ ਪੂਰਬੀ ਧਰਮਾਂ ਸੰਬੰਧੀ ਲਿਖਦਾ ਹੋਇਆ ਆਖਦਾ ਹੈ, " ਪੂਰਬੀ ਧਰਮ ਤਬਦੀਲ ਹੋ ਕੇ ਵਧੇਰੇ ਪੱਛਮੀ ਹੋ ਰਹੇ ਹਨ (ਪੰਨਾ-19)[3] ਇਹ ਸਹੀ ਨਹੀਂ ਹੈ ਕਿਉਂਕਿ ਇਹ ਧਰਮ ਨਹੀਂ ਹੈ ਜੋ ਤਬਦੀਲ ਹੋ ਜਾਂਦਾ ਹੈ ਸਗੋਂ ਇਕ ਬਾਹਰਮੁਖੀ ਧਾਰਮਿਕ ਪ੍ਰਗਟਾਵਾ ਹੈ ਜੋ ਵਾਤਾਵਰਣ ਦੀ ਤਬਦੀਲੀ ਦਾ ਅਸਰ ਭੋਗਦਾ ਹੈ।

ਬ੍ਰਿਟੇਨ ਦੇ ਸਿੱਖ ਪਰਿਵਾਰਾਂ ਵਿਚ ਇਕ ਹੀ ਛੱਤ ਹੇਠ ਤਿੰਨ ਤਰ੍ਹਾਂ ਦੇ ਸਿੱਖਾਂ ਦਾ ਹੋਣਾ ਬੜੀ ਸੁਭਾਵਿਕ ਜਿਹੀ ਗੱਲ ਜਾਪਦੀ ਹੈ। ਦਾਦਾ ਦਾਦੀ ਤਾਂ ਕਰੜੇ ਨੈਤਿਕ ਸਿਧਾਂਤਾਂ ਦਾ ਪਾਲਣ ਕਰਦੇ ਹਨ ਜੋ ਉਨ੍ਹਾਂ ਦੇ ਪੂਰਵਜਾਂ ਵਲੋਂ ਦਿੱਤੇ ਗਏ ਸਨ। ਮਾਪੇ ਉਨ੍ਹਾਂ ਨਾਲੋਂ ਕੁਝ ਘੱਟ ਧਾਰਮਿਕ ਹਨ ਪਰ ਉਨ੍ਹਾਂ ਦੇ ਪ੍ਰੰਪਰਾਵਾਦੀ ਨੈਤਿਕ ਮੁੱਲ ਉਨ੍ਹਾਂ ਨੂੰ ਕਾਫੀ ਹੱਦ ਤੱਕ ਪਿਤਾ ਪੁਰਖੀ ਧਰਮ ਅਤੇ ਰਿਵਾਇਤ ਨਾਲ ਜੋੜ ਕੇ ਰੱਖਣ ਦੀ ਪ੍ਰੇਰਣਾ ਦਿੰਦੇ ਹਨ। ਬੱਚੇ ਆਪਣੇ ਤੋਂ ਪਹਿਲੀ ਪੀੜ੍ਹੀ ਨਾਲ ਨਾ ਤਾਂ ਧਾਰਮਿਕ ਸਾਂਝ ਰੱਖਦੇ ਹਨ ਤੇ ਨਾ ਹੀ ਨੈਤਿਕ। ਈਰਖਾਲੂ ਈਸਾਈਆਂ ਨੇ ਇਸ ਪ੍ਰਸਥਿਤੀ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ। ਉਹੋ ਪੂਰਬ ਦੇ ਧਰਮ ਨੂੰ ਇਸ ਲਈ ਮਹੱਤਵ ਨਹੀਂ ਦਿੰਦੇ ਕਿਉਂਕਿ ਉਨ੍ਹਾਂ ਅਨੁਸਾਰ ਯੀਸੂ ਦੇ ਧਰਤੀ ਤੇ ਆਉਣ ਨਾਲ ਗਿਆਨ ਸਿਰਫ ਇਕ ਵਾਰ ਹੀ ਸੰਸਾਰ ਵਿਚ ਆਇਆ ਅਤੇ ਯੀਸੂ ਦੇ ਨਾਲ ਹੀ ਖਤਮ ਹੋ ਗਿਆ। ਮਿਸਾਲ ਦੇ ਤੌਰ ਤੇ ਬੈਰੋਨ ਜੀਨ ਪੈਲੇਕ ਆਪਣੀ ਪੁਸਤਕ "ਐਲ.ਇੰਡੇਜ਼. ਐਂਟਰੋਵਰੇ" (ਫਰਾਂਸੀਸੀ ਨਜ਼ਰ ਨਾਲ ਭਾਰਤੀ ਦਰਸ਼ਨ) ਵਿਚ ਲਿਖਦਾ ਹੈ, "ਦੋ ਧਰਮਾਂ ਦੇ ਜੋ ਸਿਧਾਂਤ ਉਸਨੇ (ਗੁਰੂ ਨਾਨਕ ਨੇ) ਪ੍ਰਤੀਪਾਦਿਤ ਕੀਤੇ, ਇਕ ਤਾਂ ਸੂਫੀ ਮਤ ਸੀ, ਜਦ ਕਿ ਦੂਜਾ ਸਿਧਾਂਤ ਜੋ ਸਿੱਖ ਧਰਮ ਦੇ ਬਾਨੀ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰ ਚੁੱਕਾ ਸੀ ਉਹ ਈਸਾਈ ਮੱਤ ਸੀ। ਗੁਰੂ ਗ੍ਰੰਥ ਸਾਹਿਬ ਦੇ ਬਹੁਤ ਸਾਰੇ ਪੰਨੇ ਨਿਊਟੈਸਟਾਮੈਂਟ ਨਾਲ ਮਿਲਦੇ ਜੁਲਦੇ ਹਨ। ਸਚਮੁਚ ਹੀ ਗੁਰੂ ਨਾਨਕ ਦੇਵ ਦੀ ਰਚਨਾ ਦਾ ਵੱਡਾ ਹਿੱਸਾ ਪੂਰੀ ਤਰ੍ਹਾਂ ਯੀਸੂ ਦੇ ਸੁਸਮਾਚਾਰ ਦੀ ਵਿਆਖਿਆ ਅਤੇ ਉਸਦੇ ਮੁੜ ਜ਼ਿੰਦਾ ਹੋਣ ਨਾਲ ਮੇਲ ਖਾਂਦਾ ਹੈ।" ਇਸੇ ਪ੍ਰਕਾਰ ਹੀ ਵੀ. ਸਮਿੱਥ ਲਿਖਦਾ ਹੈ, "ਇਹ ਗੱਲ ਪੂਰੇ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਗੁਰੂ

3. ਧਰਮ ਕਿਸੇ ਪਰਦਾਧਾਰੀ ਬੁੱਤ ਅੱਗੇ ਅੰਨ੍ਹੀ ਸ਼ਰਧਾ ਨਾਲ ਝੁਕਣ, ਜ਼ਮੀਨ ਤੇ ਡੰਡਾਉਤ ਕਰਨ, ਪਰਮਾਤਮਾ ਅੱਗੇ ਹੱਥ ਜੋੜਨ, ਮੰਦਰਾਂ ਵਿਚ ਬੇਜ਼ੁਬਾਨ ਜਾਨਵਰਾਂ ਦੀ ਬਲੀ ਦੇ ਕੇ ਲਹੂ ਦੇ ਛੱਪੜ ਲਾ ਦੇਣ ਜਾਂ ਅਨੁਯਾਈਆਂ ਦੀ ਗਿਣਤੀ ਵਧਾਉਣ ਵਿਚ ਕਦੇ ਵੀ ਨਹੀਂ ਹੁੰਦਾ ਸਗੋਂ ਧਰਮ ਤਾਂ ਇਕ ਸ਼ਾਂਤ ਆਤਮਾ ਵਿਚ ਵੱਸਦਾ ਹੈ। (ਲਿਊਕਰੇਸ਼ੀਅਮ-ਡੀ. ਰੇਓਮ ਨੇਚੁਰਾ)

ਗੋਬਿੰਦ ਸਿੰਘ ਨੇ ਆਪਣੇ ਭਾਈਚਾਰੇ ਨੂੰ ਜੋੜਨ ਲਈ ਈਸਾਈ ਧਰਮ ਦੀਆਂ ਦੱਸੀਆਂ ਵਿਧੀਆਂ ਹੀ ਵਰਤੀਆਂ ਸਨ ।[4]" ਇਹ ਕਥਨ ਬਹੁਤ ਹੀ ਵਧਾ ਚੜ੍ਹਾਅ ਕੇ ਪੇਸ਼ ਕੀਤੇ ਗਏ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਤੱਥਾਂ ਅਤੇ ਖਾਲਸੇ ਦੇ ਜਨਮ ਦੀਆਂ ਕਾਰਕ ਘਟਨਾਵਾਂ ਪ੍ਰਤੀ ਲੇਖਕਾਂ ਦੀ ਅਗਿਆਨਤਾ ਨੂੰ ਹੀ ਪ੍ਰਗਟ ਕਰਦੇ ਹਨ। ਇਸ ਤੱਥ ਵੱਲ ਉਚੇਚਾ ਧਿਆਨ ਦੇਣ ਦੀ ਜਰੂਰਤ ਹੈ ਕਿ ਨਾ ਤਾਂ ਗੁਰੂ ਨਾਨਕ ਦੇਵ ਜੀ ਅਤੇ ਨਾ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਦੇ ਵੀ ਕਿਸੇ ਈਸਾਈ ਵਿਦਵਾਨ ਨਾਲ ਕਿਸੇ ਥਾਂ ਮਿਲਣ ਦਾ ਅਵਸਰ ਮਿਲਿਆ ।

ਅੱਜ ਇਸ ਗੱਲ ਦੀ ਬਹੁਤ ਜ਼ਰੂਰਤ ਹੈ ਕਿ ਸਿੱਖ ਇਸ ਚੁਣੌਤੀ ਨੂੰ ਮਹਿਸੂਸ ਕਰਕੇ ਧਰਮਾਂ ਵਿੱਚਲੇ ਵਖਰੇਵਿਆਂ ਦਾ ਪ੍ਰਚਾਰ ਕਰਨ। ਅਜਿਹਾ ਕਰਨ ਨਾਲ ਨਿੱਜੀ ਮਾਨਸਿਕ ਸੰਤੁਸ਼ਟੀ ਤਾਂ ਹੋਵੇਗੀ ਹੀ ਸਗੋਂ ਦੂਜੇ ਧਰਮਾਂ ਦੀਆਂ ਧਾਰਮਿਕ ਪੁਸਤਕਾਂ ਪੜ੍ਹ ਕੇ ਸਿਧਾਂਤਾਂ ਵਿਚਲਾ ਵਖਰੇਵਾਂ ਵੀ ਸਮਝ ਆਵੇਗਾ। ਇਸ ਦੇ ਨਾਲ ਨਾਲ ਨੌਜਵਾਨਾਂ ਲਈ ਪ੍ਰਚਾਰ ਢੰਗਾਂ ਨੂੰ ਤਬਦੀਲ ਕਰਨ ਦੀ ਵੀ ਜ਼ਰੂਰਤ ਹੈ। ਸਾਡੀਆਂ ਗੁਰਦੁਆਰਾ ਕਮੇਟੀਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਪ੍ਰੰਪਰਾਵਾਦੀ ਗ੍ਰੰਥੀ ਜੋ ਸਿਰਫ ਪੰਜਾਬੀ ਵਿਚ ਹੀ ਸਿੱਖੀ ਦਾ ਪ੍ਰਚਾਰ ਕਰਦੇ ਹਨ ਅਤੇ ਕੀਰਤਨ ਗਾਇਨ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਕਰਦੇ, ਸਾਡੀਆਂ ਅਜੋਕੀਆਂ ਲੋੜਾਂ ਦੀ ਪੂਰਤੀ ਨਹੀਂ ਕਰ ਸਕਦੇ। ਇਸ ਵਿੱਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਅੱਜ ਕੱਲ੍ਹ ਕਈ ਗ੍ਰੰਥੀ ਤਾਂ ਸਿੱਖੀ ਦੇ ਆਸ਼ਿਆਂ ਪ੍ਰਤੀ ਵੀ ਸੁਚੇਤ ਨਹੀਂ ਹਨ। ਇਹ ਪੁਸਤਕ ਤਾਂ ਸਮੁੰਦਰ ਵਿਚ ਇਕ ਬੂੰਦ ਦੀ ਨਿਆਂਈ ਹੈ। ਇਸ ਅਧਿਐਨ ਵਿਚ ਧਰਮ ਦੇ ਸਾਰੇ ਪੱਖਾਂ ਦਾ ਵਰਨਣ ਕਰਨਾ ਸੰਭਵ ਨਹੀਂ ਸੀ। ਇਸ ਵਿਚ ਸਿਰਫ ਕੁਝ ਕੁ ਤੱਥ ਹੀ ਵਿਚਾਰੇ ਗਏ ਹਨ। ਬਹੁਤ ਕੁਝ ਪਾਠਕਾਂ ਦੁਆਰਾ ਖੋਜਿਆ ਜਾਣਾ ਬਾਕੀ ਹੈ।

**-ਜੀ.ਐਸ.ਸਿੱਧੂ**

---

4. ਈਸਾਈ ਮਿਸ਼ਨਰੀ ਮਿਸ ਚਾਰਲੋਟ ਮੈਰੀ ਟੂਕਰ ਲਿਖਦੀ ਹੈ, ਮੈਂ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਿਆ ਹੈ। ਇਹ ਪੂਰਨ ਤੌਰ ਤੇ ਸ਼ੁੱਧ ਅਤੇ ਅਧਿਆਤਮਕ ਹੈ। ਜੇਕਰ ਤੁਸੀਂ ਨਾਮ ਬਦਲ ਦਿੰਦੇ ਹੋ, ਪਰਮਾਤਮਾ ਨੂੰ ਜੀਸਸ ਜਾਂ ਗੁਰੂ ਲਿਖ ਦਿਓ ਤਾਂ ਇਹ ਗ੍ਰੰਥ ਪੁਰਾਤਨ ਈਸਾਈ ਸੰਤਾਂ ਵਲੋਂ ਲਿਖਿਆ ਗ੍ਰੰਥ ਹੀ ਲੱਗੇਗਾ। ਹਰ ਕੋਈ ਗ੍ਰੰਥ ਸਾਹਿਬ ਨੂੰ ਉਤਸੁਕਤਾ ਭਰਪੂਰ ਕਹਿਣਾ ਚਾਹੇਗਾ ਅਤੇ ਮੈਂ ਬਹੁਤ ਹੀ ਸ਼ਰਮ ਮਹਿਸੂਸ ਕਰ ਰਹੀ ਹਾਂ ਕਿ ਸੁਸਮਾਚਾਰ ਦੀ ਰੌਸ਼ਨੀ ਵਿਚ ਪਰਮਾਤਮਾ ਦੇ ਨੇੜੇ ਪਹੁੰਚਣ ਲਈ ਅਧਿਆਤਮਕ ਚਿੰਤਨ ਵਿੱਚ ਅਸੀਂ ਸਾਧਾਰਣ ਸਿਖਾਂ ਨਾਲੋਂ ਵੀ ਪਿੱਛੇ ਰਹਿ ਗਏ ਹਾਂ। (ਲਾਈਫ ਐਂਡ ਲੈਟਰਜ਼ ਆਫ.ਏ.ਐਲ.ਓ.ਈ. ਪੰਨਾ-289)



## ਅਧਿਆਇ-1

# ਇਤਿਹਾਸਕ ਪਿਛੋਕੜ

### 1.1 ਈਸਾਈ ਧਰਮ ਦਾ ਇਤਿਹਾਸ :

ਯੀਸੂ ਮਸੀਹ (ਅਸਲ ਨਾਮ ਈਸਾ) ਜੋ ਈਸਾਈ ਧਰਮ ਦੇ ਸੰਸਥਾਪਕ ਸਨ, ਦਾ ਜਨਮ 4 ਈਸਵੀ ਪੂਰਵ ਤੋਂ 29 ਈਸਵੀਂ[5] ਦੇ ਵਿਚਕਾਰ ਬੈਥਲੇਹੇਮ (ਫਿਲਸਤੀਨ) ਦੇ ਇਕ ਯਹੂਦੀ ਪਰਿਵਾਰ ਵਿਚ ਹੋਇਆ। ਉਨ੍ਹਾਂ ਦੇ ਪਿਤਾ ਜੌਸੇਫ ਅਤੇ ਮਾਤਾ ਮੈਰੀ

---

5. ਜਨਮ ਤਾਰੀਖ ਬਾਰੇ ਸਹਿਮਤੀ ਨਹੀਂ। ਜੌਜ਼ੇਫਸ ਨਾਮ ਦੇ ਯਹੂਦੀ ਇਤਿਹਾਸਕਾਰ ਨੇ ਸਭ ਤੋਂ ਪਹਿਲਾਂ ਯੀਸੂ ਦੇ ਨਾਮ ਦਾ ਹਵਾਲਾ ਦਿੱਤਾ ਸੀ। 'ਹੋਏ' ਨੇ ਇਹ ਜਨਮ ਤਰੀਕ 17 ਅਪ੍ਰੈਲ 4 ਈ. ਪੂਰਵ ਦੱਸੀ ਹੈ। ਉਸਨੇ ਕੈਟਾਲੂਮਾ (ਜਿਸਦਾ ਅਰਥ ਉੱਪਰ ਵਾਲਾ ਕਮਰਾ ਹੁੰਦਾ ਹੈ) ਸ਼ਬਦ ਨੂੰ ਅਨੁਵਾਦ ਕਰਨ ਵੇਲੇ ਗਲਤੀ ਨਾਲ ਸਰਾਂ ਵਜੋਂ ਅਨੁਵਾਦ ਕਰ ਦਿੱਤਾ ਜਿਸ ਕਾਰਨ ਸਰਾਂ ਵਿਚ ਹੋਏ ਜਨਮ ਦੀ ਕਹਾਣੀ ਤੁਰ ਪਈ। ਬ੍ਰਿਟੇਨ ਵਿੱਚ ਕ੍ਰਿਸਮਿਸ ਦਾ ਦਿਨ 25 ਦਸੰਬਰ ਨੂੰ ਮਨਾਇਆ ਜਾਂਦਾ ਹੈ ਪਰੰਤੂ ਪੂਰਬ ਦੇ ਕੁਝ ਚਰਚਾਂ ਵਿਚ ਕ੍ਰਿਸਮਿਸ 6 ਜਨਵਰੀ ਨੂੰ ਬੜੀ ਧੂਮ-ਧਾਮ ਨਾਲ ਮਨਾਈ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਚੌਥੀ ਸ਼ਤਾਬਦੀਂ ਵਿਚ ਪੋਪ ਜੂਲੀਅਸ ਨੇ 25 ਦਸੰਬਰ ਨੂੰ ਕ੍ਰਿਸਮਿਸ ਦਿਵਸ ਵਜੋਂ ਮਾਣਤਾ ਦੇ ਦਿੱਤੀ ਤਾਂ ਜੋ ਉਸੇ ਦਿਨ ਮਨਾਏ ਜਾਂਦੇ ਗ਼ੈਰ ਈਸਾਈ ਬਰੂਮੇਲੀਆ ਉਤਸਵ ਦੀ ਮਹੱਤਤਾ ਘਟਾਈ ਜਾ ਸਕੇ ਅਤੇ ਇਸ ਦਿਨ ਦੀ ਵਿਸ਼ੇਸ਼ਤਾ ਸਿਰਫ਼ ਈਸਾਈਆਂ ਨਾਲ ਹੀ ਜੁੜ ਜਾਵੇ। ਐਨਸਾਈਕਲੋਪੀਡੀਆ ਬ੍ਰਿਟੈਨਿਕਾ ਐਡੀਸ਼ਨ 1946 ਅਨੁਸਾਰ "ਚਰਚ ਵਿਚ ਮਨਾਏ ਜਾਣ ਵਾਲੇ ਪਹਿਲੇ ਤਿਓਹਾਰਾਂ ਵਿਚ ਕ੍ਰਿਸਮਿਸ ਸ਼ਾਮਲ ਨਹੀਂ ਸੀ।"

ਯੀਸੂ ਦਾ ਜਨਮ 4 ਈਸਵੀ ਪੂਰਨ (ਈਸਾ ਤੋਂ ਪਹਿਲਾਂ) ਹੋਇਆ ਕਹਿਣਾ ਵੀ ਵਚਿੱਤਰ ਹੈ। ਅਸੀਂ ਸਮੇਂ ਦੀ ਗਿਣਤੀ ਮਿਣਤੀ ਈਸਵੀ ਪੂਰਵ (ਈਸਾ ਤੋਂ ਪਹਿਲਾਂ) ਅਤੇ ਈਸਵੀ ਸੰਨ (ਐਨੋਡੋਮਿਨੀ) (ਈਸਾ ਵਾਲਾ ਸਾਲ) ਤੋਂ ਹੀ ਕਰਦੇ ਹਾਂ। ਇਹ ਪ੍ਰਥਾ ਛੇਵੀ ਸਦੀ ਈਸਵੀ ਵਿਚ ਇਟਲੀ ਦੇ ਇੱਕ ਧਾਰਮਿਕ ਆਗੂ ਡਾਇਉਨਿਸੀਅਸਸ ਐਕਸੀਗੂਅਸ ਨੇ ਆਰੰਭ ਕੀਤੀ ਸੀ। ਉਸਨੇ ਸ਼ਾਹੀ ਘਰਾਣਿਆਂ ਦੀਆਂ ਸੂਚੀਆਂ ਦਾ ਕਾਲਕ੍ਰਮਿਕ ਅਧਯਨ ਕੀਤਾ ਅਤੇ ਰੋਮ ਸ਼ਹਿਰ ਦੀ ਸਥਾਪਨਾ ਵਾਲੇ ਦਿਨ ਤੋਂ ਸਮੇਂ ਦੀ ਗਣਨਾ ਕਰਨੀ ਆਰੰਭ ਕੀਤੀ। ਬਦਕਿਸਮਤੀ ਨਾਲ ਉਸਨੇ ਗਲਤ ਗਣਨਾ ਕਰਕੇ ਇਹ ਤਾਰੀਖ ਨਿਰਧਾਰਿਤ ਕਰ ਲਈ ਅਤੇ ਅਸੀਂ ਅੱਜ ਤਕ ਉਸੇ ਗਲਤ ਤਾਰੀਖ ਦੀ ਵਰਤੋਂ ਕਰਦੇ ਆ ਰਹੇ ਹਾਂ। "ਇਹ ਗੱਲ ਅਜੇ ਵੀ ਇਤਿਹਾਸਕ ਦ੍ਰਿਸ਼ਟੀ ਤੋਂ ਸੰਦਿਗਧ ਹੈ ਕਿ ਯੀਸੂ ਦੁਨੀਆਂ ਤੇ ਕਦੇ ਹੋਏ ਵੀ ਸਨ? ਜੇਕਰ ਯੀਸੂ ਹੋਏ ਵੀ ਸਨ ਤਾਂ ਅਸੀਂ ਇਸ ਸੰਬੰਧੀ ਕੁਝ ਨਹੀਂ ਜਾਣਦੇ"। (ਵਾਈ ਆਈ ਐਮ ਨੌਟ ਕ੍ਰਿਸ਼ਚੀਅਨ, ਕ੍ਰਿਤ ਬਰਟ੍ਰੰਡ ਰਸਲ, ਪੰਨਾ 21)। ਯੀਸੂ ਦੀ ਜੋ ਤਸਵੀਰ ਅਸੀਂ ਅੱਜ ਵੇਖਦੇ ਹਾਂ ਉਹ ਪੰਜਵੀਂ ਸਦੀ ਈ. ਦੀ ਹੈ ।ਬੀ.ਬੀ.ਸੀ. ਨੇ ਹੁਣ ਯੀਸੂ ਦੇ ਸਮਕਾਲੀ ਸਮੇਂ ਵਿਚ ਮਿਲਣ ਵਾਲੀਆਂ ਸਰੀਰਕ ਬਣਤਰਾਂ ਦੇ ਅਨੁਸਾਰ ਇਕ ਤਸਵੀਰ ਤਿਆਰ ਕਰਵਾਈ ਹੈ ਜੋ ਭਾਰਤੀ ਮੁਹਾਂਦਰਿਆਂ ਨਾਲ ਮੇਲ ਖਾਂਦੀ ਹੈ। ਇਹ ਪੁਰਾਤਨ ਪ੍ਰਚਲਤ ਤਸਵੀਰ ਤੋਂ ਪੂਰੀ ਤਰ੍ਹਾਂ ਵਿਲੱਖਣ ਹੈ ।

ਯੀਸੂ ਦੀ ਪੀੜ੍ਹੀ (ਸ਼ਜਰਾ ਨਸਬ) ਬਾਰੇ ਜਾਣਕਾਰੀ ਨਹੀਂ ਮਿਲਦੀ। ਮੈਥਿਊ ਨੇ 26 ਪੂਰਵਜਾਂ ਦਾ ਉਲੇਖ ਕੀਤਾ ਹੈ ਪਰ ਲਿਊਕ ਸਿਰਫ 41 ਹੀ ਦੱਸਦਾ ਹੈ ਅਤੇ ਇਹ ਸਾਰੇ ਬਿਲਕੁਲ ਵੱਖਰੇ ਹਨ। ਇਨ੍ਹਾਂ ਦੀਆਂ ਸੂਚੀਆਂ ਵਿਚ ਸਿਰਫ ਦੋ ਨਾਮ ਡੇਵਿਡ ਅਤੇ ਜੋਸੇਫ ਹੀ ਸਾਂਝੇ ਹਨ। ਮੈਥਿਊ (1:6) ਕਹਿੰਦਾ ਹੈ ਕਿ ਯੀਸੂ ਡੇਵਿਡ ਦਾ 26 ਵਾਂ ਵੰਸ਼ਜ਼ ਹੈ ਜਦਕਿ ਲਿਊਕ (3:31) ਕਹਿੰਦਾ ਹੈ ਕਿ ਉਹ ਨਾਥਨ ਦਾ 41ਵਾਂ ਵੰਸ਼ਜ਼ ਹੈ। " ਯੀਸੂ ਤੀਹ ਸਾਲ ਦਾ ਸੀ, ਜੌਸੇਫ ਦਾ ਪੁੱਤਰ ਸੀ ਅਤੇ ਜੌਸੇਫ ਹੇਲੀ ਦਾ ਲੜਕਾ ਸੀ"। (ਲਿਊਕ 3:23) ਬਹੁਤ ਸਾਰੇ ਯਹੂਦੀ ਇਤਿਹਾਸਕਾਰ ਤਾਂ ਯੀਸੂ ਨਾਮ ਦਾ ਉਲੇਖ ਹੀ ਨਹੀਂ ਕਰਦੇ। ਟਾਲਮੁਡ ਨੇ ਪੰਡਰੀਆ ਦੇ ਪੁੱਤਰ ਜੈਸ਼ਚੂ ਦਾ ਵਰਣਨ ਕੀਤਾ ਹੈ, ਜਿਸ ਨੂੰ ਯੀਸੂ ਤੋਂ ਵੀ ਸੌ ਸਾਲ ਪਹਿਲਾਂ ਸੂਲੀ ਤੇ ਚਾੜ੍ਹ ਦਿੱਤਾ ਗਿਆ ਸੀ।

(ਅਸਲੀ ਨਾਮ ਯਹੋਸ਼ੀਆ) ਕਿੱਤੇ ਵਜੋਂ ਤਰਖਾਣ ਸਨ।

ਯੀਸੂ ਜੋਸੇਫ ਅਤੇ ਮੈਰੀ ਦੇ ਵਿਆਹ ਤੋਂ ਪਹਿਲਾਂ ਪੈਦਾ ਹੋਇਆ ਸੀ। ਈਸਾਈ ਲੋਕਾਂ ਦਾ ਵਿਸ਼ਵਾਸ਼ ਹੈ ਕਿ ਗੈਬਰੀਅਲ ਫਰਿਸ਼ਤਾ ਇਕ ਰਾਤ ਮੈਰੀ ਦੇ ਕਮਰੇ ਵਿੱਚ ਪ੍ਰਗਟ ਹੋਇਆ ਅਤੇ ਕਿਹਾ, "ਹੇ ਮੈਰੀ ਤੂੰ ਜੋਸੇਫ ਤੋਂ ਬਿਨਾਂ ਹੀ ਗਰਭਵਤੀ ਹੋ ਜਾਵੇਂਗੀ ਅਤੇ ਇਕ ਅਜਿਹੇ ਲੜਕੇ ਨੂੰ ਜਨਮ ਦੇਵੇਂਗੀ ਜੋ ਦੁਨੀਆਂ ਦਾ ਮਾਰਗ ਦਰਸ਼ਨ ਕਰੇਗਾ"। ਜੋਸੇਫ ਨੇ ਪਹਿਲਾਂ ਆਪਣੀ ਮੰਗੇਤਰ ਬਾਰੇ (ਗਰਭ ਸੰਬੰਧੀ) ਕਈ ਵਹਿਮ ਪਾਲ ਲਏ ਸਨ ਪਰ ਗੈਬਰੀਅਲ ਦੀ ਭਵਿੱਖਬਾਣੀ ਉਪਰੰਤ ਉਸਨੇ ਮੈਰੀ ਨੂੰ ਆਪਣੀ ਪਤਨੀ ਵਜੋਂ ਪ੍ਰਵਾਨ ਕਰ ਲਿਆ। ਯੀਸੂ ਦੇ ਮੁੱਢਲੇ ਜੀਵਨ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਮਿਲਦੀ।

ਜੋਤਸ਼ੀਆਂ ਨੇ ਫਿਲਸਤੀਨ ਦੇ ਰਾਜੇ ਹੈਰੋਡ ਨੂੰ ਦੱਸਿਆ ਸੀ ਕਿ ਇੱਕ ਯਹੂਦੀ ਲੜਕਾ ਤੈਨੂੰ ਮਾਰ ਦੇਵੇਗਾ ਅਤੇ ਤੇਰੇ ਰਾਜ ਨੂੰ ਖਤਮ ਕਰ ਦੇਵੇਗਾ। ਇਸ ਲਈ ਉਸਨੇ ਦੋ ਸਾਲ ਤੋਂ ਘੱਟ ਉਮਰ ਦੇ ਸਭ ਬੱਚਿਆਂ ਨੂੰ ਮਾਰਨ ਦਾ ਹੁਕਮ ਦੇ ਦਿੱਤਾ। ਇਸ ਯਕੀਨੀ ਮੌਤ ਤੋਂ ਬਚਾਉਣ ਲਈ ਜੋਸੇਫ ਅਤੇ ਮੈਰੀ ਯੀਸੂ ਨੂੰ ਯੇਰੂਸ਼ਲਮ ਲੈ ਗਏ ਅਤੇ ਮਰਿਆਦਾ ਅਨੁਸਾਰ ਇਕ ਸਾਇਨਾਗੌਗ (ਯਹੂਦੀ ਮੰਦਰ) ਵਿਚ 'ਪਰਮਾਤਮਾ ਦੀ ਸੇਵਾ' ਲਈ ਦਾਨ ਕਰ ਦਿੱਤਾ। ਇਸ ਤਰ੍ਹਾਂ ਉਹ ਕਰਾਈਸਟ (ਯੂਨਾਨੀ ਸ਼ਬਦ ਕਰਿਸਟੋਸ-ਤੇਲ ਨਾਲ ਲਿਸ਼ਕਾਇਆ ਹੋਇਆ ਯਾਨੀ ਧਰਮੀ ਪੁਰਸ਼) ਬਣਿਆ।[6] ਇਸ ਉਪਰੰਤ ਉਹ ਮਿਸਰ ਵੱਲ ਖਿਸਕ ਗਏ। ਹੈਰੋਡ ਦੀ ਮੌਤ ਉਪਰੰਤ ਉਹ ਫਿਲਸਤੀਨ ਵਾਪਸ ਪਰਤੇ ਅਤੇ ਨਜ਼ਾਰੇਥ ਆ ਕੇ ਵੱਸ ਗਏ। ਜਦੋਂ ਯੀਸੂ ਤੀਹ ਸਾਲ ਦਾ ਹੋਇਆ ਤਾਂ ਉਸਦਾ ਆਪਣੇ ਚਚੇਰੇ ਭਰਾ ਜੌਹਨ ਦੇ ਹੱਥੋਂ ਬਪਤਿਸਮਾ (ਧਰਮ ਧਾਰਣ) ਕੀਤਾ ਗਿਆ (ਇਹ ਦਿਨ ਐਪੀ ਫੈਨੀ ਨਾਮ ਹੇਠ 6 ਜਨਵਰੀ ਨੂੰ ਮਨਾਇਆ ਜਾਂਦਾ ਹੈ)[7]। ਚਿੱਟੇ ਕਬੂਤਰ ਵਰਗੀ ਇਕ ਆਤਮਾ ਸਵਰਗ ਤੋਂ ਹੇਠਾਂ ਯੀਸੂ ਪਾਸ ਆਈ ਅਤੇ ਯੀਸੂ ਨੇ ਇਕ ਆਵਾਜ਼ ਸੁਣੀ ਜੋ ਇਹ ਕਹਿ ਰਹੀ ਸੀ, "ਯੀਸੂ ਪਰਮਾਤਮਾ ਦਾ ਪੁੱਤਰ ਹੈ।" ਇਸ ਉਪਰੰਤ ਯੀਸੂ ਨੇ ਸਮਰਪਿਤ ਹੋ ਕੇ 40 ਦਿਨ ਪ੍ਰਾਰਥਨਾ ਕੀਤੀ। ਜੌਹਨ ਨੂੰ ਇਸ ਗੱਲ ਦੇ ਪ੍ਰਚਾਰ ਕਰਨ ਸਦਕਾ ਗ੍ਰਿਫਤਾਰ ਕਰ ਲਿਆ ਗਿਆ ਕਿ ਭਵਿੱਖ ਬਾਣੀ ਵਾਲੇ ਮੁਕਤੀਦਾਤਾ ਨੇ ਜਨਮ ਲੈ ਲਿਆ ਹੈ। ਬਾਅਦ ਵਿਚ ਜੌਹਨ ਨੂੰ ਕਤਲ ਕਰ ਦਿੱਤਾ ਗਿਆ।

ਕਿਹਾ ਜਾਂਦਾ ਹੈ ਕਿ ਯੀਸੂ ਨੇ ਕਈ ਚਮਤਕਾਰ ਦਿਖਾਏ। ਉਸ ਨੇ ਪਾਣੀ ਨੂੰ

6. ਮਸੀਹ ਸ਼ਬਦ ਹੀਬਰੂ ਭਾਸ਼ਾ ਦਾ ਹੈ। ਇਹ ਯੂਨਾਨੀ ਭਾਸ਼ਾ ਦੇ ਸ਼ਬਦ ਕਰਾਈਸਟ ਦਾ ਸਹੀ ਅਨੁਵਾਦ ਹੈ (ਧਰਮ ਵਿਚ ਪ੍ਰਵੇਸ਼ ਕੀਤਾ ਹੋਇਆ)
7. ਕੁਝ ਪੱਛਮੀ ਚਰਚ ਇਸ ਦਿਨ ਨੂੰ "ਸਿਆਣੇ ਮਨੁੱਖਾਂ ਦੀ ਆਮਦ" ਨਾਲ ਜੋੜਦੇ ਹਨ। ਈਸਾਈਆਂ ਦੇ ਕਈ ਫਿਰਕਿਆਂ ਲਈ ਇਹ ਦਿਨ ਹਰ ਸਾਲ 18 ਜਨਵਰੀ ਨੂੰ ਹੀ ਆਉਂਦਾ ਹੈ।



ਸ਼ਰਾਬ ਵਿਚ ਬਦਲ ਦਿੱਤਾ ,ਉਹ ਪਾਣੀ ਉੱਪਰ ਤੁਰਿਆ, ਉਸਨੇ ਇਕ ਤੂਫਾਨ ਨੂੰ ਰੋਕ ਦਿੱਤਾ ਅਤੇ ਇਕ ਕੋੜ੍ਹੀ ਨੂੰ ਤੰਦਰੁਸਤ ਕਰ ਦਿੱਤਾ। ਇਕ ਦਿਨ ਉਸਨੇ ਪਹਾੜ ਉਪਰ ਬੈਠ ਕੇ ਯਹੂਦੀਆਂ ਵਿਚ ਆਪਣੇ ਧਰਮ ਦਾ ਪ੍ਰਚਾਰ ਕੀਤਾ। ਇਸ ਨੂੰ ਪਰਬਤ ਉਪਦੇਸ਼ (Sermon on the mount) ਵਜੋਂ ਜਾਣਿਆ ਜਾਂਦਾ ਹੈ। ਉਸਨੇ ਕਿਹਾ ਕਿ ਪਰਮਾਤਮਾ ਨੇ ਉਸਨੂੰ ਲੋਕਾਂ ਨੂੰ ਸਹੀ ਰਾਹ ਵਿਖਾਉਣ ਅਤੇ ਲੋਕਾਂ ਦੇ ਗੁਨਾਹ ਮੁਆਫ ਕਰਨ ਲਈ ਹੀ ਧਰਤੀ ਤੇ ਭੇਜਿਆ ਹੈ। ਉਸਨੇ ਇਜ਼ਰਾਈਲ ਦੇ 12 ਕਬੀਲਿਆਂ ਚੋਂ ਇੱਕ-ਇੱਕ ਵਿਅਕਤੀ ਚੁਣ ਕੇ ਆਪਣੇ ਧਰਮ ਦੀ ਸਿੱਖਿਆ ਦਿੱਤੀ (ਮੈਥਿਉਂ 4:18.22) ਤਾਂ ਜੋ ਉਹ ਉਸਦੇ ਮਿਸ਼ਨ ਨੂੰ ਦੂਰ-ਦੁਰਾਡੇ ਤੱਕ ਪ੍ਰਚਾਰ ਸਕਣ। ਛੇਤੀ ਹੀ ਉਹ ਏਨਾ ਪ੍ਰਸਿੱਧ ਹੋ ਗਿਆ ਕਿ ਕੁਝ ਲੋਕਾਂ ਨੇ ਉਸਨੂੰ ਆਪਣਾ ਰਾਜਾ ਬਣਾਉਣ ਦੇ ਯਤਨ ਵੀ ਕੀਤੇ।[8]

ਜਦੋਂ ਯੀਸੂ ਯੇਰੂਸ਼ਲਮ ਵਿਚ ਦਾਖਲ ਹੋਇਆ ਤਾਂ ਯਹੂਦੀ ਪਾਦਰੀਆਂ ਨੇ ਇਹ ਆਖ ਕੇ ਉਸਦੇ ਦਾਖਲੇ ਦਾ ਵਿਰੋਧ ਕੀਤਾ ਕਿ ਯੀਸੂ ਨਾਸਤਕ ਹੈ। ਉਸਦੇ ਖਿਲਾਫ ਸ਼ਿਕਾਇਤਾਂ ਰਾਜੇ ਪਾਸ ਪਹੁੰਚੀਆਂ। ਵਿਰੋਧੀਆਂ ਨੇ ਉਸਦੇ 12 ਚੇਲਿਆਂ ਵਿਚੋਂ ਇੱਕ ਚੇਲੇ ਜੂਡਸ ਨੂੰ ਰਿਸ਼ਵਤ ਦੇ ਕੇ ਆਪਣੇ ਵੱਲ ਕਰ ਲਿਆ ਗਿਆ ਅਤੇ ਯੀਸੂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਯੀਸੂ ਉੱਪਰ ਸਾਈਨਾਗੌਗਜ਼ (ਯਹੂਦੀ ਮੰਦਰਾਂ) ਨੂੰ ਅਪਵਿੱਤਰ ਕਰਨ, ਨਾਸਤਿਕਤਾ ਪ੍ਰਚਾਰਣ, ਸਰਕਾਰ ਦਾ ਵਿਰੋਧ ਕਰਨ, ਅਤੇ ਸਰਕਾਰ ਨਾਲ ਵਿਸ਼ਵਾਸ਼ਘਾਤ ਕਰਨ ਦੇ ਇਲਜ਼ਾਮ ਲਗਾਏ ਗਏ। ਉਸਨੂੰ ਮੌਤ ਦੀ ਸਜ਼ਾ ਸੁਣਾਈ ਗਈ ਅਤੇ ਬਾਅਦ ਵਿਚ ਸੂਲੀ ਚਾੜ੍ਹ ਦਿੱਤਾ ਗਿਆ। ਉਸ ਵੇਲੇ ਉਹ ਤੇਤੀ ਸਾਲ ਦਾ ਸੀ ਅਤੇ ਉਸਨੇ ਸਿਰਫ ਤਿੰਨ ਸਾਲ ਹੀ ਧਰਮ ਪ੍ਰਚਾਰ ਕੀਤਾ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਆਪਣੀ ਮੌਤ ਵੇਲੇ ਉਸ ਨੇ ਕਿਹਾ, "ਹੇ ਪਿਤਾ ਤੂੰ ਮੈਨੂੰ ਕਿਉਂ ਤਿਆਗ ਦਿੱਤਾ ਹੈ ?" ਉਸਦਾ ਸਰੀਰ ਸ਼ੁੱਕਰਵਾਰ ਵਾਲੇ ਦਿਨ ਕਬਰ ਵਿਚ ਦਫਨਾ ਦਿੱਤਾ ਗਿਆ ਕੁੱਝ ਔਰਤਾਂ ਨੇ ਐਤਵਾਰ ਵਾਲੇ ਦਿਨ ਉਸਦੀ ਕਬਰ ਖਾਲੀ ਵੇਖ ਕੇ ਇਸ ਗੱਲ ਦਾ ਰੌਲਾ ਪਾ ਦਿੱਤਾ ਕਿ ਯੀਸੂ ਜੀ ਉਠਿਆ ਹੈ। ਇਸ ਨੂੰ ਪੁਨਰਜਨਮ (Resurrection) ਵਜੋਂ ਮਨਾਇਆ ਜਾਂਦਾ ਹੈ [9]। ਇਹ ਮੰਨਿਆ ਜਾਂਦਾ ਹੈ ਕਿ ਜ਼ਿੰਦਾ ਹੋਣ ਉਪਰੰਤ ਯੀਸੂ ਨੇ ਆਪਣੇ 12 ਅਨੁਯਾਈਆਂ ਨਾਲ 40 ਦਿਨ ਲਗਾਤਾਰ ਵਿਚਾਰ ਕੀਤੀ ਅਤੇ ਸੰਸਾਰ ਵਿੱਚ ਫਿਰ ਵਾਪਸ ਆਉਣ ਦਾ ਵਾਅਦਾ ਵੀ ਕੀਤਾ। ਖਿਆਲ ਕੀਤਾ ਜਾਂਦਾ ਹੈ ਕਿ ਇਸ ਉਪਰੰਤ ਯੀਸੂ ਦਾ

8. ਯੀਸੂ ਨੂੰ ਇਹ ਕਹਿੰਦਿਆ ਵਰਣਿਤ ਕੀਤਾ ਗਿਆ ਹੈ, "ਪਰ ਮੇਰੇ ਉਹ ਦੁਸ਼ਮਣ ਜੋ ਇਹ ਨਹੀਂ ਚਾਹੁੰਦੇ ਕਿ ਮੈਂ ਉਨ੍ਹਾਂ ਤੇ ਰਾਜ ਕਰਾਂ, ਮੇਰੇ ਸਾਹਮਣੇ ਲਿਆਉ ਅਤੇ ਮਾਰ ਦਿਓ। (ਲਿਊਕ 19:27)
9. ਯਹੂਦੀਆਂ ਲਈ ਸ਼ਨੀਵਾਰ ਦਾ ਦਿਨ ਛੁੱਟੀ ਦਾ ਦਿਨ (ਸੈਬੱਥ ਡੇ) ਹੈ ਕਿਉਂਕਿ ਬਾਦਸ਼ਾਹ ਕੰਸਟੈਂਟਾਈਨ ਨੇ 321 ਈ. ਵਿਚ ਐਤਵਾਰ ਦੇ ਦਿਨ ਨੂੰ ਯੀਸੂ ਦੇ ਉਸ ਦਿਨ ਜੀ ਉੱਠਣ ਦੇ ਮਾਣ ਵਿਚ ਛੁੱਟੀ ਦੇ ਦਿਨ ਵਜੋਂ ਐਲਾਨਿਆ ਸੀ ।

ਸਰੀਰ ਉਪਰ ਸਵਰਗ ਵੱਲ ਚਲਾ ਗਿਆ। ਇਸ ਨੂੰ ਉਦਗਮ (Ascension) ਵਜੋਂ ਜਾਣਿਆ ਜਾਂਦਾ ਹੈ ਅਤੇ ਇਹ ਈਸਟਰ ਤੋਂ 40 ਦਿਨ ਬਾਅਦ ਵੀਰਵਾਰ ਵਾਲੇ ਦਿਨ ਮਨਾਇਆ ਜਾਂਦਾ ਹੈ)।[10]

ਉਦਗਮ ਦੇ ਕੁਝ ਦਿਨ ਬਾਅਦ ਯੀਸੂ ਦੀ ਆਤਮਾ ਆਪਣੇ 12 ਅਨੁਯਾਈਆਂ ਅੰਦਰ ਵਾਪਸ ਪਰਤੀ (ਇਸ ਨੂੰ ਪੈਂਟੇਕੋਸਟ ਦੀ ਪਾਰਟੀ ਵਜੋਂ ਮਨਾਇਆ ਜਾਂਦਾ ਹੈ)[11] ਇਸ ਉਰਪੰਤ ਚੇਲਿਆਂ ਨੇ ਦੂਰ ਦੁਰਾਡੇ ਤੱਕ ਈਸਾਈ[12] ਧਰਮ ਨੂੰ ਪ੍ਰਚਾਰਨ ਦਾ ਮੁਸ਼ਕਿਲ ਕੰਮ ਆਰੰਭਿਆ। ਸੇਂਟ ਪਾਲ (ਅਸਲ ਨਾਮ ਸੌਲ) ਨੇ ਯੂਨਾਨ, ਮਾਲਟਾ ਅਤੇ ਏਸ਼ੀਆ ਦੇ ਕੁਝ ਹਿੱਸਿਆ ਵਿਚ ਈਸਾਈ ਮਤ ਦਾ ਪ੍ਰਚਾਰ ਕੀਤਾ। ਪੀਟਰ ਨੇ ਯੇਰੂਸ਼ਲਮ ਵਿਚ ਇਕ ਹੀ ਦਿਨ ਵਿਚ 3000 ਯਹੂਦੀਆਂ ਨੂੰ ਈਸਾਈ ਧਰਮ ਵਿਚ ਪਰਿਵਰਤਿਤ ਕੀਤਾ। ਕਸ਼ਟਾਂ[13] ਤੇ ਰੁਕਾਵਟਾਂ ਨੇ ਛੇਤੀ ਹੀ ਈਸਾਈਆਂ ਨੂੰ ਸੀਰੀਆ ਅਤੇ ਗੈਲੀਲੀ ਵੱਲ ਧੱਕ ਦਿੱਤਾ, ਜਿੱਥੇ ਉਨ੍ਹਾਂ ਨੇ ਆਪਣੇ ਪਹਿਲੇ ਈਸਾਈ ਪੂਜਾ ਕੇਂਦਰ ਸਥਾਪਿਤ ਕੀਤੇ।

10. "ਕਿਹਾ ਜਾਂਦਾ ਹੈ ਕਿ ਦੋ ਆਦਮੀ ਜਿਨ੍ਹਾਂ ਨੇ ਸਫੈਦ ਕੋਟ ਪਹਿਨੇ ਸਨ, ਯੀਸੂ ਨੂੰ ਅਸਮਾਨ ਵਲੱ ਲੈ ਗਏ (ਐਕਟ 9.10)। ਉਸਨੇ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ ਅਤੇ ਉਨ੍ਹਾਂ ਤੋਂ ਵਿਛੜ ਕੇ ਉਹ ਸਵਰਗ ਵੱਲ ਲਿਜਾਇਆ ਗਿਆ। (ਲਿਊਕ 24:51) ਮਾਰਕ 16:19)

ਇਹ ਵਾਕ 1952 ਦੇ ਸੋਧੇ ਹੋਏ ਐਡੀਸ਼ਨ ਵਿਚ ਨਹੀਂ ਸੀ। ਇਸ ਨੂੰ ਬਾਅਦ ਦੀਆਂ ਬਾਈਬਲ ਪ੍ਰਕਾਸ਼ਨਾਵਾਂ ਵਿਚ ਸ਼ਾਮਲ ਕੀਤਾ ਗਿਆ (ਵੇਖੋ ਕੌਲਿੰਜ਼ ਤਤਕਰਾ ਪੰਨਾ VI-VII) ਅਜਿਹੀ ਇਕ ਕਹਾਣੀ ਹਜ਼ਰਤ ਮੁਹੰਮਦ ਨਾਲ ਵੀ ਜੁੜੀ ਹੋਈ ਹੈ (ਦੇਖੋ ਮੁਹੱਮਦਜ਼ ਰਾਈਜ਼ ਟੂ ਹੈਵਨ ਔਨ ਵੀ ਬੁਰਾਕ )। ਮੁਸਲਮਾਨ (ਵਿਸ਼ੇਸ਼ ਤੌਰ ਤੇ ਅਹਿਮਦੀਆ ਫਿਰਕਾ) ਇਹ ਹਰਗਿਜ਼ ਨਹੀਂ ਮੰਨਦੇ ਕਿ ਯੀਸੂ ਦੀ ਮੌਤ ਕ੍ਰਾਸ ਤੇ ਹੋਈ। **"ਨਾ ਤਾਂ ਉਨ੍ਹਾਂ ਨੇ ਉਸਦੀ ਹੱਤਿਆ ਕੀਤੀ ਸੀ ਅਤੇ ਨਾ ਹੀ ਸੂਲੀ ਤੇ ਚਾੜ੍ਹਿਆ ਸੀ। ਉਨ੍ਹਾਂ ਨੂੰ ਇੰਝ ਲਗਿਆ ਹੋਵੇਗਾ। ਜੋ ਇਸ ਨਾਲ ਸਹਿਮਤ ਨਹੀਂ ਉਹ ਵਹਿਮੀ ਹਨ। ਉਨ੍ਹਾਂ ਨੂੰ ਪਤਾ ਨਹੀਂ ਕਿ ਕਲਪਣਾ ਸੱਚ ਨਹੀਂ ਹੁੰਦੀ ।ਇਹ ਨਿਸ਼ਚਿਤ ਹੈ ਕਿ ਯੀਸੂ ਨੂੰ ਕਿਸੇ ਨੇ ਨਹੀਂ ਮਾਰਿਆ।** (ਪਵਿੱਤਰ ਕੁਰਾਨ iv-157)। ਡਾ. ਟਰੈਵਰ ਲੌਇਡ ਨੇ 'ਟੂਡੇ' ਅਖਬਾਰ ਵਿਚ ਇਕ ਲੇਖ 'ਜੀਸਸ ਡਿਡ ਨੌਟ ਡਾਈ ਔਨ ਦਾ ਕਰਾਸ' ਲਿਖ ਕੇ ਇਹ ਦਾਅਵਾ ਕੀਤਾ ਹੈ ਕਿ ਯੀਸੂ ਨੂੰ ਜਿਉਂਦੇ ਨੂੰ ਹੀ ਕਰਾਸ ਤੋਂ ਉਤਾਰ ਲਿਆ ਗਿਆ ਸੀ ਅਤੇ ਉਹ ਬਾਅਦ ਵਿਚ ਤੰਦਰੁਸਤ ਹੋ ਗਿਆ ਸੀ ।

11. ਇਹ ਸ਼ਬਦ ਯੂਨਾਨੀ ਸ਼ਬਦ ਪੈਂਟੋਕੋਸਟ ਤੋਂ ਘੜਿਆ ਗਿਆ ਹੈ (ਭਾਵ ਮਰਨ ਉਪਰੰਤ 50ਵਾਂ ਦਿਨ)। ਅਸਲ ਵਿਚ ਇਹ ਹੀਬਰੂ ਲੋਕਾਂ ਦਾ ਖੇਤੀਬਾੜੀ ਵਾਲਾ ਤਿਉਹਾਰ ਹੁੰਦਾ ਸੀ। ਪਹਿਲੇ ਪੈਂਟੇਕੋਸਟ ਵੇਲੇ ਸਾਰੇ ਭਗਤ ਯੇਰੂਸ਼ਲਮ ਵਿਚ ਇਕੱਠੇ ਹੋਏ। ਉਸ ਵੇਲੇ ਸਵਰਗ ਵਿਚੋਂ ਤੇਜ਼ ਹਵਾ ਦੇ ਚੱਲਣ ਵਰਗੀ ਆਵਾਜ਼ ਆਈ। ਇਸ ਆਵਾਜ਼ ਨਾਲ ਉਨ੍ਹਾਂ ਸਾਹਮਣੇ (ਸੱਪ ਵਾਂਗ) ਕੱਟੀਆਂ ਹੋਈਆਂ ਜੀਭਾਂ ਇਸ ਤਰ੍ਹਾਂ ਪ੍ਰਗਟ ਹੋਈਆਂ ਜਿਵੇਂ ਅੱਗ ਹੋਵੇ ਅਤੇ ਇਹ ਅੱਗ ਉਨ੍ਹਾਂ ਵਿਚੋਂ ਹਰ ਇਕ ਉੱਪਰ ਆ ਬੈਠੀ। (ਐਕਟ 2:3)

12. 'ਕ੍ਰਿਸ਼ਚਨ' ਸ਼ਬਦ ਦੀ ਸਭ ਤੋਂ ਪਹਿਲੀ ਵਰਤੋਂ ਪੈਗਨ ਲੋਕਾਂ ਨੇ ਯੀਸੂ ਦੇ ਅਨੁਯਾਈਆਂ ਲਈ ਕੀਤੀ ਸੀ। ਸਭ ਤੋਂ ਪਹਿਲਾਂ ਇਹ 43 ਈ. ਸੰਨ ਵਿਚ ਐਂਟੀਓਕ ਵਿਚ ਸਾਹਮਣੇ ਆਇਆ। ਨਿਊਟੈਸਟਾਮੈਂਟ ਵਿਚ ਇਸ ਦੀ ਵਰਤੋਂ ਸਿਰਫ਼ ਤਿੰਨ ਵਾਰ ਹੀ ਹੋਈ ਹੈ।

13. ਈਸਾਈਆਂ ਦੇ ਸਭ ਤੋਂ ਵੱਡੇ ਕਾਤਲ ਨੀਰੋ (54-68 ਈ.), ਡੋਮੀਟੀਅਨ (81-96 ਈ ) ਅਤੇ ਡਾਇਓਕਲੇਸ਼ੀਅਨ (284-305 ਈ.) ਸਨ ਜਿਨ੍ਹਾਂ ਨੇ ਈਸਾਈ ਧਰਮ ਨੂੰ ਗ਼ੈਰਕਾਨੂਨੀ ਕਹਿ ਕੇ ਭੰਡਿਆ ਅਤੇ ਅਨੇਕਾਂ ਈਸਾਈ ਮਾਰੇ ।



ਪੀਟਰ ਰੋਮ ਦੇ ਇਟਲੀ ਸ਼ਹਿਰ ਵਿਚ ਜਾ ਵਸਿਆ। ਰੋਮ ਦੇ ਬਾਦਸ਼ਾਹ ਨੀਰੋ ਨੇ 65 ਈ. ਵਿਚ ਰੋਮ ਨੂੰ ਅੱਗ ਲਾ ਕੇ ਸਾੜਣ ਅਤੇ ਲੜਾਈ ਭੜਕਾਉਣ ਦਾ ਇਲਜ਼ਾਮ ਈਸਾਈਆਂ ਉੱਪਰ ਲਗਾਇਆ। ਪੀਟਰ ਨੂੰ ਮੌਤ ਦੀ ਸਜ਼ਾ ਹੋਈ। ਇਕ ਹੋਰ ਈਸਾਈ ਪਾਲ (ਅਸਲ ਨਾਮ ਸੌਲ) ਨੇ 12 ਪੱਤਰ ਲਿਖੇ (ਜੋ ਹੁਣ ਪਵਿੱਤਰ ਬਾਈਬਲ ਦਾ ਹਿੱਸਾ ਹਨ) ।[14] ਉਸ ਨੂੰ ਵੀ ਬਾਅਦ ਵਿਚ ਮਾਰ ਦਿੱਤਾ ਗਿਆ। ਇਟਲੀ ਵਿਚ ਗ੍ਰਹਿ ਯੁੱਧ ਛਿੜ ਪਿਆ ਅਤੇ ਫਿਲਸਤੀਨ ਤੇ ਰਾਜ ਕਰਨ ਵਾਲੇ ਰੋਮਨਾਂ ਨੇ 70ਈ. ਵਿਚ ਯੇਰੂਸ਼ਲਮ ਨੂੰ ਤਬਾਹ ਕਰ ਦਿੱਤਾ। ਹਜ਼ਾਰਾਂ ਦੀ ਗਿਣਤੀ ਵਿਚ ਈਸਾਈਆਂ ਨੂੰ ਤਸੀਹੇ ਦਿੱਤੇ ਗਏ ਅਤੇ ਮਾਰ ਦਿੱਤਾ ਗਿਆ।[15] ਕਈ ਥਾਂਵਾਂ ਤੇ ਈਸਾਈਆਂ ਵਲੋਂ ਚਲਾਈ ਵਿਰੋਧੀ ਲਹਿਰ ਗੁਪਤ ਢੰਗ ਨਾਲ ਚਲਦੀ ਰਹੀ। ਇਨ੍ਹਾਂ ਗੁਪਤ ਸਥਾਨਾਂ ਨੂੰ 'ਕਰੀਆ ਕੋਨ' ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਹੋ ਸ਼ਬਦ ਬਾਅਦ ਵਿੱਚ ਵਿਗੜ ਕੇ ਚਰਚ ਬਣ ਗਿਆ। ਵਿਰੋਧ ਦੇ ਬਾਵਜੂਦ ਵੀ ਈਸਾਈ ਮਤ ਨਿਰੰਤਰ-ਸ਼ਕਤੀਸ਼ਾਲੀ ਹੁੰਦਾ ਚਲਾ ਗਿਆ। 258 ਈ. ਵਿਚ ਰੋਮਨਾਂ ਨੇ ਈਸਾਈ ਮਤ ਨੂੰ ਖਤਮ ਕਰਨ ਲਈ ਪੂਰਾ ਟਿੱਲ ਲਾ ਦਿੱਤਾ ਪਰ ਤਾਂ ਵੀ ਪੰਜਵੀਂ ਸ਼ਤਾਬਦੀ ਤੱਕ ਈਸਾਈ ਮਤ ਸਪੇਨ ਅਤੇ ਫਰਾਂਸ ਵਿਚ ਪੂਰੀ ਤਰ੍ਹਾਂ ਸਦੀਵੀਂ ਤੌਰ ਤੇ ਸਥਾਪਿਤ ਹੋ ਗਿਆ।

ਬਾਦਸ਼ਾਹ ਕੌਂਸਟੈਨਟਾਈਨ[16] ਨੇ 313 ਈ. ਵਿਚ ਈਸਾਈ ਧਰਮ ਨੂੰ ਰੋਮਨ ਸਾਮਰਾਜ ਦਾ ਰਾਜ ਧਰਮ ਐਲਾਨ ਕਰ ਦਿੱਤਾ। ਉਸਨੇ ਨੀਸ਼ੀਆ (325 ਈ.) ਅਤੇ ਚਲਸੀਡੋਨ ਕੌਂਸਲ (451ਈ.) ਨੂੰ ਈਸਾਈ ਪੂਜਾ ਦਾ ਮਿਆਰ ਸਥਾਪਤ ਕਰਨ ਦਾ ਹੁਕਮ ਦਿੱਤਾ। 476 ਈ. ਉਪਰੰਤ ਰੋਮ ਦਾ ਪੋਪ[17] ਈਸਾਈਆਂ ਦਾ ਅਧਿਆਤਮਕ ਆਗੂ ਬਣਿਆ ਅਤੇ ਉਸਨੇ ਈਸਾਈ ਧਰਮ ਨੂੰ ਦੁਨੀਆਂ ਭਰ ਵਿਚ ਫੈਲਾਉਣ ਲਈ ਕਦਮ ਚੁੱਕੇ। ਇਨ੍ਹਾਂ ਯਤਨਾਂ ਸਦਕਾ 1500 ਈ. ਤੱਕ ਈਸਾਈ ਮਤ ਦੁਨੀਆਂ ਦੇ

14. ਪਾਲ ਨੇ ਸਭ ਤੋਂ ਪਹਿਲਾਂ ਯੀਸੂ ਨੂੰ ਕਰਾਈਸਟ (ਮੁਕਤੀਦਾਤਾ) ਆਖਣ ਤੇ ਜ਼ੋਰ ਦਿੱਤਾ। ਪਾਲ ਨੂੰ 64 ਈ. ਵਿਚ ਬਾਦਸ਼ਾਹ ਨੀਰੋ ਨੇ ਸੂਲੀ ਚਾੜ੍ਹ ਦਿੱਤਾ ।

15. ਇਨ੍ਹਾਂ ਵਿਚੋਂ ਬਿਸ਼ਪ ਪੋਲੀਕਾਰਪ ਅਤੇ ਸੇਂਟ ਐਲਬਨ ਸਭ ਤੋਂ ਵੱਧ ਸਤਿਕਾਰ ਦੇ ਪਾਤਰ ਹਨ।

16. ਰੋਮ ਦੇ ਬਾਦਸ਼ਾਹ ਫਲੇਵੀਅਸ ਵਲੇਰੀਅਸ ਕੌਂਸਟੈਂਟੀਨਸ ਨੇ 324 ਈ. ਵਿਚ ਕੌਂਸਟੈਂਟਾਈਨ ਸ਼ਹਿਰ ਦੀ ਸਥਾਪਨਾ ਕੀਤੀ ਅਤੇ ਇਸ ਨੂੰ ਰੋਮਨ ਸਾਮਰਾਜ ਦੀ ਰਾਜਧਾਨੀ ਬਣਾਇਆ। ਇਹ ਉਹ ਬਾਦਸ਼ਾਹ ਸੀ ਜਿਸ ਨੇ ਸਿਨੋਡ (ਈਸਾਈ ਵਿਦਵਾਨਾਂ ਦੀ ਸਭਾ) ਬੁਲਾਈ ਅਤੇ ਉਸ ਵੇਲੇ ਤਕ ਉਪਲਬਧ ਹੱਥਲਿਖਤ ਬਾਈਬਲਾਂ ਵਿਚੋਂ ਨਿਊ ਟੈਸਟਾਮੈਂਟ ਦੀਆਂ 27 ਪੁਸਤਕਾਂ ਦੀ ਚੋਣ ਕੀਤੀ।

17. 'ਪੋਪ' ਸ਼ਬਦ ਦਾ ਅਰਥ ਹੈ ਪਿਤਾ। ਪੁਰਾਣੇ ਸਮੇਂ ਇਸ ਦੀ ਵਰਤੋਂ ਹਰ ਬਿਸ਼ਪ ਵਾਸਤੇ ਕੀਤੀ ਜਾ ਸਕਦੀ ਸੀ ਪਰੰਤੂ ਬਾਅਦ ਵਿਚ ਇਸਦੀ ਵਰਤੋਂ ਸਿਰਫ ਰੋਮ ਦੇ ਬਿਸ਼ਪ ਵਾਸਤੇ ਹੀ ਸੀਮਿਤ ਕਰ ਦਿੱਤੀ ਗਈ। ਪੀਟਰ ਨੂੰ ਪਹਿਲੇ ਪੋਪ ਵਜੋਂ ਚੁਣਿਆ ਗਿਆ। ਇੰਗਲੈਂਡ ਵਿਚ ਹੈਨਰੀ 8ਵੇਂ ਨੇ ਪਾਰਲੀਮੈਂਟ ਦੀ ਇਕ ਧਾਰਾ ਨਾਲ (ਆਰਟੀਕਲ 37) ਪੋਪ ਦੇ ਅਧਿਕਾਰਾਂ ਵਿਚ ਸੋਧ ਕੀਤੀ ਅਤੇ ਆਪਣੇ ਆਪ ਨੂੰ ਚਰਚ ਦੇ ਮੁਖੀ ਵਜੋਂ ਐਲਾਨ ਦਿੱਤਾ। ਉਸ ਦੇ ਅਨੁਯਾਈ ਪ੍ਰੋਟੈਸਟੈਂਟ ਵਜੋਂ ਜਾਣੇ ਜਾਂਦੇ ਹਨ (ਇੰਗਲੈਂਡ ਵਿਚ ਉਨ੍ਹਾਂ ਨੂੰ ਐਂਗ਼ਲੀਕਨ ਕਿਹਾ ਜਾਂਦਾ ਹੈ)।

ਮਹਾਨਤਮ ਧਰਮਾਂ ਵਿਚੋਂ ਇਕ ਬਣ ਗਿਆ। 1780-1810 ਈ. ਤੱਕ ਹੋਈ ਫਰਾਂਸੀਸੀ ਕ੍ਰਾਂਤੀ ਦੌਰਾਨ ਫ੍ਰਾਂਸ ਵਿਚ ਈਸਾਈਆਂ ਉੱਪਰ ਜ਼ਬਰਦਸਤ ਹਮਲੇ ਹੋਏ ਅਤੇ ਪੋਪ VI ਨੂੰ ਫਰਾਂਸ ਦੇ ਦੱਖਣ ਵਿਚ ਕੈਦ ਕਰ ਲਿਆ ਗਿਆ ਜਿੱਥੇ ਉਸਦੀ ਮੌਤ ਹੋ ਗਈ। ਅੰਤ ਵਿਚ 1810 ਈ. ਵਿਚ ਈਸਾਈਆਂ ਨੇ ਨੈਪੋਲੀਅਨ ਨਾਲ ਸਮਝੌਤਾ ਕਰਨ ਵਿਚ ਸਫਲਤਾ ਹਾਸਲ ਕਰ ਲਈ ਤੇ ਸੁਖ ਦਾ ਸਾਹ ਲਿਆ। ਅੱਜ ਪੂਰੇ ਸੰਸਾਰ ਵਿਚ 1000000000 ਦੇ ਕਰੀਬ ਈਸਾਈ ਮੌਜੂਦ ਹਨ ।[18] ਅਗਲੇ ਪੰਨਿਆਂ ਵਿਚ ਅਸੀਂ ਮੁੱਢਲੇ ਈਸਾਈ ਸਿਧਾਂਤਾਂ ਦਾ ਸਿਖ ਧਰਮ ਦੇ ਸਿਧਾਂਤਾਂ ਨਾਲ ਟਾਕਰਾ ਕਰਕੇ ਨਿਖੇੜਾ ਕਰਾਂਗੇ ।

## 1.2 ਸਿੱਖਾਂ ਦਾ ਸੰਖੇਪ ਇਤਿਹਾਸ:

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈ. ਵਿਚ ਲਾਹੌਰ ਤੋਂ 48 ਮੀਲ ਦੱਖਣ ਵਿਚ ਵਸੇ ਨਨਕਾਣਾ ਸਾਹਿਬ (ਅੱਜਕਲ੍ਹ ਪਾਕਿਸਤਾਨ ਵਿਚ) ਹੋਇਆ। ਉਨ੍ਹਾਂ ਦੇ ਪਿਤਾ ਮਹਿਤਾ ਕਲਿਆਣ ਦਾਸ ਰਾਜਾ ਰਾਇ ਬੁਲਾਰ ਭੱਟੀ ਦੇ ਮਾਲ ਪਟਵਾਰੀ ਸਨ। ਪੰਜ ਸਾਲ ਦੀ ਛੋਟੀ ਜਿਹੀ ਉਮਰ ਵਿਚ ਹੀ ਜਦੋਂ ਨਾਨਕ ਨੂੰ ਪੜ੍ਹਨ ਲਈ ਭੇਜਿਆ ਗਿਆ ਤਾਂ ਉਨ੍ਹਾਂ ਨੇ ਅਧਿਆਤਮਿਕਤਾ ਅਤੇ ਰੂਹਾਨੀਅਤ ਦੇ ਪਹਿਲੇ ਸੰਕੇਤ ਦਿੱਤੇ। ਉਨ੍ਹਾਂ ਦੀ ਰਚਨਾ "ਪੱਟੀ ਲਿਖੀ" ਇਸੇ ਹੀ ਉਮਰ ਵਿਚ ਲਿਖੀ ਮੰਨੀ ਜਾਂਦੀ ਹੈ (ਅੱਜਕਲ੍ਹ ਇਹ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ)। ਗੁਰੂ ਨਾਨਕ ਦੇਵ ਜੀ ਦਾ ਵਿਆਹ 1485 ਈ. ਵਿਚ ਹੋਇਆ ਅਤੇ ਉਨ੍ਹਾਂ ਦੇ ਘਰ ਦੋ ਪੁੱਤਰ ਪੈਦਾ ਹੋਏ। ਉਨ੍ਹਾਂ ਦੇ ਪਿਤਾ ਨੇ ਜਦੋਂ ਇਹ ਵੇਖਿਆ ਕਿ ਗੁਰੂ ਨਾਨਕ ਦਾ ਮਨ ਪਰਿਵਾਰਿਕ ਜ਼ਿੰਦਗੀ ਵਿਚ ਨਹੀਂ ਲੱਗਦਾ ਤਾਂ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਵਪਾਰ ਵਿਚ ਪਾਉਣਾ

18. ਐਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ ਅੱਜ ਦੁਨੀਆਂ ਵਿਚ 1,700,000,000 ਈਸਾਈ ਹਨ ਜੋ ਦੁਨੀਆਂ ਦੇ 254 ਮੁਲਕਾਂ ਵਿਚ ਵੱਸਦੇ ਹਨ ਅਤੇ ਦੁਨੀਆਂ ਦਾ 32.9% ਹਿੱਸਾ ਹਨ। ਬਾਈਬਲ ਨੂੰ ਦੁਨੀਆਂ ਦੀਆਂ 1950 ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ ਹੈ ।ਇਸ ਤੱਥ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਦੁਨੀਆਂ ਦੇ ਦੂਜੇ ਧਰਮਾਂ ਵਾਂਗ ਈਸਾਈ ਧਰਮ ਵੀ ਕਈ ਫਿਰਕਿਆਂ ਵਿਚ ਵੰਡਿਆ ਗਿਆ। ਇਸ ਦੀ ਪਹਿਲੀ ਵੰਡ 1054 ਵਿੱਚ ਉਦੋਂ ਸਾਹਮਣੇ ਆਈ ਜਦੋਂ ਰੋਮਨ ਸਾਮਰਾਜ ਪੂਰਬੀ ਅਤੇ ਪੱਛਮੀ ਹਿੱਸਿਆਂ ਵਿਚ ਵੰਡਿਆ ਗਿਆ। ਬਾਈਜ਼ੈਂਟਾਈਨ ਸਾਮਰਾਜ ਦੇ ਈਸਾਈ ਜਿਨ੍ਹਾਂ ਦਾ ਕੇਂਦਰ ਕੌਂਸਟੈਂਟੀਨੋਪੋਲ ਸੀ, ਔਰਥੋ ਡੌਕਸ (ਸਨਾਤਨੀ) ਅਖਵਾਏ (ਔਰਥੋ-ਅਸਲ ਅਤੇ ਡੌਕਸ-ਵਿਸ਼ਵਾਸ਼) ਜੋ ਰੋਮ ਤੋਂ ਪੱਛਮ ਵਿਚ ਸਨ ਉਹ ਪੱਛਮੀ ਕੈਥੋਲਿਕ ਕ੍ਰਿਸ਼ਚੀਅਨ ਅਖਵਾਏ। ਇਸ ਉਪਰੰਤ ਮਾਰਟਿਨ ਲੂਥਰ ਦੇ ਸੁਧਾਰ (1483-1546) ਕੈਲਵਿਨ ਦੀ ਪੁਨਰ ਮੁਹਿੰਮ ਅਤੇ ਸੇਂਟ ਇਗਨੇਸ਼ੀਅਸ ਦੇ ਵਿਰੋਧ ਨੇ ਇਸ ਵਿਚ ਹੋਰ-ਫੁੱਟ ਪਾ ਦਿੱਤੀ। ਹੁਣ ਇਸ ਵਿਚ ਲਗਪਗ 100 ਧੜੇ ਹਨ। ਇਨ੍ਹਾਂ ਚੋਂ ਪ੍ਰੋਟੈਸਟੈਂਟ, ਜੀਸੂਇਸਟਸ, ਬੈਪਟਿਸਟਸ, ਕੁਏਕਰਜ਼, ਮੈਥੋਡਿਸਟਸ, ਪੈਂਟੇਕੋਸਟਲ, ਈਕੂਮੈਨੀਕਲ ਅਤੇ ਸਾਲਵੇਸ਼ਨ ਆਰਮੀ ਧੜੇ ਪ੍ਰਮੁੱਖ ਹਨ। ਸਾਇਨਟੋਲੋਜਿਸਟ ਅਤੇ ਮੂਨੀ ਪੂਰੀ ਤਰ੍ਹਾਂ ਨਵੇਂ ਧੜੇ ਹਨ। ਇਸ ਪੁਸਤਕ ਵਿਚ ਦਰਜ ਕੀਤੇ ਤੱਥ ਸਾਰੇ ਧੜਿਆਂ ਤੇ ਬਰਾਬਰ ਲਾਗੂ ਨਹੀਂ ਹੁੰਦੇ।



ਚਾਹਿਆ। ਪਿਤਾ ਦੀ ਸੋਚ ਦੇ ਉਲਟ ਗੁਰੂ ਨਾਨਕ ਦੇਵ ਜੀ ਨੇ ਧਨ ਜੋੜਨ ਵਿਚ ਵੀ ਘੱਟ ਉਤਸ਼ਾਹ ਵਿਖਾਇਆ। 38 ਸਾਲ ਦੀ ਉਮਰ ਵਿਚ ਆਪ ਨੇ ਘਰ ਪਰਿਵਾਰ ਲਈ ਪੂਰਾ ਇੰਤਜ਼ਾਮ ਕਰਕੇ ਧਰਮ ਪ੍ਰਚਾਰ ਲਈ ਵੱਡੀਆਂ ਯਾਤਰਾਵਾਂ (ਉਦਾਸੀਆਂ) ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਨੇ ਮਨੁੱਖ ਜਾਤੀ ਦੇ ਸਤਿਕਾਰ, ਪਰਮਾਤਮਾ ਦੀ ਸਾਂਝ, ਭਾਈਚਾਰਕ ਬਰਾਬਰੀ, ਅਤੇ ਔਰਤ ਦਾ ਸਨਮਾਨ ਪ੍ਰਚਾਰਨ ਦੇ ਨਾਲ ਨਾਲ ਰੂੜ੍ਹੀਵਾਦੀ ਸਮਾਜਿਕ ਰੀਤਾਂ ਰਸਮਾਂ ਦੇ ਖਾਤਮੇ ਦੀ ਸਿੱਖਿਆ ਵੀ ਦਿੱਤੀ। ਉਨ੍ਹਾਂ ਨੇ ਜਾਤੀ ਭੇਦ ਭਾਵ ਦੀ ਬੁਰਾਈ ਨੂੰ ਉਜਾਗਰ ਕਰਕੇ ਸ਼ਾਸ਼ਕ ਜਮਾਤ ਦੁਆਰਾ ਕੀਤੇ ਜਾਂਦੇ ਜ਼ੁਲਮਾਂ ਨੂੰ ਭੰਡਿਆ। ਉਨ੍ਹਾਂ ਨੇ ਲੋਕਾਂ ਨੂੰ ਹਰ ਪ੍ਰਕਾਰ ਦੀ ਸੋਚ ਤੋਂ ਸੁਤੰਤਰ ਹੋ ਕੇ ਸਿਰਫ ਇਕ ਹੀ ਪਰਮਾਤਮਾ ਦਾ ਸਿਮਰਨ ਕਰਨ ਦੀ ਪ੍ਰੇਰਨਾ ਦਿੱਤੀ। ਉਹ ਏਨੇ ਹਰਮਨ ਪਿਆਰੇ ਹੋ ਗਏ ਕਿ 1539 ਈ. ਵਿਚ ਉਨ੍ਹਾਂ ਦੇ ਜੋਤੀ ਜੋਤਿ ਸਮਾਉਣ ਤੇ ਹਿੰਦੂਆਂ ਅਤੇ ਮੁਸਲਮਾਨਾਂ ਭਾਵ ਦੋਹਾਂ ਹੀ ਧਰਮਾਂ ਦੇ ਲੋਕਾਂ ਨੇ ਉਨ੍ਹਾਂ ਦੇ ਸਰੀਰ ਉਪਰ ਆਪਣਾ ਹੱਕ ਜਤਾਇਆ ਅਤੇ ਉਨ੍ਹਾਂ ਦੀ ਯਾਦਗਾਰ ਉੱਪਰ ਇਕ ਸਾਂਝੀ ਕੰਧ ਨਾਲ ਦੋਵਾਂ ਧਰਮਾਂ ਨੇ ਸਥਾਨ ਦੀ ਉਸਾਰੀ ਕਰਵਾਈ ।

ਗੁਰੂ ਜੀ ਦੁਆਰਾ ਰੌਸ਼ਨ ਇਸ ਮਸ਼ਾਲ ਨੂੰ ਉਨ੍ਹਾਂ ਉਪਰੰਤ ਉਨ੍ਹਾਂ ਦੇ ਅਨਿੰਨ ਭਗਤ ਅੰਗਦ ਦੇਵ ਨੇ ਸੰਭਾਲਿਆ ਅਤੇ ਗੁਰਮੁਖੀ ਲਿਪੀ (ਪੰਜਾਬੀ ਲਿਖਣ ਲਈ) ਨੂੰ ਪ੍ਰਸਿੱਧ ਕੀਤਾ ਅਤੇ ਸੰਗਤ (ਆਪਸੀ ਭਾਈਚਾਰਾ) ਅਤੇ ਪੰਗਤ (ਅਨੰਦ ਦੀ ਭਾਈਵਾਲੀ) ਦੀਆਂ ਸੰਸਥਾਵਾਂ ਨੂੰ ਮਜਬੂਤ ਕੀਤਾ। ਉਨ੍ਹਾਂ ਉਪਰੰਤ ਅਗਲੇ ਗੁਰੂ ਅਮਰਦਾਸ ਜੀ ਨੇ ਔਰਤਾਂ ਦੇ ਉਥਾਨ ਲਈ ਦ੍ਰਿੜ੍ਹਤਾ ਨਾਲ ਪ੍ਰਚਾਰ ਕੀਤਾ ਅਤੇ ਪਰਦੇ ਦੀ ਰਸਮ (ਘੁੰਡ ਕੱਢਣਾ) ਸਤੀ ਪ੍ਰਥਾ (ਪਤੀ ਦੀ ਅੰਤਮ ਰਸਮ ਵੇਲੇ ਉਸਦੀ ਪਤਨੀ ਨੂੰ ਜ਼ਿੰਦਾ ਹੀ ਸਾੜ ਦੇਣਾ) ਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ। ਚੌਥੇ ਗੁਰੂ ਰਾਮਦਾਸ ਜੀ ਨੇ 1574 ਈ. ਵਿਚ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਕੀਤੀ। ਉਨ੍ਹਾਂ ਦੇ ਸਪੁੱਤਰ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ (ਜੋ ਗੋਲਡਨ ਟੈਂਪਲ ਵਜੋਂ ਪ੍ਰਸਿੱਧ ਹੈ) ਦੀ ਉਸਾਰੀ ਕਰਵਾਈ ਅਤੇ ਉਨ੍ਹਾਂ ਨੇ ਆਪਣੇ ਤੋਂ ਪਹਿਲਾਂ ਦੇ ਗੁਰੂ ਸਾਹਿਬਾਨਾਂ, ਸਮਾਜ ਦੇ ਵੱਖੋਂ-ਵੱਖਰੇ ਧਰਮਾਂ ਅਤੇ ਫਿਰਕਿਆਂ ਦੇ ਭਗਤਾਂ ਦੀ ਰਚਨਾ ਅਤੇ ਆਪਣੀ ਰਚਨਾ ਨੂੰ ਇਕੱਤਰ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਮੁਢਲੀ ਛਾਪ ਨੂੰ ਸੰਪਾਦਿਤ ਕੀਤਾ। ਬਾਦਸ਼ਾਹ ਜਹਾਂਗੀਰ[19] ਨੂੰ ਸਿੱਖਾਂ ਦੀ ਵਧਦੀ ਸ਼ਕਤੀ ਤੋਂ ਨਫ਼ਰਤ ਸੀ ਅਤੇ ਉਸਨੇ 1606 ਈ. ਵਿਚ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਸ਼ਹੀਦ ਕਰਵਾ ਦਿੱਤਾ।[20] ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜਿਨ੍ਹਾਂ ਨੇ ਦੋ ਤਲਵਾਰਾਂ

19. ਆਪਣੀ ਸਵੈ-ਜੀਵਨੀ ਤੁਜ਼ਕ-ਏ-ਜਹਾਂਗੀਰੀ ਵਿਚ ਜਹਾਂਗੀਰ ਲਿਖਦਾ ਹੈ, "ਕਿੰਨੇ ਹੀ ਸਾਲਾਂ ਤੋਂ ਮੈਂ ਸੋਚ ਰਿਹਾ ਸਾਂ ਕਿ ਜਾਂ ਤਾਂ ਗੁਰੂ ਦਾ ਝੂਠਾ ਰਾਹ ਸਦਾ ਲਈ ਬੰਦ ਕਰ ਦਿਆਂ ਜਾਂ ਫਿਰ ਗੁਰੂ ਨੂੰ ਮੁਸਲਮਾਨ ਬਣਾ ਲਵਾਂ... ਮੈਂ ਹੁਕਮ ਦਿੱਤਾ ਕਿ ਉਸ ਨੂੰ ਕਿਸੇ ਬਹਾਨੇ ਤਸੀਹੇ ਦੇ ਕੇ ਮਾਰ ਦਿੱਤਾ ਜਾਵੇ (ਪੰਨਾ35)

20. ਉਸ ਨੂੰ ਯਾਸਾ ਦੇ ਉਸ ਕਾਨੂੰਨ ਅਧੀਨ ਕਤਲ ਕੀਤਾ ਗਿਆ ਜੋ ਧਾਰਮਿਕ ਵਿਅਕਤੀਆਂ ਨੂੰ ਬਗੈਰ ਖੂਨ ਵਹਾਇਆਂ ਮਾਰਨ ਲਈ ਵਰਤਿਆ ਜਾਂਦਾ ਹੈ ।

(ਇਕ ਮੀਰੀ-ਸ਼ਕਤੀ ਦਾ ਪ੍ਰਤੀਕ ਅਤੇ ਦੂਜੀ ਪੀਰੀ-ਭਗਤੀ ਦਾ ਪ੍ਰਤੀਕ) ਧਾਰਨ ਕੀਤੀਆਂ, ਨੇ 700 ਘੋੜ ਸਵਾਰ ਅਤੇ 60 ਪੈਦਲ ਸੈਨਕਾਂ ਦੀ ਫੌਜ ਖੜ੍ਹੀ ਕਰਕੇ ਬਾਦਸ਼ਾਹ ਦੀ ਫੌਜ ਨੂੰ ਪੂਰੀ ਟੱਕਰ ਦਿੱਤੀ। 1675 ਈ. ਤੱਕ ਕੁੱਝ ਸ਼ਾਂਤੀ ਰਹੀ ਪਰ ਇਕ ਵਾਰ ਫੇਰ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਤੇਗ ਬਹਾਦੁਰ ਜੀ ਵਲੋਂ ਹਿੰਦੂਆਂ ਦੀ ਮਜ਼੍ਹਬੀ ਆਜ਼ਾਦੀ ਦਾ ਪੱਖ ਪੂਰਨ ਅਤੇ ਧੱਕੇਸ਼ਾਹੀ ਨਾਲ ਧਰਮ ਪਰਿਵਰਤਨ ਕਰਵਾਉਣ ਵਿਰੁੱਧ ਡਟ ਜਾਣ ਕਾਰਨ ਸ਼ਹੀਦ ਕਰਵਾ ਦਿੱਤਾ। ਗੁਰੂ ਜੀ ਦੇ ਸਰੀਰ ਨੂੰ ਚੌਰਾਹੇ ਵਿੱਚ ਗਲਣ ਸੜਣ ਦੇਣ ਦਾ ਹੁਕਮ ਜਾਰੀ ਕਰ ਦਿੱਤਾ ਪਰ ਸਿੱਖਾਂ ਨੇ ਇਹ ਕੋਸ਼ਿਸ਼ ਸਫਲ ਨਾ ਹੋਣ ਦਿੱਤੀ। ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕਰਕੇ 'ਸੰਤ ਸਿਪਾਹੀਆਂ' ਦੀ ਫੌਜ ਤਿਆਰ ਕੀਤੀ, ਜਿਨ੍ਹਾਂ ਨੇ ਪੰਜ ਕਕਾਰ (ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰਾ) ਧਾਰਨ ਕੀਤੇ ਹੁੰਦੇ ਸਨ। ਖ਼ਾਲਸਿਆਂ ਨੂੰ ਆਪਣੀ ਜ਼ੁਬਾਨ 'ਤੇ ਪਰਮਾਤਮਾ ਦਾ ਨਾਮ ਅਤੇ ਮਨੋਂ ਲੜਾਈ ਲਈ ਤਿਆਰ-ਬਰ-ਤਿਆਰ ਰਹਿਣ ਦਾ ਹੁਕਮ ਜਾਰੀ ਹੋਇਆ (ਭਾਵ ਬੁਰਾਈ ਦੇ ਖਿਲਾਫ਼ ਹਮੇਸ਼ਾ ਚੇਤੰਨ ਰਹਿਣ ਦਾ ਹੁਕਮ)। ਗੁਰੂ ਗੋਬਿੰਦ ਸਿੰਘ ਜੀ ਨੇ ਕਈ ਲੜਾਈਆਂ ਲੜੀਆਂ ਜਿਨ੍ਹਾਂ ਵਿਚ ਉਨ੍ਹਾਂ ਦੇ ਚਾਰ ਪੁੱਤਰ ਵੀ ਸ਼ਹੀਦ ਹੋ ਗਏ।[21] ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਉਨ੍ਹਾਂ ਨੇ ਪਵਿੱਤਰ ਗੁਰੂ ਗ੍ਰੰਥ ਸਾਹਿਬ ਨੂੰ ਖਾਲਸਾ ਪੰਥ ਦਾ ਗੁਰੂ ਥਾਪ ਕੇ ਗੱਦੀ ਬਖ਼ਸ਼ ਦਿੱਤੀ ਅਤੇ 1708 ਈ ਵਿੱਚ ਜੋਤੀ ਜੋਤਿ ਸਮਾ ਗਏ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਰਾਜ ਸਰਕਾਰ ਨੇ 10 ਦਸੰਬਰ 1710 ਈ. ਨੂੰ ਗੁਰੂ ਨਾਨਕ ਦੇ ਪੈਰੋਕਾਰਾਂ ਨੂੰ ਵੇਖਦਿਆ ਹੀ ਮੌਤ ਦੇ ਘਾਟ ਉਤਾਰ ਦੇਣ ਦਾ ਫੁਰਮਾਨ ਜਾਰੀ ਕਰ ਦਿੱਤਾ। ਸੈਂਕੜਿਆਂ ਦੀ ਗਿਣਤੀ ਵਿਚ ਸਿੱਖ ਇਕ ਕਤਾਰ ਵਿਚ ਲਾਹੌਰ ਲਿਜਾਏ ਜਾਂਦੇ ਅਤੇ ਪਸ਼ੂਆਂ ਦੀ ਮੰਡੀ (ਨੱਖ਼ਾਸ) ਵਿਚ ਮੌਤ ਦੇ ਘਾਟ ਉਤਾਰ ਦਿੱਤੇ ਜਾਂਦੇ। ਹੋਰ ਤਾਂ ਹੋਰ ਬੱਚੇ ਤੇ ਔਰਤਾਂ ਤੇ ਵੀ ਤਰਸ ਨਾ ਖਾਧਾ ਗਿਆ। ਸਿੱਖ ਜੰਗਲਾਂ ਅਤੇ ਮਾਰੂਥਲਾਂ ਵੱਲ ਨਿੱਕਲ ਗਏ। 1799 ਈ. ਤੱਕ ਜਿਵੇਂ ਕਿਵੇਂ ਸਿੱਖਾਂ ਵਿੱਚ ਮੌਜੂਦਾ ਪੰਜਾਬ (ਭਾਰਤ ਅਤੇ ਪਾਕਿਸਤਾਨ ਸਮੇਤ) ਦਾ ਵੱਡਾ ਹਿੱਸਾ ਜਿੱਤ ਲੈਣ ਦੀ ਸਮਰੱਥਾ ਪੈਦਾ ਹੋ ਗਈ ਅਤੇ ਸਿੱਖਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਰਾਜ ਸਥਾਪਤ ਕਰ ਲਿਆ ।1599 ਈ. ਵਿਚ ਵਪਾਰ ਦੇ ਬਹਾਨੇ ਹਿੰਦੋਸਤਾਨ ਵਿਚ ਦਾਖਲ ਹੋਏ ਅੰਗਰੇਜ਼ਾਂ ਨੇ ਈਸਟ ਇੰਡੀਆ ਕੰਪਨੀ ਦੀ ਅਗਵਾਈ ਵਿਚ ਲੱਗਭਗ ਸਾਰਾ ਹਿੰਦੋਸਤਾਨ ਹੀ ਜਿੱਤ ਲਿਆ। ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਦੋ ਪ੍ਰਭਾਵਸ਼ਾਲੀ ਮੰਤਰੀਆਂ (ਡੋਗਰਾ ਭਰਾਵਾਂ) ਨੂੰ ਰਿਸ਼ਵਤ ਦੇ ਕੇ ਵਰਗਲਾ ਲਿਆ ਅਤੇ

21. ਉਨ੍ਹਾਂ ਚੋਂ ਦੋ ਚਮਕੌਰ ਦੀ ਲੜਾਈ ਵਿਚ ਲੜਦੇ ਸ਼ਹੀਦ ਹੋ ਗਏ ਅਤੇ ਦੋ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਨਵਾਬ ਦੇ ਹੁਕਮ ਅਨੁਸਾਰ ਸਰਹਿੰਦ ਦੀ ਦੀਵਾਰ ਵਿਚ ਜਿਉਂਦੇ-ਜੀਅ ਹੀ ਚਿਣਵਾ ਕੇ ਸ਼ਹੀਦ ਕਰਵਾ ਦਿੱਤਾ ਗਿਆ।



ਸਿੱਖਾਂ ਤੇ ਹਮਲਾ ਕਰ ਦਿੱਤਾ। ਮੁਦਕੀ (ਦਸੰਬਰ 18, 1845 ਈ.) ਫਿਰੋਜ਼ਸ਼ਾਹ (ਦਸੰਬਰ 21) ਬੱਦੋਵਾਲ (ਜਨਵਰੀ 21, 1846 ਈ.) ਆਲੀਵਾਲ (ਜਨਵਰੀ 28) ਅਤੇ ਸਭਰਾਉਂ (ਫਰਵਰੀ 10) ਦੀਆਂ ਪੰਜ ਲੜਾਈਆਂ ਲੜੀਆਂ ਗਈਆਂ। 1846 ਈ. ਵਿਚ ਭਰੋਵਾਲ ਦੀ ਸੰਧੀ ਕੀਤੀ ਗਈ (ਜੋ 16 ਦਸੰਬਰ 1846 ਈ. ਨੂੰ ਕੀਤੀ ਗਈ) ਇਸ ਉਪਰੰਤ ਇਕ ਹੋਰ ਸੰਧੀ ਅੰਗਰੇਜ਼ੀ ਫੌਜ ਨੂੰ ਇਕ ਸਾਲ ਲਈ ਲਾਹੌਰ ਵਿਚ ਰੱਖਣ ਲਈ ਵੀ ਕੀਤੀ ਗਈ। ਇਸ ਉਪਰੰਤ ਬਹੁਤ ਹੀ ਜਲਦ 5 ਸਾਲਾਂ ਦੇ ਮਹਾਰਾਜਾ ਦਲੀਪ ਸਿੰਘ (ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ) ਉੱਪਰ ਇਕ ਹੋਰ ਸੰਧੀ 4 ਸਤੰਬਰ 1846 ਤੱਕ ਬ੍ਰਿਟਿਸ਼ ਪੱਟੇ ਨੂੰ ਵਧਾਉਣ ਵਾਸਤੇ ਥੋਪ ਦਿੱਤੀ ਗਈ। ਫਿਰ ਲਾਰਡ ਡਲਹੌਜ਼ੀ ਨੇ 5 ਅਕਤੂਬਰ 1848 ਵਿਚ ਸਿੱਖਾਂ ਦੇ ਵਿਰੁੱਧ ਲੜਾਈ ਛੇੜ ਦਿੱਤੀ ਅਤੇ 29 ਮਾਰਚ 1846 ਵਿਚ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿਚ ਸ਼ਾਮਲ ਕਰ ਲਿਆ ਗਿਆ।[22]

ਸਿੱਖਾਂ ਦੀ ਜਨ ਸੰਖਿਆ ਲਗਪਗ 2,50,000,00 ਹੈ। ਇਨ੍ਹਾਂ 'ਚੋਂ ਵਧੇਰੇ ਸਿੱਖ ਭਾਰਤ ਦੇ ਉੱਤਰ ਪੱਛਮੀ ਖੇਤਰ ਪੰਜਾਬ ਵਿਚ ਵੱਸਦੇ ਹਨ ਅਤੇ ਅੱਜਕਲ੍ਹ ਦੁਨੀਆਂ ਦੇ ਲਗਭਗ ਹਰ ਦੇਸ਼ ਦੇ ਵਸਨੀਕ ਹੋਣ ਦਾ ਮਾਣ ਵੀ ਰੱਖਦੇ ਹਨ।

□□□

22. ਵੇਖੋ "ਆਰ ਵੀ ਬਾਊਂਡ ਬਾਈ ਅਵਰ ਟਰੀਟੀਜ਼?" ਕ੍ਰਿਤ ਜੌਹਨ ਸਲੀਵਾਨ।

## ਅਧਿਆਇ-2

# ਧਰਮ ਗ੍ਰੰਥ

### 2.1 ਪਵਿੱਤਰ ਬਾਈਬਲ :

ਈਸਾਈਆਂ ਦੀ ਧਾਰਮਿਕ ਪੁਸਤਕ 'ਬਾਈਬਲ' ਅਖਵਾਉਂਦੀ ਹੈ। ਇਸ ਦੇ ਦੋ ਮੁੱਖ ਭਾਗ ਹਨ :

**ੳ) ਦ ਓਲਡ ਟੈਸਟਾਮੈਂਟ :** ਇਨਸਾਨ ਅਤੇ ਯਾਹਵੇ[23] (ਕੁੱਝ ਲੋਕ ਇਸ ਨੂੰ ਯਹੋਵਾ ਉਚਾਰਦੇ ਹਨ) ਭਾਵ ਯਹੂਦੀਆਂ ਦੇ ਰੱਬ ਵਿਚਕਾਰ ਹੋਇਆ ਇਕ ਇਕਰਾਰਨਾਮਾ ਜਾਂ ਸਮਝੌਤਾ।

***ਅ) 'ਦ ਨਿਊ ਟੈਸਟਾਮੈਂਟ'***[24] **:** ਯੀਸੂ ਦੇ ਜੀਵਨ ਬ੍ਰਿਤਾਂਤ ਅਤੇ ਉਸਦੇ 12 ਅਨੁਯਾਈਆਂ ਦੁਆਰਾ ਪ੍ਰਤੀਪਾਦਿਤ ਯੀਸੂ ਦੀ ਦਾਰਸ਼ਨਿਕਤਾ ਦਾ ਸੰਗ੍ਰਹਿ।

**ੳ)** ਓਲਡ ਟੈਸਟਾਮੈਂਟ ਦੀਆਂ ਬਹੁਤ ਸਾਰੀਆਂ ਪ੍ਰਤੀਆਂ (ਹੀਬਰੂ ਅਤੇ ਅਰੈਮਿਕ ਭਾਸ਼ਾਵਾਂ ਵਿਚ) ਯੀਸੂ ਦੇ ਜਨਮ ਤੋਂ ਪਹਿਲਾਂ ਹੀ ਲਿਖੀਆਂ ਜਾ ਚੁੱਕੀਆਂ ਸਨ ।[25] ਉਹ ਮੂਸਾ[26] ਦੇ ਜੀਵਨ ਇਤਿਹਾਸ ਅਤੇ ਸਿੱਖਿਆਵਾਂ ਦੀ ਰੂਪ ਰੇਖਾ

23. ਸਨਾਤਨੀ ਯਹੂਦੀਆਂ ਦਾ ਵਿਸ਼ਵਾਸ਼ ਹੈ ਕਿ ਪਰਮਾਤਮਾ ਦਾ ਨਾਮ ਪਵਿੱਤਰ ਹੈ। ਉਸ ਨੂੰ ਜ਼ੁਬਾਨ ਨਾਲ ਨਹੀਂ ਉਚਾਰਨਾ ਚਾਹੀਦਾ। ਹੋਰ ਤਾਂ ਹੋਰ ਜਦੋਂ ਇਸ ਨੂੰ ਲਿਖਿਆ ਗਿਆ ਤਾਂ ਸਿਰਫ ਵਿਅੰਜਨਾਂ ਦੀ ਹੀ ਵਰਤੋਂ ਕੀਤੀ ਗਈ ਜੋ ਇਹ ਸਨ YHWH[ ਓਲਡ ਟੈਸਟਾਮੈਂਟ ਦੀ ਹੀਬਰਿਊ ਬਾਈਬਲ ਸਿਰਫ ਵਿਅੰਜਨਾਂ ਵਿਚ ਹੀ ਲਿਖੀ ਗਈ ਹੈ। ਇਸ ਨਾਲ ਅਰਥਾਂ ਨੂੰ ਨਿਰਧਾਰਿਤ ਕਰਨ ਵਿਚ ਬਹੁਤ ਮੁਸ਼ਕਿਲਾਂ ਪੈਦਾ ਹੋ ਗਈਆਂ। ਮਿਸਾਲ ਦੇ ਤੌਰ ਤੇ DBR ਸ਼ਬਦ ਨੂੰ Dabar (ਸ਼ਬਦ),Debar (ਬੀਮਾਰੀ) ਜਾਂ Dabbar ( ਬੋਲ) ਪੜ੍ਹਿਆ ਜਾ ਸਕਦਾ ਸੀ। ਸ੍ਵਰਾਂ ਨੂੰ ਸਿਫਰ 10ਵੀਂ ਸ਼ਤਾਬਦੀ ਵਿਚ ਹੀ ਵਰਤਿਆ ਜਾਣ ਲੱਗਾ। ਇਸ ਤਰ੍ਹਾਂ ਸ੍ਵਰਾਂ ਅਤੇ ਵਿਅੰਜਨਾਂ ਦੇ ਪ੍ਰਯੋਗ ਨਾਲ ਸੁਧਰੇ ਪਾਠ ਨੂੰ ਮੈਜ਼ੋਰਾਹ ਕਿਹਾ ਗਿਆ। ਦੋ ਐਸੇ ਮੈਜ਼ੋਰਾਹ ਹਨ ਬੇਨ ਅਸ਼ਰ ਮੈਜ਼ੋਰਾਹ ਅਤੇ ਬੇਨ ਨੈਪਥਾਲੀ ਮੈਜ਼ੋਰਾਹ। ਇਹ ਦੋਵੇਂ ਨੇੜੇ ਤੇੜੇ ਦੇ ਸਮੇਂ ਵਿਚ ਹੀ ਤਿਆਰ ਹੋਏ ।ਇਹ ਇਕ ਦੂਜੇ ਨਾਲ ਨਹੀਂ ਮਿਲਦੇ। ਸਮਾਂ ਪਾ ਕੇ ਪਹਿਲੇ ਮੈਜ਼ੋਰਾਹ ਨੂੰ ਪ੍ਰਮਾਣਿਤ ਪਾਠ ਵਜੋਂ ਪ੍ਰਵਾਨ ਕਰ ਲਿਆ ਗਿਆ। ਅਨੁਵਾਦ ਦੇ ਨਾਲ ਨਾਲ ਉਚਾਰਣ ਦੇ ਨਿਯਮ ਵੀ ਦਰਜ ਕੀਤੇ ਗਏ। ਉਨ੍ਹਾਂ ਨੂੰ ਟਰਗੁਣ ਦੇ ਨਾਮ ਵਜੋਂ ਜਾਣਿਆ ਜਾਂਦਾ ਹੈ। ਟਰਗੁਣ ਓਨਕੇਲੋਜ਼ ਅਤੇ ਟਰਗੁਣ ਜੋਨਾਥਨ ਜ਼ਿਆਦਾ ਪ੍ਰਸਿੱਧ ਹੋਏ ।

24. ਬਾਈਬਲ ਵਿਚ ਨਿਊ ਟੈਸਟਾਮੈਂਟ ਅਤੇ ਓਲਡ ਟੈਸਟਾਮੈਂਟ ਸ਼ਬਦ ਕਿਤੇ ਵੀ ਨਹੀਂ ਵਰਤੇ ਗਏ। ਬਾਈਬਲ ਸ਼ਬਦ ਨੂੰ ਵੀ ਚਿਰੋਕਾ ਪਿਛੋਂ ਇਸ ਗ੍ਰੰਥ ਦੇ ਨਾਮ ਵਜੋਂ ਵਰਤਿਆ ਗਿਆ। ਇਸ ਨੂੰ ਯੂਨਾਨੀ ਸ਼ਬਦ ਬਿਬਲੀਆ (Biblia) ਜਿਸ ਦਾ ਅਰਥ, ਪੁਸਤਕ (ਗ੍ਰੰਥ) ਹੈ, 'ਤੋਂ ਘੜਿਆ ਗਿਆ ਸੀ। ਓਲਡ ਟੈਸਟਾਮੈਂਟ ਸ਼ਬਦ ਦੀ ਵਰਤੋਂ ਪਹਿਲੀ ਵਾਰ ਸਾਰਡਿਸ ਦੇ ਮੈਲਿਟੋ ਦੁਆਰਾ 180 ਈ. ਵਿਚ ਕੀਤੀ ਗਈ ਸੀ ।

25. ਇਨ੍ਹਾਂ ਲਿਖਤਾਂ ਦੇ ਅਸਲ ਨੁਸਖੇ ਜਾਂ ਸਮਕਾਲੀ ਕਾਪੀਆਂ ਉਪਲਬਧ ਨਹੀਂ ਹਨ। ਹੋ ਸਕਦਾ ਹੈ ਕਿ ਲਿਖਣ ਤੋਂ ਕੁਝ ਸਾਲ ਬਾਅਦ ਹੀ ਉਹ ਨਸ਼ਟ ਹੋ ਗਈਆਂ ਹੋਣ। ਜੋ ਉਸ ਤੋਂ ਬਾਅਦ ਵਿਚ ਲਿਖੀਆਂ ਗਈਆਂ ਉਨ੍ਹਾਂ ਨੂੰ ਯੇਰਸ਼ੂਸਲਮ ਦੇ ਮੰਦਰਾਂ ਦੀ 586 ਈ. ਪੂਰਵ ਅਤੇ 70 ਈ. ਵਿਚ ਹੋਈ ਤਬਾਹੀ ਵਿਚ ਖਤਮ ਕਰ ਦਿੱਤਾ ਗਿਆ। ਪੁਰਾਣੇ ਸਮੇਂ ਵਿਚ ਯਹੂਦੀ ਨਿਰਦਾਰੀ ਹੋਣ ਜਾਂ ਗਲਤ ਹੱਥਾਂ ਵਿਚ ਜਾਣ ਤੋਂ ਪਹਿਲਾਂ ਹੀ ਆਪਣੇ ਧਾਰਮਿਕ ਸਾਹਿਤ ਨੂੰ ਦਫਨਾ ਦਿੰਦੇ ਸਨ। ਇਸ ਦਾ ਹੀ ਸਿੱਟਾ ਹੈ ਕਿ ਉਹ ਪੁਸਤਕਾਂ ਦੁਰਲੱਭ ਹਨ ਅਤੇ ਉਨ੍ਹਾਂ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ।

26. ਇਮਰਾਨ ਦਾ ਪੁੱਤਰ ਮੂਸਾ। ਉਹ ਜੌਸੇਫ ਤੋਂ 450 ਸਾਲ ਬਾਅਦ ਮਿਸਰ ਵਿਚ ਜੰਮਿਆ ਸੀ।



ਉਲੀਕਦੀਆਂ ਹਨ ਅਤੇ ਪੂਰਬ ਦੇ ਉਨ੍ਹਾਂ ਮੱਧ ਸਾਗਰੀ ਕਬੀਲਿਆਂ ਦਾ ਇਤਿਹਾਸ ਹਨ ਜੋ 6000 ਈਸਾ ਪੂਰਵ ਤੋਂ 100 ਈ. ਵਿਚਕਾਰ ਹੋਏ। ਇਨ੍ਹਾਂ ਪ੍ਰਤੀਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ ।ਸਮਰਾਟ ਪਟੋਲਮੀ ਫਿਲਾਡੈਲਫਸ (285-246 ਈ. ਪੂਰਵ) ਨੇ ਇਨ੍ਹਾਂ ਨੂੰ ਇਕੱਤਰ ਕੀਤਾ ਅਤੇ ਇਨ੍ਹਾਂ ਦੇ ਅਨੁਵਾਦ ਲਈ 72 ਅਨੁਵਾਦਕਾਂ ਦੀ ਸੇਵਾ ਲਾ ਦਿੱਤੀ। ਇਸ ਦੀਆਂ 50 ਜਿਲਦਾਂ ਬਣ ਗਈਆਂ। 70ਈ. ਵਿਚ ਯੇਰੂਸ਼ਲਮ ਦੀ ਤਬਾਹੀ ਉਪਰੰਤ ਯਹੂਦੀਆਂ ਨੇ ਸਾਰੀਆਂ ਜਿਲਦਾਂ ਨੂੰ ਇੱਕ ਜਿਲਦ ਵਿਚ ਹੀ ਸੰਕੁਚਿਤ ਕਰਕੇ ਪੀੜ੍ਹੀ ਦਰ ਪੀੜ੍ਹੀ ਚਲਿਆ ਆ ਰਿਹਾ ਹੱਥ ਲਿਖਤ ਅਸਲ ਸ੍ਰੋਤ ਨਸ਼ਟ ਕਰ ਦਿੱਤਾ। 135 ਈ. ਵਿਚ ਜਦੋਂ ਰੱਬੀ ਅਕੀਬਾ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਗਿਆ ਤਾਂ ਪੁਸਤਕ ਦੇ ਗੁਆਚ ਜਾਣ ਦੇ ਡਰੋਂ ਇਸ ਨੂੰ ਮੁੜ ਤਰਤੀਬ ਦੇ ਕੇ ਲਿਖਣ ਦੀ ਜ਼ਰੂਰਤ ਮਹਿਸੂਸ ਕੀਤੀ ਗਈ । ਇੱਕ ਈਸਾਈ ਵਿਦਵਾਨ ਜਿਸਦਾ ਨਾਮ 'ਓਰਿਜਨ' ਸੀ ਨੇ 245 ਈ. ਵਿਚ ਸੈਪਟੂਆਜਿੰਟ ਨਾਮ ਦੇ ਇਕ ਨਵੇਂ ਧਾਰਮਿਕ ਗ੍ਰੰਥ (ਬਾਈਬਲ) ਦੀ ਰਚਨਾ ਕੀਤੀ। ਇਹ ਸਮਾਨੰਤਰ ਕਾਲਮ ਵਿਚ ਛੇ ਵੱਖੋ ਵੱਖਰੀਆਂ ਹੱਥ ਲਿਖਤ ਬਾਈਬਲਾਂ ਦਾ ਸਮੂਹ ਸੀ। ਇਸ ਨੂੰ ਹੈਕਸਾਪਲਾ (ਛੇ ਬਾਈਬਲਾਂ)[27] ਵਜੋਂ ਜਾਣਿਆ ਜਾਂਦਾ ਹੈ। ਵਰਤਮਾਨ ਓਲਡ ਟੈਸਟਾਮੈਂਟ ਵਿਚ ਹੁਣ 39 ਪੁਸਤਕਾਂ ਹਨ, ਜਿਨ੍ਹਾਂ ਚੋਂ ਪਹਿਲੀਆਂ ਪੰਜ ਮੂਸਾ ਦੇ ਜੀਵਨ ਨਾਲ ਸੰਬੰਧਤ ਹਨ ਅਤੇ ਪੈਂਟਾਟਿਉਕ ਦੇ ਨਾਮ ਵਜੋਂ ਪ੍ਰਸਿੱਧ ਹਨ। ਸਭ ਤੋਂ ਵੱਧ ਮਹੱਤਵਪੂਰਨ ਭਾਗ "ਦਸ ਉਪਦੇਸ਼" ਹਨ ਜੋ ਕਿਹਾ ਜਾਂਦਾ ਹੈ ਕਿ ਕਿਸੇ ਪੱਥਰ ਉੱਪਰ ਲਿਖ ਕੇ ਪਰਮਾਤਮਾ ਨੇ ਮੂਸਾ ਨੂੰ ਦਿੱਤੇ ਸਨ। ਓਲਡ ਟੈਸਟਾਮੈਂਟ ਦੀਆਂ ਪੁਸਤਕਾਂ ਦਾ ਲਿਖਣ ਸਮਾਂ 5ਵੀਂ ਸ਼ਤਾਬਦੀ ਈ. ਪੂਰਵ (ਜਿਵੇਂ ਕਿ ਮੈਲਾਚੀ) ਤੋਂ 8ਵੀਂ ਸਦੀ ਈਸਵੀ ਪੂਰਵ (ਜਿਵੇਂ ਕਿ ਅਮੋਸ, ਈਸਾਹ, ਮਾਈਕਾਹ ਅਤੇ ਹੋਜ਼ੀਆ ਆਦਿ) ਤੱਕ ਮੰਨਿਆ ਜਾਂਦਾ ਹੈ ।

**ਅ)** "ਦੀ ਨਿਊ ਟੈਸਟਾਮੈਂਟ' ਵਿਚ 27 ਪੁਸਤਕਾਂ ਸ਼ਾਮਲ ਹਨ ਜੋ ਭਾਵੇਂ ਵਿਕੋਲਿਤਰਾ ਜਿਹਾ ਵਰਣਨ ਕਰਦੀਆਂ ਹਨ ਪਰੰਤੂ ਉਹ ਸਾਰੀਆਂ ਫਿਰ ਵੀ ਯੀਸੂ ਜਾਂ ਉਸ ਮਗਰੋਂ ਹੋਏ ਪੈਗੰਬਰਾਂ ਦੇ ਜੀਵਨ ਦੀ ਹੀ ਗੱਲ ਕਰਦੀਆਂ ਹਨ। ਇਨ੍ਹਾਂ ਵਿੱਚੋਂ ਬਹੁਤੀਆਂ ਪੁਸਤਕਾਂ 60 ਈ. ਤੋਂ ਪਹਿਲਾਂ ਲਿਖੀਆਂ ਗਈਆਂ ਪਰੰਤੂ ਮੈਥਿਊ ਨੂੰ ਸ਼ਾਇਦ 65 ਤੋਂ 75 ਈ. ਵਿਚ ਸ਼ਾਮਲ ਕੀਤਾ ਗਿਆ। Revelation ਨੂੰ 95AD ਵਿੱਚ ਬਾਈਬਲ ਦਾ ਭਾਗ ਬਣਾਇਆ ਗਿਆ। ਸੇਂਟ ਜੇਰੋਮ (382 ਈ.) ਦਾ ਲਾਤੀਨੀ ਅਨੁਵਾਦ ਅਤੇ ਬਿਸ਼ਪ ਰੈਬਿਊਲਾ (411 ਈ.) ਦਾ ਸੀਰੀਆਈ ਅਨੁਵਾਦ ਤੁਰਕਾਂ ਦੁਆਰਾ 1453 ਈ. ਵਿਚ ਕੌਂਸਟੈਨਟੀਪੋਲ ਨੂੰ ਕਬਜ਼ੇ ਵਿਚ ਲੈਣ ਵੇਲੇ ਨਸ਼ਟ ਹੋ ਗਏ ਮੰਨੇ

27. ਹੈਕਸਾਪਲਾ ਨੂੰ ਸੀਜੇਰੀਆ ਦੀ ਲਾਇਬ੍ਰੇਰੀ ਵਿਚ ਰੱਖ ਦਿੱਤਾ ਗਿਆ। ਸੰਭਵ ਹੈ ਕਿ 1638 ਈ. ਵਿਚ ਮੁਲਸਮਾਨਾਂ ਵਲੋਂ ਫਿਲਸਤੀਨ ਜਿੱਤ ਲੈਣ ਵੇਲੇ ਉਹ ਨਸ਼ਟ ਹੋ ਗਿਆ। ਯੂਜ਼ੇਬੀਅਸ ਨੇ ਇਸਦੀ ਇਕ ਅਧੂਰੀ ਨਕਲ ਤਿਆਰ ਕੀਤੀ ਸੀ ਜਿਸ ਨੂੰ 1714 ਈ. ਵਿਚ ਮੋਨਫੋਕੋਨ ਨੇ ਪੈਰਿਸ ਤੋਂ ਪ੍ਰਕਾਸ਼ਿਤ ਕਰਵਾਇਆ ਅਤੇ ਬਾਅਦ ਵਿਚ ਇਸੇ ਨੂੰ ਆਕਸਫੋਰਡ ਵਿਚ ਫੀਲਡ ਨੇ ਛਪਵਾ ਕੇ ਪ੍ਰਕਾਸ਼ਿਤ ਕੀਤਾ ।

ਜਾਂਦੇ ਹਨ। ਇਹ ਦੂਜੇ ਪੱਧਰ ਦੇ ਸ੍ਰੋਤ ਸਨ ਜੋ ਬਾਈਬਲ ਤਿਆਰ ਕਰਨ ਲਈ ਵਰਤੇ ਗਏ ਸਨ। ਬਾਈਬਲ ਦਾ ਸਭ ਤੋਂ ਪਹਿਲਾ ਅੰਗਰੇਜ਼ੀ ਅਨੁਵਾਦ ਵਿਲੀਅਮ ਟਿੰਡੇਲ ਨੇ ਕੀਤਾ ।

ਜਰਮਨ ਵਿਦਵਾਨ ਸਕੋਲਜ਼ ਨੇ 1830 ਈ. ਵਿਚ ਬਾਈਬਲ ਦੇ 5000 ਵਖੋ ਵਖਰੇ ਖਰੜਿਆਂ ਵਿਚ ਮਿਲਣ ਵਾਲੀਆਂ ਸਾਰੀਆਂ ਬਾਈਬਲਾਂ ਦੀ ਇਕ ਸਾਰਣੀ ਤਿਆਰ ਕੀਤੀ ਸੀ। ਇਸ ਵਿੱਚ ਉਹ ਸਭ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਜਿਨ੍ਹਾਂ ਨੂੰ ਕਿਸੇ ਨਾ ਕਿਸੇ ਵਿਦਵਾਨ ਦੁਆਰਾ ਬਾਈਬਲ ਦਾ ਹਿੱਸਾ ਮੰਨਿਆ ਗਿਆ ਸੀ। ਜਰਮਨੀ ਦੇ ਕਾਰਲ ਲੈਕਮੈਨ ਅਤੇ ਟਿਸ਼ੈਨਡੌਰਫ਼ ਨੇ 1831 ਈ. ਅਤੇ 1840 ਈ. ਵਿੱਚ ਹੋਰ ਬਾਈਬਲ ਐਡੀਸ਼ਨਾਂ ਛਾਪੀਆਂ ਜਿਨ੍ਹਾਂ ਵਿਚ ਹੋਰ ਵਧੇਰੇ ਸਮੱਗਰੀ ਵੀ ਸ਼ਾਮਲ ਕੀਤੀ ਗਈ। ਵੈਸਟਕੋਟ ਅਤੇ ਹਾਰਟ ਨੇ ਇਕ ਕਮੇਟੀ ਅਧੀਨ ਕੰਮ ਕਰਕੇ 1881-85 ਈ ਵਿਚ ਸਮਰਾਟ ਜੇਮਜ਼ (1611 ਈ.)[28] ਦੁਆਰਾ ਤਿਆਰ ਅਧਿਕਾਰਿਤ ਅਨੁਵਾਦ ਦੀ ਲੀਹ ਉੱਪਰ ਅੰਗਰੇਜ਼ੀ ਦਾ 'ਰਿਵਾਈਜ਼ਡ ਐਡੀਸ਼ਨ' (ਸ਼ੋਧੀ ਹੋਈ ਛਾਪ) ਪ੍ਰਕਾਸ਼ਿਤ ਕਰਵਾਇਆ ਸੀ। ਇਸਦਾ ਅਮਰੀਕੀ ਅਨੁਵਾਦ ਬਹੁਤ ਸਮੇਂ ਬਾਅਦ 1901 ਵਿਚ ਸਾਹਮਣੇ ਆਇਆ ਜਿਸਦਾ ਕਾਪੀ ਰਾਈਟ ਅਮਰੀਕਾ ਦੀ ਇੰਟਰਨੈਸ਼ਨਲ ਕੌਂਸਲ ਆਫ਼ ਰਿਲੀਜੀਅਸ ਐਜੂਕੇਸ਼ਨ ਨੇ ਲੈ ਲਿਆ ।

1930 ਵਿਚ ਮਿਸਰ ਦੇ ਇਕ ਚਰਚ ਦੇ ਅਵਸੇਸ਼ਾਂ ਵਿੱਚ ਦੱਬੇ ਇੱਕ ਮਰਤਬਾਨ ਵਿਚੋਂ ਚੈਸਟਰ ਬੀਐਟੀ ਪਾਪੀਰੀ ਨਾਮ ਦੀ ਇਕ ਹੋਰ ਬਾਈਬਲ ਪ੍ਰਾਪਤ ਹੋਈ ਜਿਸ ਨੂੰ 1933-37 ਈ. ਵਿੱਚਕਾਰ ਲੜੀਵਾਰ ਪ੍ਰਕਾਸ਼ਿਤ ਕਰਵਾਇਆ ਗਿਆ। ਇਕ ਮਰਤਬਾਨ ਵਿਚ 'ਦ ਐਕਟਸ' ਅਤੇ ਚਾਰ ਸੁਸਮਾਚਾਰ ਸਨ, ਇਕ ਹੋਰ ਮਰਤਬਾਨ ਵਿਚ ਸੇਂਟ ਪਾਲ ਦੀਆਂ 12 ਚਿੱਠੀਆਂ ਸਨ ਜੋ ਉਸਨੇ ਰੋਮ ਦੀ ਇਕ ਜੇਲ੍ਹ ਵਿਚੋਂ ਲਿਖੀਆਂ ਸਨ। ਇਨ੍ਹਾਂ ਤੋਂ ਬਿਨਾਂ ਇਕ ਹੋਰ ਮਰਤਬਾਨ ਵਿਚ ਐਜ਼ੀਕੀਅਲ, ਡੇਨੀਅਲ

28. ਇਸ ਨੂੰ 1952 ਈ. ਵਿਚ ਮੁੜ ਸੋਧਿਆ ਗਿਆ। ਈਸਾਈ ਧਰਮ ਦੇ ਸਹਿਚਾਰਕ 32 ਵਿਦਵਾਨਾਂ ਅਤੇ ਪੰਜਾਹ ਪ੍ਰਤੀਨਿਧੀਆਂ ਨੇ 1971 ਈ. ਵਿਚ ਇਸ ਨੂੰ ਫਿਰ ਸੋਧਿਆ ਕਿਉਂਕਿ ਜਿਵੇਂ ਕਿ ਉਹ ਆਪ ਲਿਖਦੇ ਹਨ, "**ਸਮਰਾਟ ਜੇਮਜ਼ ਦੇ ਅਨੁਵਾਦ ਵਿਚ ਤਰੁੱਟੀਆਂ ਏਨੀਆਂ ਜ਼ਿਆਦਾ ਅਤੇ ਏਨੀਆਂ ਗੰਭੀਰ ਸਨ ਕਿ ਨਵੇਂ ਐਡੀਸ਼ਨ ਦੀ ਲੋੜ ਪੈ ਗਈ**"। ਕੁਝ ਤਾਂ ਹੁਣ ਵੀ ਵਿਲੀਅਮ ਟਿੰਡੇਲ ਦੇ ਪਹਿਲੇ ਅਨੁਵਾਦ, ਜਿਸ ਕਾਰਨ ਉਸ ਨੂੰ ਸੂਲੀ ਚਾੜ੍ਹ ਦਿੱਤਾ ਗਿਆ ਸੀ, ਨੂੰ ਹੀ ਵਧੀਆ ਅਨੁਵਾਦ ਮੰਨਦੇ ਹਨ। ਉਸਨੂੰ ਜਾਣ ਬੁੱਝ ਕੇ ਗਲਤ ਅਨੁਵਾਦ ਕਰਨ ਦੇ ਦੋਸ਼ ਵਜੋਂ ਸ਼ਹੀਦ ਕਰ ਦਿਤਾ ਗਿਆ ਸੀ ।

8 ਸਤੰਬਰ 1957 ਈ. ਦੀ **ਅਵੇਕ** ਮੈਗਜ਼ੀਨ ਵਿਚ ਜੀਓਵਾਹ ਵਿਟਨੈਸ ਨੇ ਇਸ ਗੱਲ ਦੀ ਗਵਾਹੀ ਦਿੱਤੀ ਹੈ ਕਿ ਬਾਈਬਲ ਵਿਚ 50,000 ਗਲਤੀਆਂ ਹਨ ਅਤੇ ਹਜ਼ਾਰਾਂ ਦੀ ਤਦਾਦ ਵਿਚ ਮਿਲਣ ਵਾਲੀਆਂ ਪ੍ਰਤੀਆਂ ਨਾਂ ਤਾਂ ਅਸਲ ਭਾਸ਼ਾ ਵਿਚ ਹਨ ਅਤੇ ਨਾਂ ਹੀ ਉਨ੍ਹਾਂ ਨੂੰ ਸਹੀ ਨਕਲ ਹੀ ਕਿਹਾ ਜਾ ਸਕਦਾ ਹੈ ।ਕੋਈ ਵੀ ਦੋ ਪ੍ਰਤੀਆਂ ਆਪਸ ਵਿਚ ਮੇਲ ਨਹੀਂ ਖਾਂਦੀਆਂ । ਈਸਾਈ ਮਤ ਦੀਆਂ ਲਿਖਤਾਂ ਅਤੇ ਸਿੱਖਿਆਵਾਂ ਦੇ ਧਰਾਤਲ ਵਿਚ ਮੌਜੂਦ ਮਤਭੇਦਾਂ ਨੂੰ ਦੂਰ ਕਰਨ ਲਈ ਅਣਗਿਣਤ ਚਮਤਕਾਰਾਂ ਦੇ ਵਾਪਰਨ ਦੀ ਲੋੜ ਪਵੇਗੀ।

(ਐਲਬਰਟ ਸ਼ਨੀਜ਼ਰ ਦੀ ਪੁਸਤਕ 'ਇਨਸਰਚ ਆਫ ਦ ਹਿਸਟੋਰੀਕਲ ਜੀਸਸ ਪੰਨਾ-22)



ਅਤੇ ਈਸਥਰ ਦੀਆਂ ਪੁਸਤਕਾਂ ਸ਼ਾਮਿਲ ਸਨ। ਕੁਝ ਵਿਦਵਾਨਾਂ ਨੇ ਸਾਈਰਲ ਲਿਊਸਰ[29] ਦੇ ਚਮੜੇ ਉੱਪਰ ਪਹਿਲੀ ਦੂਜੀ ਸਦੀ ਵਿੱਚ ਲਿਖੀ ਬਾਈਬਲ ਕੋਡੈਕਸ ਅਲੈਗਜ਼ੈਂਡਰੀਨਸ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਉਨ੍ਹਾਂ ਦਾ ਖ਼ਿਆਲ ਹੈ ਕਿ ਉਹ ਵੀ ਅਸਲੀ ਬਾਈਬਲ ਦਾ ਹਿੱਸਾ ਹੈ। ਸਟੈਫਨੌਜ਼, ਮਿਲ, ਵੈਲੇਸ, ਐਡਵਰਡ ਵੈਲਜ਼ ਅਤੇ ਵਿਲੀਅਮ ਮੇਸ ਨੇ ਉਸ ਵੱਖਰੀ ਸਮੱਗਰੀ ਜਿਸ ਬਾਰੇ ਉਹ ਦਾਅਵਾ ਕਰਦੇ ਹਨ ਕਿ ਬਾਈਬਲ ਦਾ ਹੀ ਅਸਲ ਭਾਗ ਹੈ ਨਾਲ ਆਪਣੀਆਂ ਵੱਖਰੀਆਂ ਵੱਖਰੀਆਂ ਬਾਈਬਲਾਂ ਪ੍ਰਕਾਸ਼ਿਤ ਕਰਵਾਈਆਂ ।1947 ਵਿੱਚ ਡੈੱਡ ਸੀ ਸਕਰੋਲਜ਼ ਲਭ ਪਈ ਜਿਸ ਦਾ ਅੱਜ ਵੀ ਅਧਿਐਨ ਕੀਤਾ ਜਾ ਰਿਹਾ ਹੈ। ਇਸ ਨਾਲ ਬਾਈਬਲ ਵਿਚ ਕੁਝ ਹੋਰ ਪ੍ਰਮਾਣਿਤ ਸਮਝੀ ਜਾਂਦੀ ਸਮੱਗਰੀ ਸ਼ਾਮਲ ਕੀਤੀ ਜਾਣੀ ਸੰਭਵ ਹੈ।

**ਵਰਤਮਾਨ ਬਾਈਬਲ :** ਵਰਤਮਾਨ ਬਾਈਬਲ ਦੀਆਂ 66 ਪੁਸਤਕਾਂ 2 ਸਦੀਆਂ ਵਿਚ 40 ਤੋਂ ਵੱਧ ਲੇਖਕਾਂ ਦੁਆਰਾ ਲਿਖੀਆਂ ਗਈਆ। ਸਿੱਖਾਂ ਦੇ ਗ੍ਰੰਥ ਵਾਂਗ ਬਾਈਬਲ ਦੇ ਆਰੰਭ ਵਿਚ ਜਾਂ ਕਿਸੇ ਅਧਿਆਇ ਦੇ ਮੁੱਢ ਵਿਚ ਪਰਮਾਤਮਾ ਦਾ ਜ਼ਿਕਰ ਨਹੀਂ ਕੀਤਾ ਗਿਆ ਸਗੋਂ ਪ੍ਰਮਾਤਮਾ ਕਥਾ ਦੇ ਪਾਤਰ ਵਜੋਂ ਹੀ ਪੇਸ਼ ਹੋਇਆ ਹੈ। ਕੁਝ ਅਧਿਆਵਾਂ ਦੇ ਆਰੰਭ ਦੀਆਂ ਮਿਸਾਲਾਂ ਇਸ ਤਰ੍ਹਾਂ ਹਨ :

1. ਜੈਨੇਸਿਜ਼ : ਸਭ ਤੋਂ ਪਹਿਲਾਂ ਪਰਮਾਤਮਾ ਨੇ ਸਵਰਗ ਅਤੇ ਧਰਤੀ ਬਣਾਈ.............।[30]
2. ਜੌਹਨ : ਸਭ ਤੋਂ ਪਹਿਲਾਂ ਸਿਰਫ਼ ਸ਼ਬਦ ਦੀ ਹੋਂਦ ਸੀ[31]
3. ਮੈਥਿਊ : ਇਹ ਯੀਸੂ ਮਸੀਹ ਦੀ ਵੰਸ਼ਾਵਲੀ ਹੈ....
4. ਜੋਸ਼ੁਆ : ਹੁਣ ਮੂਸਾ ਦੀ ਮੌਤ ਉਪਰੰਤ....
5. ਜੱਜਜ਼ : ਹੁਣ ਜੋਸ਼ੁਆ ਦੀ ਮੌਤ ਉਪਰੰਤ...
6. ਸੈਮਿਊਲ : ਹੁਣ ਅਸੀਂ ਇੱਕ ਪੁਰਸ਼ ਦੀ ਗੱਲ ਕਰਦੇ ਹਾਂ.....

29. ਇਸ ਨੂੰ 1933 ਵਿਚ ਰੂਸ ਤੋਂ ਖਰੀਦਿਆ ਗਿਆ ਅਤੇ ਅੱਜਕਲ੍ਹ ਇਹ ਬ੍ਰਿਟਿਸ਼ ਮਿਊਜ਼ੀਅਮ ਵਿਚ ਮੌਜੂਦ ਹੈ। 40 ਗੁਆਚ ਚੁੱਕੇ ਪੰਨਿਆਂ ਤੋਂ ਬਿਨਾਂ ਇਸ ਵਿਚ ਪੂਰੀ ਯੂਨਾਨੀ ਬਾਈਬਲ ਮੌਜੂਦ ਹੈ।

30. "ਸਵਰਗ ਅਤੇ ਧਰਤੀ ਸ਼ਬਦ ਨੂੰ ਵੇਖੋ।" ਇਹ ਇਕ ਵਚਨ ਵਿਚ ਹਨ। ਸਿੱਖ ਧਰਮ-ਅਨੁਸਾਰ ਤਾਂ ਇਨ੍ਹਾਂ ਧਰਤੀਆਂ ਅਤੇ ਬ੍ਰਹਿਮੰਡਾਂ ਦੀ ਗਿਣਤੀ ਅਨੰਤ ਹੈ, "ਕੇਤੇ ਇੰਦ ਚੰਦ ਸੂਰ" "ਧਰਤੀ ਹੋਰੁ ਪਰੇ ਹੋਰੁ ਹੋਰੁ" ਆਦਿ (ਧਰਤੀ, ਚੰਦ, ਸੂਰਜ ਅਣਗਿਣਤ ਹਨ.... ਧਰਤੀਆਂ ਦੀ ਗਿਣਤੀ ਅਨੰਤ ਹੈ।

31. ਸ਼ਬਦ ਜਾਂ ਲੋਗੋਸ ਨੂੰ ਵੱਖੋ ਵੱਖਰੇ ਲੋਕਾਂ ਦੁਆਰਾ ਵੱਖਰੇ ਵੱਖਰੇ ਅਰਥਾਂ ਵਿੱਚ ਪੇਸ਼ ਕੀਤਾ ਗਿਆ ਹੈ। 'ਫਿਲੋ' ਅਨੁਸਾਰ "ਲੋਗੋਸ (ਪ੍ਰਤੀਕ) ਉਸ ਪੂਰਵਜ ਮਨੁੱਖ ਨੂੰ ਆਖਦੇ ਹਨ ਜਿਸ ਵਿਚੋਂ ਹਰ ਵਿਅਕਤੀ ਦੀ ਝਲਕ ਤਿਆਰ ਕੀਤੀ ਗਈ ਤੇ ਜਿਸ ਨੂੰ ਪਰਮਾਤਮਾ ਦਾ ਪਹਿਲਾ ਪੁੱਤਰ ਐਲਾਨਿਆ ਗਿਆ। "ਆਰੰਭ ਵਿੱਚ ਇੱਕ ਸ਼ਬਦ ਸੀ, ਫਿਰ ਇਹ ਸ਼ਬਦ ਪਰਮਾਤਮਾ ਦੇ ਨਾਲ ਜੁੜਿਆ ਅਤੇ ਬਾਅਦ ਵਿਚ ਪਰਮਾਤਮਾ ਹੀ ਹੋ ਗਿਆ (ਜੌਹਨ 1:1-4)

ੳ) ਈਸਾਈ ਮੰਨਦੇ ਹਨ ਕਿ ਬਾਈਬਲ ਵਿਚ ਮੌਜੂਦ ਹਰ ਸ਼ਬਦ ਪਰਮਾਤਮਾ ਦਾ ਸ਼ਬਦ ਹੈ ਪਰ ਅੰਦਰੂਨੀ ਪ੍ਰਮਾਣ ਇਹ ਗੱਲ ਸਾਬਤ ਨਹੀਂ ਕਰਦੇ। ਮਿਸਾਲ ਦੇ ਤੌਰ ਤੇ ਉਪਰ (ਨੰਬਰ 1 ਤੇ) ਦਿੱਤਾ ਤੇ ਜੈਨੇਸਿਜ਼ ਦਾ ਪਹਿਲਾਂ ਕਥਨ ਪਰਮਾਤਮਾ ਦਾ ਹੋ ਹੀ ਨਹੀਂ ਸਕਦਾ ਜੇ ਹੁੰਦਾ ਤਾਂ ਇਸ ਤਰ੍ਹਾਂ ਲਿਖਿਆ ਜਾਂਦਾ...." ਸਭ ਤੋਂ ਪਹਿਲਾਂ ਮੈਂ ਸਵਰਗ ਅਤੇ ਧਰਤੀ ਨੂੰ ਬਣਾਇਆ..."

ਅ) ਗੀਤਾਂ ਵਾਲੇ (ਸਾਮਜ਼) ਦੇ ਛੋਟੇ ਜਿਹੇ ਹਿੱਸੇ ਤੋਂ ਬਿਨਾਂ ਸਾਰੀ ਰਚਨਾ ਹੀ ਵਾਰਤਕ ਵਿੱਚ ਹੈ।

ੲ) ਯੀਸੂ ਨੇ ਨਾ ਤਾਂ ਕੁਝ ਆਪ ਹੀ ਲਿਖਿਆ ਹੈ ਅਤੇ ਨਾ ਹੀ ਕੁਝ ਲਿਖਵਾਇਆ। ਸਾਰਾ ਈਸਾਈ ਸਾਹਿਤ ਯੀਸੂ ਦੀ ਮੌਤ ਉਪਰੰਤ ਹੀ ਰਚਿਆ ਗਿਆ।[32]

ਸ) ਸਾਰੀ ਬਾਈਬਲ ਕਹਾਣੀਆਂ ਅਤੇ ਕਹਾਵਤਾਂ ਵਿੱਚ ਹੈ ਅਤੇ ਇਹ ਕਹਾਣੀਆਂ ਇੱਕ ਅਧਿਆਇ ਤੋਂ ਦੂਜੇ ਅਧਿਆਇ ਤੱਕ ਜਾਂਦੀਆਂ ਜਾਂਦੀਆਂ ਬਦਲ ਜਾਂਦੀਆਂ ਹਨ। ਕੁਝ ਕਹਾਣੀਆਂ ਨੂੰ ਅਨੇਕਾਂ ਵਾਰ ਦੁਹਰਾਇਆ ਵੀ ਗਿਆ ਹੈ ਤੇ ਉਨ੍ਹਾਂ ਦੇ ਵੇਰਵੇ ਵਿੱਚ ਕਾਫ਼ੀ ਅੰਤਰ ਹੈ।[33]

ਹ) ਪ੍ਰੋਟੈਸਟੈਂਟ ਅਤੇ ਕੈਥੋਲਿਕ ਬਾਈਬਲ ਇਕ ਦੂਜੇ ਤੋਂ ਵੱਖਰੀਆਂ ਹਨ।[34]

ਕ) ਪੂਰੀ ਰਚਨਾ ਵਿੱਚ ਯੀਸੂ ਅਤੇ ਹੋਰਨਾਂ ਦੇ ਚਮਤਕਾਰ ਦਰਜ ਹਨ। ਉਨ੍ਹਾਂ ਚੋਂ ਕੁਝ ਚਮਤਕਾਰ ਮੰਨਣਯੋਗ ਵੀ ਨਹੀਂ।

## 2.2 ਪਵਿੱਤਰ ਗੁਰੂ ਗ੍ਰੰਥ ਸਾਹਿਬ

ਗੁਰੂ ਗ੍ਰੰਥ ਸਾਹਿਬ ਦਾ ਵੱਡਾ ਹਿੱਸਾ (ਲਗਪਗ 80 ਪ੍ਰਤੀਸ਼ਤ) ਸਿੱਖ ਗੁਰੂ ਸਾਹਿਬਾਨ ਦੁਆਰਾ ਆਪ ਰਚਿਆ ਹੋਇਆ ਹੈ। ਬਾਕੀ ਦਾ 20% ਹਿੱਸਾ 1604 ਈ. ਵਿਚ ਪੰਜਵੇਂ ਗੁਰੂ ਅਰਜਨ ਦੇਵ[35] ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ

32. ਯੀਸੂ ਨੇ ਨਾ ਤਾਂ ਕੁਝ ਆਪ ਲਿਖਿਆ ਅਤੇ ਨਾ ਹੀ ਉਸਨੇ ਆਪਣੇ ਕਿਸੇ ਅਨੁਯਾਈ ਨੂੰ ਆਪਣੀ ਫਿਲਾਸਫੀ ਅੰਕਿਤ ਕਰਨ ਦਾ ਹੁਕਮ ਹੀ ਦਿੱਤਾ। ਬਾਈਬਲ ਵਿੱਚ ਹੀ ਲਿਖਿਆ ਹੋਇਆ ਮਿਲਦਾ ਹੈ ਕਿ ਯੀਸੂ ਪੜ੍ਹਿਆ ਲਿਖਿਆ ਨਹੀਂ ਸੀ। **"ਯਹੂਦੀ ਹੈਰਾਨੀ ਨਾਲ ਕਹਿੰਦੇ ਹਨ ਕਿ ਜੋ ਬੰਦਾ ਪੜ੍ਹਿਆ ਲਿਖਿਆ ਨਹੀਂ ਉਸ ਨੂੰ ਅੱਖਰਾਂ ਦਾ ਬੋਧ ਕਿਵੇਂ ਹੋਇਆ ?"** (ਜੌਹਨ 7:14-1)
33. ਕਿਧਰੇ ਕਿਧਰੇ ਲਿਊਕ ਅਤੇ ਮਾਰਕ ਇਕ ਦੂਜੇ ਦੀ ਨਕਲ ਹੀ ਪ੍ਰਤੀਤ ਹੁੰਦੇ ਹਨ ਜਿਵੇਂ ਕਿ ਕਿੰਗਜ਼ 19 ਅਤੇ ਈਸਾਹ 37-2, 3, 5, 11-15, 37 ਅਤੇ 38 ਆਦਿ ਵੇਖੋ।
34. ਰੋਮਨ ਕੈਥੋਲਿਕ ਬਾਈਬਲ ਨੂੰ ਡੋਊਏ ਕਹਿੰਦੇ ਹਨ। ਇਸ ਨੂੰ ਜੇਰੋਮ ਦੇ ਲਾਤੀਨੀ ਅਨੁਵਾਦ ਤੋਂ ਤਿਆਰ ਕਰਕੇ ਸਭ ਤੋਂ ਪਹਿਲਾਂ 1582 ਵਿਚ ਰੇਮਜ਼ ਵਿਚ ਅਤੇ ਫੇਰ 1609 ਈ. ਵਿਚ ਮੁੜ ਪ੍ਰਕਾਸ਼ਿਤ ਕਰਵਾਇਆ ਗਿਆ ਸੀ। ਇਸ ਵਿਚ 73 ਪੁਸਤਕਾਂ ਸ਼ਾਮਲ ਹਨ। ਵਾਧੂ ਪੁਸਤਕਾਂ ਵਿਚ ਜੂਡਿਥ, ਟੋਬੀਅਸ, ਬਰੂਚ ਅਤੇ ਐਸਥਾਰ ਪੁਸਤਕਾਂ ਸ਼ਾਮਲ ਹਨ। ਪ੍ਰੋਟੈਸਟੈਂਟ ਇਨ੍ਹਾਂ ਨੂੰ ਐਪੋਕ੍ਰਿਫਾ (ਸ਼ੱਕੀ) ਆਖਦੇ ਹਨ।
35. ਇਹ ਕਰਤਾਰਪੁਰੀ ਬੀੜ ਵਜੋਂ ਜਾਣੀ ਜਾਂਦੀ ਹੈ।



ਕਈ ਹਿੰਦੂ ਅਤੇ ਮੁਸਲਿਮ ਭਗਤਾਂ ਦੀ ਰਚਨਾਵਲੀ ਵਜੋਂ ਦਰਜ ਕੀਤਾ ਗਿਆ। 1705 ਈ. ਵਿਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਸ਼ਾਹ ਦੀ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ। ਉਸ ਉਪਰੰਤ ਗੁਰੂ ਗ੍ਰੰਥ ਸਾਹਿਬ ਵਿੱਚ ਕੋਈ ਤਬਦੀਲੀ ਨਹੀਂ ਹੋਈ। ਕਾਵਿ ਬੰਦਾਂ ਦਾ ਕ੍ਰਮ ਅੰਕ ਅਤੇ ਸਾਰੇ ਬੰਦਾਂ ਦਾ ਨਿਰੰਤਰ ਕ੍ਰਮਾਂਕ ਪੂਰੀ ਬਾਣੀ ਵਿਚ ਮੌਜੂਦ ਹੈ ਜਿਸ ਵਿਚ ਕੋਈ ਫੇਰਬਦਲ ਕੀਤਾ ਹੀ ਨਹੀਂ ਸੀ ਜਾ ਸਕਦਾ। ਇਸ ਤਰ੍ਹਾਂ ਸਿੱਖ ਧਰਮ ਦੁਨੀਆਂ ਦਾ ਇੱਕੋ ਇੱਕ ਅਜਿਹਾ ਧਰਮ ਹੈ ਜਿਸ ਦਾ ਧਾਰਮਕ ਗ੍ਰੰਥ ਕਿਸੇ ਵਿਚੋਲੇ ਤੋਂ ਬਿਨਾ ਸਿੱਧਾ ਗੁਰੂ ਸਾਹਿਬਾਨ ਪਾਸੋਂ ਸਿਖਾਂ ਤੱਕ ਪੁੱਜਿਆ ।

ਗੁਰੂ ਸਾਹਿਬਾਨ ਨੇ ਸ਼ਬਦ ਬਾਣੀ ਦੀ ਪ੍ਰਮਾਣਿਕਤਾ ਨੂੰ ਏਨਾ ਸਨਮਾਨ ਦਿੱਤਾ ਕਿ ਜਦੋਂ ਗੁਰੂ ਸਾਹਿਬ ਦੇ ਆਪਣੇ ਪੁੱਤਰ ਰਾਮ ਰਾਏ[36] ਨੇ (ਸ਼ਾਹੀ ਧੌਂਸ ਅਧੀਨ) ਕਿਹਾ," ਸ਼ਬਦ ਮੁਸਲਮਾਨ, ਬੇਈਮਾਨ ਸ਼ਬਦ ਦੀ ਥਾਂ ਤੇ ਗਲਤੀ ਨਾਲ ਛਪ ਗਿਆ ਹੈ" ਤਾਂ ਉਸ ਨੂੰ ਘਰੋਂ ਕੱਢ ਦਿੱਤਾ ਗਿਆ ਅਤੇ ਸਾਰੀ ਉਮਰ ਗੁਰੂ ਸਾਹਿਬ ਨੇ ਉਸ ਨੂੰ ਮੁਆਫ਼ ਨਾ ਕੀਤਾ।

ਪਵਿੱਤਰ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਜਾਂ ਉਨ੍ਹਾਂ ਦੇ ਕਿਸੇ ਅਨੁਯਾਈ ਦੀ ਜੀਵਨੀ ਦਰਜ ਨਹੀਂ ਬਸ ਕੁੱਝ ਇਤਿਹਾਸਕ ਘਟਨਾਵਾਂ ਸੰਬੰਧੀ ਕਿਤੇ ਨਾ ਕਿਤੇ ਕੁੱਝ ਹਵਾਲੇ ਜ਼ਰੂਰ ਦਰਜ ਹਨ। ਸਾਰੇ ਸ਼ਬਦ ਚਾਰ ਸ਼੍ਰੇਣੀਆਂ ਵਿਚ ਵੰਡੇ ਜਾ ਸਕਦੇ ਹਨ।

1. ਪਰਮਾਤਮਾ ਨੂੰ ਸੰਬੋਧਤ ਬੇਨਤੀਆਂ ।
2. ਸਾਧਾਰਨ ਮਨੁੱਖ ਨੂੰ ਜਾਂ ਉਨ੍ਹਾਂ ਦੀ ਆਤਮਾ ਨੂੰ ਸਮਰਪਣ ਆਦਰਸ਼ਕ ਵਿਹਾਰ ਦੀ ਪ੍ਰੇਰਨਾ ਵਾਲੇ ਅਤੇ ਭਗਤੀ ਦ੍ਰਿੜ੍ਹਾਉਣ ਵਾਲੇ ਸ਼ਬਦ ।
3. ਸਮਾਜਕ ਦੁਸ਼ਕਰਮਾਂ ਅਤੇ ਰੀਤਾਂ ਦੀ ਰੋਕਥਾਮ ਸੰਬੰਧੀ ਪ੍ਰੇਰਕ ਸ਼ਬਦ ।
4. ਮਨੁੱਖੀ ਕਮਜ਼ੋਰੀਆਂ ਦੇ ਇਲਾਜ ਸੰਬੰਧੀ ਗਿਆਨ ।

ਪਵਿੱਤਰ ਗੁਰੂ ਗ੍ਰੰਥ ਸਾਹਿਬ ਦਾ ਹਰ ਅਧਿਆਇ ਪਰਮਾਤਮਾ ਨੂੰ ਕੀਤੀ ਬੇਨਤੀ ਨਾਲ ਹੀ ਆਰੰਭ ਹੁੰਦਾ ਹੈ। ਸਾਰਾ ਗੁਰੂ ਗ੍ਰੰਥ ਸਾਹਿਬ ਕਵਿਤਾ ਵਿਚ ਲਿਖਿਆ ਗਿਆ ਅਤੇ ਇਸ ਦੇ 1430 ਅੰਗ (ਪੰਨੇ) ਹਨ। ਇਸ ਦੀ ਬਾਣੀ ਨੂੰ ਗਾਉਣ ਲਈ ਵੱਖਰੇ ਵੱਖਰੇ ਰਾਗ ਨਿਰਧਾਰਿਤ ਹਨ। ਭਾਵੇਂ ਵੱਡੀ ਪੱਧਰ ਤੇ ਸਾਧ ਭਾਸ਼ਾ (ਭਾਰਤ ਦੀ ਰਲਵੀਂ ਜਿਹੀ ਭਾਸ਼ਾ ਜੋ ਤਕਰੀਬਨ ਸਾਰੇ ਭਾਰਤ ਵਿਚ ਹੀ ਸਮਝੀ ਜਾਂਦੀ ਹੈ) ਦੀ ਵਰਤੋਂ ਹੋਈ ਹੈ, ਪੂਰੇ ਗ੍ਰੰਥ ਨੂੰ ਗੁਰਮੁਖੀ ਲਿਪੀ ਵਿਚ ਲਿਖਿਆ ਗਿਆ ਹੈ। ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ 1708 ਈ. ਵਿਚ ਜੋਤੀ ਜੋਤਿ ਸਮਾਉਣ ਸਮੇਂ ਆਪਣੇ ਸਿੱਖਾਂ ਨੂੰ ਗ੍ਰੰਥ ਸਾਹਿਬ ਨੂੰ ਹੀ ਅਧਿਆਤਮਕ ਗੁਰੂ ਮੰਨਣ ਦਾ ਹੁਕਮ ਦਿੱਤਾ ।

36. ਇਹ ਸਿੱਖਾਂ ਦੇ ਸੱਤਵੇਂ ਗੁਰੂ ਸ੍ਰੀ ਹਰਿ ਰਾਇ ਜੀ ਦੇ ਪੁੱਤਰ ਸਨ।

## ਅਨੰਦ (ਖੁਸ਼ੀ) ਦੀ ਭਾਲ ਵਿਚ

"ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ ॥ ਕਿਉ ਪਾਈਐ ਹਰਿ ਰਾਮ ਸਹਾਈ ॥ਰਹਾਉ॥ ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ। ਊਚੇ ਮੰਦਰ ਸੁੰਦਰ ਛਾਇਆ ॥ ਝੂਠੇ ਲਾਲਚਿ ਜਨਮੁ ਗਵਾਇਆ ॥ ਹਸਤੀ ਘੋੜੇ ਦੇਖਿ ਵਿਗਾਸਾ ॥ ਲਸਕਰ ਜੋੜੇ ਨੇਬ ਖਵਾਸਾ ॥ ਗਲਿ ਜੇਵੜੀ ਹਉਮੈ ਕੇ ਫਾਸਾ ॥ ਰਾਜ ਕਮਾਵੈ ਦਹ ਦਿਸ ਸਾਰੀ ॥ ਮਾਣੈ ਰੰਗ ਭੋਗ ਬਹੁ ਨਾਰੀ ॥ ਜਿਉ ਨਰਪਤਿ ਸੁਪਨੈ ਭੇਖਾਰੀ ॥ ਏਕੁ ਕੁਸਲੁ ਮੋ ਕਉ ਸਤਿਗੁਰੂ ਬਤਾਇਆ॥ ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ ॥ ਜਨ ਨਾਨਕ ਹਉਮੈ ਮਾਰਿ ਸਮਾਇਆ ॥ ਇਨ ਬਿਧਿ ਕੁਸਲ ਹੋਤ ਮੇਰੇ ਭਾਈ ॥ ਇਉ ਪਾਈਐ ਹਰਿ ਰਾਮ ਸਹਾਈ॥**1**॥" (ਪੰਨਾ **176**)

ਹੇ ਭਾਈ ਮੈਂ ਖੁਸ਼ੀ ਕਿਵੇਂ ਹਾਸਲ ਕਰ ਸਕਦਾ ਹਾਂ? ਪਰਮਾਤਮਾ ਦੀ ਸਹਾਇਤਾ ਅਤੇ ਬਖਸ਼ਿਸ਼ ਕਿਵੇਂ ਹਾਸਲ ਹੋ ਸਕਦੀ ਹੈ? ਆਪਣੇ ਘਰ, ਮਹਿਲ, ਮੁਨਾਰੇ ਜੋ ਸੋਹਣੀ ਛਾਇਆ ਕਰਦੇ ਹਨ, ਹਾਸਲ ਕਰਨ ਨਾਲ ਖੁਸ਼ੀ ਨਹੀਂ ਮਿਲਦੀ ਕਿਉਂਕਿ ਇਹ ਤਾਂ ਸਭ ਕੁਝ ਮਾਇਆ ਦਾ ਰੂਪ ਹੈ। ਝੂਠੇ ਲਾਲਚ ਵਿਚ ਇਹ ਕੀਮਤੀ ਜਨਮ ਗੁਆਇਆ ਜਾ ਰਿਹਾ ਹੈ। ਬਾਦਸ਼ਾਹ ਆਪਣੇ ਘੋੜੇ, ਹਾਥੀ, ਫੌਜ ਅਤੇ ਨੌਕਰ ਚਾਕਰ ਵੇਖ ਕੇ ਪ੍ਰਸੰਨ ਹੁੰਦਾ ਹੈ। ਪਰੰਤੂ ਉਹ ਇਹ ਨਹੀਂ ਜਾਣਦਾ ਕਿ ਉਸ ਦੇ ਗਲ ਵਿਚ ਹੰਕਾਰ (ਹਉਮੈ) ਦੀ ਫਾਹੀ ਕਸੀ ਜਾ ਰਹੀ ਹੈ। ਉਸ ਦਾ ਰਾਜ ਦਸਾਂ ਦਿਸ਼ਾਵਾਂ ਵਿਚ ਹੋ ਸਕਦਾ ਹੈ, ਉਹ ਵੱਖੋ ਵੱਖਰੇ ਅਨੰਦ, ਕਾਮ ਆਦਿ ਦੀ ਪ੍ਰਾਪਤੀ ਵੀ ਕਰ ਸਕਦਾ ਹੈ ਪਰੰਤੂ ਉਸਦੀ ਹਸਤੀ ਇੱਕ ਭਿਖਾਰੀ ਵਾਂਗ ਹੈ, ਜੋ ਕੇਵਲ ਸੁਪਨੇ ਵਿਚ ਹੀ ਸ਼ਾਹੀ ਜ਼ਿੰਦਗੀ ਭੋਗਦਾ ਹੈ। ਸਚੇ ਗੁਰੂ ਨੇ ਸਿਰਫ਼ ਇਕ ਖੁਸ਼ੀ ਬਾਰੇ ਹੀ ਦੱਸਿਆ ਹੈ, ਉਹ ਇਹ ਹੈ ਕਿ ਪਰਮਾਤਮਾ ਜੋ ਕੁੱਝ ਵੀ ਕਰਦਾ ਹੈ, ਉਸਦੇ ਭਾਣੇ ਨੂੰ ਉਸਦੇ ਭਗਤ ਖੁਸ਼ੀ-ਖੁਸ਼ੀ ਪ੍ਰਵਾਨ ਕਰਨ। ਦਾਸ ਨਾਨਕ ਤਾਂ ਆਪਣੀ ਹਉਮੈ ਮਾਰ ਮੁਕਾ ਕੇ ਪਰਮਾਤਮਾ ਵਿਚ ਹੀ ਸਮਾ ਚੁੱਕਾ ਹੈ। ਅਨੰਦ ਦੀ ਪ੍ਰਾਪਤੀ ਦਾ ਇਹੋ ਇੱਕ ਢੰਗ ਹੈ। ਹੇ ਭਾਈ ਪਰਮਾਤਮਾ ਦੀ ਸਹਾਇਤਾ ਅਤੇ ਬਖਸ਼ਿਸ਼ ਸਿਰਫ ਇਸੇ ਢੰਗ ਨਾਲ ਹੀ ਹਾਸਲ ਕੀਤੀ ਜਾ ਸਕਦੀ ਹੈ। (ਗੁਰੂ ਗ੍ਰੰਥ ਸਾਹਿਬ ਪੰਨਾ-176)

□□□



ਅਧਿਆਇ-3

# ਪਰਮਾਤਮਾ

### 3.1 ਪਰਮਾਤਮਾ :

ਈਸਾਈ ਵਿਸ਼ਵਾਸ਼ ਕਰਦੇ ਹਨ ਕਿ ਯੀਸੂ ਆਪ ਹੀ ਪਰਮਾਤਮਾ ਸਨ ਅਤੇ ਉਨ੍ਹਾਂ ਤੋਂ ਬਿਨਾਂ ਹੋਰ ਕਿਸੇ ਪਰਮਾਤਮਾ ਦੀ ਹੋਂਦ ਨਹੀਂ। ਇਹ ਬਿਆਨ ਚਿਰੋਕਾ ਪਹਿਲਾਂ 325 ਈ. ਵਿਚ ਨੀਸ਼ੀਆ ਕੌਂਸਿਲ ਵਲੋਂ ਜਾਰੀ ਹੋਇਆ ਸੀ। ਕੌਂਸਿਲ ਇਸ ਨਤੀਜੇ ਤੇ ਪਹੁੰਚੀ ਕਿ ਯੀਸੂ 'ਪਰਮਾਤਮਾ ਹੀ ਪਰਮਾਤਮਾ ਹੈ'। ਮੰਨਿਆ ਜਾਂਦਾ ਹੈ ਕਿ ਯੀਸੂ ਨੇ ਆਪ ਹੀ ਕਿਹਾ ਹੈ ਕਿ ਮੈਂ ਹੀ ਪਹਿਲਾ ਅਤੇ ਮੈਂ ਹੀ ਅੰਤਮ ਹਾਂ ਅਤੇ ਮੇਰੇ ਤੋਂ ਇਲਾਵਾ ਹੋਰ ਕੋਈ ਰੱਬ ਨਹੀਂ। (ਈਸਾਹਿਆ 44:6)

ਪਰ ਬਾਈਬਲ ਪਰਮਾਤਮਾ ਦੇ ਮਨੁੱਖੀ ਸਰੂਪ ਵਿਚ ਹੋਣ ਦੀ ਸ਼ਾਹਦੀ ਭਰਦੀ ਹੈ। ਰੋਮਨ 1:3 ਵਿਚ ਅਸੀਂ ਪੜ੍ਹਦੇ ਹਾਂ, "ਆਪਣੇ ਪੁੱਤਰ ਅਤੇ ਸਾਡੇ ਨਬੀ ਯੀਸੂ ਤੋਂ **ਜਿਸ ਨੂੰ ਡੇਵਿਡ ਦੇ ਬੀਜ ਤੋਂ ਮਨੁੱਖੀ ਜੂਨ ਵਿਚ ਪੈਦਾ ਕੀਤਾ ਗਿਆ ਸੀ।**" ਫਿਰ ਜੌਹਨ 1:45 ਵਿਚ ਸਪਸ਼ਟ ਤੌਰ ਤੇ ਇਹ ਕਿਹਾ ਗਿਆ ਹੈ ਕਿ ਯੀਸੂ ਮਸੀਹ "ਜੌਸੇਫ ਦਾ ਪੁੱਤਰ" ਸੀ।

ਈਸਾਈਆਂ ਦੇ ਰੱਬ ਦੇ ਮਨੁੱਖੀ ਸੁਭਾਅ ਨੂੰ ਤਾਂ ਬਾਈਬਲ (ਜੌਹਨ 4:6) ਆਪ ਹੀ ਪ੍ਰਗਟ ਕਰਦੀ ਹੈ। ਉਸ ਨੂੰ ਮਨੁਖਾਂ ਵਾਂਗ ਹੀ ਭੁੱਖ ਲੱਗਦੀ ਸੀ (ਮੈਥਿਊ 4:2 ਅਤੇ 21:17 ਅਤੇ ਮਾਰਕ 11:12)[37] ਉਹ ਗੁੱਸੇ ਵਿਚ ਵੀ ਆ ਜਾਂਦਾ ਸੀ (ਮਾਰਕ 11:-12-13) ਅਤੇ ਉਸ ਨੇ ਸਾਡੇ ਵਾਂਗ ਹੀ ਵਸਤਰ ਪਹਿਨਿਆ (ਜੌਹਨ 4:6) ਹੋਇਆ ਸੀ। ਉਸ ਨੇ ਸਾਡੇ ਵਾਂਗ ਸਿੱਖਿਆ ਲਈ (ਲਿਊਕ 2:52) ਪਿਆਰ ਕੀਤਾ (ਮਾਰਕ 10:21) ਪ੍ਰਾਰਥਨਾ ਕੀਤੀ (ਮਾਰਕ 1:35 ਅਤੇ ਲਿਊਕ 6:12) ਅਤੇ ਸਾਡੇ ਵਾਂਗ ਹੀ ਦੁੱਖ ਅਨੁਭਵ ਕੀਤਾ (ਜੌਹਨ 11:35)। ਉਸਨੇ ਸਾਡੇ ਵਾਂਗ ਹੀ ਕੰਮ ਕੀਤਾ (ਮਾਰਕ 6:3) ਟੈਕਸ ਭਰਿਆ (ਮੈਥਿਊ 22:21) ਅਤੇ ਉਹ ਬਾਕੀ ਮਨੁੱਖਾਂ ਵਾਂਗ ਹੀ ਦੁਖੀ ਹੋਇਆ (ਮੈਥਿਊ 26:37-38)। ਉਹ ਰੋਇਆ ਵੀ (ਜੌਹਨ 11:35) ਅਤੇ ਯੀਸੂ ਨੇ ਉੱਚੀ ਆਵਾਜ਼ ਵਿਚ ਚੀਕ ਮਾਰ ਕੇ ਆਤਮਾ ਛੱਡ ਦਿੱਤੀ (ਮਾਰਕ : 15:37)। ਬਾਕੀ ਮਨੁੱਖਾਂ ਵਾਂਗ ਉਹ ਵੀ ਮਰਿਆ (ਜੌਹਨ 19:33)।

ਸੂਲੀ ਚੜ੍ਹਨ ਸਮੇਂ ਯੀਸੂ ਨੇ ਪ੍ਰਾਰਥਨਾ ਕੀਤੀ, "ਮੇਰੇ ਪਿਤਾ, ਮੇਰੇ ਪਿਤਾ ਤੂੰ ਮੈਨੂੰ ਤਿਆਗ ਕਿਉਂ ਦਿੱਤਾ ਹੈ।" (ਮੈਥ 27:46) ਇੰਝ ਜਾਪਦਾ ਹੈ ਜਿਵੇਂ ਕਿ ਯੀਸੂ ਆਪ ਹੀ ਪਰਮਾਤਮਾ ਦੀ ਹਸਤੀ ਵਖਰੀ ਮੰਨਦਾ ਸੀ ਨਹੀਂ ਤਾਂ ਜੇਕਰ ਉਹ ਆਪ ਹੀ

37. ਜੇਕਰ ਯੀਸੂ ਨੇ ਸਿਰਫ ਇਸ ਲਈ ਹੀ ਖਾਣਾ ਖਾਧਾ ਕਿ ਉਹ ਇਹ ਦੱਸਣਾ ਚਾਹੁੰਦੇ ਸਨ ਕਿ ਉਹ ਖਾ ਸਕਦੇ ਹਨ ਜਦ ਕਿ ਉਨ੍ਹਾਂ ਨੂੰ ਭੋਜਨ ਦੀ ਲੋੜ ਨਹੀਂ ਸੀ ਤਾਂ ਇਹ ਵਿਖਾਵਾ ਸੀ। (ਇਨ ਕੁਐਸਟ ਆਫ ਦ ਹਿਸਟੋਰੀਕਲ ਜੀਸਸ ਪੰਨਾ 64)

**ਪਰਮਾਤਮਾ ਸੀ ਤਾਂ ਉਸਨੇ ਕਿਸੇ ਹੋਰ ਪਰਮਾਤਮਾ ਦੀ ਮੱਦਦ ਵਾਸਤੇ ਪ੍ਰਾਰਥਨਾ ਕਿਉਂ ਕੀਤੀ?**

**ਸਿੱਖ ਦ੍ਰਿਸ਼ਟੀਕੋਣ : ਸਿੱਖ ਵਿਸ਼ਵਾਸ਼ ਅਨੁਸਾਰ ਸਿਰਫ ਇੱਕ ਪਰਮਾਤਮਾ ਦੀ ਹੀ ਹੋਂਦ ਹੈ ਅਤੇ ਉਹ ਜਨਮ ਮਰਨ ਵਿਚ ਨਹੀਂ ਆਉਂਦਾ। ਉਹ ਮਨੁੱਖ ਨਹੀਂ ਹੈ ਅਤੇ ਮਨੁੱਖੀ ਥਕਾਵਟ ਨੀਂਦ ਭੁੱਖ ਆਦਿ ਉਸਨੂੰ ਮਹਿਸੂਸ ਨਹੀਂ ਹੁੰਦੀ। ਉਸ ਵਰਗਾ ਹੋਰ ਕੋਈ ਵੀ ਨਹੀਂ। ਉਸਨੂੰ ਕੇਵਲ ਮਨ ਦੀ ਅੱਖ ਨਾਲ ਹੀ ਵੇਖਿਆ ਜਾ ਸਕਦਾ ਹੈ ।**

**ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ**
**ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ॥**

*(ਪੰਨਾ-597)*

ਉਸ ਦਾ ਕੋਈ ਮਾਂ ਬਾਪ ਜਾਂ ਰਿਸ਼ਤੇਦਾਰ ਨਹੀਂ। ਉਹ ਕਾਮ ਚੇਸ਼ਟਾ ਤੋਂ ਮੁਕਤ ਹੈ। ਉਸ ਦੀ ਨਾ ਕੋਈ ਪਤਨੀ ਹੈ ਅਤੇ ਨਾ ਕੋਈ ਕੁਨਬਾ। ਉਹ ਨਿਰਮਲ,ਅਪਹੁੰਚ ਅਤੇ ਅਸੀਮ ਹੈ ।ਉਸ ਦਾ ਪ੍ਰਕਾਸ਼ ਹੀ ਹਰ ਥਾਂ ਪ੍ਰਕਾਸ਼ ਬਖ਼ਸ਼ ਰਿਹਾ ਹੈ ।

**ਤਿਸਹਿ ਸਰੀਕੁ ਨ ਦੀਸੈ ਕੋਈ ਆਪੇ ਅਪਰ ਅਪਾਰਾ ਹੇ॥**

*(ਪੰਨਾ-1026)*

ਉਸ ਦਾ ਕੋਈ ਸ਼ਰੀਕ ਨਹੀਂ। ਉਹ ਬੇਅੰਤ ਤੇ ਅਗੰਮ ਹੈ ।

**"ਏਕਮ ਏਕੰਕਾਰੁ ਨਿਰਾਲਾ॥**
**ਅਮਰ ਅਜੋਨੀ ਜਾਤਿ ਨ ਜਾਲਾ॥**
**ਅਗਮ ਅਗੋਚਰੁ ਰੂਪੁ ਨ ਰੇਖਿਆ॥**
**ਖੋਜਤ ਖੋਜਤ ਘਟਿ ਘਟਿ ਦੇਖਿਆ॥**

ਪ੍ਰਭੂ ਇੱਕ ਹੈ ਉਸ ਵਰਗਾ ਹੋਰ ਕੋਈ ਨਹੀਂ ਹੈ ।ਉਹ ਅਮਰ ਹੈ ਜਨਮਦਾ ਨਹੀਂ ਤੇ ਨਾ ਹੀ ਉਸ ਦੀ ਕੋਈ ਜ਼ਾਤ ਹੈ ।ਉਹ ਅਪਹੁੰਚ ਹੈ ਤੇ ਉਸ ਦਾ ਕੋਈ ਚਿਹਨ ਚੱਕਰ ਵੀ ਨਹੀਂ। ਖੋਜ ਵਾਲਿਆ ਨੇ ਖੋਜ ਖੋਜ ਕੇ ਉਸ ਨੂੰ ਹਰ ਵਸਤੂ ਵਿੱਚ ਵੇਖਿਆ ਹੈ ।

**ਸਗਲ ਪਰਾਧ ਦੇਹਿ ਲੋਰੋਨੀ ਸੋ ਮੁਖੁ ਜਲਉ**
**ਜਿਤੁ ਕਹਹਿ ਠਾਕੁਰੁ ਜੋਨੀ**
**ਜਨਮਿ ਨ ਮਰੈ ਨ ਆਵੈ ਨ ਜਾਇ ਨਾਨਕ**
**ਕਾ ਪ੍ਰਭ ਰਹਿਓ ਸਮਾਇ**

*(ਪੰਨਾ-1136)*



ਤੁਸੀਂ ਪਰਮਾਤਮਾ ਨੂੰ ਮਨੁੱਖੀ ਜੂਨ ਵਿਚ ਦੇਖਦੇ ਹੋ ਤਾਂ ਇਹ ਸਾਰੇ ਪਾਪਾਂ ਦਾ ਮੂਲ ਹੈ। ਅਜਿਹਾ ਮੂੰਹ ਸੜ ਜਾਣਾ ਚਾਹੀਦਾ ਹੈ ਜੋ ਇਹ ਕਹਿੰਦਾ ਹੈ ਕਿ ਸਾਡਾ ਰੱਬ, ਸਾਡਾ ਮਾਲਕ ਜਨਮ ਲੈਂਦਾ ਹੈ। ਉਹ ਨਾ ਤਾਂ ਜੰਮਦਾ ਹੈ ਅਤੇ ਨਾ ਹੀ ਮਰਦਾ ਹੈ, ਉਹ ਪੁਨਰਜਨਮ ਦੇ ਗੇੜ ਵਿਚ ਨਹੀਂ ਆਉਂਦਾ। ਨਾਨਕ ਦੇਵ ਵਿਸ਼ਵਾਸ਼ ਕਰਦਾ ਹੈ ਕਿ ਪਰਮਾਤਮਾ ਹਰ ਜਗ੍ਹਾ ਆਪ ਹੀ ਵਿਆਪਕ ਹੈ। (ਗੁਰੂ ਗ੍ਰੰਥ ਸਾਹਿਬ ਪੰਨਾ-1136)

ਸਿੱਖ ਧਰਮ ਅਨੁਸਾਰ ਤਾਂ ਇਹ ਕਹਿਣਾ ਮਹਾਂ ਗੁਨਾਹ ਹੈ ਕਿ ਕੋਈ ਵਿਅਕਤੀ ਰੱਬ ਹੈ। ਸਿੱਖ ਧਰਮ ਦਾ ਮੁੱਢਲਾ ਸਿਧਾਂਤ ਹੀ ਅਜੂਨੀ ਸੈਭੰ ਹੈ, ਭਾਵ ਪਰਮਾਤਮਾ ਕੁੱਖ ਵਿਚ ਆ ਹੀ ਨਹੀਂ ਸਕਦਾ। ਉਹ ਸਵੈਪ੍ਰਕਾਸ਼, ਸਵੈਹੋਂਦ ਦਾ ਮਾਲਕ ਹੈ।

ਈਸਾਈ ਵਿਦਵਾਨ ਬਾਈਬਲ ਦੀ ਇਸ ਲਾਈਨ ਦਾ ਅਰਥ ਪਤਾ ਨਹੀਂ ਕਿਵੇਂ ਕਰਦੇ ਹਨ ਕਿ "ਪਰਮਾਤਮਾ ਕੇਵਲ ਇੱਕ ਹੈ ਅਤੇ ਸਭ ਦਾ ਪਿਤਾ ਹੈ। ਉਸ ਨੂੰ ਕਿਸੇ ਨੇ ਨਹੀਂ ਵੇਖਿਆ।" (ਜੌਹਨ-1:18)

**ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ॥ਸਭ ਗੋਬਿੰਦੁ ਹੈ ਸਭ ਗੋਬਿੰਦੁ ਹੈ ਗੋਬਿੰਦੁ ਬਿਨੁ ਨਹੀਂ ਕੋਈ॥ ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥ ਰਹਾਉ। ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥ ਇਹ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥ ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ॥ ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ॥3॥ ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ॥ ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ॥4॥2॥** *(ਪੰਨਾ-485)*

ਇਕ ਵਿੱਚ, ਅਨੇਕਾਂ ਵਿਚ ਉਹ ਪੂਰਕ ਆਪ ਹੀ ਸਮਾਇਆ ਹੋਇਆ ਹੈ, ਜਿੱਥੇ ਵੀ ਮੈਂ ਵੇਖਦਾ ਹਾਂ, ਉਹ ਆਪ ਹੀ ਵਿਖਾਈ ਦਿੰਦਾ ਹੈ। ਮਾਇਆ ਦੀ ਸੁੰਦਰ ਤਸਵੀਰ ਨੂੰ ਕੋਈ ਵਿਰਲਾ ਹੀ ਪਛਾਣ ਸਕਦਾ ਹੈ। ਪਰਮਾਤਮਾ ਹੀ ਸਭ ਕੁੱਝ ਹੈ, ਪਰਮਾਤਮਾ ਹੀ ਸਭ ਕੁੱਝ ਹੈ, ਉਸ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ। ਜਿਵੇਂ ਇਕ ਹੀ ਡੋਰੀ ਵਿਚ ਹਜ਼ਾਰਾਂ ਮੋਤੀ ਪ੍ਰੋਏ ਜਾ ਸਕਦੇ ਹਨ। ਪਰਮਾਤਮਾ ਆਪਣੀ ਰਚਨਾ ਵਿਚ ਇਸੇ ਤਰ੍ਹਾ ਰਮਿਆ ਹੋਇਆ ਹੈ। ਪਾਣੀ ਦੀਆਂ ਲਹਿਰਾਂ, ਝੱਗ, ਬੁਲਬੁਲੇ ਪਾਣੀ ਤੋਂ ਕਦੇ ਵੀ ਭਿੰਨ ਨਹੀਂ ਹੁੰਦੇ। ਸਰਬਸ਼ਕਤੀਮਾਨ ਪਰਮਾਤਮਾ ਲਈ ਇਹ ਦੁਨੀਆਂ ਤਾਂ ਇਕ ਖੇਡ ਵਾਂਗ ਹੈ। ਸਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਇਹ ਸੰਸਾਰ ਉਸ ਤੋਂ ਭਿੰਨ ਨਹੀਂ ਹੈ। ਮਨੁੱਖ ਝੂਠੇ ਸੁਫਨਿਆਂ ਨੂੰ ਤੇ ਭੁਲੇਖਿਆ ਨੂੰ ਸਚ ਸਮਝ ਬੈਠਦਾ

ਹੈ। ਗੁਰੂ ਨੇ ਮੈਨੂੰ ਚੰਗੇ ਕਰਮ ਕਰਨ ਦੀ ਸਿੱਖਿਆ ਦਿੱਤੀ ਹੈ ਅਤੇ ਮੇਰੇ ਜਾਗੇ ਹੋਏ ਮਨ ਨੇ ਇਸ ਨੂੰ ਸਵੀਕਾਰ ਕਰ ਲਿਆ ਹੈ। ਨਾਮਦੇਵ ਆਖਦੇ ਹਨ ਕਿ ਪਰਮਾਤਮਾ ਦੀ ਰਚਨਾ ਵੇਖੋ ਅਤੇ ਇਸ ਬਾਰੇ ਮਨ ਵਿਚ ਵਿਚਾਰ ਕਰੋ। ਹਰ ਇਕ ਹਿਰਦੇ ਦੀ ਧੁਰ ਗਹਿਰਾਈ ਅੰਦਰ ਉਸ ਪਰਮਾਤਮਾ ਦਾ ਹੀ ਨਿਵਾਸ ਹੈ। (ਪੰਨਾ-485)

## 3.2 ਪਰਮਾਤਮਾ ਦਾ ਘਰ

ਬਾਈਬਲ ਅਨੁਸਾਰ ਪਰਮਾਤਮਾ ਆਪਣੀ ਰਚਨਾ ਤੋਂ ਬਹੁਤ ਦੂਰ ਉਪਰ ਸਵਰਗ ਵਿਚ ਵਸਦਾ ਹੈ। "ਸਾਡਾ ਪਿਤਾ, ਸਵਰਗ ਵਿਚ ਵਸਦਾ ਹੈ, ਉਸ ਦਾ ਨਾਮ ਪਵਿੱਤਰ ਹੈ "। (ਮੈਥਿਊ 6:9) ਬਾਈਬਲ ਵਿਚ ਇਹ ਵੀ ਕਿਹਾ ਗਿਆ ਹੈ ਕਿ ਪਰਮਾਤਮਾ 'ਜ਼ਾਇਓਨ' ਵਿਚ ਵੱਸਦਾ ਹੈ। "ਤੁਹਾਨੂੰ ਪਤਾ ਹੋਵੇਗਾ ਕਿ ਮੈਂ, ਤੁਹਾਡਾ ਮਾਲਕ ਪਰਮਾਤਮਾ, ਜ਼ਾਇਓਨ ਵਿਚ ਵੱਸਦਾ ਹਾਂ, ਜਿਸ ਪਹਾੜੀ ਤੇ ਮੈਂ ਰਹਿੰਦਾ ਹਾਂ ਇਹ ਪਹਾੜੀ ਪਵਿੱਤਰ ਹੋ ਜਾਵੇਗੀ ਅਤੇ ਕੋਈ ਵੀ ਵਿਦੇਸ਼ੀ ਇਸ ਨੂੰ ਜਿੱਤ ਨਹੀਂ ਸਕੇਗਾ (ਜੋਇਲ 3:17)

ਯੀਸੂ (ਜਿਸ ਨੂੰ ਪਰਮਾਤਮਾ ਮੰਨਿਆ ਜਾ ਰਿਹਾ ਹੈ ) ਦੂਜੇ ਮਨੁੱਖਾਂ ਵਾਂਗ ਹੀ ਇਸ ਧਰਤੀ ਤੇ ਰਿਹਾ ਅਤੇ ਉਨ੍ਹਾਂ ਵਾਂਗ ਹੀ ਮਰਿਆ। ਉਹ ਇਕੋ ਵੇਲੇ ਦੋ ਥਾਵਾਂ (ਸਵਰਗ ਅਤੇ ਜ਼ਾਇਓਨ) ਵਿਚ ਨਹੀਂ ਸੀ ਹੋ ਸਕਦਾ। ਜੇਕਰ ਉਹ ਜ਼ਾਇਓਨ ਵਿਚ ਵੱਸਦਾ ਹੈ (ਅਤੇ ਜ਼ਾਇਓਨ ਸਵਰਗ ਹੈ) ਫਿਰ ਤਾਂ ਇਹ ਵੀ ਮੰਨਣਾ ਪਵੇਗਾ ਕਿ ਲੋਕ ਮਰਜ਼ੀ ਨਾਲ ਹੀ ਸਵਰਗ ਵਿਚ (ਜ਼ਾਇਓਨ ਵਿੱਚ) ਆ ਜਾ ਸਕਦੇ ਹਨ। ਸਵਰਗ ਨੂੰ ਬਾਈਬਲ ਵਿਚ ਬਹੁਤ ਸਥਾਨਾਂ ਤੇ ਪੇਸ਼ ਕੀਤਾ ਗਿਆ ਹੈ ਪਰ ਕਿਤੇ ਵੀ ਇਸਦਾ ਅਰਥ ਸਪਸ਼ਟ ਨਹੀਂ ਹੁੰਦਾ।

ਜਿੱਥੋਂ ਤੱਕ ਯੇਰੂਸ਼ਲਮ ਉਪਰ ਹਮਲੇ ਦੀ ਗੱਲ ਹੈ, ਅਸੀਂ ਜਾਣਦੇ ਹਾਂ ਕਿ ਇਸ ਉਪਰ ਯੀਸੂ ਦੀ ਮੌਤ ਉਪਰੰਤ ਅਨੇਕਾਂ ਵਾਰ ਹੀ ਹਮਲਾ ਹੋਇਆ ਅਤੇ ਅੱਜਕਲ੍ਹ ਵੀ ਇਹ ਬਹੁਤ ਵਿਵਾਦਪੂਰਣ ਤੇ ਖ਼ਤਰਨਾਕ ਇਲਾਕਾ ਹੈ।

### ਸਿੱਖ ਦ੍ਰਿਸ਼ਟੀਕੋਣ :

ਸਿੱਖ ਮਤ ਅਨੁਸਾਰ ਪਰਮਾਤਮਾ ਕਿਸੇ ਕਾਲਪਨਿਕ ਸਵਰਗ ਜਾਂ ਆਪਣੀ ਸ੍ਰਿਸ਼ਟੀ ਤੋਂ ਦੂਰ ਕਿਸੇ ਪਹਾੜੀ ਤੇ ਨਹੀਂ ਸਗੋਂ ਸ੍ਰਿਸ਼ਟੀ ਵਿਚ ਹੀ ਵੱਸਦਾ ਹੈ।

**ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥**
**ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥**

*(ਪੰਨਾ-627)*



ਜਿਵੇਂ ਸਾਰੀ ਬਨਸਪਤੀ ਵਿਚ ਅੱਗ ਵਸਦੀ ਹੈ, ਸਾਰੇ ਦੁੱਧ ਵਿਚ ਘੀ ਮੌਜੂਦ ਹੁੰਦਾ ਹੈ, ਬਿਲਕੁਲ ਉਵੇਂ ਹੀ ਉੱਚੀ ਅਤੇ ਨੀਵੀਂ ਹਰ ਚੀਜ਼ ਵਿਚ ਪਰਮਾਤਮਾ ਦਾ ਹੀ ਵਾਸਾ ਹੈ। (ਪੰਨਾ-617)

**ਬਲਿਹਾਰੀ ਕੁਦਰਤਿ ਵਸਿਆ॥**
**ਤੇਰਾ ਅੰਤੁ ਨ ਜਾਈ ਲਖਿਆ॥**

*(ਪੰਨਾ-469)*

ਐ ਪਰਮਾਤਮਾ ਤੂੰ ਸ੍ਰਿਸ਼ਟੀ ਵਿਚ ਵੱਸਦਾ ਹੈਂ। ਮੈਂ ਤੇਰੇ ਤੋਂ ਬਲਿਹਾਰ ਜਾਂਦਾ ਹਾਂ ਪਰ ਫਿਰ ਵੀ ਅਸੀਂ ਤੇਰਾ ਅੰਤ ਨਹੀਂ ਜਾਣ ਸਕਦੇ। (ਪੰਨਾ-469)

**ਲਗੜੀਆ ਪਿਰੀਅੰਨਿ ਪੇਖੰਦੀਆ ਨਾ ਤਿਪੀਆ॥**
**ਹਭ ਮਝਾਹੂ ਸੋ ਧਣੀ ਬਿਆ ਨ ਡਿਠੋ ਕੋਇ॥**

*(ਪੰਨਾ-1101)*

ਮੇਰੀਆਂ ਅੱਖਾਂ ਪਰਮਾਤਮਾ ਤੇ ਟਿਕੀਆਂ ਹਨ ਅਤੇ ਉਸ ਨੂੰ ਵੇਖਦੀਆਂ ਥੱਕਦੀਆਂ ਨਹੀਂ। ਮੈਂ ਹਰ ਵਸਤੂ ਵਿਚ ਉਸਨੂੰ ਹੀ ਵੇਖਦਾ ਹਾਂ ਅਤੇ ਉਸ ਤੋਂ ਬਿਨਾਂ ਮੈਂ ਕਿਸੇ ਵੀ ਵਸਤੂ ਨੂੰ ਕਦੇ ਨਹੀਂ ਵੇਖਿਆ।

ਪਰਮਾਤਮਾ ਸਰੀਰ ਰਹਿਤ ਹੈ ਅਤੇ ਸਾਡੇ ਮਨਾਂ ਵਿਚ ਵੱਸਦਾ ਹੈ। ਜਿੰਨਾ ਮਨ ਸ਼ੁੱਧ ਹੋਵੇਗਾ, ਕੋਈ ਵਿਅਕਤੀ ਪਰਮਾਤਮਾ ਦੇ ਓਨਾ ਹੀ ਨੇੜੇ ਹੋਵੇਗਾ।[38]

**ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲ ਪਛਾਣੁ॥**

*(ਪੰਨਾ-442)*

ਐ ਮੇਰੇ ਮਨ ਤੂੰ ਪਰਮਾਤਮਾ ਦਾ ਨੂਰੀ ਅੰਸ਼ ਹੈਂ। ਆਪਣੇ ਮੂਲ ਦੀ ਪਛਾਣ ਕਰ। ਗੁਰੂ ਜੀ ਫੁਰਮਾਨ ਕਰਦੇ ਹਨ :

**ਮੇਰੀ ਮੇਰੀ ਧਾਰਿ ਬੰਧਨਿ ਬੰਧਿਆ**
**ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ॥**

*(ਪੰਨਾ-761)*

ਮਨੁੱਖ ਦੀ ਹਉਮੈ ਉਸਨੂੰ ਜਕੜ ਲੈਂਦੀ ਹੈ। ਦੁਨਿਆਵੀ ਮਾਇਆ ਵਿਚ ਬਹੁਤ ਗਲਤਾਣ ਵਿਅਕਤੀ ਦਾ ਸਵਰਗ ਵੀ ਨਰਕ ਵਿਚ ਤਬਦੀਲ ਹੋ ਜਾਂਦਾ ਹੈ। (ਪੰਨਾ-761)

**ਤਹਾ ਬੈਕੁੰਠ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ॥**

*(ਪੰਨਾ-749)*

---

38. ਪਵਿੱਤਰ ਕੁਰਾਨ ਦਾ ਕਥਨ ਹੈ "ਫਸੁਮਾ ਵਜੂਲਾ" (ਪਰਮਾਤਮਾ ਦੀ ਜੋਤਿ ਸਭ ਜਗ੍ਹਾ ਹੈ) ਅਤੇ ਵਫੀਆ-ਨ-ਫੋਸ-ਕੁਮ) (ਮੈਨੂੰ ਆਪਣੇ ਹੀ ਅੰਦਰ ਲੱਭੋ) "ਦ ਕਿੰਗਡਮ ਆਫ ਗੌਡ ਇਜ਼ ਵਿਦਿਨ ਯੂ (ਲਿਊਕ 17:21)

ਜਿੱਥੇ ਤੇਰੀ ਪ੍ਰਸ਼ੰਸ਼ਾ ਹੁੰਦੀ ਹੈ, ਉਥੇ ਹੀ ਸਵਰਗ ਹੈ। ਐ ਪਰਮਾਤਮਾ ਤੂੰ ਆਪ ਹੀ ਆਪਣੀ ਸ਼ਰਧਾ ਦਾ ਬੂਟਾ ਸਾਡੇ ਮਨ ਵਿਚ ਲਾਇਆ ਹੈ ਤਾਂ ਜੋ ਅਸੀਂ ਸਵਰਗ ਦਾ ਆਨੰਦ ਮਾਣ ਸਕੀਏ। (ਪੰਨਾ 749)

## 3.3 ਪਰਮਾਤਮਾ ਦਾ ਜਨਮ ਅਤੇ ਮੌਤ :

ਬਾਈਬਲ ਵਿਚ ਅਸੀਂ ਪੜ੍ਹਦੇ ਹਾਂ ਕਿ ਯੀਸੂ ਦਾ ਜਨਮ ਮੈਰੀ ਦੀ ਕੁੱਖੋਂ ਹੋਇਆ। ਭਾਵੇਂ ਉਸਦਾ ਗਰਭ ਪਰਮਾਤਮਾ ਜਾਂ ਉਸਦੇ ਦੂਤ ਫਰਿਸ਼ਤੇ ਰਾਹੀਂ ਹੋਇਆ ਮੰਨਿਆ ਜਾਂਦਾ ਹੈ ਪਰ ਇਹ ਗੱਲ ਤਾਂ ਸਭ ਪ੍ਰਵਾਨ ਕਰਦੇ ਹਨ ਕਿ ਉਹ ਦੂਜੇ ਲੋਕਾਂ ਵਾਂਗ ਕਿਸੇ ਇਨਸਾਨ ਨੂੰ ਹੀ ਜੰਮਿਆ ਸੀ। ਕਿਸੇ ਫਰਿਸ਼ਤੇ ਦੇ ਰਾਹੀਂ ਅਜਿਹਾ ਵਾਪਰਨਾ ਇਸ ਗੱਲ ਦਾ ਪ੍ਰਮਾਣ ਹੈ ਕਿ ਯੀਸੂ ਵਰਗੇ ਰੱਬ ਅਖਵਾਉਣ ਵਾਲੇ ਬੰਦੇ ਨੂੰ ਵੀ ਆਪਣੇ ਜਨਮ ਲਈ ਇਨਸਾਨੀ ਔਰਤ(ਮੈਰੀ) ਦੀ ਸਾਡੇ ਵਾਂਗ ਹੀ ਲੋੜ ਪੈਂਦੀ ਹੈ ।ਜਾਂ ਇੰਝ ਕਹੋ ਕਿ ਈਸਾਈ ਰੱਬ ਨੂੰ ਜਨਮ ਲੈਣ ਲਈ ਬੰਦੇ ਦੇ ਅਧੀਨ ਹੋਣਾ ਪੈਂਦਾ ਹੈ। ਦੂਜੇ ਸ਼ਬਦਾਂ ਵਿਚ ਪਰਮਾਤਮਾ ਕਿਸੇ ਫਰਿਸ਼ਤੇ ਦੁਆਰਾ ਮੈਰੀ ਦੀ ਕੁੱਖ ਤੋਂ ਪੈਦਾ ਕੀਤਾ ਗਿਆ ਸੀ। ਫੇਰ ਉਸਦੀ ਮੌਤ ਵੀ ਬਾਈਬਲ ਵਿਚ ਦਰਜ ਕੀਤੀ ਗਈ ਹੈ (ਜੌਹਨ 19.33, ਮੈਂਟ, 12:46.16:27) ਇਸ ਲਈ ਉਹ ਪਰਮਾਤਮਾ ਹੋ ਹੀ ਨਹੀਂ ਸਕਦਾ ਕਿਉਂਕਿ ਬਾਈਬਲ ਆਖਦੀ ਹੈ ਕਿ ਪਰਮਾਤਮਾ ਮਰ ਨਹੀਂ ਸਕਦਾ (ਸਾਮਜ਼. 90:2 ਅਤੇ ਟਿਮਥੀ 6:16)[39]

## ਸਿੱਖ ਦ੍ਰਿਸ਼ਟੀਕੋਣ :

ਸਿੱਖ ਧਰਮ ਅਨੁਸਾਰ ਪਰਮਾਤਮਾ ਅਕਾਲ ਮੂਰਤਿ (ਕਾਲ ਰਹਿਤ, ਵਿਨਾਸ਼ ਰਹਿਤ) ਹੈ।

**ਤੂੰ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ॥**
**ਤੂੰ ਹੁਕਮੀ ਸਾਜਹਿ ਸ੍ਰਿਸਟਿ ਸਾਜਿ ਸਮਾਵਹੀ॥**

*(ਪੰਨਾ-1095)*

ਤੂੰ ਸਭ ਦਾ ਮਾਲਕ ਹੈ ਅਤੇ ਕੁੱਖ ਵਿਚ ਨਹੀਂ ਆਉਂਦਾ। ਤੂੰ ਆਪਣੀ ਇੱਛਾ ਅਨੁਸਾਰ ਬ੍ਰਹਿਮੰਡ ਦੀ ਰਚਨਾ ਕਰਦਾ ਹੈਂ ਅਤੇ ਜਦੋਂ ਤੇਰਾ ਭਾਣਾ ਹੁੰਦਾ ਹੈ ਤਾਂ ਤੂੰ ਇਸਨੂੰ ਵਾਪਸ ਆਪਣੇ ਅੰਦਰ ਹੀ ਸਮਾ ਲੈਂਦਾ ਹੈ। (ਪੰਨਾ-1095)

39. ਆਪਣੀ ਕੁਦਰਤੀ ਅਤੇ ਆਖਰੀ ਮੌਤ ਤੋਂ ਪਹਿਲਾਂ ਉਸ ਦੇ ਤਿੰਨ ਦਿਨ ਤੱਕ ਮਰੇ ਰਹਿਣ ਦੀ ਘਟਨਾ ਵੀ ਦਰਜ ਹੈ (ਮੈਥ 12:46, 16:27)



## 3.4 ਪਰਮਾਤਮਾ ਦਾ ਇੱਕੋ ਇੱਕ ਪੁੱਤਰ :

ਈਸਾਈ ਕਦੇ ਤਾਂ ਯੀਸੂ ਨੂੰ ਪਰਮਾਤਮਾ ਕਹਿੰਦੇ ਹਨ ਪਰ ਕਦੇ ਉਹ ਉਸ ਨੂੰ ਪਰਮਾਤਮਾ ਦਾ ਇੱਕੋ ਇੱਕ ਪੁੱਤਰ ਆਖਦੇ ਹਨ। "ਪਰਮਾਤਮਾ ਦੁਨੀਆਂ ਨੂੰ ਏਨਾ ਪਿਆਰ ਕਰਦਾ ਸੀ ਕਿ ਉਸਨੇ ਆਪਣਾ ਇੱਕੋ ਇੱਕ ਪੁੱਤਰ ਇਸ ਵਾਸਤੇ ਕੁਰਬਾਨ ਕਰ ਦਿੱਤਾ। ਜੋ ਉਸ ਵਿਚ ਵਿਸ਼ਵਾਸ਼ ਕਰਦੇ ਹਨ, ਕਦੇ ਨਹੀਂ ਮਰਨਗੇ ਸਗੋਂ ਅਮਰ ਹੋ ਜਾਣਗੇ"। (ਜੌਹਨ 3:16-18)

"ਉਹ ਪਰਮਾਤਮਾ ਦਾ ਇੱਕੋ ਇੱਕ ਪੁੱਤਰ ਹੈ ਜਿਸਨੇ ਯੁੱਗਾਂ ਪਹਿਲੇ ਪਿਤਾ ਤੋਂ ਜਨਮ ਲਿਆ। ਉਹ ਜਨਮਿਆ ਸੀ, ਰਚਿਆ ਨਹੀਂ ਸੀ ਗਿਆ। ਉਸ ਪਿਤਾ ਨੇ ਉਤਪੰਨ ਕੀਤਾ ਜਿਸਨੇ ਹਰ ਚੀਜ਼ ਨੂੰ ਪੈਦਾ ਕੀਤਾ ਸੀ। (ਨਿਸੀਅਨ ਕਰੀਡ)[40]

"ਪਿਤਾ-ਪੁੱਤਰ ਦਾ ਇਹ ਦ੍ਰਿਸ਼ਟਾਂਤ ਬਹੁਤ ਪੁਰਾਣਾ ਹੈ। ਇਹ ਮਨੁੱਖੀ ਇਤਿਹਾਸ ਤੋਂ ਵੀ ਪੁਰਾਣਾ ਹੈ।[41] ਪਿਤਾ ਦੀਆਂ ਕਿਰਨਾਂ ਇਸ ਰੂਪ ਵਿਚ ਸੁਰੱਖਿਅਤ ਰਹਿੰਦੀਆਂ ਹਨ ਜਿਸਦਾ ਪ੍ਰਮਾਣ ਤ੍ਰਿਮੂਰਤੀ ਵਾਲਾ ਭੇਦ ਹੈ।" (ਕਰਾਸਿੰਗ ਦਾ ਥਰੈਸ਼ ਹੋਲਡ ਆਫ ਹੋਪ ਪੰਨਾ-227, ਪੋਪ ਜਾਨ ਪਾਲ-2)

ਬਾਈਬਲ ਦੇ ਅਨੁਸਾਰ ਹੀ ਜੇਕਰ ਪਰਮਾਤਮਾ ਦੇ ਕਦੇ ਕੋਈ ਪੁੱਤਰ ਪੈਦਾ ਹੋਇਆ ਵੀ ਹੈ ਤਾਂ ਉਹ ਆਦਮ ਹੈ ਯੀਸੂ ਨਹੀਂ ਕਿਉਂਕਿ ਯੀਸੂ ਆਦਮ ਦੇ ਵੰਸ਼ਜਾਂ ਦਾ ਪੁੱਤਰ ਸੀ ਅਤੇ ਆਦਮ, ਪਰਮਾਤਮਾ ਦੁਆਰਾ ਦੁਨੀਆਂ ਤੇ ਜਨਮਿਆਂ ਸਭ ਤੋਂ ਪਹਿਲਾ ਮਨੁੱਖ ਸੀ। ਬਾਈਬਲ ਆਪ ਆਖਦੀ ਹੈ ਕਿ ਆਦਮ ਪਰਮਾਤਮਾ ਦਾ ਪੁੱਤਰ ਸੀ (ਵੇਖੋ ਲਿਊਕ-3:38) "ਸੇਠ ਜੋ ਆਦਮ ਦਾ ਪੁੱਤਰ ਸੀ, ਪਰਮਾਤਮਾ ਦਾ ਪੁੱਤਰ ਸੀ (ਹੀਬਰੀਊਜ਼ 7:3)

ਪਰਮਾਤਮਾ ਦਾ ਸਿਰਫ ਇੱਕੋ ਪੁਤਰ ਹੋਣ ਬਾਰੇ ਵੀ ਕਿਹਾ ਨਹੀਂ ਜਾ

40. "ਅਤੇ ਸਵਰਗ ਤੋਂ ਇਕ ਆਵਾਜ਼ ਆਈ ਇਹ ਮੇਰਾ ਪਿਆਰਾ ਪੁੱਤਰ ਹੈ, ਜਿਸ ਵਿਚ ਮੈਂ ਪੂਰੀ ਤਰ੍ਹਾਂ ਸ਼ਾਮਲ ਹਾਂ" (ਮੈਥਿਊ 3:!7, 26:63-64), ਜੌਹਨ 1:14-18,3; : 16, 1:8, 14:7-10, 4:9, ਮਾਰਕ 14:61 ਲਿਊਕ 1:32) ਜੋ ਪੁੱਤਰ ਦਾ ਸਨਮਾਨ ਨਹੀਂ ਕਰਦਾ, ਉਹ ਉਸ ਪਿਤਾ ਦਾ ਵੀ ਸਨਮਾਨ ਨਹੀਂ ਕਰਦਾ, ਜਿਸ ਨੇ ਇਸ ਪੁੱਤਰ ਨੂੰ ਭੇਜਿਆ ਹੈ ( ਥੈਸਾਲੋਨੀਅਨਜ਼ 2:16 3:11) ਇਸ ਸੰਬੰਧ ਵਿਚ ਪਵਿੱਤਰ ਕੁਰਾਨ ਦਾ ਕਥਨ ਹੈ "ਉਹ ਕਹਿੰਦੇ ਹਨ ਕਿ ਪਰਮਾਤਮਾ ਨੇ ਆਪਣਾ ਪੁੱਤਰ ਪੈਦਾ ਕੀਤਾ ਹੈ। ਅਸਲ ਵਿਚ ਉਨ੍ਹਾਂ ਨੇ ਇਹ ਕਹਿ ਕੇ ਮਹਾਂ ਪਾਪ ਕੀਤਾ ਹੈ। ਅਜਿਹਾ ਪਾਪ ਜਿਸ ਕਾਰਨ ਅਸਮਾਨ ਫਟਣ ਲਈ, ਧਰਤੀ ਪਾਟ ਜਾਣ ਲਈ ਅਤੇ ਪਹਾੜੀਆਂ ਅਤਿ ਦੁੱਖ ਵਿਚ ਗਿਰ ਜਾਣ ਵਾਸਤੇ ਤਿਆਰ ਹਨ। ਪਰਮਾਤਮਾ ਵਲੋਂ ਪੁੱਤਰ ਪੈਦਾ ਕਰਨ ਵਾਲੀ ਗੱਲ ਉਸ ਦੇ ਪਵਿੱਤਰ ਅਧਿਆਤਮਕ ਚਰਿੱਤਰ ਦੇ ਅਨੁਕੂਲ ਨਹੀਂ ਬੈਠਦੀ। (ਪਵਿੱਤਰ ਕੁਰਾਨ 19:88-92) ਉਹ ਨਾ ਤਾਂ ਆਪ ਪੈਦਾ ਹੋਇਆ ਹੈ ਅਤੇ ਨਾ ਹੀ ਉਸ ਰਾਹੀਂ ਕੋਈ ਪੁੱਤਰ ਪੈਦਾ ਹੋਇਆ ਹੈ (ਪਵਿੱਤਰ ਕੁਰਾਨ 112:3)

41. ਦੰਦ ਕਥਾਵਾਂ ਚਿਰਜੀਵੀ ਸੱਚ ਨਹੀਂ ਹੁੰਦੀਆਂ। ਪਾਲ ਨੇ ਹੀ ਯੀਸੂ ਨੂੰ ਸਭ ਤੋਂ ਪਹਿਲਾਂ ਪਰਮਾਤਮਾ ਦਾ ਪੁੱਤਰ ਕਿਹਾ ਸੀ (ਵੇਖੋ ਐਕਟ 9:20) ਪਾਲ ਕਦੇ ਵੀ ਯੀਸੂ ਨੂੰ ਨਹੀਂ ਸੀ ਮਿਲਿਆ।

ਸਕਦਾ ਕਿ ਇਹ ਗੱਲ ਠੀਕ ਹੈ ।ਹਜ਼ਰਤ ਮੂਸਾ ਤਾਂ ਯੀਸੂ ਤੋਂ ਵੀ ਪਹਿਲਾਂ ਹੋਏ ਹਨ। ਹੋਰ ਤਾਂ ਹੋਰ ਡੇਵਿਡ ਵੀ ਪਰਮਾਤਮਾ ਦੁਆਰਾ ਪੁੱਤਰ ਵਜੋਂ ਐਲਾਨੇ ਗਏ ਸਨ। "ਤੂੰ ਮੇਰਾ ਪੁੱਤਰ ਹੈਂ" (ਸਾਮਜ਼ 2:7)। ਜੇਕਰ ਡੇਵਿਡ, ਮੂਸਾ ਅਤੇ ਆਦਮ ਵੀ ਪਰਮਾਤਮਾ ਦੇ ਪੁੱਤਰ ਮੰਨੇ ਜਾਣ ਤਾਂ ਯੀਸੂ ਪਰਮਾਤਮਾ ਦਾ ਸਿਰਫ ਇਕੋ ਇੱਕ ਪੁੱਤਰ ਨਹੀਂ ਮੰਨਿਆ ਜਾ ਸਕਦਾ। ਫਿਰ ਦੇਖੋ ਮੈਥਿਊ 12:46-47 ਦਾ ਕਥਨ "ਮਾਂ ਅਤੇ ਉਸਦਾ ਭਰਾ" ਜੋ ਇਹ ਦੱਸਦਾ ਹੈ ਕਿ ਯੀਸੂ ਤੋਂ ਬਿਨਾਂ ਮੈਰੀ ਦੇ ਹੋਰ ਵੀ ਬੱਚੇ ਸਨ।[42]

ਇਸ ਤੱਥ ਨੂੰ ਵਰ੍ਹਿਆਂ ਤੋਂ ਈਸਾਈ ਵਿਦਵਾਨਾਂ ਦੁਆਰਾ ਵਾਲ ਦੀ ਖੱਲ ਲਾਹੁਣ ਵਾਂਗ ਵਿਚਾਰਿਆ ਗਿਆ ਹੈ। ਅਸੀਂ ਇਸ ਵਿਸ਼ਵਾਸ਼ ਦੇ ਹੱਕ ਤੇ ਵਿਰੋਧ ਵਿਚ ਹੇਠ ਲਿਖੇ ਵਿਚਾਰ ਪੇਸ਼ ਕਰ ਰਹੇ ਹਾਂ।

ਬੀ.ਬੀ.ਸੀ. ਸਪੋਰਟਸ ਨੂੰ ਪੇਸ਼ ਕਰਨ ਵਾਲੇ ਡੇਵਿਡ ਆਈਕ ਨੇ ਇਕ ਪ੍ਰੈੱਸ ਕਾਨਫਰੰਸ ਵਿਚ 1992 ਵਿਚ ਇਹ ਐਲਾਨ ਕੀਤਾ ਕਿ ਉਹ 'ਪਰਮਾਤਮਾ ਦਾ ਪੁੱਤਰ ਹੈ"। ਉਸਦੀ 30.7.97 ਨੂੰ ਬੀ.ਬੀ.ਸੀ ਤੇ ਇੰਟਰਵਿਊ ਹੋਈ ਤੇ ਉਹ ਅੱਜ ਵੀ ਆਪਣੇ ਦਾਅਵੇ ਤੇ ਬਰਕਰਾਰ ਹੈ। ਬੈਂਬਰ ਗੈਸਕੋਇਨ ਨੇ ਆਪਣੀ ਪੁਸਤਕ 'ਦ ਕ੍ਰਿਸ਼ਚੀਅਨ' (ਪੰਨਾ 44) ਵਿਚ ਲਿਖਿਆ ਹੈ, 'ਜੇਕਰ ਪਿਤਾ ਪੁੱਤਰ ਨੂੰ ਪੈਦਾ ਕਰਦਾ ਹੈ, ਉਹ ਜੋ ਪੈਦਾ ਹੋਇਆ ਹੈ, ਉਸ ਕੋਲ ਹੋਂਦ ਦਾ ਆਰੰਭ ਹੈ, ਤਾਂ ਇਹ ਸਪਸ਼ਟ ਹੈ ਕਿ ਇੱਕ ਸਮਾਂ ਸੀ ਜਦੋਂ ਪੁੱਤਰ ਹੈ ਹੀ ਨਹੀਂ ਸੀ।' (ਦੂਜੇ ਸ਼ਬਦਾਂ ਵਿਚ ਇੱਕ ਅਜਿਹਾ ਸਮਾਂ ਵੀ ਸੀ ਜਦੋਂ ਪਰਮਾਤਮਾ ਦੀ ਆਪਣੀ ਹੋਂਦ ਵੀ ਨਹੀਂ ਸੀ)।ਬਾਈਬਲ ਬੇਸਿਕਸ ਵਿੱਚ ਡੰਕਨ ਹੀਸਟਰ ਲਿਖਦਾ ਹੈ, "ਮੈਰੀ ਜਿਸਦਾ ਜਨਮ ਇਕ ਔਰਤ ਤੋਂ ਹੋਇਆ ਕੋਲ ਮਨੁੱਖੀ ਸੁਭਾਅ ਅਨੁਸਾਰ ਹੀ ਮੰਦੀ ਪ੍ਰਵਿਰਤੀ ਸੀ ਜਿਸ ਨੂੰ ਉਸਨੇ ਯੀਸੂ ਵਿਚ ਅੱਗੇ ਤੋਰ ਦਿੱਤਾ (ਯੀਸੂ ਵੀ ਔਰਤ ਤੋਂ ਪੈਦਾ ਹੋਇਆ ਸੀ)। (ਪੰਨਾ-231)

ਵਿਦਵਾਨ ਨਿਰਸੰਦੇਹ ਆਖਦੇ ਹਨ, "ਨਹੀਂ ਪੁੱਤਰ ਹਮੇਸ਼ਾਂ ਤੋਂ ਪਿਤਾ ਦੇ ਨਾਲ ਹੀ ਹੋਇਆ ਹੈ, ਸਿਰਫ ਸਮੇਂ ਦੇ ਆਰੰਭ ਤੋਂ ਨਹੀਂ ਸਗੋਂ ਹਰ ਸਮੇਂ ਤੋਂ ਪਹਿਲਾਂ। ਪਿਤਾ ਨੂੰ ਪਿਤਾ ਕੌਣ ਕਹਿੰਦਾ ਜੇ ਉਸ ਪਾਸ ਪੁੱਤਰ ਨਾ ਹੁੰਦਾ ।ਪੁੱਤਰ ਕਦੇ ਵੀ ਪਿਤਾ ਤੋਂ ਬਿਨਾਂ ਹੋ ਹੀ ਨਹੀਂ ਸਕਦਾ।"[43]

---

42. ਮੈਰੀ ਦੇ ਹੋਰ ਬੱਚੇ ਵੀ ਸਨ। ਚਾਰ ਭਰਾ ਅਤੇ ਦੋ ਭੈਣਾ ਵੀ ਯੀਸੂ ਦੀਆਂ ਸਨ, "ਅਤੇ ਉਸਦਾ ਭਰਾ ਜੇਮਜ਼, ਜੋਸ, ਸਾਈਮਨ, ਜੂਡਸ ਅਤੇ ਉਸ ਦੀਆਂ ਭੈਣਾਂ" (ਮੈਥਿਊ 13:54 56)
43. ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਬਾਈਬਲ ਕਿਤੇ ਵੀ ਪਰਮਾਤਮਾ ਵਿਚ ਸਮਾ ਜਾਣ ਦਾ ਪ੍ਰਚਾਰ ਨਹੀਂ ਕਰਦੀ। ਪੁਨਰ ਜਨਮ ਉਪਰੰਤ ਵੀ ਯੀਸੂ ਨੂੰ ਸਵਰਗ ਵੱਲ ਉਠਾ ਲਿਆ ਗਿਆ ਅਤੇ "ਪਰਮਾਤਮਾ ਦੇ ਸੱਜੇ ਹੱਥ ਬੈਠਣ ਦਾ ਅਵਸਰ ਮਿਲਿਆ। ਪਿਤਾ ਅਤੇ ਪੁੱਤਰ ਹਮੇਸ਼ਾ ਦੋ ਰਹੇ ਹਨ, ਕਦੇ ਇੱਕ ਨਹੀਂ ਹੋਏ ।



ਇਸ ਤਰ੍ਹਾਂ ਜਾਪਦਾ ਹੈ ਕਿ ਕੁੱਝ ਵਿਦਵਾਨ 'ਪਰਮਾਤਮਾ ਦੇ ਪੁੱਤਰ' ਦਾ ਸ਼ਾਬਦਿਕ ਅਰਥ ਕੱਢਦੇ ਹਨ। ਇਸਦਾ ਤਾਂ ਸਗੋਂ ਪ੍ਰਤੀਕਾਤਮਕ ਅਰਥ ਹੈ। ਯੀਸੂ ਨੇ ਆਪ ਹੀ ਕਿਹਾ ਸੀ ਕਿ ਉਹ 'ਆਦਮੀ ਦਾ ਪੁੱਤਰ ਹੈ' (ਡੇਨੀਅਲ 7,13-14, ਮੈਥਿਊ 26,-2, ਲਿਊਕ 22-48) ਬਾਈਬਲ ਵੀ ਅਜਿਹੀ ਸ਼ਬਦਾਵਲੀ ਦੀ ਹੀ ਵਰਤੋਂ ਕਰਦੀ ਹੈ ਕਿਉਂਕਿ ਉਹ ਹੋਰਨਾਂ ਨੂੰ ਵੀ ਪਰਮਾਤਮਾ ਦਾ ਪੁੱਤਰ ਹੀ ਐਲਾਨਦੀ ਹੈ। ਮਿਸਾਲ ਦੇ ਤੌਰ ਤੇ ਐਕਸੋਡਸ 4:22 (ਇਜ਼ਰਾਈਲ ਜਾਂ ਜੈਕਬ, ਪਰਮਾਤਮਾ ਦਾ ਪੁੱਤਰ) Iਕਰੋਨੀਕਲਜ਼ 22:10 IIਸੈਮੂਆਲਜ਼ 7,13-14, ਜੇਰੇਮੀਅਹ 31:91 ਬਾਈਬਲ ਆਪ ਲੋਕਾਂ ਨੂੰ ਵੀ ਪਰਮਾਤਮਾ ਦੇ ਧੀ ਪੁੱਤਰ ਆਖਦੀ ਹੈ (ਵੇਖੋ ਰੋਮਨਜ਼ 8:29, ਕੋਰਿੰਥੀਅਨਜ਼ 6:18, ਡਿਊਟਰੋਨੋਮੀ 14:1)

## ਸਿੱਖ ਦ੍ਰਿਸ਼ਟੀਕੋਣ :

ਸਿੱਖ ਧਰਮ ਅਨੁਸਾਰ ਸਾਰੇ ਮਨੁੱਖ ਹੀ ਪਰਮਾਤਮਾ ਦੇ ਪੁੱਤਰ-ਧੀਆਂ ਹਨ। ਹਰ ਸਿੱਖ ਆਪਣੇ ਆਪ ਨੂੰ ਪਰਮਾਤਮਾ ਦਾ ਧੀ/ਪੁੱਤ ਆਖਦਾ ਹੈ ਅਤੇ ਇਹ ਤੁਕ ਦੁਹਰਾਉਂਦਾ ਹੈ :

**ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥** *(ਪੰਨਾ-103)*

ਐ ਪਰਮਾਤਮਾ ਤੂੰ ਮੇਰਾ ਪਿਤਾ ਅਤੇ ਤੂੰ ਹੀ ਮੇਰੀ ਮਾਤਾ ਹੈਂ।
(ਪੰਨਾ-103)

**ਤੂੰ ਸਾਂਝਾ ਸਾਹਿਬ ਬਾਪੁ ਹਮਾਰਾ॥**
*(ਪੰਨਾ-97)*

ਤੂੰ ਸਾਡਾ ਸਭ ਦਾ ਸਾਂਝਾ ਪਿਤਾ ਹੈ। (ਪੰਨਾ-97)

**ਹਰਿ ਆਪੇ ਮਾਤਾ ਆਪੇ ਪਿਤਾ ॥**
**ਜਿਨਿ ਜੀਉ ਉਪਾਇ ਜਗਤੁ ਦਿਖਾਇਆ॥**
*(ਪੰਨਾ-921)*

ਪਰਮਾਤਮਾ ਆਪ ਹੀ ਸਾਡੀ ਮਾਂ ਅਤੇ ਪਿਤਾ ਹੈ ਕਿਉਂਕਿ ਉਸਨੇ ਆਪਣੀ ਜੋਤਿ ਸਾਡੇ ਅੰਦਰ ਰੱਖ ਕੇ ਹੀ ਸਾਨੂੰ ਦੁਨੀਆਂ ਤੇ ਭੇਜਿਆ ਹੈ। (ਪੰਨਾ 921)

## 3.5 ਪਰਮਾਤਮਾ ਅਤੇ ਪੁੱਤਰ ਇਕੋ ਸਰੀਰ ਵਿੱਚ :

ਪੋਪ ਜੌਨ ਪਾਲ ਨੂੰ ਇਹ ਕਹਿੰਦਿਆਂ ਸੁਣਿਆ ਗਿਆ, "ਉਹ ਵਿਚੋਲਾ ਸੀ ਕਿਉਂਕਿ ਉਹ ਆਦਮੀ ਵੀ ਸੀ ਅਤੇ ਰੱਬ ਵੀ।" (ਕਰਾਸਿੰਗ ਦ ਥਰੈਸ਼ਹੋਲਡ ਆਫ ਹੋਪ ਪੰਨਾ-43)

ਇਹ ਸਿਧਾਂਤ ਬਹੁਤਾ ਸਪਸ਼ਟ ਨਹੀਂ। ਮਨੁੱਖ ਤਾਂ ਇਕ ਸਮੇਂ ਸਿਰਫ ਇਕ ਹੀ ਥਾਂ ਤੇ ਹੋ ਸਕਦਾ ਹੈ। ਇਸਦਾ ਅਰਥ ਇਹ ਹੋਵੇਗਾ ਕਿ ਬਾਕੀ ਦੁਨੀਆਂ ਫਿਰ ਪਰਮਾਤਮਾ ਤੋਂ ਸੱਖਣੀ ਹੋਵੇਗੀ। ਯੀਸੂ ਦੀਆਂ ਵੀ ਆਪਣੀਆਂ ਹੱਦਾਂ ਸਨ। ਆਪਣੀ ਸਾਰੀ ਜ਼ਿੰਦਗੀ ਵਿਚ ਉਹ ਕਦੇ ਵੀ ਮੱਧ ਪੂਰਬ ਤੋਂ ਬਾਹਰ ਨਹੀਂ ਆਇਆ ਸੀ। ਇਹ ਉਸਦੀ ਮਹਾਨਤਾ ਸੀ ਕਿ ਉਸਨੇ ਦੁਨੀਆਂ ਨੂੰ ਨਿਵੇਕਲੀ ਫਿਲਾਸਫੀ (ਦਰਸ਼ਨ) ਦਿੱਤੀ, ਉਸ ਦੇ ਪਰਮਾਤਮਾ ਦੇ ਭਗਤ ਹੋਣ ਉਪਰ ਕੋਈ ਸ਼ੰਕਾ ਹੈ ਹੀ ਨਹੀਂ। ਨਿਰਸੰਦੇਹ ਉਹ ਇਕ ਸ਼ੁੱਧ ਪ੍ਰਚਾਰਕ ਅਤੇ ਆਪਣੇ ਟੀਚੇ ਲਈ ਸ਼ਹੀਦ ਹੋਣ ਵਾਲਾ ਮਨੁੱਖ ਸੀ ਪਰ ਪਰਮਾਤਮਾ ਹਰਗਿਜ਼ ਨਹੀਂ ਸੀ। "ਮੇਰਾ ਪਿਤਾ ਅਤੇ ਮੈਂ ਇੱਕ ਹਾਂ" (ਐਕਟ 1:11) ਦਾ ਭਾਵ ਇਹ ਹੈ ਕਿ ਯੀਸੂ ਨੇ ਹਮੇਸ਼ਾ ਹੀ ਆਪਣੇ ਹਰ ਸਾਹ ਨਾਲ ਪਰਮਾਤਮਾ ਦਾ ਸਿਮਰਨ ਕੀਤਾ ਅਤੇ ਉਸਦੀ ਰਜ਼ਾ ਅਨੁਸਾਰ ਹੀ ਕੰਮ ਕੀਤਾ। ਉਸਦੀ ਹਉਮੈ ਪੂਰੀ ਤਰ੍ਹਾਂ ਖਤਮ ਸੀ। ਬਹੁਤ ਸਾਰੇ ਹੋਰਨਾਂ ਧਾਰਮਿਕ ਆਗੂਆਂ ਦੁਆਰਾ ਵੀ ਅਜਿਹਾ ਕਥਨ ਆਖਿਆ ਗਿਆ ਹੈ ਜਿਵੇਂ ਕਿ ਕਬੀਰ ਸਾਹਿਬ ਆਖਦੇ ਹਨ, **ਤੂੰ ਤੂੰ ਕਰਤਾ ਤੂੰ ਹੂਆ, ਮੁਝ ਮਹਿ ਰਹਾ ਨ ਹੂੰ** *(ਪੰਨਾ 1375)* ਤੈਨੂੰ ਸਿਮਰਦੇ ਰਹਿਣ ਕਾਰਨ ਮੈਂ ਆਪਣਾ ਆਪ ਗੁਆ ਲਿਆ ਹੈ ਅਤੇ ਤੂੰ ਹੋ ਗਿਆ ਹਾਂ। ਇਸੇ ਤਰ੍ਹਾਂ ਭਗਤ ਰਵਿਦਾਸ ਜੀ ਆਖਦੇ ਹਨ, **ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ** (ਤੂੰ ਮੈਂ ਹਾਂ ਅਤੇ ਮੈਂ ਤੂੰ ਹਾਂ ਫਿਰ ਅੰਤਰ ਕਿਵੇਂ ਹੈ?)[44]

## ਸਿੱਖ ਦ੍ਰਿਸ਼ਟੀਕੋਣ :

ਸਿੱਖ ਧਰਮ ਅਨੁਸਾਰ ਕੋਈ ਮਨੁੱਖ ਰੱਬ ਨਹੀਂ ਹੋ ਸਕਦਾ ਅਤੇ ਇਸ ਲਈ ਜਿੰਨੇ ਵੀ ਪੈਗੰਬਰ, ਪ੍ਰਚਾਰਕ ਜਾਂ ਫਕੀਰ ਹੋਏ ਹਨ ਉਹ ਕਿਸੇ ਮਨੁੱਖ ਤੋਂ ਵੱਧ ਕੁੱਝ ਵੀ ਨਹੀਂ ਸਨ। ਹਾਂ ਨੈਤਿਕ ਅਤੇ ਅਧਿਆਤਮਕ ਪੱਧਰ ਤੋਂ ਮਹਾਂਪੁਰਸ਼ ਜ਼ਰੂਰ ਸਨ। ਗੁਰੂ ਸਾਹਿਬ ਫੁਰਮਾਨ ਕਰਦੇ ਹਨ :

**ਕੋਟਿ ਬਿਸਨ ਕੀਏ ਅਵਤਾਰ॥**
**ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥**
**ਕੋਟਿ ਮਹੇਸ ਉਪਾਇ ਸਮਾਇ॥**
**ਕੋਟਿ ਬ੍ਰਹਮੇ ਜਗੁ ਸਾਜਣ ਲਾਏ॥**

*(ਪੰਨਾ-1156)*

44. ਮੁਸਲਿਮ ਸੂਫੀਆਂ ਨੇ ਵਿਸ਼ੇਸ਼ ਤੌਰ ਤੇ ਇਸਦਾ ਉਲੇਖ ਕੀਤਾ ਹੈ। ਜਿਵੇਂ ਕਿ "ਮਨ ਤੂ ਸ਼ੁਦੀ ਤੂ ਮਨ ਸ਼ੁਦੀ, ਮਨ ਤਨ ਸ਼ੁਦਮ ਤੂ ਜਾਂ ਸ਼ੁਦੀ "(ਤੂੰ ਮੈਂ ਹਾਂ ਅਤੇ ਮੈਂ ਤੂੰ ਹਾਂ। ਮੈਂ ਸਰੀਰ ਹਾਂ ਅਤੇ ਤੂੰ ਇਸ ਵਿਚਲੀ ਆਤਮਾ) ਸ਼ਮਸ ਤਬਰੇਜ਼। ਮੰਨਸੂਰ ਨੂੰ ਅਨਲਹੱਕ (ਪਰਮਾਤਮਾ ਮੈਂ ਹੀ ਹਾਂ) ਆਖਣ ਕਾਰਨ ਹੀ ਮਾਰ ਦਿੱਤਾ ਗਿਆ ਸੀ।



ਉਸਨੇ ਲੱਖਾਂ ਹੀ ਵਿਸ਼ਨੂੰ, ਆਪਣੇ ਲੱਖਾਂ ਹੀ ਬ੍ਰਹਿਮੰਡਾਂ ਵਿਚ ਰਚੇ ਹਨ ਤਾਂ ਜੋ ਨੈਤਿਕਤਾ ਕਾਇਮ ਰਹੇ। ਲੱਖਾਂ ਹੀ ਸ਼ਿਵ ਬਣਾਏ ਅਤੇ ਨਸ਼ਟ ਕਰ ਦਿੱਤੇ ਗਏ। ਲੱਖਾਂ ਹੀ ਬ੍ਰਹਮਾ ਇਸ ਲਈ ਬਣਾਏ ਗਏ ਕਿ ਉਹ ਪਰਮਾਤਮਾ ਦੀ ਰਚਨਾ ਦੇ ਵਿਕਾਸ ਨੂੰ ਪਰਫੁੱਲਤ ਕਰਨ ਵਿਚ ਲੱਗੇ ਰਹਿਣ। (ਪੰਨਾ-1156)[45]

## 3.6 ਪਰਮਾਤਮਾ ਦੀ ਕੁਰਬਾਨੀ :

ਈਸਾਈ ਮੰਨਦੇ ਹਨ ਕਿ ਪਰਮਾਤਮਾ ਨੇ ਦੁਨੀਆਂ ਦੇ ਪਾਪਾਂ ਨੂੰ ਧੋਣ ਲਈ ਆਪਣਾ ਇਕਲੌਤਾ ਪੁੱਤਰ ਵੀ ਕੁਰਬਾਨ ਕਰ ਦਿੱਤਾ। ਕੀ ਇਹ ਪਾਪ ਉਸ ਵੇਲੇ ਤੋਂ ਬਾਅਦ ਖ਼ਤਮ ਹੋ ਗਏ ? ਹਰ ਕੋਈ ਇਸ ਪ੍ਰਸ਼ਨ ਦਾ ਉੱਤਰ ਜਾਣਦਾ ਹੈ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਪਰਮਾਤਮਾ ਨੇ ਤਾਂ ਪਾਪ ਖ਼ਤਮ ਕਰਨ ਲਈ ਆਪਣਾ ਇੱਕੋ ਇੱਕ ਪੁੱਤਰ ਕੁਰਬਾਨ ਕਰ ਦਿੱਤਾ ਪਰ ਜਦ ਨੂਹ ਦੇ ਹੜ੍ਹ ਵਿੱਚ ਹਰ ਪ੍ਰਾਣੀ ਨਸ਼ਟ ਹੋ ਗਿਆ ਸੀ, ਪਾਪਾਂ ਦਾ ਭੰਡਾਰ ਸ਼ੈਤਾਨ ਉਦੋਂ ਵੀ ਬਚਿਆ ਰਿਹਾ। ਸ਼ੈਤਾਨ ਨੇ ਆਦਮ, ਯੀਸੂ ਅਤੇ ਨੂਹ ਤੋਂ ਵਧੇਰੇ ਉਮਰ ਬਿਤਾਈ।ਸਪਸ਼ਟ ਹੈ ਕਿ ਸ਼ੈਤਾਨ ਰੱਬ ਪਾਸੋਂ ਮਾਰਿਆ ਨਹੀਂ ਜਾਂਦਾ ਤੇ ਉਸ ਨਾਲੋਂ ਵਧੇਰੇ ਤਾਕਤਵਰ ਹੈ। ਸ਼ਾਇਦ ਇਸੇ ਲਈ ਅਮਰ ਵੀ ਹੈ। ਜੇਕਰ ਰੱਬ ਨੇ ਪੁੱਤਰ(ਯੀਸੂ) ਦੀ ਥਾਂ ਸ਼ੈਤਾਨ ਦੀ ਕੁਰਬਾਨੀ ਦੇ ਦਿੱਤੀ ਹੁੰਦੀ ਤਾਂ ਅੱਜ ਕੋਈ ਵੀ ਪਾਪ ਬਾਕੀ ਨਹੀਂ ਸੀ ਹੋਣਾ। ਸ਼ੈਤਾਨ ਦੀ ਹੋਂਦ ਤੋਂ ਅੱਜ ਕੋਈ ਵੀ ਇਨਕਾਰੀ ਨਹੀਂ ਹੈ (ਜੇਕਰ ਕਿਤੇ ਕੋਈ ਸ਼ੈਤਾਨ ਹੈ ਤਾਂ ) ਅਤੇ ਇਹੋ ਸਾਨੂੰ ਪਾਪ ਕਰਨ ਲਈ ਮਜਬੂਰ ਕਰਦਾ ਹੈ।ਅੱਜ ਹਰ ਥਾਂ ਸ਼ੈਤਾਨ ਦਾ ਹੀ ਰਾਜ ਹੈ ।

ਸ਼ਾਇਦ ਅੱਜ ਦੀ ਦੁਨੀਆਂ ਵਿਚ ਯੀਸੂ ਦੇ ਸਮੇਂ ਨਾਲੋਂ ਪਾਪ ਕਿਤੇ ਵੱਧ ਹਨ। ਜੇਕਰ ਯੀਸੂ ਆਪਣੇ ਸਿਧਾਂਤਾਂ ਅਤੇ ਫਿਲਾਸਫੀ ਨੂੰ ਬਚਾਉਣ ਵਾਸਤੇ ਸ਼ਹੀਦ ਹੁੰਦੇ ਤਾਂ ਸ਼ਾਇਦ ਉਹ ਦੁਨੀਆਂ ਦੇ ਮਹਾਨ ਸ਼ਹੀਦਾਂ ਵਿਚੋਂ ਇੱਕ ਹੁੰਦੇ ਪਰ ਜੇਕਰ ਉਹ ਮਨੁੱਖਤਾ ਦੇ ਪਾਪ ਧੋਣ ਵਾਸਤੇ ਮੌਤ ਕਬੂਲ ਕਰ ਗਏ ਤਾਂ ਉਹ ਬੁਰੀ ਤਰ੍ਹਾਂ ਅਸਫਲ ਹੋਏ ਹਨ।ਪਾਪ ਪਹਿਲਾਂ ਨਾਲੋਂ ਕਿਤੇ ਵੱਧ ਹਨ ।ਉਸ ਦੇ ਆਪਣੇ ਚੇਲੇ ਈਸਾਈ ਵੀ ਪਾਪਾਂ ਤੋਂ ਮੁਕਤ ਨਹੀਂ ਹੋਏ, ਹੋਰ ਕਿਸੇ ਦੀ ਤਾਂ ਗੱਲ ਹੀ ਕੀ।

## ਸਿੱਖ ਦ੍ਰਿਸ਼ਟੀਕੋਣ :

ਸਿੱਖ ਲਈ ਇਹ ਸਮਝਣਾ ਮੁਸ਼ਕਿਲ ਹੈ ਕਿ ਪਰਮਾਤਮਾ ਪਾਸ ਦੁਨੀਆਂ

45. ਬ੍ਰਹਮਾ ਵਿਸ਼ਨੂ ਅਤੇ ਮਹੇਸ਼, ਹਿੰਦੂਆਂ ਦੇ ਤਿੰਨ ਦੇਵਤੇ ਹਨ। ਬ੍ਰਹਮਾ ਪੈਦਾ ਕਰਦਾ ਹੈ, ਵਿਸ਼ਨੂੰ ਪਾਲਣਹਾਰ ਹੈ ਅਤੇ ਸ਼ਿਵ ਰਚਨਾ ਨੂੰ ਨਸ਼ਟ ਕਰਦਾ ਹੈ। ਇਥੇ ਇਹ ਵਿਚਾਰ ਪੈਦਾ ਹੁੰਦਾ ਹੈ ਕਿ ਸਾਰੇ ਦੇਵਤੇ (ਜੇ ਕੋਈ ਹਨ) ਪਰਮਾਤਮਾ ਦੇ ਹੀ ਪੈਦਾ ਕੀਤੇ ਹੋਏ ਹਨ। ਉਹ ਆਪ ਪਰਮਾਤਮਾ ਨਹੀਂ ਹਨ।

ਵਿਚੋਂ ਪਾਪ ਨੂੰ ਖਤਮ ਕਰਨ ਲਈ ਆਪਣੀ ਕੁਰਬਾਨੀ ਅਤੇ ਪੁਨਰਜਨਮ (ਮਰ ਕੇ ਜਿਉਂਦਾ ਹੋਣਾ) ਦੋ ਹੀ ਰਸਤੇ ਹਨ ਅਤੇ ਪਰਮਾਤਮਾ ਨੂੰ ਮਰਨ ਹਾਰੇ ਜੀਵ ਅੰਦਰ ਨੌਂ ਮਹੀਨੇ ਦੀ ਕੈਦ ਵੀ ਭੁਗਤਣੀ ਪੈਂਦੀ ਹੈ।

**ਭਰਮਿ ਭੂਲੇ ਨਰ ਕਰਤ ਕਚਰਾਇਣ॥**
**ਜਨਮ ਮਰਣ ਤੇ ਰਹਤ ਨਾਰਾਇਣ॥**
......................................
**ਜਨਮਿ ਨ ਮਰੈ ਨ ਆਵੈ ਨ ਜਾਇ**
**ਨਾਨਕ ਕਾ ਪ੍ਰਭੁ ਰਹਿਓ ਸਮਾਇ॥**

*(ਪੰਨਾ-1136)*

ਭਰਮ ਵਿਚ ਫਸੇ ਹੋਏ ਮਨੁੱਖ ਝੂਠੇ ਦੁਨਿਆਵੀ ਕੰਮਾਂ ਵਿਚ ਗਲਤਾਨ ਹਨ। ਪਰਮਾਤਮਾ ਤਾਂ ਜਨਮ ਮਰਨ ਤੋਂ ਰਹਿਤ ਹੈ। ਉਹ ਨਾ ਤਾਂ ਜਨਮ ਲੈਂਦਾ ਹੈ ਅਤੇ ਨਾ ਹੀ ਮਰਦਾ ਹੈ। ਉਹ ਆਵਾਗੌਣ ਵਿਚ ਪੈ ਕੇ ਆਉਂਦਾ ਜਾਂਦਾ ਨਹੀਂ। ਨਾਨਕ ਆਖਦੇ ਹਨ ਕਿ ਪਰਮਾਤਮਾ ਦੁਨੀਆਂ ਦੇ ਕਣ ਕਣ ਵਿੱਚ ਸਮਾਇਆ ਹੋਇਆ ਹੈ। (ਗੁਰੂ ਗ੍ਰੰਥ ਸਾਹਿਬ ਪੰਨਾ-1136)

ਸਿੱਖ ਮਤ ਅਨੁਸਾਰ ਪਰਮਾਤਮਾ ਸਰਬ ਸ਼ਕਤੀਮਾਨ ਹੈ। ਸਿਰਫ ਉਸ ਦੇ ਸ਼ਬਦ ਹੀ ਨਹੀਂ, ਸਗੋਂ ਇੱਛਾ ਹੀ ਸਾਰੀ ਦੁਨੀਆਂ ਦੇ ਪਾਪਾਂ ਨੂੰ ਧੋ ਸਕਦੀ ਹੈ। ਸਿੱਖ ਮੰਨਦੇ ਹਨ ਕਿ ਕਿਸੇ ਬੰਦੇ ਲਈ ਸਭ ਤੋਂ ਵੱਡੀ ਕੁਰਬਾਨੀ ਕਿਸੇ ਚੰਗੇ ਉਦੇਸ਼ ਲਈ ਆਪਣੀ ਜ਼ਿੰਦਗੀ ਸਮਰਪਿਤ ਕਰਕੇ ਉਸ ਨਾਲ ਆਪਣੇ ਪਾਪਾਂ ਨੂੰ ਧੋ ਲੈਣ ਵਿਚ ਹੀ ਹੈ। ਗੁਰੂ ਸਾਹਿਬ ਫੁਰਮਾਨ ਕਰਦੇ ਹਨ :

**ਮਰਣੁ ਮੁਣਸਾ ਸੂਰਿਆ ਹਕੁ ਹੈ**
**ਜੋ ਹੋਇ ਮਰਨਿ ਪਰਵਾਣੋ॥**

*(ਪੰਨਾ-579)*

ਜੇਕਰ ਕਿਸੇ ਚੰਗੇ ਉਦੇਸ਼ ਲਈ ਜ਼ਿੰਦਗੀ ਨਿਛਾਵਰ ਕੀਤੀ ਜਾਵੇ ਤਾਂ ਉਨ੍ਹਾਂ ਸੂਰਮੇ ਬਹਾਦਰਾਂ ਦੀ ਮੌਤ ਵੀ ਸਲਾਹੀ ਜਾਂਦੀ ਹੈ। ਇਸੇ ਸਿਧਾਂਤ ਦੀ ਪੁਸ਼ਟੀ ਲਈ ਹੀ ਪੰਜਵੇਂ ਅਤੇ ਨੌਵੇਂ ਗੁਰੂ ਸਾਹਿਬਾਨ ਨੇ ਸ਼ਹੀਦੀ ਦਿੱਤੀ ਸੀ ਅਤੇ ਦਸਵੇਂ ਗੁਰੂ ਨੇ ਆਪਣੇ ਚਾਰ ਸਾਹਿਬਜ਼ਾਦੇ ਕੁਰਬਾਨ ਕੀਤੇ ਸਨ।

## 3.7 ਪਰਮਾਤਮਾ ਪ੍ਰਲੋਭਿਤ ਹੁੰਦਾ ਹੈ :

ਬਾਈਬਲ (ਜੇਮਜ਼ 1:13) ਦਾ ਕਥਨ ਹੈ "ਪਰਮਾਤਮਾ ਨੂੰ ਬੁਰਾਈ (Evil) ਨਹੀਂ ਚੰਬੜਦੀ " ਪਰ ਬਾਈਬਲ ਵਿਚ ਹੀ ਅਸੀਂ ਪੜ੍ਹਦੇ ਹਾਂ ਕਿ ਯੀਸੂ ਸ਼ੈਤਾਨ ਤੋਂ



ਪ੍ਰਲੋਭਿਤ ਹੋ ਗਏ ਸਨ ਅਤੇ ਉਹ ਸ਼ੈਤਾਨ ਤੋਂ ਪ੍ਰਲੋਭਿਤ ਹੋਕੇ 40 ਦਿਨ ਬੀਆਬਾਨ ਮਾਰੂਥਲ ਵਿੱਚ ਫਿਰਦੇ ਰਹੇ (ਮਾਰਕ 1:12-13)" ਅਤੇ ਜਦੋਂ ਸ਼ੈਤਾਨ ਨੇ ਆਪਣਾ ਪ੍ਰਲੋਭਣ ਖਤਮ ਕੀਤਾ ਤਾਂ ਉਹ ਆਪ ਹੀ ਕਿਸੇ ਕਾਰਨ ਯੀਸੂ ਨੂੰ ਛੱਡ ਕੇ ਉਥੋਂ ਚਲਾ ਗਿਆ।(ਲਿਊਕ 4:1-13)

### ਸਿੱਖ ਦ੍ਰਿਸ਼ਟੀਕੋਣ :

ਸਿੱਖ ਧਰਮ ਅਨੁਸਾਰ ਪਰਮਾਤਮਾ ਬੇਮੁਹਤਾਜ ਹੈ। ਉਹ ਆਪਣੀਆਂ ਲੋੜਾਂ ਆਪ ਹੀ ਪੂਰੀਆਂ ਕਰ ਸਕਦਾ ਹੈ ਅਤੇ ਕਿਸੇ ਵਸਤੂ ਵੱਲ ਕਦੇ ਵੀ ਆਕਰਸ਼ਿਤ ਨਹੀਂ ਹੁੰਦਾ। ਆਕਰਸ਼ਨ ਦਾ ਮੰਤਵ ਕੋਈ ਜ਼ਰੂਰਤ ਹੀ ਹੁੰਦੀ ਹੈ। ਇਹ ਕਿਸੇ ਜ਼ਰੂਰਤ ਨੂੰ ਪੂਰੀ ਕਰਨ ਦੀ ਇੱਛਾ ਹੁੰਦੀ ਹੈ ਜਾਂ ਕਿਸੇ ਲੋਭ ਦੀ ਸੰਤੁਸ਼ਟੀ ।ਪਰਮਾਤਮਾ ਇਨ੍ਹਾਂ ਤੋਂ ਉਪੱਰ ਹੈ। ਗੁਰੂ ਸਾਹਿਬ ਫੁਰਮਾਨ ਕਰਦੇ ਹਨ "**ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ॥ ਹਰਖ ਸੋਗ ਪਰਸੈ ਜਿਹ ਨਾਹਿਨਿ ਸੋ ਮੂਰਤਿ ਹੈ ਦੇਵਾ॥" (ਪੰਨਾ-220)** ਜਿੱਥੇ ਲੋਭ, ਮੋਹ, ਮਮਤਾ ਅਤੇ ਬੁਰਾਈ ਹੁੰਦੀ ਹੈ ਉਥੇ ਪਰਮਾਤਮਾ ਨਹੀਂ ਵੱਸਦਾ। ਜਿੱਥੇ ਖੁਸ਼ੀ ਜਾਂ ਗ਼ਮੀ ਆਪਣਾ ਪ੍ਰਭਾਵ ਨਹੀਂ ਜਮਾਉਂਦੀ, ਪਰਮਾਤਮਾ ਉਸੇ ਥਾਂ ਵੱਸਦਾ ਹੈ। (ਪੰਨਾ-220) ਇਸਦਾ ਅਰਥ ਇਹ ਹੈ ਕਿ ਪਰਮਾਤਮਾ ਅਤੇ ਉਸਦੇ ਭਗਤ ਇਨ੍ਹਾਂ ਕਮਜ਼ੋਰੀਆਂ ਤੋਂ ਪ੍ਰਭਾਵਿਤ ਨਹੀਂ ਹੁੰਦੇ।

## 3.8 ਪਰਮਾਤਮਾ ਡਰ ਭਰਪੂਰ ਹੈ :

ਈਸਾਈਆਂ ਲਈ ਪਰਮਾਤਮਾ ਡਰ-ਰਹਿਤ ਨਹੀਂ ਹੈ। ਈਸਾ ਵੀ ਮੌਤ ਤੋਂ ਡਰਦਾ ਸੀ। "ਇਸ ਸਭ ਤੋਂ ਬਾਅਦ ਜੀਸਸ ਗੈਲੀਲੀ ਚਲਾ ਗਿਆ। ਉਹ ਜਿਊਰੀ ਸਾਹਮਣੇ ਇਸ ਲਈ ਪੇਸ਼ ਨਹੀਂ ਹੋਇਆ ਕਿਉਂਕਿ ਯਹੂਦੀ ਉਸ ਨੂੰ ਮਾਰਨਾ ਚਾਹੁੰਦੇ ਸਨ" (ਜੋਹਨ 7:1) "ਉਹ ਫਿਰ ਉਸਨੂੰ ਫੜਨ ਗਏ ਪਰ ਉਹ ਉਨ੍ਹਾਂ ਦੇ ਹੱਥੋਂ ਬਚ ਨਿੱਕਲਿਆ" (ਜੌਹਨ 10:39) "ਉਸਨੇ ਆਪਣੇ ਆਪ ਨੂੰ ਲੁਕਾ ਲਿਆ ਅਤੇ ਮੰਦਿਰ ਤੋਂ ਬਾਹਰ ਚਲਾ ਗਿਆ।" (ਜੌਹਨ 8:59)

### ਸਿੱਖ ਦ੍ਰਿਸ਼ਟੀਕੋਣ :

ਸਿੱਖ ਧਰਮ ਅਨੁਸਾਰ ਪਰਮਾਤਮਾ ਡਰ-ਰਹਿਤ (ਨਿਰਭਉ) ਹੈ।

**ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ॥**

*(ਪੰਨਾ-27)*

ਨਿਰਭਉ ਪਰਮਾਤਮਾ ਦਿਆਲੂ ਹੈ ਅਤੇ ਆਪਣੀ ਸ੍ਰਿਸ਼ਟੀ ਦਾ ਪਾਲਣ ਪੋਸ਼ਣ ਕਰਦਾ ਹੈ। (ਪੰਨਾ-27)

## 3.9 ਪਰਮਾਤਮਾ ਗਲਤੀਆਂ ਕਰਦਾ ਹੈ

"ਇਕ ਦਿਨ ਅਜਿਹਾ ਵੀ ਆਇਆ ਜਦੋਂ ਪਰਮਾਤਮਾ ਨੇ ਪਛਤਾਵਾ ਕੀਤਾ ਕਿ ਉਸਨੇ ਬੰਦਾ ਕਿਉਂ ਪੈਦਾ ਕੀਤਾ। ਬੰਦੇ ਦੀ ਬੁਰਾਈ ਏਨੀ ਜ਼ਿਆਦਾ ਵਧ ਗਈ ਸੀ ਕਿ ਰੱਬ ਨੂੰ ਧਰਤੀ ਤੇ ਹੜ੍ਹ ਲਿਆਉਣਾ ਪਿਆ ਤਾਂ ਜੋ ਜਿੱਥੇ ਕਿਤੇ ਵੀ ਜ਼ਿੰਦਗੀ ਧੜਕਦੀ ਹੈ, ਖ਼ਤਮ ਹੋ ਸਕੇ।[46] (ਜੈਨੇਸਿਜ਼ 6:6-9 ਅਤੇ 7:23)

ਇਹ ਗੱਲ ਹਜ਼ਮ ਹੋਣ ਵਾਲੀ ਨਹੀਂ ਕਿ ਪਰਮਾਤਮਾ ਨੇ ਸਿਰਫ ਇਸ ਲਈ

---

46 ਈਸਾਈਆਂ ਦਾ ਵਿਸ਼ਵਾਸ ਹੈ ਕਿ ਪਰਮਾਤਮਾ ਨੇ 150 ਦਿਨਾਂ ਲਈ ਹੜ੍ਹ ਵਗਾ ਦਿੱਤੇ (ਜੈਨੇਸਿਜ਼ 41-24) ਸਿਰਫ ਹਜ਼ਰਤ ਨੂਹ ਅਤੇ ਉਸਦੀ ਪਤਨੀ ਹਰ ਕਿਸਮ ਦੇ ਜਾਨਵਰਾਂ ਦੇ ਜੋੜਿਆਂ(ਨਰ ਤੇ ਮਾਦਾ) ਨਾਲ ਜਿਉਂਦੇ ਰਹਿ ਸਕੇ ਬਾਕੀ ਸਭ ਮਰ ਗਏ। (ਖੁਸਰੇ ਕਿੱਥੇ ਸਨ?) ਕਿਸ਼ਤੀ ਮਾਊਂਟ ਅਰਾਰਾਟ (ਅਰਮੇਨੀਆ) ਜਾ ਕੇ ਰੁਕੀ। ਕੀ ਕੋਈ ਅਨੁਮਾਨ ਲਗਾ ਸਕਦਾ ਹੈ ਕਿ ਏਡੀ ਵੱਡੀ ਕਿਸ਼ਤੀ ਨੂੰ ਬਣਾਉਣ ਲਈ ਕਿੰਨਾ ਸਮਾਂ ਲੱਗਾ ਹੋਵੇਗਾ ਅਤੇ 150 ਦਿਨਾਂ ਤੱਕ ਜਾਨਵਰਾਂ ਨੂੰ ਭੋਜਨ ਕਿੱਥੋਂ ਮਿਲਿਆ ਹੋਵੇਗਾ ਅਤੇ ਕਿਸ਼ਤੀ ਨੂੰ ਚਲਾਇਆ ਕਿਸਨੇ ਹੋਵੇਗਾ?

ਡੇਵਿਡ ਐਟਨਬਰੋ ਅਨੁਸਾਰ ਧਰਤੀ ਤੇ ਜੀਵਨ ਦੀਆਂ 40 ਲੱਖ ਪ੍ਰਜਾਤੀਆਂ (ਪਾਣੀ ਦੇ ਜੀਵਨ ਤੋਂ ਵੱਖਰੀਆਂ) ਲਾਈਫ ਔਨ ਅਰਥ ਪੰਨਾ 11) ਹਨ। ਇਸ ਕਈ ਕਿਸ਼ਤੀ ਵਿੱਚ, 8,000000 ਥਲ ਪ੍ਰਜਾਤੀਆਂ ਸਨ ਜਿਨ੍ਹਾਂ ਚੋਂ ਬਹੁਤੇ ਜਾਨਵਰ ਭੁੱਖ ਲੱਗਣ ਤੇ ਇਕ ਦੂਜੇ ਨੂੰ ਹੀ ਖਾ ਜਾਣ ਵਾਲੇ ਸਨ। ਕੁੱਝ ਤਾਂ ਅਣਦਿਸਦੇ ਹੀ ਹੋਣਗੇ। ਸ਼ਾਕਾਹਾਰੀ ਅਤੇ ਮਾਸਾਹਾਰੀ ਨੂੰ ਵੱਖਰੇ ਰੱਖਣ ਅਤੇ ਉਨ੍ਹਾਂ ਲਈ ਭੋਜਨ ਜਮ੍ਹਾਂ ਕਰਨ ਲਈ ਬਹੁਤ ਜ਼ਿਆਦਾ ਜਗ੍ਹਾ ਅਤੇ ਹਥਿਆਰ ਬੰਦ ਰਖਵਾਲਿਆਂ ਦੀ ਲੋੜ ਪੈਂਦੀ ਹੈ। ਉਨ੍ਹਾਂ ਸਾਰਿਆਂ ਲਈ ਭੋਜਨ ਦਾ ਇੰਤਜ਼ਾਮ ਹਜ਼ਰਤ ਨੂਹ ਲਈ ਵੱਡੀ ਮੁਸੀਬਤ ਬਣੀ ਹੋਵੇਗੀ। ਜ਼ਹਿਰੀਲੇ ਸੱਪ, ਬਿੱਛੂ, ਪਿੱਸੂ ਅਤੇ ਦੂਜੇ ਖ਼ੂਨ ਪੀਣੇ ਜੰਤੂਆਂ ਨੇ ਤਾਂ 150 ਦਿਨਾਂ ਤੱਕ ਪੂਰਾ ਤੰਗ ਕੀਤਾ ਹੋਵੇਗਾ। ਆਧੁਨਿਕ ਪੁਰਾਤਤਵ ਵਿਗਿਆਨੀ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਹਨ ਕਿ ਧਰਤੀ ਤੇ ਕੋਈ ਏਨੀ ਭਿਆਨਕ ਤਬਾਹੀ ਹੋਈ ਹੋਵੇਗੀ ਕਿ ਹਜ਼ਰਤ ਨੂਹ ਤੋਂ ਬਗੈਰ ਧਰਤੀ ਤੇ ਵੱਸਣ ਵਾਲਾ ਹਰ ਜੀਵ ਹੀ ਨਸ਼ਟ ਹੋ ਗਿਆ ਹੋਵੇਗਾ। ਜੇ ਅਜਿਹਾ ਕੁਝ ਹੋਇਆ ਵੀ ਹੋਵੇ ਤਾਂ ਇਹ ਸਿਰਫ ਮੱਧ ਪੂਰਬੀ ਇਲਾਕੇ ਦੀ ਤਬਾਹੀ ਹੀ ਹੋਵੇਗੀ। ਉਸਨੇ ਹਜ਼ਰਤ ਨੂਹ ਨੂੰ ਕਿਸੇ ਅਸਪੱਸ਼ਟ ਕਾਰਨ ਵਜੋਂ ਹੀ ਬਚਾ ਲਿਆ। ਜੈਨੇਸਿਸ ਖੁਦ ਦੱਸਦੀ ਹੈ ਕਿ ਹਜ਼ਰਤ ਨੂਹ ਆਪ ਵੀ ਪਾਪ ਰਹਿਤ ਨਹੀਂ ਸਨ। ਹੈਰਾਨੀ ਦੀ ਗੱਲ ਹੈ ਕਿ ਜੇ ਪਰਮਾਤਮਾ ਇਨਸਾਫ ਪਸੰਦ, ਸਿਆਣਾ, ਅਭੁੱਲ, ਪੂਰਨ ਅਤੇ ਨਿਰਵੈਰ ਸੀ ਤਾਂ ਨਵਜੰਮੇ ਬੱਚਿਆਂ ਅਤੇ ਕੁੱਖ ਵਿਚਲੇ ਬੱਚਿਆਂ ਦਾ ਕੀ ਦੋਸ਼ ਸੀ? ਉਹ ਕਿਉਂ ਮਾਰੇ ਗਏ ? ਇਸੇ ਤਰ੍ਹਾਂ ਜਦੋਂ ਪਰਮਾਤਮਾ ਨੇ ਮਿਸਰ ਦੇ ਨਵੇਂ ਜੰਮੇ ਬੱਚਿਆਂ ਨੂੰ ਮਾਰਿਆ ਤਾਂ ਕੀ ਸਮਝ ਕੇ ਨਿਰਦੋਸ਼ਾਂ ਦਾ ਕਤਲ ਕੀਤਾ ਹੋਵੇਗਾ।

ਭਾਵੇਂ ਸ਼ੈਤਾਨ ਦਾ ਕੋਈ ਜ਼ਿਕਰ ਨਹੀਂ ਪਰ ਜਾਪਦਾ ਹੈ ਕਿ ਉਹ ਵੀ ਕਿਸ਼ਤੀ ਵਿੱਚ ਚੜ੍ਹਿਆ ਹੋਵੇਗਾ ਅਤੇ ਬੱਚ ਗਿਆ। ਪਰਮਾਤਮਾ ਏਨੇ ਵੱਡੇ ਕਤਲੇਆਮ ਵਿਚ ਵੀ ਸ਼ੈਤਾਨ ਨੂੰ ਨਸ਼ਟ ਨਾ ਕਰ ਸਕਿਆ। ਪਰਮਾਤਮਾ ਦੀ ਇਸ ਕਮਜ਼ੋਰੀ ਤੇ ਤਾਂ ਸ਼ੈਤਾਨ ਬੇਹੱਦ ਖ਼ੁਸ਼ ਹੋਇਆ ਹੋਵੇਗਾ। ਇਹ ਤਾਂ ਸ਼ੈਤਾਨ ਦੀ ਬਹੁਤ ਵੱਡੀ ਜਿੱਤ ਅਤੇ ਰੱਬ ਦੀ ਬਹੁਤ ਵੱਡੀ ਹਾਰ ਸੀ।

ਪੂਰਬੀ ਵਿਸ਼ਵਾਸ਼ ਅਨੁਸਾਰ ਕੁਲ 8,400000 ਜੂਨਾਂ ਹਨ ਅਤੇ ਇਸ ਵਿੱਚੋਂ 42,00000 ਪਾਣੀ ਦੇ ਜੀਵ ਹਨ।



ਸੰਸਾਰ ਦੇ ਸਾਰੇ ਜੀਵਾਂ ਨੂੰ ਸਜ਼ਾ ਦੇ ਦਿੱਤੀ ਕਿ ਮਨੁੱਖ ਬੁਰਾ ਬਣ ਗਿਆ ਸੀ। ਇਹ ਗੱਲ ਕਿੰਨੀ ਬੇਦਲੀਲੀ ਹੈ ਕਿ ਪਰਮਾਤਮਾ ਨੇ ਬੰਦੇ ਦੀਆਂ ਗਲਤੀਆਂ ਕਾਰਨ ਜਾਨਵਰਾਂ ਅਤੇ ਬਨਸਪਤੀ ਨੂੰ ਵੀ ਸਜ਼ਾ ਦੇ ਦਿੱਤੀ ।

ਪਰਮਾਤਮਾ ਹੋਰ ਵੀ ਬੇਅਸੂਲਾ ਜਾਪਦਾ ਹੈ ਜਦ ਅਸੀਂ ਇਹ ਪੜ੍ਹਦੇ ਹਾਂ ਕਿ ਆਪਣੀ ਇੱਛਾ ਅਨੁਸਾਰ ਸਰਵਨਾਸ਼ ਕਰਨ ਉਪਰੰਤ ਪਰਮਾਤਮਾ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤੇ ਉਸਨੇ ਕਿਹਾ "ਮੈ ਫਿਰ ਕਦੇ ਮਨੁੱਖਾਂ ਕਾਰਨ ਧਰਤੀ ਨੂੰ ਸਰਾਪ ਨਹੀਂ ਦੇਵਾਂਗਾ। ਬੰਦੇ ਦੀ ਤਾਂ ਬਚਪਨ ਤੋਂ ਹੀ ਹਰ ਇੱਛਾ ਬੁਰਾਈ ਭਰਪੂਰ ਹੁੰਦੀ ਹੈ ਇਸ ਲਈ ਮੈਂ ਜਿਵੇਂ ਇਹ ਸਰਵਨਾਸ਼ ਕਰ ਬੈਠਾ ਹਾਂ, ਮੁੜ ਨਹੀਂ ਕਰਾਂਗਾ। (ਜੈਨੇਸਿਜ਼ 8:21)

ਪਰਮਾਤਮਾ ਨੂੰ ਪਛਤਾਵਾ ਹੋਇਆ ਕਿ ਉਸਨੇ ਸੌਲ ਨੂੰ ਇਜ਼ਰਾਈਲ ਦਾ ਰਾਜਾ ਕਿਉਂ ਬਣਾ ਦਿੱਤਾ (1 ਸੈਮਿਊਲ 15:15)

### ਸਿੱਖ ਦ੍ਰਿਸ਼ਟੀਕੋਣ :

ਸਿੱਖ ਧਰਮ ਅਨੁਸਾਰ ਪਰਮਾਤਮਾ ਅਭੁੱਲ ਹੈ ਅਤੇ ਨਿੰਦਾ ਤੋਂ ਪਰੇ ਹੈ। ਉਹ ਸਭ ਕੁੱਝ ਪਹਿਲਾਂ ਹੀ ਜਾਣ ਲੈਂਦਾ ਹੈ ਅਤੇ ਗਲਤੀਆਂ ਜਾਂ ਪਛਤਾਵਾ ਨਹੀਂ ਕਰਦਾ।

**ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ॥**

*(ਪੰਨਾ 1343)*

ਸਾਰੇ ਮਨੁੱਖ ਭੁੱਲਾਂ ਕਰਦੇ ਹਨ ਪਰ ਪਰਮਾਤਮਾ ਭੁੱਲਾਂ, ਗਲਤੀਆਂ ਤੋਂ ਰਹਿਤ ਹੈ । (ਪੰਨਾ-1343)

**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥**

*(ਪੰਨਾ 60)*

ਹਰ ਕੋਈ ਭੁੱਲਣਹਾਰ ਹੈ, ਪਰ ਪਰਮਾਤਮਾ ਅਤੇ ਉਸਦੇ ਪੈਗੰਬਰ ਕਦੇ ਵੀ ਭੁੱਲ ਨਹੀਂ ਕਰਦੇ। (ਪੰਨਾ 60) ਸਿੱਖ ਧਰਮ ਅਨੁਸਾਰ ਪਰਮਾਤਮਾ ਦੁਸ਼ਮਣੀ ਜਾਂ ਵੈਰ ਤੋਂ ਰਹਿਤ ਹੈ।

**ਤੂੰ ਨਿਰਵੈਰੁ ਸੰਤ ਤੇਰੇ ਨਿਰਮਲ॥**
**ਜਿਨ ਦੇਖੇ ਸਭ ਉਤਰਹਿ ਕਲਮਲ॥**

*(ਪੰਨਾ 108)*

ਐ ਪਰਮਾਤਮਾ ਤੂੰ ਨਫਰਤ ਨਹੀਂ ਕਰਦਾ ਅਤੇ ਬਦਲੇ ਨਹੀਂ ਲੈਂਦਾ। ਤੇਰੇ ਸੰਤ ਨਿਰਮਲ ਅਤੇ ਅਮਰ ਹਨ, ਉਨ੍ਹਾਂ ਦੇ ਦਰਸ਼ਨ ਕਰਕੇ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ।

## 3.10 ਪਰਮਾਤਮਾ ਪੇਟੂ ਹੈ :

ਸਾਰੀ ਬਾਈਬਲ 'ਚ ਹੀ ਅਸੀਂ ਵੇਖਦੇ ਹਾਂ ਕਿ ਪਰਮਾਤਮਾ ਮੀਟ ਖਾਣ ਅਤੇ ਸ਼ਰਾਬ ਪੀਣ ਦਾ ਸ਼ੌਕੀਨ ਹੈ ਅਤੇ ਮਨੁੱਖਾਂ ਤੋਂ ਬਲੀਆਂ ਦੀ ਮੰਗ ਕਰਦਾ ਹੈ। ਪਾਪਾਂ ਅਤੇ ਨੈਤਿਕ ਕਮਜ਼ੋਰੀਆਂ ਤੋਂ ਪਛਤਾਵੇ ਖਾਤਰ ਬਹੁਤ ਪ੍ਰਕਾਰ ਦੀਆਂ ਬਲੀਆਂ ਦੇ ਹਵਾਲੇ ਦਰਜ ਹਨ"। "ਝੁੰਡ ਜਾਂ ਇੱਜੜ 'ਚੋਂ ਕਿਸੇ ਜਾਨਵਰ ਨੂੰ ਲਿਆ ਕੇ ਬਲੀ ਦਿਉ"।(ਲੇਵੀਟੀਕਸ 1:1-5)

"ਸੱਤ ਦਿਨਾਂ ਦੇ ਉਸ ਭੋਜ ਉਤਸਵ ਵਿਚ ਹਰ ਰੋਜ਼ ਉਸਨੂੰ ਬਿਨਾਂ ਜ਼ਖਮ ਵਾਲੇ ਸੱਤ ਭੇਡੂ ਭੇਟ ਕਰਨੇ ਪੈਂਦੇ ਅਤੇ ਇਕ ਬੱਕਰਾ ਵੀ ਕੁਰਬਾਨ ਕਰਾਉਣਾ ਪੈਂਦਾ ਤਾਂ ਜੋ ਉਸ ਦੇ ਪਾਪ ਧੋਤੇ ਜਾਣ।" (ਐਜ਼ੀਕੀਅਲ 45-23)

ਪਰਮਾਤਮਾ ਨੇ ਕਿਹਾ, " ਹੱਦੋਂ ਵੱਧ ਕੁਰਬਾਨੀਆਂ ਮੇਰੇ ਲਈ ਅਰਥ ਹੀਣ ਹਨ। ਮੈਨੂੰ ਭੇਡੂ ਅਤੇ ਹੱਟੇ ਕੱਟੇ ਜਾਨਵਾਰਾਂ ਦੀਆਂ ਬਲੀਆਂ ਬਹੁਤ ਮਿਲਦੀਆਂ ਹਨ। ਮੈਨੂੰ ਆਮ ਬਲਦ, ਮੇਮਣੇ ਜਾਂ ਬੱਕਰੀ ਦੇ ਖੂਨ ਨਾਲ ਖੁਸ਼ੀ ਨਹੀਂ ਮਿਲਦੀ"। (ਈਸਾਹੀਆ I - II)

ਪਰਮਾਤਮਾ ਚਿੜੀ ਦੇ ਮੀਟ ਦੀ ਖ਼ੁਸ਼ਬੋ ਤੇ ਲਾਲਾਂ ਸੁੱਟਣ ਲੱਗ ਪਿਆ। (ਜੈਨੇਸਿਜ਼ 8 ਹਜ਼ਰਤ ਨੂਹ ਦੀ ਕੁਰਬਾਨੀ)

'ਈਸਾਈ ਪਰਮਾਤਮਾ' ਖਾਣ ਦਾ ਏਨਾ ਸ਼ੌਕੀਨ ਹੈ ਕਿ ਜਿਵੇਂ ਹੀ ਉਸਨੂੰ ਨੂਹ ਦੁਆਰਾ ਤਿਆਰ ਬਲੀ ਦੇ ਮੀਟ ਦੀ ਖੁਸ਼ਬੋ ਸੁੰਘਣ ਨੂੰ ਮਿਲਦੀ ਹੈ, ਉਸੇ ਵੇਲੇ ਤਬਾਹੀ ਅਤੇ ਮੌਤ ਵਾਲੀ ਆਪਣੀ ਨੀਤੀ ਨੂੰ ਬਦਲ ਦਿੰਦਾ ਹੈ ਅਤੇ ਕਹਿੰਦਾ ਹੈ, "ਮੈਂ ਫਿਰ ਕਦੇ ਧਰਤੀ ਨੂੰ ਬੰਦੇ ਕਾਰਨ ਸਰਾਪ ਨਹੀਂ ਦੇਵਾਂਗਾ ਭਾਵੇਂ ਕਿ ਆਦਮੀ ਆਪਣੇ ਬਚਪਨ ਤੋਂ ਹੀ ਜੋ ਵੀ ਇੱਛਾ ਕਰਦਾ ਹੈ ਉਹ ਬੁਰਾਈ ਭਰੀ ਹੁੰਦੀ ਹੈ ਅਤੇ ਮੈਂ ਜੋ ਹੁਣ ਸਾਰੇ ਜੀਵ ਇਸ ਕਾਰਨ ਖਤਮ ਕਰ ਦਿੱਤੇ ਹਨ, ਮੁੜ ਫਿਰ ਕਦੇ ਖਤਮ ਨਹੀਂ ਕਰਾਂਗਾ। (ਜੈਨੇਸਿਜ਼ 8:20-21)

ਯੀਸੂ ਮਸੀਹ ਸੰਬੰਧੀ ਵੀ ਉਸਦੇ ਪੇਟੂ ਅਤੇ ਸ਼ਰਾਬੀ ਹੋਣ ਦੇ ਹਵਾਲੇ ਮਿਲਦੇ ਹਨ। "**ਆਦਮੀ ਦਾ ਪੁੱਤਰ** (ਤਾਂ ਕੀ ਯੀਸੂ ਰੱਬ ਦਾ ਇਕਲੌਤਾ ਪੁੱਤਰ ਨਹੀਂ ਸੀ?) ਖਾਣ ਅਤੇ ਸ਼ਰਾਬ ਪੀਣ ਆਇਆ ਅਤੇ ਉਸਨੇ ਕਿਹਾ, "ਤੁਹਾਡੇ ਸਾਹਮਣੇ ਸ਼ਰਾਬੀ ਅਤੇ ਭੁੱਖੜ ਖੜ੍ਹਾ ਹੈ।" (ਮੈਥਿਊ 11-19)

ਅਸੀਂ ਇਹ ਵੀ ਪੜ੍ਹਦੇ ਹਾਂ ਕਿ ਪਰਮਾਤਮਾ ਨੇ ਸਾਰਾਹ ਨਾਲ ਬੈਠ ਕੇ ਖਾਣਾ ਖਾਧਾ, ਅਤੇ ਫਿਰ ਉਸਨੂੰ ਇਕ ਪੁੱਤਰ ਦੀ ਦਾਤ ਦਿੱਤੀ, ਜਦੋਂ ਕਿ ਉਹ 90 ਸਾਲ ਦੀ ਸੀ (ਉਸਦਾ ਪਤੀ 100 ਸਾਲ ਤੋਂ ਵੱਧ ਉਮਰ ਦਾ ਸੀ)। ਹੈਰਾਨੀ ਹੁੰਦੀ ਹੈ ਕਿ ਇਹ ਆਸ਼ੀਰਵਾਦ ਸੀ ਜਾਂ ਫਿਰ ਸਜ਼ਾ।



## ਸਿੱਖ ਦ੍ਰਿਸ਼ਟੀਕੋਣ :

ਸਿੱਖ ਮੰਨਦੇ ਹਨ ਕਿ ਪਰਮਾਤਮਾ ਦਾ ਕੋਈ ਸਰੀਰ ਨਹੀਂ ਹੁੰਦਾ, ਇਸ ਲਈ ਉਸਨੂੰ ਸਾਡੇ ਵਾਂਗ ਭੋਜਨ ਦੀ ਜ਼ਰੂਰਤ ਹੀ ਨਹੀਂ ਹੁੰਦੀ। ਉਹ ਭੋਜਨ ਲਈ ਮਨੁੱਖਾਂ ਤੇ ਨਿਰਭਰ ਨਹੀਂ ਅਤੇ ਨਾ ਹੀ ਉਹ ਕੋਈ ਸ਼ਰਾਬੀ ਹੈ। ਮੀਟ ਖਾਣ ਦਾ ਸੁਆਦ ਸਿਰਫ ਮਨੁੱਖਾਂ ਵਾਸਤੇ ਆਕਰਸ਼ਣ ਹੈ। ਪਰਮਾਤਮਾ ਏਨ੍ਹਾਂ ਕਮਜ਼ੋਰੀਆਂ ਤੋਂ ਬਹੁਤ ਉੱਪਰ ਹੈ। ਉਹ ਤਰਸ ਭਰਪੂਰ ਹੈ ਅਤੇ ਆਪਣੀਆਂ ਊਲ-ਜਲੂਲ ਤੇ ਫਰਜ਼ੀ ਲੋੜਾਂ ਲਈ ਆਪਣੇ ਹੀ ਉਤਪੰਨ ਕੀਤੇ ਜੀਵਾਂ ਨੂੰ ਆਪ ਹੀ ਖਾਣ ਲਈ ਮਾਰਦਾ ਜਾਂ ਮਰਵਾਉਂਦਾ ਨਹੀਂ।

## 3.11 ਪਰਮਾਤਮਾ ਅਜਿੱਤ ਨਹੀਂ ਹੈ :

ਪਰਮਾਤਮਾ ਨੇ ਜੌਬ ਨਾਲ ਘੋਲ ਕੀਤਾ ਅਤੇ ਹਾਰ ਗਿਆ। ਉਸਨੇ ਤਾਂ ਘੋਲ ਦੌਰਾਨ ਚਲਾਕੀ ਨਾਲ ਜੌਬ ਦੇ ਜਹਾਜ਼ ਦੀ ਸਾਕੇਟ ਢਿੱਲੀ ਕਰਕੇ ਧੋਖੇ ਨਾਲ ਉਸਦਾ ਧਿਆਨ ਭੰਗ ਕਰਨ ਦੀ ਵੀ ਕੋਸ਼ਿਸ਼ ਕੀਤੀ। (ਜੈਨੇਸਿਜ਼ 32:24-28)

ਘੋਲ ਜਿੱਤਣ ਤੇ ਜੌਬ ਨੇ ਪਰਮਾਤਮਾ ਪਾਸੋਂ ਆਸ਼ੀਰਵਾਦ ਦੀ ਮੰਗ ਕੀਤੀ ਤਾਂ ਪਰਮਾਤਮਾ ਨੇ ਜੌਬ ਦਾ ਨਾਮ ਬਦਲ ਕੇ ਇਜ਼ਰਾਈਲ ਰੱਖ ਦਿੱਤਾ। (ਮੈਥਿਊ 26:53)

ਨਿਰਸੰਦੇਹ ਪਰਮਾਤਮਾ ਵੀ ਮਨੁੱਖ ਸੀ। ਉਸ ਵਿੱਚ ਬੰਦੇ ਵਾਲੇ ਹੀ ਔਗੁਣ ਸਨ। ਇਸੇ ਲਈ ਧੋਖੇਬਾਜ਼ ਮਨੁੱਖਾਂ ਵਾਂਗ ਉਸਨੇ ਵੀ ਛਲ ਕੀਤਾ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪਰਮਾਤਮਾ ਨੂੰ ਅਜਿਹਾ ਕਰਨ ਦੀ ਕੀ ਲੋੜ ਸੀ। ਚਲੋ ਛਲ ਕਪਟ ਦੀ ਗੱਲ ਛੱਡ ਵੀ ਦੇਈਏ, ਇਸ ਕਹਾਣੀ ਤੋਂ ਸਿੱਖਿਆ ਕੀ ਮਿਲਦੀ ਹੈ? ਫਿਰ ਇੱਕ ਹਾਰੇ ਹੋਏ ਪਰਮਾਤਮਾ ਪਾਸੋਂ ਨਾਮ ਬਦਲਣ ਦੀ ਆਸ਼ੀਰਵਾਦ ਦੀ ਮੰਗ ਕਿਉਂ? ਜੌਬ ਬਿਨਾਂ ਕਿਸੇ ਦੈਵੀ ਮੱਦਦ ਦੇ ਕਿਸੇ ਵੇਲੇ ਵੀ ਆਪਣਾ ਨਾਮ ਬਦਲ ਸਕਦਾ ਸੀ। ਉਸਨੂੰ ਨਵੇਂ ਨਾਮ ਦੀ ਖਾਤਰ ਹਾਰੇ ਹੋਏ ਨਿਰਬਲ ਪਰਮਾਤਮਾ ਤੇ ਨਿਰਭਰ ਹੋਣ ਅਤੇ ਮਿੰਨਤ ਕਰਨ ਦੀ ਲੋੜ ਹੀ ਕੀ ਸੀ?

## ਸਿੱਖ ਦ੍ਰਿਸ਼ਟੀਕੋਣ :

ਸਿੱਖ ਨਾ ਤਾਂ ਇਸ ਗੱਲ 'ਚ ਯਕੀਨ ਰੱਖਦੇ ਹਨ ਕਿ ਪਰਮਾਤਮਾ ਮਨੁੱਖ ਬਣ ਸਕਦਾ ਹੈ ਅਤੇ ਨਾ ਹੀ ਇਸ ਗੱਲ ਨੂੰ ਮੰਨਦੇ ਹਨ ਕਿ ਕਦੇ ਕੋਈ ਮਨੁੱਖ ਪਰਮਾਤਮਾ ਨੂੰ ਵੀ ਹਰਾ ਸਕਦਾ ਹੈ।

**ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ**

**ਆਦਿ ਨਿਰੰਜਨੁ ਨਿਰੰਕਾਰੁ ਜੀਉ॥1॥**
**ਤਾ ਕੀ ਗਤਿ ਕਹੀ ਨ ਜਾਈ ਅਮਿਤਿ ਵਡਿਆਈ॥**
**ਮੇਰਾ ਗੋਵਿੰਦੁ ਅਲਖ ਅਪਾਰ ਜੀਉ॥**
**ਤੂੰ ਆਦਿ ਪੁਰਖੁ ਅਪਰੰਪਰੁ ਕਰਤਾ**
**ਤੇਰਾ ਪਾਰੁ ਨਾ ਪਾਇਆ ਜਾਇ ਜੀਉ॥**
**ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ**
**ਸਭ ਮਹਿ ਰਹਿਆ ਸਮਾਇ ਜੀਉ॥**
**ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ**
**ਹਰਿ ਹਰਿ ਗੁਣੀ ਨਿਧਾਨੁ ਜੀਉ॥**
**ਹਰਿ ਹਰਿ ਪ੍ਰਭੁ ਏਕੋ ਅਵਰੁ ਨ ਕੋਈ**
**ਤੂੰ ਆਪੇ ਪੁਰਖੁ ਸੁਜਾਨੁ ਜੀਉ॥**

*(ਪੰਨਾ-448)*

"ਮੇਰਾ ਪਿਤਾ ਪਰਮਾਤਮਾ, ਮਹਾਨ, ਅਗਮ, ਅਛੋਹ, ਸੁਤੇ ਪ੍ਰਕਾਸ਼, ਨਿਰਮਲ ਅਤੇ ਸਰੀਰ ਰਹਿਤ ਹੈ। ਉਸਦੀ ਵਡਿਆਈ ਕਰਨੀ ਮੁਸ਼ਕਿਲ ਹੈ, ਉਸਦਾ ਪੂਰਾ ਵਰਣਨ ਕੀਤਾ ਹੀ ਨਹੀਂ ਜਾ ਸਕਦਾ। ਮੇਰਾ ਪਰਮਾਤਮਾ ਮਨੁੱਖੀ ਸੋਚ ਅਤੇ ਪਹੁੰਚ ਤੋਂ ਬਹੁਤ ਉੱਚਾ ਹੈ। ਐ ਪਰਮਾਤਮਾ ਤੂੰ ਆਪੇ ਪੈਦਾ ਹੁੰਦਾ ਹੈਂ, ਤੂੰ ਹੀ ਰਚਣਹਾਰਾ ਹੈਂ ਅਤੇ ਹਰ ਥਾਂ, ਹਰ ਸ਼ੈਅ ਵਿੱਚ ਤੇਰੀ ਹੀ ਜੋਤ ਵਿਆਪਕ ਹੈ। ਤੂੰ ਹਰ ਜੀਵ ਵਿੱਚ ਸਮਾਇਆ ਹੋਇਆ ਹੈਂ, ਐ ਪਰਮਾਤਮਾ ਤੂੰ ਸੱਚਾ ਅਤੇ ਅਮਰ ਹੈ। ਤੂੰ ਸਾਰੀਆਂ ਚੰਗਿਆਈਆਂ ਦਾ ਖਜ਼ਾਨਾ ਹੈਂ। ਐ ਪਰਮਾਤਮਾ ਤੂੰ ਸਿਰਫ ਇੱਕ ਹੀ ਹੈਂ ਅਤੇ ਤੇਰੇ ਵਰਗਾ ਹੋਰ ਕੋਈ ਨਹੀਂ। ਐ ਪਿਤਾ, ਸਿਆਣਪ ਵਿਚ ਤੇਰਾ ਕੋਈ ਵੀ ਸਾਨੀ ਨਹੀਂ।

*(ਗੁਰੂ ਗ੍ਰੰਥ ਸਾਹਿਬ ਆਸਾ ਮ: 4 ਛੰਤ 7)*

### 3.12 ਪਰਮਾਤਮਾ ਅਨਿਆਂ ਪੂਰਨ ਹੈ :

"ਮੈਂ ਤੁਹਾਡਾ ਮਾਲਕ ਪਰਮਾਤਮਾ ਹਾਂ ।ਕਿਸੇ ਦੁਆਰਾ ਕੀਤੀ ਗਲਤੀ ਨੂੰ ਮੈਂ ਤੀਜੀ ਜਾਂ ਚੌਥੀ ਪੀੜ੍ਹੀ ਤੱਕ ਵੀ ਨਹੀਂ ਮੁਆਫ ਕਰਦਾ ਤੇ ਸਜ਼ਾ ਦਿੰਦਾ ਹਾਂ। ਮੈਂ ਈਰਖਾ ਕਰਨ ਵਾਲਾ ਰੱਬ ਹਾਂ।" (ਐਕਜ਼ੋਡਸ 20,5)

ਜੈਨੇਸਿਜ਼ (20:17-18) ਵਿਚ ਅਸੀਂ ਪੜ੍ਹਦੇ ਹਾਂ ਕਿ ਪਰਮਾਤਮਾ ਨੇ ਅਬੀਮੇਲੇਚ ਦੇ ਕਬੀਲੇ ਦੀਆਂ ਕੁੱਖਾਂ ਵਿਚੋਂ ਬੱਚੇ ਪੈਦਾ ਹੋਣੇ ਬੰਦ ਕਰ ਦਿੱਤੇ ਕਿਉਂਕਿ ਉਹ ਅਬਰਾਹੀਮ ਦੀ ਪਤਨੀ ਸਾਰਾਹ ਤੋਂ ਖੁਸ਼ ਨਹੀਂ ਸੀ। ਅਬਰਾਹੀਮ ਦੀ ਪ੍ਰਾਰਥਨਾ ਤੋਂ ਬਾਅਦ ਪਰਮਾਤਮਾ ਸ਼ਾਂਤ ਹੋ ਗਿਆ ਅਤੇ ਅਬੀਮੇਲੇਚ ਅਤੇ ਉਸਦੀ ਪਤਨੀ ਨੂੰ



ਮੁੜ ਤੰਦਰੁਸਤ ਕਰ ਦਿੱਤਾ। ਸਗੋਂ ਹੁਣ ਤਾਂ ਐਨਾਂ ਖੁਸ਼ ਹੋਇਆ ਕਿ ਉਸ ਨੇ ਗ਼ੁਲਾਮ ਲੜਕੀ ਨੂੰ ਬੱਚੇ ਪੈਦਾ ਕਰਨ ਦਾ ਵਰ ਵੀ ਦੇ ਦਿੱਤਾ। ਇਹ ਤਾਂ ਨਿਰੋਲ ਪੱਖਪਾਤ ਅਤੇ ਬੇਇਨਸਾਫੀ ਵਾਲੀ ਗੱਲ ਹੈ ਕਿ ਕਿਸੇ ਇਕ ਔਰਤ ਦੇ ਕਸੂਰ ਕਾਰਨ ਕਿਸੇ ਕਬੀਲੇ ਦੀਆਂ ਸਾਰੀਆਂ ਔਰਤਾਂ ਨੂੰ ਸਜ਼ਾ ਮਿਲੇ। ਇਹ ਵੀ ਕਿੱਡੀ ਹਾਸੋਹੀਣੀ ਗੱਲ ਹੈ ਕਿ ਸਜ਼ਾ ਮੁਕਤ ਕਰਨ ਲਈ ਰਬ ਨੂੰ ਕਿਸੇ ਇਕ ਔਰਤ ਤੇ ਨਿਰਭਰ ਹੋ ਕੇ ਖੁਸ਼ ਹੋਣ ਦੀ ਲੋੜ ਹੋਵੇ।

ਨੰਬਰਜ਼ ਦੀ ਪੁਸਤਕ 'ਚ ਪਰਮਾਤਮਾ ਹਜ਼ਰਤ ਮੂਸਾ ਨੂੰ ਆਖਦਾ ਹੈ, "ਮੀਡੀਆਨਾਈਟਸ ਤੋਂ ਬਦਲਾ ਲਵੋ। ਉਨ੍ਹਾਂ ਦੇ ਪਸ਼ੂ, ਇੱਜੜ, ਵਸਤਾਂ ਬੱਚੇ ਤੇ ਔਰਤਾਂ ਕਬਜ਼ੇ 'ਚ ਲੈ ਲਵੋ। ਫਿਰ ਸਾਰੇ ਲੜਕੇ ਮਾਰ ਦੇਵੋ ਅਤੇ ਉਨ੍ਹਾਂ ਔਰਤਾਂ ਨੂੰ ਖਤਮ ਕਰ ਦਿਉ ਜੋ ਕਿਸੇ ਮਰਦ ਨਾਲ ਸੁੱਤੀਆਂ ਹੋਣ। ਪਰ ਆਪਣੇ ਵਾਸਤੇ ਉਨ੍ਹਾਂ ਔਰਤਾਂ ਨੂੰ ਬਚਾ ਲਵੋ ਜੋ ਕਦੇ ਕਿਸੇ ਮਰਦ ਨਾਲ ਨਾ ਸੁੱਤੀਆਂ ਹੋਣ। (ਨੰਬਰਜ਼ 31,1,2,9,12,15,17,18 ਆਦਿ) "ਫਰਿਸ਼ਤਿਆਂ ਨੇ ਲੋਟ ਨੂੰ ਚੇਤਾਵਨੀ ਦਿੱਤੀ ਕਿ ਵਿਭਚਾਰ ਵਾਲਾ ਸ਼ਹਿਰ (ਸੋਡੋਮ) ਤਬਾਹ ਕੀਤਾ ਜਾਣਾ ਹੈ। ਇਸ ਲਈ ਉਹ ਜਾਨ ਬਚਾ ਕੇ ਪਹਾੜਾਂ ਤੇ ਚਲਾ ਜਾਵੇ ਪਰ ਜਾਂਦੇ ਹੋਏ ਰਾਹ ਵਿੱਚ ਪਿੱਛੇ ਮੁੜ ਕੇ ਨਾ ਦੇਖੇ। ਲੋਟ ਦੀ ਪਤਨੀ ਨੇ ਪਤੀ ਦੀ ਗੱਲ ਨੂੰ ਬੇਧਿਆਨੀ ਨਾਲ ਲੈਂਦਿਆਂ ਪਿੱਛੇ ਮੁੜ ਕੇ ਵੇਖਿਆ ਅਤੇ ਉਹ ਨਮਕ ਦਾ ਥੰਮ ਬਣ ਗਈ। (ਜੈਨੇਸਿਜ਼ 18-22)

"ਜ਼ਿੰਦਗੀ ਬਦਲੇ ਜ਼ਿੰਦਗੀ, ਅੱਖ ਦੇ ਬਦਲੇ ਅੱਖ, ਦੰਦ ਦੇ ਬਦਲੇ ਦੰਦ ਹੱਥ ਦੇ ਬਦਲੇ ਹੱਥ ਅਤੇ ਪੈਰ ਦੇ ਬਦਲੇ ਪੈਰ"।(ਡਿਊਟਰੋਨੋਮੀ 19-21)

"ਕੋਈ ਹਰਾਮੀ ਪਰਮਾਤਮਾ ਦੀ ਸਭਾ 'ਚ ਦਾਖਿਲ ਨਹੀਂ ਹੋ ਸਕਦਾ, ਉਹ ਤਾਂ ਕੀ ਉਸਦੀ ਦਸਵੀਂ" ਪੀੜ੍ਹੀ ਵੀ ਪਰਮਾਤਮਾ ਦੀ ਸਭਾ 'ਚ ਦਾਖਿਲ ਨਹੀਂ ਹੋ ਸਕਦੀ। (ਡਿਊਟਰੋਨੋਮੀ 23:2)

ਅੱਧੀ ਰਾਤ ਨੂੰ ਪਰਮਾਤਮਾ ਨੇ ਮਿਸਰ ਦੇ ਨਵੇਂ ਜੰਮੇ ਸਾਰੇ ਬੱਚੇ ਮਾਰ ਦਿੱਤੇ।ਇੰਝ ਕਰਨ ਵੇਲੇ ਸਮਰਾਟ ਫੇਰੋ ਦੇ ਬੱਚਿਆਂ ਤੋਂ ਲੈ ਕੇ ਕਾਲ ਕੋਠੜੀਆਂ ਵਿਚਲੇ ਕੈਦੀਆਂ ਨੂੰ, ਨਵੇਂ ਜੰਮੇ ਬੱਚਿਆ ਨੂੰ ਅਤੇ ਪਸ਼ੂਆਂ ਦੇ ਬੱਚਿਆਂ ਤਕ ਨੂੰ ਵੀ ਨਾ ਬਖ਼ਸ਼ਿਆ ਗਿਆ।(ਐਕਜ਼ੋਡਸ 212-29)

ਹੈਰਾਨੀ ਹੁੰਦੀ ਹੈ ਕਿ ਈਸਾਈਆਂ ਦਾ ਪਰਮਾਤਮਾ ਕਿੰਨਾ ਤਰਸਵਾਨ ਅਤੇ ਇਨਸਾਫਪਸੰਦ ਕਲਪਿਆ ਜਾ ਸਕਦਾ ਹੈ ।ਪਤਾ ਨਹੀਂ ਸਾਡੇ ਈਸਾਈ ਭਰਾ ਇਸ ਦਾ ਕੀ ਅਰਥ ਕਰਦੇ ਹਨ, " ਉਹ ਚੱਟਾਨ ਵਾਂਗ ਹੈ। ਉਸਦੇ ਕੰਮ ਪੂਰਨ ਹਨ। ਉਸਦਾ ਹਰ ਹੁਕਮ, ਹਰ ਕੰਮ ਉੱਤਮ ਹੈ। ਉਹ ਕਦੇ ਗਲਤ ਨਹੀਂ ਹੋ ਸਕਦਾ। ਉਹ ਹਮੇਸ਼ਾ ਮੁਨਸਫ ਅਤੇ ਨਿਰਕਪਟ ਹੁੰਦਾ ਹੈ। (ਡਿਊਟ 32:4)

"ਮੈਂ ਸਭ ਤੇ ਤਰਸ ਖ਼ਾਵਾਂਗਾ ਅਤੇ ਕੁਰਬਾਨੀ ਨਹੀਂ ਮੰਗਾਂਗਾ।" (ਮੈਥਿਊ :13)

ਬਾਈਬਲ ਸਾਨੂੰ ਦੱਸਦੀ ਹੈ ਕਿ ਹੈਮ ਦੇ ਪੁੱਤਰਾਂ (ਅੱਜਕਲ੍ਹ ਦੇ ਅਫਰੀਕਨ ਲੋਕ) ਨੂੰ ਹਮੇਸ਼ਾ ਲਈ ਗੁਲਾਮ ਬਣਾ ਦਿੱਤਾ ਗਿਆ ਕਿਉਂਕਿ ਉਨ੍ਹਾਂ ਦੇ ਪਿਤਾ ਨੇ, ਉਨ੍ਹਾਂ ਦੇ ਸ਼ਰਾਬ ਵਿੱਚ ਗੁੱਟ ਹੋ ਕੇ ਨੰਗੇ ਪਏ ਦਾਦੇ (ਹਜ਼ਰਤ ਨੂਹ) ਉੱਪਰ ਨੰਗ ਢਕਣ ਲਈ ਕੋਈ ਕੱਪੜਾ ਨਹੀਂ ਸੀ ਪਾਇਆ"। (ਜੈਨੇਸਿਜ਼ 22-25)

## ਸਿੱਖ ਦ੍ਰਿਸ਼ਟੀਕੋਣ :

ਸਿੱਖ ਧਰਮ ਅਨੁਸਾਰ ਪਰਮਾਤਮਾ ਨਾ ਤਾਂ ਈਰਖਾ ਕਰਦਾ ਹੈ ਅਤੇ ਨਾ ਹੀ ਬਦਲੇਖੋਰ ਹੈ। ਉਹ ਨਿਰਵੈਰ ਹੈ ਅਤੇ ਗੁਰੂ ਸਾਹਿਬ ਫੁਰਮਾਨ ਕਰਦੇ ਹਨ।

**ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਏ॥**

*(ਪੰਨਾ-89)*

ਪਰਮਾਤਮਾ ਗੁਣਾਂ ਨੂੰ ਵਡਿਆਈ ਬਖ਼ਸ਼ਦਾ ਹੈ ਅਤੇ ਬਿਨਾਂ ਕਿਸੇ ਪੱਖਪਾਤ ਤੋਂ ਇਨਸਾਫ਼ ਕਰਦਾ ਹੈ। (ਪੰਨਾ-89)

**ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ**

*(ਸ੍ਰੀ ਰਾਗ ਮ: 5)*

"ਸਰੀਰ ਦੀ ਧਰਤੀ 'ਚ ਮਨੁੱਖ ਜੋ ਬੀਜਦਾ ਹੈ, ਉਹੀ ਵੱਢਦਾ ਹੈ"।

ਸਿੱਖ ਧਰਮ ਵਿਆਹੋਂ ਬਾਹਰਲੇ ਅਤੇ ਵਿਆਹ ਤੋਂ ਪਹਿਲਾਂ ਦੇ ਸੰਬੰਧਾਂ 'ਚ ਵਿਸ਼ਵਾਸ਼ ਨਹੀ ਰੱਖਦਾ। ਇਹ ਨਾਜਾਇਜ਼ ਬੱਚੇ ਨੂੰ ਪਾਪ ਨਹੀਂ ਆਖਦਾ। ਇਸ ਦਾ ਮੰਨਣਾ ਹੈ ਕਿ ਕਰਮ ਮਾੜੇ ਹੋ ਸਕਦੇ ਹਨ, ਜਨਮ ਨਹੀਂ।[47] ਇਸ ਲਈ ਨਾਜਾਇਜ਼ ਔਲਾਦ ਨੇ ਤਾਂ ਕੋਈ ਕਸੂਰ ਨਹੀਂ ਕੀਤਾ ਹੁੰਦਾ ਪਰ ਉਸਦੇ ਮਾਪੇ ਸਮਾਜ ਦੀਆਂ ਨਜ਼ਰਾਂ 'ਚ ਪਾਪੀ ਅਖਵਾਉਂਦੇ ਹਨ। ਇੱਕ ਨਾਜਾਇਜ਼ ਬੱਚਾ[48] ਬੇਸ਼ਕ ਪਾਪ ਕਾਰਨ ਜਨਮ ਲੈਂਦਾ ਹੈ, ਪਰ ਇਹ ਹੋਰਾਂ ਦੇ ਪਾਪ ਹੁੰਦੇ ਹਨ ਉਸਦੇ ਆਪਣੇ ਨਹੀਂ। ਗੁਰੂ ਸਾਹਿਬ ਫੁਰਮਾਨ ਕਰਦੇ ਹਨ:

**ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥**
**ਸਾ ਜਾਤਿ ਸਾ ਪਾਤਿ ਹੈ ਜੇਹੇ ਕਰਮ ਕਮਾਇ॥**

*(ਪੰਨਾ-1330)*

47 ਹਰ ਚੰਗਾ ਜਾਂ ਮਾੜਾ ਕਰਮ ਕਿਤੇ ਨਾ ਕਿਤੇ ਆਪਣਾ ਪ੍ਰੇਤ-ਪਰਛਾਵਾਂ ਛੱਡ ਜਾਂਦਾ ਹੈ।(ਲੌਂਗਫੈਲੋ)

48 ਇਕ ਨਾਜਾਇਜ਼ ਲੜਕਾ ਗੁਰੂ ਹਰਗੋਬਿੰਦ ਸਾਹਿਬ ਦੁਆਰਾ ਰੂੜੀ ਤੋਂ ਲੱਭਾ ਸੀ। ਗੁਰੂ ਸਾਹਿਬ ਨੇ ਉਸਨੂੰ ਨੁਹਾ ਧੁਆ ਕੇ ਅਪਣਾ ਲਿਆ ਅਤੇ ਵੱਡਿਆਂ ਕੀਤਾ। ਇਹ 'ਸੁਥਰਾ' ਸੀ ਜਿਸਨੂੰ ਬਾਅਦ ਵਿੱਚ ਹਾਜ਼ਰਜੁਆਬੀ, ਵਿਅੰਗ ਅਤੇ ਸ਼ਰਧਾਲੂ ਸਿਖ ਵਜੋਂ ਸਤਿਕਾਰਿਆ ਗਿਆ।



ਜਾਤ ਜਾਂ ਜਨਮ ਦੀ ਗੱਲ ਨਾ ਕਰੋ, ਤੁਹਾਨੂੰ ਸਿਰਫ ਪਰਮਾਤਮਾ ਸਿਮਰਨ ਦੀ ਗੱਲ ਕਰਨੀ ਚਾਹੀਦੀ ਹੈ। ਤੁਹਾਡੇ ਆਪਣੇ ਕਰਮ ਹੀ ਤੁਹਾਡੀ ਜਾਤ ਅਤੇ ਇੱਜ਼ਤ ਦੇ ਲਖਾਇਕ ਹਨ। (ਪੰਨਾ-1330)

ਸਿੱਖ ਧਰਮ ਅਨੁਸਾਰ ਪਰਮਾਤਮਾ ਨਾ ਤਾ ਈਰਖਾ ਕਰਦਾ ਹੈ ਅਤੇ ਨਾ ਹੀ ਬੇਇਨਸਾਫੀ। ਉਹ ਸਿਰਫ ਉਨ੍ਹਾਂ ਨੂੰ ਸਜ਼ਾ ਦਿੰਦਾ ਹੈ ਜੋ ਮਾੜੇ ਕਰਮ ਕਰਦੇ ਹਨ ਅਤੇ ਉਨ੍ਹਾਂ ਨੂੰ ਵਡਿਆਈ ਬਖਸ਼ਦਾ ਹੈ ਜੋ ਨਿਰਮਲ ਜ਼ਿੰਦਗੀ ਜਿਉਂਦੇ ਹਨ। ਉਹ ਕਦੇ ਵੀ ਪਿਓ, ਦਾਦੇ ਦੇ ਕੀਤੇ ਪਾਪਾਂ ਕਾਰਨ ਬੱਚਿਆਂ ਨੂੰ ਸਜ਼ਾ ਨਹੀਂ ਦਿੰਦਾ।

**ਭਾਈ ਵੇਖਹੁ ਨਿਆਉ ਸਚੁ ਕਰਤੇ ਕਾ**
**ਜੇਹਾ ਕੋਈ ਕਰੇ ਤੇਹਾ ਕੋਈ ਪਾਏ॥**

*(ਪੰਨਾ-308)*

"ਹੇ ਭਾਈ ਪਰਮਾਤਮਾ ਦਾ ਇਨਸਾਫ ਵੇਖੋ ਜਿਵੇਂ ਕੋਈ ਬੀਜਦਾ ਹੈ ਉਵੇਂ ਹੀ ਵੱਢਦਾ ਹੈ।" *(ਪੰਨਾ-308)*

**ਸਚਾ ਆਪਿ ਤਖਤੁ ਸਚਾ**
**ਬਹਿ ਸਚਾ ਕਰੇ ਨਿਆਉ॥**

*(ਪੰਨਾ-949)*

ਉਹ ਆਪ ਸੱਚਾ ਹੈ, ਉਸਦੀ ਬਾਦਸ਼ਾਹੀ ਸੱਚੀ ਹੈ ਅਤੇ ਉਹ ਸਹੀ ਫੈਸਲੇ ਦਿੰਦਾ ਹੈ।

**ਤਹ ਸਾਚ ਨਿਆਇ ਨਿਬੇਰਾ॥**
**ਊਹਾ ਸਮ ਠਾਕੁਰੁ ਸਮ ਚੇਰਾ॥**

*(ਪੰਨਾ-621)*

ਪਰਮਾਤਮਾ ਦੀ ਅਦਾਲਤ ਦਾ ਨਿਆਂ ਸੱਚਾ ਹੈ ਅਤੇ ਸਜ਼ਾ/ਵਡਿਆਈ ਦੇਣ ਵੇਲੇ ਕਿਸੇ ਮਾਲਕ ਜਾਂ ਨੌਕਰ ਵਿੱਚ ਕਿਸੇ ਕਿਸਮ ਦਾ ਕੋਈ ਅੰਤਰ ਨਹੀਂ ਰੱਖਿਆ ਜਾਂਦਾ। *(ਪੰਨਾ-621)*

ਜਿੱਥੋਂ ਤੱਕ ਬਾਈਬਲ ਵਿਚ ਸ਼ਰਾਬ ਦੀ ਕਥਾ ਦੀ ਗੱਲ ਹੈ, ਸਿੱਖ ਧਰਮ ਨਾ ਤਾਂ ਸ਼ਰਾਬ ਪੀਣ ਦੀ ਇਜਾਜ਼ਤ ਦਿੰਦਾ ਹੈ ਅਤੇ ਨਾ ਹੀ ਇਸ ਗੱਲ ਵਿੱਚ ਯਕੀਨ ਰੱਖਦਾ ਹੈ ਕਿ ਜੋ ਸ਼ਰਾਬ ਪੀਣ ਵਾਲੇ ਦੀ ਮੱਦਦ ਨਹੀਂ ਕਰਦਾ ਉਸ ਨੂੰ ਸਜ਼ਾ ਮਿਲੇਗੀ। ਸਿੱਖ ਧਰਮ ਵਿੱਚ ਪਿਤਾ ਦੇ ਪਾਪਾਂ ਦੀ ਸਜ਼ਾ ਉਸਦੇ ਵੰਸ਼ਜਾਂ ਨੂੰ ਨਹੀਂ ਮਿਲਦੀ।

ਸਿੱਖ ਮੰਨਦੇ ਹਨ ਕਿ ਹੈਮ, ਸ਼ੈਮ ਅਤੇ ਜੈਪਥ (ਹਜ਼ਰਤ ਨੂਹ ਦੇ ਪੁੱਤਰ) ਦੇ ਵੰਸ਼ਜ ਸਿੱਖਾਂ ਦੇ ਬਰਾਬਰ ਦੇ ਭਰਾ ਹਨ ਕਿਉਂਕਿ ਸਾਰੀ ਮਨੁੱਖ ਜਾਤੀ ਇੱਕ ਪਰਿਵਾਰ ਵਾਂਗ ਹੈ। ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ (ਪੰਨਾ-62)" ਹਰ ਕਿਸੇ ਨੂੰ ਸਤਿਕਾਰਤ ਮੰਨੋ, ਕਿਸੇ ਨੂੰ ਵੀ ਨੀਵਾਂ ਨਾ ਸਮਝੋ। (ਪੰਨਾ-62)

ਸਿੱਖਾਂ ਨੂੰ ਉਚ ਨੀਚ ਦੇ ਪੱਧਰ ਤੋਂ ਮਨੁੱਖ ਜਾਤੀ ਵਿੱਚ ਭੇਦਭਾਵ ਪੈਦਾ ਕਰਨ ਤੋਂ ਰੋਕਿਆ ਗਿਆ ਹੈ।

## 3.13 ਪਰਮਾਤਮਾ ਬਦਲੇਖੋਰ ਹੈ

ਬਾਈਬਲ ਵਿੱਚ ਪਰਮਾਤਮਾ ਲੋਕਾਂ ਨੂੰ ਸਜ਼ਾ ਦੇਣ ਵਾਸਤੇ ਆਪਣੀ ਸ੍ਰਿਸ਼ਟੀ ਵਿਚ ਪਲੇਗ, ਸੋਕਾ, ਹੜ੍ਹ, ਅਕਾਲ, ਟਿੱਡੀਦਲ, ਮਹਾਂਮਾਰੀ ਅਤੇ ਡੱਡੂਆਂ ਨੂੰ, ਭੇਜਦਾ ਹੈ। ਉਹ ਸ਼ੈਤਾਨ ਨੂੰ (ਜੌਬ 2-6) ਇਸ ਲਈ ਭੇਜਦਾ ਹੈ ਤਾਂ ਜੋ ਜੌਬ ਪੈਰਾਂ ਦੇ ਤਲੇ ਤੋਂ ਲੈ ਕੇ ਸਿਰ ਤੱਕ ਦਰਦਨਾਕ ਫੋੜਿਆਂ ਨਾਲ ਭਰ ਜਾਵੇ (ਹੀਬਰੀਉ 26:53) ਉਸਨੇ ਸੋਡੋਮ ਅਤੇ ਗੋਮੋਰਾਹ ਉਪਰ ਗੰਧਕ ਦੀ ਬਾਰਿਸ਼ ਕੀਤੀ (ਜੈਨੇਸਿਜ਼ 19:24-25, 31-36) ਪਰਮਾਤਮਾ ਨੇ ਅਭੀਮੇਲੇਚ ਦੇ ਘਰ ਦੀਆਂ ਸਾਰੀਆਂ ਕੋਖਾਂ ਨੂੰ ਅਬਰਾਹੀਮ ਦੀ ਪਤਨੀ ਕਾਰਨ ਬੰਦ ਕਰਵਾ ਦਿੱਤਾ (ਜੈਨੇਸਿਜ਼ 20:17-18)

"ਉਸੇ ਰਾਤ ਮੈਂ ਮਿਸਰ ਰਾਹੀਂ ਗੁਜ਼ਰਾਂਗਾ ਅਤੇ ਹਰ ਜਾਨਵਰ ਅਤੇ ਇਨਸਾਨੀ ਬੱਚੇ ਨੂੰ ਖਤਮ ਕਰਕੇ ਮਿਸਰ ਦੇ ਸਾਰੇ ਧਰਮਾਂ ਦਾ ਨਿਬੇੜਾ ਕਰ ਦਿਆਂਗਾ। ਮੈਂ ਮਾਲਕ ਹਾਂ" (ਐਕਜ਼ੋਡਸ 12:12-13, 29-30)। ਡੇਵਿਡ ਤੋਂ ਬੀਰਸ਼ੇਬਾ ਤੱਕ ਸੱਤਰ ਹਜ਼ਾਰ ਲੋਕਾਂ ਨੂੰ ਮਾਰ ਦਿੱਤਾ ਗਿਆ ਸੀ। (ਸੈਮਿਉਲ 24:15)

ਪਰਮਾਤਮਾ ਨੇ ਹਜ਼ਰਤ ਮੂਸਾ ਨੂੰ ਕਿਹਾ, "ਮੀਡੀਆਨਾਈਟਸ ਤੋਂ ਬਦਲਾ ਲਵੋ, ਉਨ੍ਹਾਂ ਦੇ ਇੱਜੜ ਕਬਜ਼ੇ 'ਚ ਲਵੋ, ਸਮਾਨ ਤੇ ਕਬਜ਼ਾ ਕਰੋ, ਮੁੰਡਿਆਂ ਨੂੰ ਮਾਰ ਦੇਵੋ ਅਤੇ ਉਹ ਸਾਰੀਆਂ ਔਰਤਾਂ ਮਾਰ ਦੇਵੋ ਜੋ ਕਿਸੇ ਆਦਮੀ ਨਾਲ ਕਦੇ ਸੁੱਤੀਆਂ ਸਨ, ਬਸ ਸਿਰਫ ਕੁਆਰੀਆਂ ਨੂੰ ਆਪਣੇ ਵਾਸਤੇ ਬਚਾ ਲਵੋ। (ਨੰਬਰਜ਼ 31:2-18)

ਇਸ ਦੇ ਉਲਟ ਅਸੀਂ "ਦਸ ਉਪਦੇਸ਼" 'ਚ ਪੜ੍ਹਦੇ ਹਾਂ, "ਤੁਸੀਂ ਕਿਸੇ ਨੂੰ ਨਾ ਮਾਰੋ। ਤੁਸੀਂ ਵਿਭਚਾਰ ਨਾ ਕਰੋ "।

"ਅੱਜ ਤੋਂ ਸੱਤ ਦਿਨ ਬਾਅਦ ਮੈਂ ਧਰਤੀ ਤੇ ਚਾਲੀ ਦਿਨ ਤੱਕ ਅਤੇ 40 ਰਾਤਾਂ ਤੱਕ ਬਾਰਿਸ਼ ਕਰਾਂਗਾ ਅਤੇ ਹਰ ਉਹ ਜੀਵ ਜੋ ਮੈਂ ਧਰਤੀ ਤੇ ਪੈਦਾ ਕੀਤਾ ਹੈ ਨੂੰ ਖ਼ਤਮ ਕਰ ਦੇਵਾਂਗਾ"। "ਧਰਤੀ ਤੇ ਸਾਰਾ ਜੀਵਨ ਤਬਾਹ ਹੋ ਗਿਆ ।ਪੰਛੀ, ਜੰਗਲੀ ਜਾਨਵਰ, ਮਨੁੱਖ, ਅਤੇ ਸਾਰੇ ਜੀਵ ਜੋ ਧਰਤੀ ਤੇ ਜੀਵਤ ਸਨ ਖਤਮ ਹੋ ਗਏ।" (ਜੈਨੇਸਿਜ਼ 7:4, 21)

"ਮੈਂ ਜਿਵੇਂ ਮਿਸਰ 'ਚ ਕੀਤਾ ਉਵੇ ਹੀ, ਤੁਹਾਡੇ ਵਿਚ ਪਲੇਗ ਭੇਜੀ। ਮੈਂ ਤੁਹਾਡੇ ਨੌਜਵਾਨ ਅਤੇ ਘੋੜਿਆਂ ਨੂੰ ਕਤਲ ਕਰਵਾ ਦਿੱਤਾ। ਮੈਂ ਤੁਹਾਡੀਆਂ ਨਾਸਾਂ ਤੁਹਾਡੀਆਂ ਹੀ ਲਾਸ਼ਾਂ ਦੀ ਬਦਬੂ ਨਾਲ ਬੰਦ ਕਰ ਦਿੱਤੀਆਂ। ਤੁਸੀਂ ਅਜੇ ਵੀ ਮੇਰੇ ਵੱਲ ਨਹੀਂ ਪਰਤੇ। (ਐਮੋਸ 4-10)



ਕਿਉਂਕਿ ਇਜ਼ਰਾਈਲੀਆਂ ਨੇ ਪਰਮਾਤਮਾ ਨੂੰ ਭੁਲਾ ਦਿੱਤਾ ਸੀ ਅਤੇ ਉਸਦੀ ਸੇਵਾ ਨਹੀਂ ਕੀਤੀ ਸੀ ਇਸ ਲਈ ਰੱਬ ਗੁੱਸੇ ਹੋ ਗਿਆ ਅਤੇ ਉਹਨਾਂ ਨੂੰ ਫਿਲਸਤੀਨੀਆਂ ਅਤੇ ਐਮੋਨਾਈਟਸ ਪਾਸ ਵੇਚ ਦਿੱਤਾ ਗਿਆ। (ਜਿਊਡਾਹ 10-7)

"ਜਿਊਡਾਹ ਦੇ ਰਾਜੇ ਜ਼ੇਡੀਆ ਨੂੰ ਜਾ ਕੇ ਕਹੋ ਕਿ ਪਰਮਾਤਮਾ ਨੇ ਕਿਹਾ ਹੈ ਕਿ "ਮੈਂ ਬੇਬੀਲੋਨ ਦੇ ਰਾਜੇ ਨੂੰ ਸ਼ਹਿਰ ਸੌਂਪ ਰਿਹਾ ਹਾਂ ਜੋ ਇਸਨੂੰ ਸਾੜ ਦੇਵੇਗਾ"। (ਜੇਰੇਮੀਆਹ 34:2)

### ਸਿੱਖ ਦ੍ਰਿਸ਼ਟੀਕੋਣ :

ਸਿੱਖ ਧਰਮ ਦੇ ਨਜ਼ਰੀਏ ਅਨੁਸਾਰ ਉੱਪਰ ਬਿਆਨਿਆ ਪਰਮਾਤਮਾ ਜੋ ਆਪਣੇ ਲੋਕਾਂ ਉਪਰ ਗਰਮ ਪੱਥਰ ਸੁੱਟਦਾ ਹੈ ਤੇ ਗੰਧਕ ਦੀ ਬਾਰਿਸ਼ ਕਰਦਾ ਹੈ, ਬਦਲੇਖੋਰ, ਅਨਿਆਈ, ਪੱਖਪਾਤੀ, ਗੁੱਸੈਲ, ਬੇਨਿਯਮਾ ਅਤੇ ਈਰਖਾਲੂ ਹੈ, ਪਰਮਾਤਮਾ ਨਹੀਂ ਹੋ ਸਕਦਾ। ਸਿੱਖਾਂ ਅਨੁਸਾਰ ਪਰਮਾਤਮਾ ਵੈਰ ਰਹਿਤ ਹੈ। ਉਹ ਤਰਸਵਾਨ, ਸਰਬਸ਼ਕਤੀਮਾਨ, ਸਰਬਵਿਆਪਕ, ਤ੍ਰਿਕਾਲਦਰਸ਼ੀ ਅਤੇ ਅਜਿੱਤ ਹੈ। ਉਹ ਇਨਸਾਫਪਸੰਦ ਹੈ ਅਤੇ ਕਿਸੇ ਇਕ ਔਰਤ ਕਾਰਨ ਕਿਸੇ ਸਥਾਨ ਦੀਆਂ ਸਾਰੀਆਂ ਔਰਤਾਂ ਨੂੰ ਸਜ਼ਾ ਨਹੀਂ ਦਿੰਦਾ। ਉਹ ਨਿਰਪੱਖ ਹੈ ਅਤੇ ਕਿਸੇ ਵੀ ਧਰਮ ਵਿਸ਼ੇਸ਼ ਨਾਲ ਨਜ਼ਦੀਕੀ ਨਹੀਂ ਰੱਖਦਾ। 'ਲੋਕਾਂ ਨੂੰ ਮਾਰਨ ਲਈ ਉਕਸਾਉਣਾ' ਸਿੱਖਾਂ ਦੇ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਵੀ ਨਜ਼ਰ ਨਹੀਂ ਆਉਂਦਾ। ਪਰ ਦੂਜੇ ਪਾਸੇ ਪਿਆਰ ਅਤੇ ਸਹਿਯੋਗ ਨੂੰ ਸਭ ਤੋਂ ਉੱਚੇ ਗੁਣ ਆਖਿਆ ਗਿਆ ਹੈ।

## 3.14 ਨੈਤਿਕ ਜਾਂ ਅਨੈਤਿਕ ਪਰਮਾਤਮਾ :

ਬਾਈਬਲ ਆਖਦੀ ਹੈ ਕਿ ਪਰਮਾਤਮਾ ਨੇ ਸੋਡੋਮ ਅਤੇ ਗੋਮੋਰਾਹ ਨੂੰ ਤਬਾਹ ਕਰ ਦਿੱਤਾ, ਇਸਦੇ ਨਾਗਰਿਕਾਂ ਨੂੰ ਮਾਰ ਦਿੱਤਾ ਅਤੇ ਇਸਦੀ ਵਨਸਪਤੀ ਨੂੰ ਨਸ਼ਟ ਕਰ ਦਿੱਤਾ ਤਾਂ ਜੋ ਅਨੈਤਿਕਤਾ ਵਾਲੇ ਸ਼ਹਿਰਾਂ ਨੂੰ ਸਜ਼ਾ ਦਿੱਤੀ ਜਾ ਸਕੇ। ਸਿਰਫ ਲੋਟ ਹੀ ਬਚ ਸਕਿਆ। ਲੋਟ ਨੇ ਹਰ ਰੋਜ਼ ਬਹੁਤ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਅਤੇ ਇਕ-ਇਕ ਕਰਕੇ ਆਪਣੀਆਂ ਦੋਹਾਂ ਧੀਆਂ ਨਾਲ ਵਿਭਚਾਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਹ ਗਰਭਵਤੀ ਹੋ ਗਈਆਂ। (ਜੈਨੇਸਿਜ਼ 19:25-36)

ਤਾਮਰ ਦੇ ਸਹੁਰੇ ਨੇ ਤਾਮਰ ਨੂੰ ਇੱਕ ਮੋਹਰ ਅਤੇ ਇਕ ਡੋਰੀ ਦਿੱਤੀ ਅਤੇ ਉਸ ਨਾਲ ਸੌਣ ਅਤੇ ਇਖ਼ਲਾਕੀ ਕੁਕਰਮ ਕਰਨ ਲਈ ਮਨਾ ਲਿਆ। ਤਾਮਰ ਨੇ ਆਪਣੇ ਸਹੁਰੇ ਤੋਂ ਜੁੜਵਾਂ ਬੱਚਿਆਂ ਨੂੰ ਜਨਮ ਦਿੱਤਾ। (ਜੈਨੇਸਿਜ਼ 38:18, 27-29)

ਕੋਰਿੰਥੀਅਨਜ਼ (7:36) ਵਿੱਚ ਇੱਕ ਪਿਤਾ ਨੂੰ ਆਪਣੀਆਂ ਦੋ ਲੜਕੀਆਂ ਨਾਲ ਵਿਆਹ ਕਰਨ ਦੀ ਨਸੀਹਤ ਦਿੱਤੀ ਗਈ ਹੈ। "ਜੇਕਰ ਉਹ ਮੁਟਿਆਰ ਹੋ

ਗਈ ਹੈ ਅਤੇ ਵਿਆਹੁਣਯੋਗ ਹੈ ਅਤੇ ਬਾਪ ਦਾ ਆਪਣੀ ਧੀ ਨਾਲ ਵਿਆਹ ਕਰਵਾਉਣ ਨੂੰ ਜੀ ਕਰਦਾ ਹੈ ਤਾਂ ਉਸ ਨਾਲ ਵਿਆਹ ਕਰ ਲਵੇ। ਉਹ ਕੋਈ ਪਾਪ ਨਹੀਂ ਕਰੇਗਾ"। (ਕੋ : 7:36)

## ਸਿੱਖ ਦ੍ਰਿਸ਼ਟੀਕੋਣ :

ਸਿੱਖ ਵਿਸ਼ਵਾਸ਼ ਕਰਦੇ ਹਨ ਕਿ ਭਗਤੀ ਅਤੇ ਸਦਾਚਾਰ ਧਰਮ ਦੇ ਬਹੁਤ ਜ਼ਰੂਰੀ ਅੰਗ ਹਨ। ਕੇਵਲ ਧਰਮ ਹੀ ਮਨੁੱਖਾਂ ਵਿੱਚ ਪਿਆਰ ਅਤੇ ਇਨਸਾਨੀਅਤ ਪੈਦਾ ਕਰਦਾ ਹੈ ਅਤੇ ਕਾਮੁਕਤਾ ਅਤੇ ਹਿੰਸਾ ਦਾ ਤਿਆਗ ਕਰਨ ਦੀ ਨਸੀਹਤ ਦਿੰਦਾ ਹੈ। ਬੱਚੇ ਅਤੇ ਮਾਪਿਆਂ ਵਿਚਲਾ ਪਵਿੱਤਰ ਰਿਸ਼ਤਾ ਮਨੁੱਖੀ ਸਮਾਜ ਦਾ ਆਧਾਰ ਹੈ। ਅਜਿਹੇ ਰਿਸ਼ਤੇ ਵਿੱਚ ਕਿਸੇ ਕਿਸਮ ਦੀ ਵੀ ਉਲੰਘਣਾ ਜੰਗਲ ਦੇ ਕਾਨੂੰਨ ਨੂੰ ਪੇਸ਼ ਕਰਦੀ ਹੈ ਅਤੇ ਮਨੁੱਖਾਂ ਨੂੰ ਕਾਮੁਕ ਜਾਨਵਰਾਂ 'ਚ ਤਬਦੀਲ ਕਰ ਦਿੰਦੀ ਹੈ।

**ਸਚਹੁ ਉਰੈ ਸਭੁ ਕੋ ਉਪਰਿ ਸਚੁ ਆਚਾਰੁ॥**

*(ਪੰਨਾ-62)*

ਸਚ ਸਭ ਤੋਂ ਵੱਡਾ ਗੁਣ ਹੈ ਪਰ ਉਸ ਤੋਂ ਵੱਡਾ ਗੁਣ ਨੈਤਿਕ ਜ਼ਿੰਦਗੀ (ਸੁੱਚਾ ਆਚਰਣ) ਹੈ। (ਪੰਨਾ-62)

## 3.15 ਪਰਮਾਤਮਾ ਦੀ ਭਗਤੀ

ਬਾਈਬਲ ਦਾ ਕਥਨ ਹੈ, ਪਰਮਾਤਮਾ ਦਾ ਨਾਮ, ਕਿਸੇ ਨੂੰ ਵੀ ਵਿਅਰਥ ਨਹੀਂ ਕਹਿਣਾ ਚਾਹੀਦਾ, "ਕਿਉਂਕਿ ਪਰਮਾਤਮਾ ਉਸਨੂੰ ਨਿਸ਼ਪਾਪ ਨਹੀਂ ਮੰਨੇਗਾ ਜੋ ਪਰਮਾਤਮਾ ਦੇ ਨਾਮ ਨੂੰ ਵਿਅਰਥ ਦੁਹਰਾਉਂਦਾ ਹੋਵੇ।[49] (ਐਕਜ਼ੋਡਸ : 20)

---

49 ਅਸਲ ਖਰੜਿਆਂ ਵਿੱਚ ਪਰਮਾਤਮਾ ਦਾ ਨਾਮ YHWH ਵਜੋਂ ਪੇਸ਼ ਹੋਇਆ ਸੀ। ਯਹੂਦੀ ਇਸ ਟੈਟਰਾਗਰੈਮੈਟੋਨ (ਚਾਰ ਅੱਖਰੀ ਯੂਨਾਨੀ ਸ਼ਬਦ) YHWH ਨੂੰ ਪਰਮਾਤਮਾ ਦੇ ਅਸਲ ਨਾਮ ਵਜੋਂ ਜਾਣਦੇ ਹਨ ਜਿਸਨੂੰ ਉਚਾਰਣਾ ਮਨ੍ਹਾਂ ਹੈ। ਇਸਨੂੰ ਪਵਿੱਤਰ ਬਾਈਬਲ ਵਿੱਚ 6855 ਵਾਰ ਵਰਤਿਆ ਗਿਆ। ਯਹੂਦੀ ਇਸਨੂੰ ਬੋਲਣ ਤੋਂ ਸੰਕੋਚ ਕਰਦੇ ਹਨ ਅਤੇ ਵਿਸ਼ਵਾਸ਼ ਕਰਦੇ ਹਨ ਕਿ ਇਸ ਸ਼ਬਦ ਨੂੰ ਉਚਾਰਣ ਨਾਲ ਉਹ ਪਰਮਾਤਮਾ ਦੇ ਨਾਮ ਨੂੰ ਨਿਰਾਰਥਕ ਕਰ ਦਿੰਦੇ ਹਨ। ਉਹ ਜਦੋਂ ਵੀ ਇਸ ਨੂੰ ਪੜ੍ਹਦੇ ਹਨ ਤਾਂ ਐਡੋਨਾਇ (ਰੱਬ) ਉਚਾਰਨ ਕਰਦੇ ਹਨ। ਯੂਨਾਨੀ ਅਨੁਵਾਦਾਂ ਵਿੱਚ ਇਸਨੂੰ ਅਨੁਵਾਦ ਰਹਿਤ ਹੀ ਰੱਖਿਆ ਗਿਆ ਅਤੇ ਬਾਅਦ ਦੇ ਅਨੁਵਾਦਾਂ ਵਿੱਚ ਇਸ ਵਾਸਤੇ 'ਕੁਰੀਓਸ' ਸ਼ਬਦ ਵਰਤਿਆ ਗਿਆ। ਵਿਲੀਅਮ ਟਿੰਡੇਲ ਨੇ ਆਪਣੇ ਅੰਗਰੇਜ਼ੀ ਅਨੁਵਾਦ ਵਿੱਚ ਇਸ ਵਾਸਤੇ 'ਲੇਓਆਹ' ਸ਼ਬਦ ਵਰਤਿਆ ਹੈ। ਅੱਜਕੱਲ੍ਹ ਇਸ ਨੂੰ 'ਯਾਹਵੇ' ਜਾਂ ਫਿਰ (ਜਿਹੋਵਾਹ) ਉਚਾਰਿਆ ਜਾਂਦਾ ਹੈ ਪਰ ਇਸਦਾ ਸ਼ੁੱਧ ਉਚਾਰਣ ਅਜੇ ਤੱਕ ਗਿਆਤ ਨਹੀਂ। ਸਿੱਖ ਮੰਨਦੇ ਹਨ, "ਸਤਿ ਨਾਮ ਤੇਰਾ ਪਰਾ ਪੂਰਬਲਾ (ਮਾਰੂ ਸੋਲਕੇ ਮ:5) ਤੇਰਾ ਅਰੰਭ ਦਾ ਨਾਮ ਸੱਚ ਹੈ। ਇਹ ਨਾਮ ਉਨ੍ਹਾਂ ਨੂੰ ਅਣਗਿਣਤ ਵਾਰ ਉਚਾਰਣ ਲਈ ਉਪਦੇਸ਼ ਦਿੱਤਾ ਗਿਆ ਹੈ। ਜਿਹੋਵਾਹ ਨੂੰ (ਜਿੰਨਾ ਚਿਰ ਹੈਜ਼ੀਕੀਆਹ ਵੱਲੋਂ ਨਸ਼ਟ ਨਾ ਕਰ ਦਿੱਤਾ ਗਿਆ) ਪਿੱਤਲ ਦੇ ਸੱਪ ਵਜੋਂ ਪੂਜਿਆ ਜਾਂਦਾ ਸੀ ( ਕਿੰਗਜ਼ 18.4) ਕੁਏਕਰ ਪਰਮਾਤਮਾ ਦੀ ਕਸਮ ਨਹੀਂ ਖਾਂਦੇ ਕਿਉਂਕਿ ਇਸ ਨਾਲ ਪਰਮਾਤਮਾ ਦਾ ਨਾਮ ਵਿਅਰਥ ਹੋ ਜਾਂਦਾ ਹੈ।



## ਸਿੱਖ ਦ੍ਰਿਸ਼ਟੀਕੋਣ :

ਉਪਰੋਕਤ ਈਸਾਈ ਮੁਹਾਵਰਾ ਸਿੱਖਾਂ ਨੂੰ ਦਿੱਤੀ ਸਿੱਖਿਆ ਦੇ ਬਿਲਕੁਲ ਉਲਟ ਹੈ। ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕਿ ਮਨੁੱਖ ਨੂੰ ਹਰ ਸਾਹ ਨਾਲ ਰੱਬ ਨੂੰ ਸਿਮਰਨਾ ਚਾਹੀਦਾ ਹੈ। ਅਤੇ ਪਰਮਾਤਮਾ ਨੂੰ ਭੁੱਲਣ ਨਾਲ ਹੀ ਕਸ਼ਟ ਆਉਂਦੇ ਹਨ।

**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥**

*(ਪੰਨਾ-135)*

ਉਹ ਵਿਅਕਤੀ, ਜੋ ਪਰਮਾਤਮਾ ਨੂੰ ਭੁੱਲ ਜਾਂਦਾ ਹੈ, ਨੂੰ ਹੀ ਤਕਲੀਫਾਂ ਅਤੇ ਰੋਗ ਲਗਦੇ ਹਨ। (ਪੰਨਾ-135)

**ਆਖਾ ਜੀਵਾ ਵਿਸਰੈ ਮਰਿ ਜਾਉ॥**

*(ਪੰਨਾ-9)*

"ਜਦੋਂ ਤੱਕ ਮੈਂ ਉਸਦਾ ਨਾਮ ਸਿਮਰਨ ਕਰਦਾ ਹਾਂ, ਜਿਉਂਦਾ ਹਾਂ ਅਤੇ ਉਸਦਾ ਨਾਮ ਭੁਲ ਜਾਣ ਤੇ ਹੀ ਮਰ ਜਾਂਦਾ ਹਾਂ।" (ਪੰਨਾ-9)

**ਸਿਮਰਿ ਸਿਮਰਿ ਨਾਮ ਬਾਰੰਬਾਰ, ਨਾਨਕ ਜੀਅ ਕਾ ਇਹੈ ਆਧਾਰ॥**

*(ਪੰਨਾ-295)*

ਪਰਮਾਤਮਾ ਦੇ ਨਾਮ ਦਾ ਬਾਰ-ਬਾਰ ਸਿਮਰਨ ਕਰ। ਐ ਨਾਨਕ ਤੇਰੀ ਆਤਮਾ, ਤੇਰੀ ਜ਼ਿੰਦਗੀ ਦਾ ਏਹੋ ਆਧਾਰ ਹੈ।(ਪੰਨਾ-295)

## 3.16 ਪਰਮਾਤਮਾ ਦੇ ਚੁਣਵੇਂ ਲੋਕ :

ਬਾਈਬਲ ਅਨੁਸਾਰ ਪਰਮਾਤਮਾ ਨੇ ਹਜ਼ਰਤ ਮੂਸਾ ਨੂੰ ਇਜ਼ਰਾਈਲ ਦੇ ਬੱਚਿਆਂ ਨੂੰ ਇਹ ਕਹਿਣ ਲਈ ਕਿਹਾ, "ਜਦੋਂ ਤੁਸੀਂ ਜੌਰਡਨ ਨੂੰ ਪਾਰ ਕਰਕੇ ਕੈਨਨ ਦੀ ਧਰਤੀ (ਅੱਜ ਕੱਲ੍ਹ ਦਾ ਇਜ਼ਰਾਈਲ) ਤੇ ਪਹੁੰਚੋਗੇ, ਤਾਂ ਤੁਸੀਂ ਉਸ ਧਰਤੀ ਦੇ ਸਾਰੇ ਵਾਸੀਆਂ ਨੂੰ ਉਥੋਂ ਭਜਾ ਦੇਣਾ। ਉਨ੍ਹਾਂ ਦੀਆਂ ਤਸਵੀਰਾਂ, ਚਿੰਨ੍ਹ, ਖਤਮ ਕਰ ਦੇਣੇ। ਉਨ੍ਹਾਂ ਦੇ ਪੂਜਾ ਸਥਾਨ ਤੋੜ ਦੇਣੇ। ਤੁਸੀਂ ਉਥੋਂ ਦੇ ਲੋਕਾਂ ਨੂੰ ਖਤਮ ਕਰਕੇ ਆਪ ਉਥੇ ਵੱਸੋਗੇ ਕਿਉਂਕਿ ਮੈਂ ਤੁਹਾਨੂੰ ਉਹ ਇਲਾਕਾ ਰਹਿਣ ਲਈ ਦਿੰਦਾ ਹਾਂ[50] (ਨੰਬਰਜ਼ 32)

---

50 ਅਬਰਾਹੀਮ (ਜੋ 40000 ਸਾਲ ਪਹਿਲਾਂ ਹੋਇਆ ਹੈ) ਦੀਆਂ ਸਾਰਾਹ ਅਤੇ ਹੈਗਰ ਨਾਮ ਦੀਆਂ ਦੋ ਪਤਨੀਆਂ ਸਨ। ਯਹੂਦੀਆਂ ਅਨੁਸਾਰ ਹੈਗਰ ਇਕ ਗੁਲਾਮ ਸੀ। ਅਬਰਾਹੀਮ ਦੀ ਪਤਨੀ ਦੇ ਬੱਚੇ ਸਿਰਫ ਉਦੋਂ ਹੋਏ ਜਦੋਂ ਉਹ 100 ਸਾਲ ਦੀ ਸੀ (ਜੈਨੇਸਿਜ਼ 17:17-18 ਅਤੇ 21:1-2) ਯਹੂਦੀ, ਸਾਰਾਹ ਦੇ ਪੁੱਤਰ ਆਈਜ਼ੈਕ ਦੀ ਸੰਤਾਨ ਹਨ ਅਤੇ ਅਰਬ ਲੋਕ ਹੈਗਰ ਦੇ ਪੁੱਤਰ ਇਸਮਾਈਲ ਦੀ ਸੰਤਾਨ ਹਨ, ਜਿਸਨੂੰ ਮੁਸਲਮਾਨਾਂ ਵਲੋਂ ਪੈਗੰਬਰ ਮੰਨਿਆ ਗਿਆ। ਯਹੂਦੀ ਅਰਬੀਆਂ ਨੂੰ ਘਟੀਆ ਨਸਲ ਦੇ ਮੰਨਦੇ ਹਨ।

"ਤੁਹਾਨੂੰ ਉਨ੍ਹਾਂ ਨੂੰ ਬੁਰੀ ਤਰ੍ਹਾਂ ਹਰਾ ਦੇਣਾ ਚਾਹੀਦਾ ਹੈ, ਉਨ੍ਹਾਂ ਦੇ ਖਜ਼ਾਨੇ, ਅਸਲਾ ਆਦਿ ਸਭ ਕੁਝ ਨਸ਼ਟ ਕਰ ਦੇਣਾ ਚਾਹੀਦਾ ਹੈ। ਤੁਹਾਨੂੰ ਉਨ੍ਹਾਂ ਨਾਲ ਕੋਈ ਤਰਸ ਜਾਂ ਪਿਆਰ ਨਹੀਂ ਦਿਖਾਉਣਾ ਚਾਹੀਦਾ। ਉਨ੍ਹਾਂ ਦੇ ਪੂਜਾ ਸਥਾਨ, ਚਿੰਨ੍ਹ ਖਤਮ ਕਰ ਦਿਓ, ਉਨ੍ਹਾਂ ਦੇ ਰੁੱਖ ਪੁੱਟ ਦਿਓ। ਤੁਸੀਂ ਪਰਮਾਤਮਾ ਦੇ ਪਵਿੱਤਰ ਲੋਕ ਹੋ।"[51]

(ਡਿਊ 7:1-6)

ਉਪਰੋਕਤ ਆਦੇਸ਼ ਪੜ੍ਹ ਕੇ ਕੀ ਕੋਈ ਕਹਿ ਸਕਦਾ ਹੈ ਕਿ ਇਜ਼ਰਾਈਲ ਵਿੱਚ ਕਦੀ ਸ਼ਾਂਤੀ ਹੋ ਸਕੇਗੀ। ਰੱਬ ਵਲੋਂ ਆਪਣੇ ਹੀ ਰਚੇ ਕੁੱਝ ਲੋਕਾਂ ਨੂੰ ਚੁਣਨਾ ਅਤੇ ਬਾਕੀਆਂ ਨੂੰ ਤਿਅਗ ਦੇਣਾ ਵੱਡੀ ਬੇਇਨਸਾਫੀ ਹੈ,ਨਸਲੀ ਭੇਦ ਭਾਵ ਹੈ। ਅਸੀਂ ਵੇਖਦੇ ਹਾਂ ਕਿ ਪਰਮਾਤਮਾ ਨੇ ਕੈਨਾਨਾਈਟਸ ਅਤੇ ਅਮੈਲੇਕਾਈਟਸ (ਡਿਊ 7.1.2 ਅਤੇ ਜੋਸ਼ੂਆ 6.21,24) ਦੀ ਤਬਾਹੀ ਦਾ ਹੁਕਮ ਦਿੱਤਾ ਅਤੇ ਸੈਮਿਊਲ 8.1,5 ਵਿੱਚ ਭਿਅੰਕਰ ਅਤੇ ਡਰਾਉਣਾ ਖੂਨਖਰਾਬਾ ਦਰਜ ਹੈ। "ਬੇਸ਼ੱਕ ਇਜ਼ਰਾਈਲ ਦੇ ਲੋਕ ਰੱਬ ਵਲੋਂ ਚੁਣੇ ਲੋਕ" ਸਨ ਪਰਮਾਤਮਾ ਨੇ ਉਨ੍ਹਾਂ 'ਚੋ 70000 ਨੂੰ ਹਿੰਸਾ ਨਾਲ ਖਤਮ ਕਰ ਦਿੱਤਾ (1 Chr 21:14)। ਯੀਸ਼ੂ ਨੇ ਵੀ ਇਹੋ ਸੋਚਿਆ ਸੀ ਕਿ ਕੇਵਲ ਉਹ ਹੀ ਰੱਬ ਵਲੋਂ ਚੁਣਿਆ ਹੋਇਆ ਹੈ। ਉਸਨੇ ਕਿਹਾ "ਮੇਰੇ ਤੋਂ ਪਹਿਲਾਂ ਜੋ ਵੀ ਆਏ ਉਹ ਚੋਰ ਜਾਂ ਲੁਟੇਰੇ ਸਨ।"[52] (ਜੌਹਨ 19:8)

**ਸਿੱਖ ਦ੍ਰਿਸ਼ਟੀਕੋਣ** :

ਸਿੱਖ ਇਸ ਗੱਲ 'ਚ ਯਕੀਨ ਨਹੀਂ ਰੱਖਦੇ ਕਿ ਪਰਮਾਤਮਾ ਕਿਸੇ ਵੀ ਧਰਮ ਵਿਸ਼ੇਸ਼ ਜਾਂ ਜਾਤੀ ਨੂੰ ਕੋਈ ਵਿਸ਼ੇਸ਼ ਇਲਾਕਾ ਦਿੰਦਾ ਹੈ ਅਤੇ ਲੋਕਾਂ ਨੂੰ ਮਾਰਨ ਦਾ ਹੁਕਮ ਦੇਂਦਾ ਹੈ। ਉਹ ਮੰਨਦੇ ਹਨ ਕਿ ਪਰਮਾਤਮਾ ਕਦੇ ਕਿਸੇ ਬੰਦੇ ਦੇ ਹੱਕ 'ਚ ਭੇਦਭਾਵ ਨਹੀਂ ਕਰਦਾ ਅਤੇ ਆਪਣੀ ਖ਼ਲਕਤ ਨੂੰ ਚੋਣਵੇਂ ਜਾਂ ਅਣਚੋਣਵੇਂ ਹਿੱਸਿਆਂ ਵਿੱਚ ਬਹੀਂ ਵੰਡਦਾ। ਪਰਮਾਤਮਾ ਨਿਰਵੈਰ ਹੈ ਉਸ ਲਈ ਸਭ ਬਰਾਬਰ ਹਨ ।

**ਨਾ ਕੋ ਬੈਰੀ ਨਹੀ ਬਿਗਾਨਾ॥**
**ਸਗਲ ਸੰਗਿ ਹਮ ਕਉ ਬਨਿ ਆਈ॥**

*(ਪੰਨਾ-1299)*

51 ਐਕਜ਼ੋਡਸ 23:22 ਅਤੇ ਸਾਮਜ਼ 139:22-23 ਵੀ ਵੇਖੋ। ਡਿਊ 6:10-11 ਵਿੱਚ ਜਿਹੋਵਾ ਆਪਣੇ ਅਨੁਯਾਈਆਂ ਨੂੰ ਵਚਨ ਦਿੰਦਾ ਹੈ, "ਮੈਂ ਤੁਹਾਡੇ ਲਈ ਉਹ ਸ਼ਹਿਰ ਕਬਜ਼ੇ 'ਚ ਰੱਖੇ ਹਨ ਜੋ ਤੁਸੀਂ ਨਹੀਂ ਬਣਾਏ, ਉਹ ਖੂਹ ਜੋ ਤੁਸੀਂ ਨਹੀਂ ਪੁੱਟੇ ਅਤੇ ਉਹ ਸ਼ਰਾਬਖਾਨੇ ਅਤੇ ਜੈਤੂਨ ਦੇ ਰੁੱਖ ਜੋ ਤੁਸੀਂ ਨਹੀਂ ਉਗਾਏ।

52 ਕੀ ਇਹ ਟਿੱਪਣੀ ਆਦਮ, ਮੂਸਾ, ਡੇਵਿਡ, ਅਬਰਾਹੀਮ, ਆਈਜ਼ੈਕ ਅਤੇ ਇਜ਼ਰਾਈਲ ਤੇ ਵੀ ਲਾਗੂ ਹੁੰਦੀ ਹੈ ਜੋ ਯੀਸੂ ਤੋਂ ਪਹਿਲਾਂ ਆਏ ਸਨ? ਕੀ ਸਭ ਚੋਰ ਸਨ ?



ਮੇਰਾ ਕੋਈ ਵੀ ਦੁਸ਼ਮਣ ਨਹੀਂ, ਕੋਈ ਵੀ ਮੇਰੇ ਲਈ ਪਰਾਇਆ ਨਹੀਂ। ਹਰ ਕੋਈ ਹੀ ਮੇਰਾ ਮਿੱਤਰ ਹੈ। (ਪੰਨਾ-1299)

**ਸਭੁ ਕੋ ਮੀਤੁ ਹਮ ਅਪਨ ਕੀਨਾ ਹਮ ਸਭਨਾ ਕੇ ਸਾਜਨ॥**

*(ਪੰਨਾ-671)*

ਮੈਂ ਸਭ ਨੂੰ ਮਿੱਤਰ ਬਣਾ ਲਿਆ ਹੈ, ਅਤੇ ਮੈਂ ਵੀ ਸਭ ਦਾ ਮਿੱਤਰ ਹਾਂ। (ਪੰਨਾ-671)

**ਅਪਨੋ ਸੁਆਨ ਜੈਸੇ ਲਗਤ ਪਿਆਰੋ ਜੀਅ॥**
**ਜਾਨੀਐ ਵੈਸੋਈ ਪਯਾਰੋ ਸਕਲ ਸੰਸਾਰ ਕੋ॥**

*(ਕਬਿੱਤ ਭਾਈ ਗੁਰਦਾਸ 398)*

ਜਿਸ ਤਰ੍ਹਾਂ ਤੁਸੀ ਆਪਣੇ ਬੱਚਿਆਂ ਤੇ ਪਿਆਰ ਲੁਟਾਉਂਦੇ ਹੋ ਇਸੇ ਤਰ੍ਹਾਂ ਤੁਹਾਨੂੰ ਸਾਰੀ ਦੁਨੀਆਂ ਨੂੰ ਹੀ ਪਿਆਰ ਕਰਨਾ ਚਾਹੀਦਾ ਹੈ। (ਕਬਿੱਤ ਭਾਈ ਗੁਰਦਾਸ 398)

**ਮਨ ਅਪੁਨੇ ਤੇ ਬੁਰਾ ਮਿਟਾਨਾ॥**
**ਪੇਖੈ ਸਗਲ ਸ੍ਰਿਸਟਿ ਸਾਜਨਾ॥**

*(ਪੰਨਾ-266)*

ਆਪਣੇ ਮਨ 'ਚੋਂ ਦੁਸ਼ਮਣੀ ਮਿਟਾ ਦਿਓ ਅਤੇ ਸਾਰੀ ਸ੍ਰਿਸ਼ਟੀ ਨੂੰ ਆਪਣਾ ਦੋਸਤ ਸਮਝੋ। (ਪੰਨਾ-266)

## 3.17 ਰੂਹਾਨੀ ਸੰਦੇਸ਼

ਨਿਊ ਟੈਸਟਾਮੈਂਟ ਵਿੱਚ ਅਸੀਂ ਪੜ੍ਹਦੇ ਹਾਂ ਕਿ ਯੀਸੂ ਮਸੀਹ ਨੇ ਆਪਣਾ ਸੁਨੇਹਾ ਸਿਰਫ ਇਜ਼ਰਾਈਲ ਵਾਸੀਆਂ ਲਈ ਸੁਰੱਖਿਅਤ ਰੱਖਿਆ ਹੈ। ਮਿਸਾਲ ਦੇ ਤੌਰ ਤੇ ਮੈਥਿਊ 10:5-6 ਵਿੱਚ ਉਹ ਕਹਿੰਦਾ ਹੈ, "ਤੁਸੀਂ ਜੈਂਟਾਈਲਾਂ ਦੇ ਰਸਤੇ ਤੇ ਨਹੀਂ ਚੱਲਣਾ..... ਤੁਸੀਂ ਇਜ਼ਰਾਈਲ ਦੀਆਂ ਭੇਡਾਂ ਵੱਲ ਰਹਿਣਾ ਹੈ "। ਫਿਰ ਮੈਥਿਊ 15-24 ਵਿਚ ਜਦੋਂ ਇਕ ਕੈਨਾਨਾਈਟ ਔਰਤ[53] ਯੀਸੂ ਪਾਸ ਰੋਂਦੀ ਹੋਈ ਆਉਂਦੀ ਹੈ ਅਤੇ ਮਦਦ ਲਈ ਕਹਿੰਦੀ ਹੈ (ਕਿਉਂਕਿ ਉਸਦੀ ਲੜਕੀ ਮਾਨਸਿਕ ਬੀਮਾਰੀ ਦੀ ਬੁਰੀ ਤਰ੍ਹਾਂ ਸ਼ਿਕਾਰ ਸੀ), ਯੀਸੂ ਨੇ ਉਸਦੀ ਮੱਦਦ ਨਾ ਕੀਤੀ ਅਤੇ ਕਿਹਾ, "ਮੈਨੂੰ ਸਿਰਫ ਇਜ਼ਰਾਈਲ ਵਾਸਤੇ ਹੀ ਭੇਜਿਆ ਗਿਆ ਹੈ, ਦੂਜਿਆਂ ਲਈ ਨਹੀਂ"। ਪਰ ਜਦੋਂ ਔਰਤ ਨੇ ਆਪਣੀ ਬੇਨਤੀ ਦੁਹਰਾਈ ਤਾਂ ਉਸਨੇ ਕਿਹਾ "ਇਹ

53 ਮੈਥਿਊ ਅਨੁਸਾਰ ਉਹ ਇਕ ਕੈਨਾਨਾਈਟ ਸੀ ਪਰ ਮਾਰਕਸ ਅਨੁਸਾਰ ਉਹ ਇਕ ਯੂਨਾਨੀ ਔਰਤ ਸੀ। ਮਾਂ ਦਾ ਨਾਮ ਜਸਟਾ ਅਤੇ ਲੜਕੀ ਦਾ ਨਾਮ ਬਰਨਿਸ ਵਜੋਂ ਦਰਜ ਕੀਤਾ ਗਿਆ ਹੈ।

ਉਚਿਤ ਨਹੀਂ ਹੋਵੇਗਾ ਕਿ ਆਪਣੇ ਬੱਚਿਆ ਦੇ ਮੂੰਹੋਂ ਰੋਟੀ ਖੋਹ ਕੇ ਕੁੱਤਿਆਂ ਨੂੰ ਪਾ ਦਿੱਤੀ ਜਾਵੇ।"

ਮੈਥਿਊ 15-25 ਵਿਚ ਅਸੀਂ ਵੇਖਦੇ ਹਾਂ ਕਿ ਉਹ ਇਸ ਨੂੰ ਹੋਰ ਖੋਲ੍ਹ ਕੇ ਆਖਦਾ ਹੈ, "ਪਵਿੱਤਰ ਵਸਤੂ ਕੁੱਤਿਆਂ ਨੂੰ ਨਾ ਪਾਓ ਅਤੇ ਨਾ ਹੀ ਆਪਣੇ ਮੋਤੀ ਸੂਅਰਾਂ ਅੱਗੇ ਸੁੱਟੋ ਨਹੀਂ ਤਾਂ ਉਹ ਉਹਨਾਂ ਨੂੰ ਪੈਰਾਂ ਹੇਠ ਮਸਲ ਦੇਣਗੇ"।

"ਕਿਤੇ ਵੀ ਜੈਂਟਾਈਲਾਂ ਦੇ ਵਿੱਚ ਨਾ ਜਾਓ ਅਤੇ ਸੁਮੈਰੀਟਨਜ਼ ਦੇ ਕਿਸੇ ਸ਼ਹਿਰ 'ਚ ਦਾਖਲ ਨਾ ਹੋਵੋ (ਮੈਥੀਊ 10.5,6)

ਭਾਵੇਂ ਯੀਸੂ ਆਪ ਇਕ ਯਹੂਦੀ ਪਰਿਵਾਰ 'ਚ ਜੰਮਿਆ ਪਰ ਯੀਸੂ ਨੇ ਯਹੂਦੀਆਂ ਨੂੰ ਕਿਹਾ, "ਤੁਸੀਂ ਆਪਣੇ ਸ਼ੈਤਾਨ ਪਿਤਾ ਦੀ ਸੰਤਾਨ ਹੋ, ਅਤੇ ਆਪਣੇ ਪਿਤਾ ਦੀ ਇੱਛਾ ਪੂਰੀ ਕਰ ਰਹੇ ਹੋ। ਉਹ ਤਾਂ ਸ਼ੁਰੂ ਤੋਂ ਹੀ ਕਾਤਲ ਸੀ।" (ਜੌਨ 8:44)

## ਸਿੱਖ ਦ੍ਰਿਸ਼ਟੀਕੋਣ :

ਸਿੱਖ ਗੁਰੂ ਸਾਹਿਬਾਨ ਦਾ ਸੰਦੇਸ਼ ਇਸ ਤੋਂ ਬਿਲਕੁਲ ਉਲਟ ਹੈ। ਸਾਰੇ ਧਰਮਾਂ ਅਤੇ ਰਾਸ਼ਟਰਾਂ ਦੇ ਲੋਕਾਂ ਦਾ ਗੁਰੂ ਸਾਹਿਬਾਨ ਵੱਲੋਂ ਸੁਆਗਤ ਕੀਤਾ ਜਾਂਦਾ ਹੈ। ਕਿਸੇ ਸਮੂਹ, ਰਾਸ਼ਟਰ ਜਾਂ ਵਿਅਕਤੀ ਦੇ ਖਿਲਾਫ ਕਦੇ ਵੀ ਕੋਈ ਸਖਤ ਸ਼ਬਦ ਗੁਰੂ ਸਾਹਿਬਾਨ ਨੇ ਨਹੀਂ ਵਰਤਿਆ।

**ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥**

*(ਪੰਨਾ-647)*

ਮਹਾਂਪੁਰਖ ਹਮੇਸ਼ਾ ਸਾਰੇ ਜਹਾਨ ਨੂੰ ਬਿਨਾਂ ਕਿਸੇ ਭੇਦਭਾਵ ਦੇ ਸਿੱਖਿਆ ਦਿੰਦੇ ਹਨ। (ਪੰਨਾ-647)

**ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥**

*(ਪੰਨਾ-1375)*

"ਪੈਗੰਬਰ ਹਮੇਸ਼ਾਂ ਮਿੱਤਰਾਂ ਅਤੇ ਦੁਸ਼ਮਣਾਂ ਨੂੰ ਇਕੋ ਜਿਹਾ ਰੂਹਾਨੀ ਗਿਆਨ ਦਿੰਦੇ ਹਨ। (ਪੰਨਾ-1375)

## 3.18 ਪੁਨਰਜਨਮ ਅਤੇ ਮੁੜ ਵਾਪਸੀ :

**(ੳ) ਪੁਨਰ ਜਨਮ :** ਈਸਾਈ ਮੰਨਦੇ ਹਨ ਕਿ ਯੀਸੂ ਸੂਲੀ ਉਪਰ ਹੀ ਮਰ ਗਏ ਸਨ ਪਰ ਤੀਸਰੇ ਦਿਨ ਕਬਰ ਤੋਂ ਬਾਹਰ ਆ ਗਏ ਅਤੇ ਫਿਰ ਚਾਲੀ ਦਿਨ ਹੋਰ ਜ਼ਿੰਦਾ ਰਹੇ। ਨਿਰਸੰਦੇਹ ਜੇ ਉਹ ਮਰ ਚੁੱਕਾ ਸੀ, ਫਿਰ ਉਹ ਜ਼ਿੰਦਾ ਹੋ ਹੀ ਨਹੀਂ



ਸੀ ਸਕਦਾ ਕਿਉਂਕਿ ਮੌਤ ਅਤੇ ਜਨਮ ਇਕੱਠੇ ਨਹੀਂ ਵਿਚਰਦੇ। ਮੌਤ ਜ਼ਿੰਦਗੀ ਦਾ ਨਾਕਾਰਾਤਮਕ ਪੱਖ ਹੈ। ਫਿਰ ਯੀਸੂ ਦਾ ਮਰ ਕੇ ਜਿਉਂਦਾ ਹੋਣਾ ਤਾਂ ਹੀ ਅਰਥਪੂਰਨ ਹੁੰਦਾ ਜੇ ਉਹ ਹਮੇਸ਼ਾ ਜਿਉਂਦਾ ਰਹਿੰਦਾ। ਜੇਕਰ ਮੌਤ ਉਸਨੂੰ ਫਿਰ ਲੈ ਗਈ, ਫਿਰ ਕੀ ਫਰਕ ਪਿਆ। ਉਹ ਚਾਹੇ ਚਾਲੀ ਦਿਨ ਪਹਿਲਾਂ ਮਰਦਾ ਜਾਂ 40 ਦਿਨ ਬਾਅਦ।

"ਜੇਕਰ ਤੁਸੀਂ ਮੂੰਹ ਤੋਂ ਯੀਸੂ ਦਾ ਨਾਮ ਉਚਾਰਦੇ ਹੋ ਅਤੇ ਇਸ ਗੱਲ 'ਚ ਯਕੀਨ ਰੱਖਦੇ ਹੋ ਕਿ ਪਰਮਾਤਮਾ ਨੇ ਉਸਨੂੰ ਮੌਤ ਉਪਰੰਤ ਜੀਵਤ ਕਰ ਦਿੱਤਾ ਸੀ, ਤਾਂ ਤੁਸੀਂ ਬਚ ਜਾਉਗੇ। (ਰੋਮਨਜ਼ 10:9)

"ਜੇਕਰ ਯੀਸੂ ਨੂੰ ਮੌਤ ਤੋਂ ਬਾਅਦ ਮੁੜ ਜਿਉਂਦਾ ਹੁੰਦਾ ਨਾ ਮੰਨਿਆ ਜਾਵੇ , ਤਾਂ ਸਾਡਾ ਪ੍ਰਚਾਰ ਖੋਖਲਾ ਹੈ ਅਤੇ ਵਿਸ਼ਵਾਸ ਡਾਵਾਂਡੋਲ।" (1 ਕੋਰ 15:14)

**(ਅ) ਮੁੜ ਵਾਪਸੀ :** ਨਿਊ ਟੈਸਟਾਮੈਂਟ ਦੇ ਤਿੰਨ ਸੁਸਮਾਚਾਰ ਮੈਥਿਊ 24, ਲਿਊਕ 21 ਅਤੇ ਮਾਰਕ 13 ਵਿੱਚ ਅਸੀਂ ਯੀਸੂ ਦੇ ਦੁਬਾਰਾ ਵਾਪਿਸ ਆਉਣ ਬਾਰੇ ਬਹੁਤ ਕਥਾਵਾਂ ਪੜ੍ਹਦੇ ਹਾਂ। ਅਸੀਂ ਇਹ ਵੀ ਪਦ੍ਹਦੇ ਹਾਂ, "ਮੈਂ ਤੁਹਾਨੂੰ ਆਪ ਲੈਣ ਆਵਾਂਗਾ (ਐਕਟ 1:11, ਜੋਹਨ 6:10-16) ਯੀਸੂ ਨੇ ਮੌਤ ਅਤੇ ਸ਼ੈਤਾਨ ਨੂੰ ਹਰਾਇਆ ਅਤੇ ਕਿਹਾ, "ਮੈਂ ਵਾਪਿਸ ਆਵਾਂਗਾ ਅਤੇ ਤੁਹਾਨੂੰ ਆਪਣੇ ਨਾਲ ਲੈ ਜਾਵਾਂਗਾ"। (ਰੈਵ 22:12 ਅਤੇ ਹੋਜ਼ੀਆ 13-14)।[54] "ਰੁਕੋ ਮੈਂ ਛੇਤੀ ਵਾਪਿਸ ਆ ਰਿਹਾ ਹਾਂ। ਮੇਰਾ ਫਲ ਮੇਰੇ ਕੋਲ ਹੈ ਅਤੇ ਮੈਂ ਇਹ ਕਿਸੇ ਨੂੰ ਉਸ ਦੇ ਕਰਮ ਦੇ

---

54. ਇਨ੍ਹਾਂ ਸ਼ਬਦਾਂ ਦੀ ਗਲਤ ਵਰਤੋਂ ਅਜੇ ਵੀ ਕਈਆਂ ਨੇ ਕੀਤੀ ਹੈ ਅਤੇ ਆਪਣੇ ਆਪਨੂੰ ਮੁੜ ਜੰਮੇ ਯੀਸੂ ਵਜੋਂ ਪ੍ਰਗਟਾਇਆ ਹੈ। ਮਿਸਾਲ ਦੇ ਤੌਰ ਤੇ 19 ਅਪ੍ਰੈਲ 1993 ਨੂੰ ਡੇਵਿਡ ਕੋਰੇਸ਼ ਜੋ ਦ੍ਰਾਵੜੀਅਨ ਸ਼ਾਖ ਦਾ ਨੇਤਾ ਸੀ, ਨੇ ਅਜਿਹਾ ਹੀ ਦਾਅਵਾ ਕੀਤਾ ਅਤੇ ਆਪਣੇ 75 ਅਨੁਯਾਈਆਂ ਨੂੰ ਨਰਕ ਵਾਲੀ ਮੌਤ ਵਿੱਚ ਧੱਕ ਦਿੱਤਾ। ਨਿਮਨਲਿਖਤ ਬਿਓਰਾ ਉਨ੍ਹਾਂ ਦਾ ਹੈ, ਜਿਨ੍ਹਾਂ ਨੇ ਆਪਣੇ ਆਪ ਨੂੰ ਮੁੜ ਜੰਮੇ ਯੀਸੂ ਵਜੋਂ ਪ੍ਰਗਟ ਕੀਤਾ ਹੈ :
    1. ਰਿਚਰਡ ਬ੍ਰਦਰਜ਼ (1757-1824 ਈ:) ਜੋ ਬ੍ਰਿਟਿਸ਼ ਜਲ ਸੈਨਾ ਦਾ ਅਫਸਰ ਸੀ।
    2. ਜੋਸ਼ੂਆ ਸਾਊਥਕੋਟ (1750-1814 ਈ:) ਅਮਰੀਕਾ ਵਾਸੀ ਨੇ ਪੈਗੰਬਰ ਹੋਣ ਦਾ ਦਾਅਵਾ ਕੀਤਾ ਅਤੇ ਕਿਹਾ ਕਿ ਆਦਮੀ ਦਾ ਜਨਮ ਔਰਤ ਤੋਂ ਹੁੰਦਾ ਹੈ ਅਤੇ ਔਰਤ ਹੀ ਕਿਸੇ ਆਦਮੀ ਦੀ ਮੁਕਤੀ ਕਰਵਾ ਸਕਦੀ ਹੈ।
    3. ਜੋਸੇਫ ਸਮਿੱਥ (1805-1844 ਈ:) ਜੋ ਮੋਰਮੋਨਾਂ ਦਾ ਸੰਸਥਾਪਕ ਸੀ, ਨੇ ਦਾਅਵਾ ਕੀਤਾ ਕਿ ਜੌਹਨ ਬੈਪਟਿਸਟ ਨੇ ਉਸਨੂੰ ਪੈਗੰਬਰ ਬਣਾਇਆ ਹੈ ਅਤੇ ਸਵਰਗ ਦੀ ਕੁੰਜੀ ਸਿਰਫ ਉਸ ਪਾਸ ਹੀ ਹੈ।
    4. ਹੁਨ-ਸੁ-ਚੁਆਂਗ ਚੀਨ ਵਾਸੀ ਸੀ। ਉਸਨੇ ਦਾਅਵਾ ਕੀਤਾ ਕਿ ਉਹ ਯੀਸੂ ਦਾ ਛੋਟਾ ਭਰਾ ਹੈ। ਉਸਨੇ ਕਿਹਾ ਕਿ ਉਸਦਾ ਪੁੱਤਰ 'ਨਵਾਂ ਸਵਰਗ' ਸਥਾਪਿਤ ਕਰੇਗਾ। ਉਸਨੇ ਈਸਾਈ ਤ੍ਰਿਮੂਰਤੀ ਨੂੰ ਪਿਤਾ-ਪੁੱਤਰ-ਆਤਮਾ ਤੋਂ ਬਦਲ ਕੇ ਪਿਤਾ-ਪੁੱਤਰ-ਪੋਤ੍ਰਾ ਕਰ ਦਿੱਤਾ। *(ਚਲਦਾ)*

ਅਨੁਸਾਰ ਹੀ ਦੇਵਾਂਗਾ।" (ਰੈਵੀਲੇਸ਼ਨਜ਼ 22:2)

ਜਦੋਂ ਯੀਸੂ ਜੈਤੂਨ ਦੀ ਪਹਾੜੀ ਤੇ ਸੀ ਉਸਦੇ ਕੁਝ ਅਨੁਯਾਈਆਂ ਨੇ ਉਸ ਨੂੰ ਪੁੱਛਿਆ, "ਇਹ ਸਭ ਕੁਝ ਕਦੋਂ ਹੋਵੇਗਾ?[55] ਅਤੇ ਤੇਰੇ ਵਾਪਿਸ ਆਉਣ ਦਾ ਸੰਕੇਤ ਕੀ ਹੋਵੇਗਾ ਜਾਂ ਉਡੀਕ ਦੇ ਸਮੇਂ ਦੇ ਖਾਤਮੇ ਦਾ ਕੀ ਸੰਕੇਤ ਹੋਵੇਗਾ"? (ਮੈਥਿਊ 24:3) ਅਤੇ ਯੀਸੂ ਦਾ ਉੱਤਰ ਮਾਰਕ 13:29 ਵਿੱਚ ਇਸ ਪ੍ਰਕਾਰ ਅੰਕਿਤ ਹੈ, "ਜਦੋਂ ਤੁਸੀਂ ਇਹ ਸਭ ਕੁਝ[56] ਹੁੰਦਾ ਵੇਖੋਗੇ ਜਾਣ ਲੈਣਾ ਕਿ ਉਹ ਦਿਨ ਨੇੜੇ ਆ ਗਿਆ ਹੈ ।

---

5. ਭਾਰਤ ਦੇ ਕੇਸ਼ਵ ਚੰਦਰ ਸੇਨ ਨੇ ਦਾਅਵਾ ਕੀਤਾ ਕਿ ਉਹ ਮੁੜ ਜੰਮਿਆ ਯੀਸੂ ਹੈ।
6. ਥਿਊਡਸ ਅਤੇ ਬਾਰ ਕੋਚਕਾ ਸੇਬੀ (1621 ਈ:) ਨੇ ਵੀ ਇਹ ਦਾਅਵਾ ਕੀਤਾ ਕਿ ਉਹ ਮੁੜ ਕੇ ਜੰਮਿਆ ਹੈ ਅਤੇ ਯੀਸੂ ਦਾ ਪੁਨਰ ਅਵਤਾਰ ਹੈ।

   ਪੋਲ ਪੋਟ, ਜੋਸੇਫ, ਸਟਾਲਿਨ ਅਤੇ ਹਿਟਲਰ ਨੇ ਸ੍ਵੈ ਉਤਪੰਨ ਪਰਮਾਤਮਾ ਵਜੋਂ ਖੁਦ ਨੂੰ ਪੇਸ਼ ਕੀਤਾ ਪਰ ਮੁਸੋਲਿਨੀ ਨੇ ਸਪੱਸ਼ਟ ਤੌਰ ਤੇ ਕਿਹਾ, "ਮੈਂ ਮਹਾਂਪੁਰਸ਼ ਵਜੋਂ ਜਨਮ ਲਿਆ ਹੈ ਅਤੇ ਇਸ ਲਈ ਮੈਨੂੰ ਪਰਮਾਤਮਾ ਕਿਹਾ ਜਾਂਦਾ ਹੈ। ਮੈਂ ਕਾਨੂੰਨ ਨਿਰਮਾਤਾ ਅਤੇ ਜੰਗ ਦਾ ਸੂਰਵੀਰ ਵਿਜਈ ਹਾਂ"।
7. ਮੈਂ ਹੀ ਜਬਰਾਈਲ, ਮਾਈਕਲ ਇਜ਼ਰਾਫੀਲ ਹਾਂ। ਮੈਂ ਹੀ ਅਬਰਾਹੀਮ, ਹਜ਼ਰਤ ਮੂਸਾ ਅਤੇ ਯੀਸੂ ਹਾਂ। ( ਜੁਨੈਦ ਬਗਦਾਦੀ)

55 ਸੂਰਜ ਕਾਲਾ ਹੋ ਜਾਵੇਗਾ ਅਤੇ ਚੰਦਰਮਾ ਰੌਸ਼ਨੀ ਨਹੀਂ ਦੇਵੇਗਾ। ਸਵਰਗ ਕੰਬੇਗਾ ਅਤੇ ਸਵਰਗ ਤੋਂ ਤਾਰੇ ਟੁੱਟ ਕੇ ਡਿੱਗਣਗੇ (ਮੈਥਿਊ 24:29 ਰੈਵੀਲੇਸ਼ਨਜ਼ 6:12-17 ਵੀ ਵੇਖੋ) "ਦੁਨੀਆਂ ਦੇ ਸਾਰੇ ਕਬੀਲੇ ਮਰ ਜਾਣਗੇ, ਅਤੇ ਉਹ ਆਦਮੀ ਦੇ ਪੁੱਤਰ ਨੂੰ ਬੜੀ ਹੀ ਸ਼ਾਨ ਨਾਲ ਸਵਰਗ ਦੇ ਬੱਦਲਾਂ ਦੀ ਸਵਾਰੀ ਕਰਦੇ ਵੇਖਣਗੇ (ਮੈਥਿਊ 24:30)

56 ਈਸਾਈ ਮੰਨਦੇ ਹਨ ਕਿ ਯੀਸੂ ਨੇ ਕੁਝ ਕੁਦਰਤੀ ਆਫਤਾਂ ਦੀ ਭਵਿੱਖਬਾਣੀ ਕੀਤੀ (ਜਿਵੇਂ ਵੱਡੇ ਭੁਚਾਲ, ਅਕਾਲ, ਲੜਾਈਆਂ, ਉਲਕਾਵਾਂ, ਧੂਮਕੇਤੂ, ਸੂਰਜੀ ਲਹਿਰਾਂ, ਗ੍ਰਹਿਣ ਅਤੇ ਮਹਾਂਮਾਰੀਆਂ ਬਾਰੇ) ਜਿਨ੍ਹਾਂ ਤੋਂ ਬਾਅਦ ਉਸਦਾ ਜਨਮ ਹੋਵੇਗਾ। ਇਸਨੇ ਈਸਾਈਆਂ ਨੂੰ ਯੀਸੂ ਦੇ ਮੁੜਨ ਦੀ ਇਕ ਖਾਸ ਤਾਰੀਖ ਨਿਰਧਾਰਿਤ ਕਰਨ ਲਈ ਤਿਆਰ ਕਰ ਦਿਤਾ। 14ਵੀਂ ਸ਼ਤਾਬਦੀ ਦੇ ਅੰਗਰੇਜ਼ ਪਾਦਰੀ ਵਿਲੀਅਮ ਵਿਟਸਨ ਨੇ ਇਹ ਤਾਰੀਖ 13 ਅਕਤੂਬਰ 1736 ਈ: ਦੱਸੀ ਸੀ। ਜਰਮਨ ਵਿਦਵਾਨ ਜਾਨ ਸਟੋਫਲਰ ਨੇ ਫਰਵਰੀ 1524 ਦੀ ਭਵਿੱਖ ਬਾਣੀ ਕੀਤੀ, ਇਕ ਅਮਰੀਕੀ ਵਿਦਵਾਨ ਵਿਲੀਅਮ ਮਿਲਰ ਨੇ 22 ਅਕਤੂਬਰ 1844 ਦੀ ਭਵਿੱਖਬਾਣੀ ਕੀਤੀ ਕਿ ਇਸ ਦਿਨ ਯੀਸੂ ਫਿਰ ਪੈਦਾ ਹੋਵੇਗਾ। ਭਵਿੱਖ ਬਾਣੀਆਂ ਅੱਜ ਵੀ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਨੂੰ ਇਸ ਤਰ੍ਹਾਂ ਲਿਖਿਆ ਜਾਂਦਾ ਹੈ, "ਪੂਰਬ ਤੋਂ ਰੌਸ਼ਨੀ ਆਵੇਗੀ ਅਤੇ ਪੱਛਮ ਤੋਂ ਤੇਜ਼ ਚਮਕ ਪੈਦਾ ਹੋਵੇਗੀ ਤਾਂ ਉਦੋਂ ਆਦਮੀ ਦਾ ਪੁੱਤਰ ਵੀ ਜਨਮ ਲਵੇਗਾ (ਡੇਨੀਅਲ ਵਰਸ-27)" ਉਹ ਆਦਮੀ ਦੇ ਪੁੱਤਰ ਨੂੰ ਸਵਰਗ ਦੇ ਬੱਦਲਾਂ ਉਪਰ ਸ਼ਕਤੀ ਅਤੇ ਸ਼ਾਨ ਨਾਲ ਸਵਾਰੀ ਕਰਦਿਆ ਵੇਖਣਗੇ (ਮੈਥਿਊ 24:30) ਬਾਕੀਆਂ ਨੂੰ ਅਜਿਹੀ

*(ਚਲਦਾ)*



"ਯੀਸੂ ਫਰਿਸ਼ਤਿਆਂ ਸਮੇਤ ਅਤਿਅੰਤ ਤੇਜ਼ ਰੌਸ਼ਨੀ ਵਿਚਕਾਰ ਧਰਤੀ ਤੇ ਵਾਪਿਸ ਆਵੇਗਾ। ਈਸਾਈ ਉਸਦੇ ਸੱਜੇ ਪਾਸੇ ਬੈਠਣਗੇ ਅਤੇ ਅਮਰ ਜ਼ਿੰਦਗੀ ਜਿਉਣ ਲਈ ਸਵਰਗ ਜਾਣਗੇ। ਗੈਰ ਈਸਾਈ ਉਸਦੇ ਖੱਬੇ ਪਾਸੇ ਬੈਠਣਗੇ ਅਤੇ ਸਦੀਵੀ ਸਜ਼ਾ ਲਈ ਨਰਕ ਵਿੱਚ ਭੇਜੇ ਜਾਣਗੇ।" (ਮੈਥਿਊ 25:31-46 ਅਤੇ ਮੈਥਿਊ 16:27)

ਗੈਰ ਈਸਾਈਆਂ ਬਾਰੇ ਬਾਈਬਲ ਦਾ ਕਥਨ ਹੈ, "ਪਰਮਾਤਮਾ ਉਨ੍ਹਾਂ ਪਾਸ ਅਜਿਹੀ ਜ਼ਬਰਦਸਤ ਉਲਝਣ ਭੇਜੇਗਾ ਕਿ ਉਹ ਝੂਠ ਤੇ ਵੀ ਵਿਸ਼ਵਾਸ਼ ਕਰਨਗੇ।

## ਸਿੱਖ ਦ੍ਰਿਸ਼ਟੀਕੋਣ :

ਸਿੱਖ ਧਰਮ ਮੰਨਦਾ ਹੈ ਕਿ ਮੌਤ ਪਰਮਾਤਮਾ ਦੇ ਹੁਕਮ ਦੀ ਪੂਰਤੀ ਹੈ ਅਤੇ ਕਦੇ ਕਿਸੇ ਨੇ ਮੌਤ ਨੂੰ ਨਹੀਂ ਜਿੱਤਿਆ।

**ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ**
**ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰ ਹੋਸੀ॥**

*(ਪੰਨਾ-1100)*

ਜੋ ਦਿਖਾਈ ਦਿੰਦਾ ਹੈ ਉਹ ਸਭ ਨਾਸ਼ਮਾਨ ਹੈ। ਸੰਸਾਰ ਖ਼ਤਮ ਹੋ ਜਾਵੇਗਾ ਸਿਰਫ ਪਰਮਾਤਮਾ ਅਤੇ ਉਸਦੇ ਭਗਤ ਹੀ ਆਤਮਿਕ ਤੌਰ ਤੇ ਅਮਰ ਹਨ। (ਪੰਨਾ-1100)

**ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥**

*(ਪੰਨਾ-137*

ਸਾਡੇ ਜਨਮ ਦੇ ਨਾਲ ਹੀ ਮੌਤ ਨਿਸ਼ਚਿਤ ਕਰ ਦਿੱਤੀ ਗਈ ਸੀ।ਜੇਕਰ ਕੋਈ ਇਹ ਕਹਿੰਦਾ ਹੈ ਕਿ ਕਿਆਮਤ ਦੇ ਦਿਨ ਕੋਈ ਬਚਾਉਣ ਵਾਲਾ ਆਵੇਗਾ ਤਾਂ

---

ਭਵਿੱਖ ਬਾਣੀ ਬਾਰੇ ਵਿਰੋਧਾਭਾਸ ਹੈ ਅਤੇ ਉਹ ਲਿਖਦੇ ਹਨ , " ਪਰ ਉਸ ਦਿਨ ਦਾ ਅਤੇ ਮੁੜ ਆਉਣ ਦੇ ਸਮੇਂ ਦਾ ਕਿਸੇ ਨੂੰ ਪਤਾ ਨਹੀਂ। ਫਰਿਸ਼ਤੇ ਵੀ ਨਹੀਂ ਜਾਣਦੇ, ਸਿਰਫ ਮੇਰਾ ਪਿਤਾ ਹੀ ਇਸ ਦੀ ਜਾਣਕਾਰੀ ਰੱਖਦਾ ਹੈ" (ਮੈਥਿਊ 24:36) "ਅਤੇ ਇਹ ਤੁਸੀਂ ਨਹੀਂ ਜਾਣ ਸਕੋਗੇ, ਇਹ ਸਿਰਫ ਪਰਮਾਤਮਾ ਦੇ ਹੱਥ ਵਿੱਚ ਹੀ ਅਧਿਕਾਰ ਹੈ ਕਿ ਉਹ ਕਿਸ ਦਿਨ ਕਿਸ ਰੁੱਤ ਨੂੰ ਆਵੇਗਾ" (ਮੈਥਿਊ 24:7) ਈਸਾਈਆਂ ਅਨੁਸਾਰ ਈਸਾਈਆਂ ਦੇ ਪਾਪ ਮੁਆਫ ਹੋ ਚੁੱਕੇ ਹਨ ਅਤੇ ਉਨ੍ਹਾਂ ਦੀ ਮੁਕਤੀ ਯਕੀਨੀ ਹੋ ।ਸਮਝ ਨਹੀ ਆਉਂਦੀ ਕਿ ਫਿਰ ਉਹ ਯੀਸੂ ਦੀ ਮੁੜ ਵਾਪਸੀ ਦੀ ਉਡੀਕ ਕਿਉਂ ਕਰ ਰਹੇ ਹਨ। ਉਹ 2000 ਸਾਲ ਤਾਂ ਪਹਿਲਾਂ ਹੀ ਉਡੀਕ ਕਰ ਚੁੱਕੇ ਹਨ, ਹੋਰ ਹੁਣ ਕਿੰਨੇ ਸਾਲ ਉਡੀਕਦੇ ਰਹਿਣਗੇ? ਜੋ 2000 ਸਾਲ ਦੇ ਮਰ ਚੁੱਕੇ ਹਨ ਉਨ੍ਹਾਂ ਨਾਲ ਤਾਂ ਫਿਰ ਬੇਇਨਸਾਫ਼ੀ ਹੀ ਹੋਵੇਗੀ। ਉਹ ਜੋ ਯੀਸੂ ਦੇ ਆਉਣ ਤੇ ਜ਼ਿੰਦਾ ਹੋਣਗੇ ਉਨ੍ਹਾਂ ਨਾਲੋ ਤਾਂ ਮਰ ਚੁੱਕਿਆਂ ਨੇ ਵਧੇਰੇ ਇੰਤਜ਼ਾਰ ਕੀਤੀ ਹੈ। ਕੀ ਪਰਮਾਤਮਾ ਸਹੀ ਅਤੇ ਇਨਸਾਫ ਪਸੰਦ ਹੈ? ਡਿਉਟ੍ਰੋਨੋਮੀ 32.4 ਵਿੱਚ ਤਾਂ ਲਿਖਿਆ ਹੈ। ਉਸ ਦਾ ਹਰ ਕੰਮ ਇਨਸਾਫ ਤੇ ਆਧਾਰਿਤ ਹੈ।

ਇਸ ਦਾ ਭਾਵ ਨਿਕਲੇਗਾ ਕਿ ਅੰਤਿਮ ਇਨਸਾਫ ਰੱਬ ਦੇ ਹੱਥ ਨਹੀਂ ਬਲਕਿ ਕਿਸੇ ਬੰਦੇ ਦੇ ਹੱਥ ਹੋਵੇਗਾ ਜੋ ਪਰਮਾਤਮਾ ਤੋਂ ਵੀ ਵੱਡਾ ਹੋਵੇਗਾ।

ਬਾਈਬਲ ਕਹਿੰਦੀ ਹੈ, "ਜੋ ਯੀਸੂ ਵਿੱਚ ਯੀਕਨ ਨਹੀਂ ਰੱਖਦੇ, ਰੱਬ ਦੇ ਗੁੱਸੇ ਦਾ ਸ਼ਿਕਾਰ ਹੋਣਗੇ। ਜੇਕਰ ਤੁਹਾਡੇ ਕੋਲ ਕੋਈ ਗੈਰ ਈਸਾਈ ਆਉਂਦਾ ਹੈ ਤਾਂ ਉਸਨੂੰ ਘਰ ਵਿੱਚ ਦਾਖਿਲ ਨਾ ਹੋਣ ਦਿਓ ਅਤੇ ਉਸ ਦਾ ਸੁਆਗਤ ਨਾ ਕਰੋ।"[57] (ਜੌਨਜ਼ ਲੈਟਰ ਨੰ: 2.9-11)

ਸਿੱਖ ਧਰਮ ਕਦੇ ਅਜਿਹਾ ਦਾਅਵਾ ਨਹੀਂ ਕਰਦਾ ਕਿ ਜੋ ਸਿੱਖ ਨਹੀਂ ਉਸ ਨੂੰ ਮੁਕਤੀ ਹੀ ਨਹੀਂ ਮਿਲੇਗੀ। ਇਸ ਦੇ ਉਲਟ ਸਿਖ ਧਰਮ ਤਾਂ ਸਗੋਂ ਕਹਿੰਦਾ ਹੈ ਕਿ ਪਰਮਾਤਮਾ ਦੀ ਕਿਰਪਾ ਅਤੇ ਨਿਰਮਲ ਕਰਮਾਂ ਨਾਲ ਹਰ ਇਨਸਾਨ ਮੁਕਤੀ ਹਾਸਿਲ ਕਰ ਸਕਦਾ ਹੈ ।ਅੱਡੋ ਅੱਡ ਧਰਮਾਂ ਦੇ ਨਾਂ ਜਾਂ ਬਿੱਲੇ ਪਰਮਾਤਮਾ ਦੇ ਸਾਹਮਣੇ ਕੋਈ ਅਹਿਮੀਅਤ ਨਹੀਂ ਰੱਖਦੇ।

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥**
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥**

*(ਪੰਨਾ-853)*

ਐ ਪਰਮਾਤਮਾ ਇਹ ਦੁਨੀਆਂ ਪਾਪਾਂ ਵਿੱਚ ਸੜ ਰਹੀ ਹੈ। ਆਪਣੇ ਰਹਿਮ ਨਾਲ ਇਸਨੂੰ ਬਚਾ ਲੈ। ਇਸ ਵਿੱਚ ਕੋਈ ਫ਼ਰਕ ਨਹੀਂ ਕਿ ਕੋਈ ਕਿਸ ਰਸਤੇ (ਕਿਸ ਧਰਮ ਰਾਹੀਂ) ਤੇਰੇ ਪਾਸ ਅਪੜਦਾ ਹੈ।" (ਪੰਨਾ-853)

57 ਯੀਸੂ ਦੇ ਉੱਪਰ ਉਠ ਜਾਣ ਦੇ 70 ਸਾਲ ਬਾਅਦ ਇਹ ਗੱਲ ਜਾਨ ਨੇ ਲਿਖੀ। ਕੀ ਯੀਸੂ ਅਸਲ ਵਿੱਚ ਇਹ ਕਹਿੰਦੇ ਹਨ? ਕੀ ਉਸਨੇ ਇਹ ਸ਼ਬਦ ਵਰਤੇ ਹਨ? ਅਜਿਹੇ ਹੀ ਸੁਆਲ ਪੁਸਤਕ 'ਦ ਐਵੀਡੈਂਸ ਫੌਰ ਜੀਸਜ਼' ਕ੍ਰਿਤ ਜੇਮਜ਼ ਡੰਨ ਵਿੱਚ ਵਿਚਾਰੇ ਗਏ ਹਨ। ਵੇਖੋ ਪੰਨੇ 36-45



# ਇਕ ਬੇਨਤੀ

**ਤੂੰ ਮੇਰਾ ਸਖਾ ਤੂ ਹੀ ਮੇਰਾ ਮੀਤੁ॥**
**ਤੂੰ ਮੇਰਾ ਪ੍ਰੀਤਮੁ ਤੁਮ ਸੰਗ ਹੀਤੁ॥**
**ਤੂੰ ਮੇਰੀ ਪਤਿ ਤੂ ਹੈ ਮੇਰਾ ਗਹਿਣਾ॥**
**ਤੁਝ ਬਿਨੁ ਨਿਮਖੁ ਨ ਜਾਈ ਰਹਣਾ॥**
**ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ॥**
**ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ॥ ਰਹਾਉ॥**
**ਜਿਉ ਤੁਮ ਰਾਖਹੁ ਤਿਵ ਹੀ ਰਹਨਾ॥**
**ਜੋ ਤੁਮ ਕਹਹੁ ਸੋਈ ਮੋਹਿ ਕਰਨਾ॥**
**ਜਹ ਪੇਖਉ ਤਹਾ ਤੁਮ ਬਸਨਾ॥**
**ਨਿਰਭਉ ਨਾਮ ਜਪਉ ਤੇਰਾ ਰਸਨਾ॥**

*(ਗੁਰੂ ਗ੍ਰੰਥ ਸਾਹਿਬ ਪੰਨਾ 181)*

ਐ ਪਰਮਾਤਮਾ ਤੂੰ ਮੇਰਾ ਸਦੀਵੀ ਮਿੱਤਰ ਹੈਂ; ਤੂੰ ਮੇਰਾ ਪੱਕਾ ਮਿੱਤਰ ਹੈਂ। ਤੂੰ ਮੇਰਾ ਆਕਰਸ਼ਣ ਹੈਂ ; ਗਹਿਣਾ ਹੈ ਅਤੇ ਮੈਨੂੰ ਤੇਰੇ ਨਾਲ ਪ੍ਰੇਮ ਹੈ। ਤੂੰ ਮੇਰਾ ਮਾਣ ਹੈਂ; ਤੂੰ ਹੀ ਮੇਰੀ ਸ਼ਾਨ ਹੈ। ਮੈਂ ਤੇਰੇ ਤੋਂ ਬਿਨਾਂ ਇਕ ਪਲ ਵੀ ਜ਼ਿੰਦਾ ਨਹੀਂ ਰਹਿ ਸਕਾਗਾਂ। ਤੂੰ ਮੇਰਾ ਮਾਲਿਕ ਹੈ ਅਤੇ ਤੂੰ ਹੀ ਮੇਰੇ ਸੁਆਸ ਹੈਂ। ਤੂੰ ਮੇਰਾ ਖ਼ਸਮ ਹੈਂ ਅਤੇ ਮੇਰਾ ਆਗੂ ਵੀ। ਰਹਾਉ। ਮੈਂ ਤੇਰੇ ਭਾਣੇ ਅੰਦਰ ਹੀ ਰਹਿੰਦਾ ਹਾਂ। ਮੈਂ ਤੇਰਾ ਹੁਕਮ ਹੀ ਮੰਨਦਾ ਹਾਂ। ਮੈਂ ਜਿੱਥੇ ਵੀ ਵੇਖਦਾ ਹਾਂ ਤੂੰ ਹੀ ਤੂੰ ਹੈਂ। ਐ ਨਿਰਭਉ ਪਰਮਾਤਮਾ ਮੈਨੂੰ ਆਪਣੇ ਨਾਮ ਜਪਣ ਦੀ ਸਦੀਵੀ ਬਖਸ਼ਿਸ਼ ਕਰ। (ਪੰਨਾ-181)

□□□

## ਅਧਿਆਇ-4

# ਰਚਣਹਾਰ ਦੀ ਰਚਨਾ

### 4.1 ਬ੍ਰਹਿਮੰਡ ਦੀ ਰਚਨਾ :

ਪਵਿੱਤਰ ਬਾਈਬਲ ਦਾ ਕਥਨ ਹੈ "ਪਰਮਾਤਮਾ ਨੇ ਸਭ ਤੋਂ ਪਹਿਲਾਂ ਸ੍ਵਰਗ ਅਤੇ ਧਰਤੀ ਦੀ ਰਚਨਾ ਕੀਤੀ... ਫਿਰ ਰੌਸ਼ਨੀ ਬਣੀ... ਫਿਰ ਆਕਾਸ਼ ਬਣਿਆ... ਫਿਰ ਖੁਸ਼ਕ ਧਰਤੀ ਬਣੀ... ਫਿਰ ਪਾਣੀ ਉਪਰੰਤ ਜ਼ਿੰਦਗੀ ਹੋਂਦ ਵਿਚ ਆਈ... ਫਿਰ ਧਰਤੀ 'ਚੋਂ ਘਾਹ ਫੁੱਟਿਆ... ਫਿਰ ਪਰਮਾਤਮਾ ਨੇ ਧਰਤੀ ਪਾਸੋਂ ਆਪਣੇ ਵਰਗੇ ਜੀਵ[58] ਪੈਦਾ ਕਰਵਾਏ... ਅਤੇ ਛੇਵੇਂ ਦਿਨ ਸ਼ਾਮ ਅਤੇ ਸਵੇਰ ਦੀ ਰਚਨਾ ਕੀਤੀ ਗਈ। ਸੱਤਵੇਂ ਦਿਨ ਪਰਮਾਤਮਾ ਨੇ ਆਰਾਮ ਕੀਤਾ ਅਤੇ ਆਸ਼ੀਰਵਾਦ ਦੇ ਕੇ ਇਸ ਦਿਨ ਨੂੰ ਪਵਿੱਤਰਤਾ ਬਖਸ਼ੀ।" (ਜੈਨੇਸਿਜ਼ 1,1-31)

**ਇਹ ਘਟਨਾਵਾਂ ਇਸ ਕ੍ਰਮ 'ਚ ਵਾਪਰੀਆਂ :**

| | | |
|---|---|---|
| ਪਹਿਲਾ ਦਿਨ | : | ਧਰਤੀ[59] (ਇਕ) ਅਤੇ ਸ੍ਵਰਗ (ਇਕ) ਦੀ ਰਚਨਾ |
| ਦੂਜਾ ਦਿਨ | : | ਆਕਾਸ਼ ਦੀ ਰਚਨਾ |
| ਤੀਜਾ ਦਿਨ | : | ਵਨਸਪਤੀ ਦੀ ਰਚਨਾ |
| ਚੌਥਾ ਦਿਨ | : | ਸੂਰਜ, ਚੰਦਰਮਾ ਅਤੇ ਤਾਰਿਆਂ ਦੀ ਰਚਨਾ |
| ਪੰਜਵਾਂ ਦਿਨ | : | ਪਾਣੀ, ਸਮੁੰਦਰੀ ਜੀਵਾਂ ਅਤੇ ਪੰਛੀਆਂ ਦੀ ਰਚਨਾ |
| ਛੇਵਾਂ ਦਿਨ | : | ਜੰਤੂ, ਜਾਨਵਰ ਅਤੇ ਮਨੁੱਖਾਂ ਦੀ ਰਚਨਾ |
| ਸੱਤਵਾਂ ਦਿਨ | : | ਪਰਮਾਤਮਾ ਨੇ ਆਰਾਮ ਕੀਤਾ |

ਆਕਾਸ਼[60] ਦੀ ਰਚਨਾ ਨੇ ਹੇਠਲੇ ਅਤੇ ਉਪਰਲੇ ਪਾਣੀਆਂ ਦਾ ਨਿਖੇੜ ਪੈਦਾ ਕੀਤਾ। (ਜੈਨੇਸਿਜ਼ : 7)

---

58. ਇਹ ਸਪਸ਼ੱਟ ਨਹੀ ਕਿ ਪਰਮਾਤਮਾ ਨੇ ਸ੍ਵਰਗ ਵਿੱਚ ਜ਼ਿੰਦਗੀ ਪੈਦਾ ਕੀਤੀ ਕਿ ਨਹੀਂ। ਸ੍ਵਰਗ ਦਾ ਟਿਕਾਣਾ (ਜੇ ਕਿਧਰੇ ਕੋਈ ਸ੍ਵਰਗ ਹੈ) ਅਜੇ ਵੀ ਮਨੁੱਖਾਂ ਨੂੰ ਪਤਾ ਨਹੀਂ। "ਨਾ ਜਾਨਾ ਬੈਕੁੰਠ ਕਹਾ ਹੀ॥ ਜਾਨ ਜਾਨ ਸਭ ਕਹਿਹ ਤਹਾਹੀ॥" (ਪੰਨਾ-325) ਭਾਵ ਸਾਰੇ ਸ੍ਵਰਗ ਦੀ ਗੱਲ ਕਰਦੇ ਹਨ ਪਰ ਕੋਈ ਇਹ ਨਹੀਂ ਦੱਸਦਾ ਕਿ ਇਹ ਹੈ ਕਿੱਥੇ। (ਗੁਰੂ ਗ੍ਰੰਥ ਸਾਹਿਬ ਪੰਨਾ-325)
59. ਰਚਨਾ ਬਾਰੇ ਬਾਈਬਲ ਵਿੱਚ ਦੋ ਥਾਂਵਾਂ ਤੇ ਵਰਣਨ ਹੈ 1:1 ਤੋ 2:4 (ਏ) ਅਤੇ 2:4 (ਬੀ) -25, ਦੋਹਾਂ ਥਾਂਵਾਂ ਤੇ ਵਰਣਨ ਵਿੱਚ ਵੱਖਰੇਵਾਂ ਹੈ। ਮਿਸਾਲ ਦੇ ਤੌਰ ਤੇ ਧਰਤੀ ਦੀ ਅਸਲ ਸਥਿਤੀ ਇੱਕ ਥਾਂ ਪਾਣੀ ਵਾਲੀ ਅਤੇ ਦੂਜੀ ਥਾਂ ਖੁਸ਼ਕੀ ਵਾਲੀ ਹੈ। ਪਹਿਲੀ ਰਚਨਾ ਛੇ ਦਿਨਾਂ ਵਿੱਚ ਹੋਈ ਮੰਨੀ ਗਈ ਹੈ ਜਦਕਿ ਦੂਸਰੀ ਵਿਚ ਸਮੇਂ ਦਾ ਕੋਈ ਉਲੇਖ ਹੀ ਨਹੀਂ। ਰਚਨਾ ਦੇ ਕ੍ਰਮ ਵਿੱਚ ਵੀ ਭਿੰਨਤਾ ਹੈ। ਗਿਆਨ-ਰੁੱਖ ਦੀ ਜਗ੍ਹਾ ਜ਼ਿੰਦਗੀ ਦੇ ਰੁੱਖ ਨੇ ਲੈ ਲਈ। ਮਛਲੀ ਦਾ ਕੋਈ ਉਲੇਖ ਨਹੀਂ ਅਤੇ ਔਰਤ ਨੂੰ ਸਭ ਤੋਂ ਪਿਛੋਂ ਰਚਿਆ ਗਿਆ।
60. ਕੁਰਾਨ ਅਨੁਸਾਰ "ਲੌਕਾਕ-ਲਮਾ-ਅਫਲਾਕ" ਐ ਮਹੁੰਮਦ ਜੇ ਤੁਸੀਂ ਨਾ ਹੁੰਦੇ ਤਾਂ ਮੈਂ ਆਕਾਸ਼ ਦੀ ਰਚਨਾ ਨਹੀਂ ਕਰਨੀ ਸੀ।



ਇਸ ਕਾਰਜਕ੍ਰਮ ਅਨੁਸਾਰ ਸਾਰੇ ਦਿਨ ਪਰਮਾਤਮਾ ਦੇ ਸਾਹਮਣੇ ਪੇਸ਼ ਹੋਏ ਅਤੇ ਹੋਂਦ ਵਿਚ ਆਏ। ਸੂਰਜ ਅਤੇ ਤਾਰਿਆਂ ਤੋਂ ਪਹਿਲਾਂ ਧਰਤੀ ਹੋਂਦ ਵਿਚ ਆਈ। ਪਾਣੀ ਅਤੇ ਸੂਰਜ ਤੋਂ ਬਿਨਾਂ ਹਰਿਆਵਲ ਹੋਂਦ ਵਿਚ ਆਈ। ਰੀਂਗਣ ਵਾਲੇ ਜੀਵਾਂ ਤੋਂ ਪਹਿਲਾਂ ਪੰਛੀ ਹੋਂਦ ਵਿਚ ਆਏ। ਸਭ ਦੀ ਰਚਨਾ ਉਪਰੰਤ ਮਨੁੱਖਾਂ ਦੀ ਰਚਨਾ ਹੋਈ। ਆਧੁਨਿਕ ਖਗੋਲ ਸ਼ਾਸ਼ਤਰੀ, ਜੀਵ ਵਿਗਿਆਨੀ, ਭੂ-ਵਿਗਿਆਨੀ ਅਤੇ ਸਾਇੰਸਦਾਨ ਇਸ ਨੂੰ ਵੱਖਰੇ ਨਜ਼ਰੀਏ ਨਾਲ ਵੇਖਦੇ ਹਨ।

**ਸਿੱਖ ਦ੍ਰਿਸ਼ਟੀਕੋਣ :**

ਸਿੱਖ ਧਰਮ ਅਨੁਸਾਰ ਪਰਮਾਤਮਾ ਨੇ ਬ੍ਰਹਿਮੰਡ ਨੂੰ ਇਕ ਹੀ ਪਲ ਵਿਚ ਰਚ ਦਿੱਤਾ ਸੀ ।

**ਕੀਤਾ ਪਸਾਉ ਏਕੋ ਕਵਾਉ॥**

*(ਗੁਰੂ ਗ੍ਰੰਥ ਸਾਹਿਬ, ਪੰਨਾ 3)*

ਉਸਦੇ ਇਕ ਸ਼ਬਦ ਨੇ ਹੀ ਸਭ ਕੁਝ ਰਚ ਦਿੱਤਾ।

ਸਿੱਖ ਵਿਸ਼ਵਾਸ਼ ਕਰਦੇ ਹਨ ਕਿ ਸੰਸਾਰ ਪਰਮਾਤਮਾ ਦੀ ਚੇਤਨ ਸ਼ਕਤੀ ਦਾ ਪ੍ਰਵਾਹ ਹੈ । ਇਹ ਪਰਮਾਤਮਾ ਦੀ ਰਚਨਾਤਮਕ ਜੋਤਿ (ੴ-ਏਕੰਕਾਰ) ਦਾ, ਪਰਮਾਤਮਾ ਦੀ ਰਚਨਾਤਮਕ ਇੱਛਾ ਰਾਹੀਂ ਪ੍ਰਕਾਸ਼ (ਕਵਾਉ)[61] ਹੈ। ਸਮੇਂ ਦੇ ਆਰੰਭ ਹੋਣ ਤੋਂ ਪਹਿਲਾਂ ਸਿਰਫ ਪਰਮਾਤਮਾ ਦੀ ਹੋਂਦ ਸੀ।[62] ਫਿਰ ਪਰਮਾਤਮਾ ਨੇ ਬ੍ਰਹਿਮੰਡ ਦੀ ਰਚਨਾ ਕੀਤੀ ।

**ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ॥ ਆਪਨੈ ਭਾਣੈ ਲਏ ਸਮਾਏ॥**

*(ਪੰਨਾ 292)*[63]

---

61. "ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰ ਸਦਾਇਆ" (ਭ. ਗੁਰਦਾਸ ਵਾਰ 26:2)
    ਆਕਾਰ ਰੂਪ ਵਿੱਚ ਨਾ ਦਿਸਣ ਵਾਲਾ ਪਰਮਾਤਮਾ ਸ੍ਰਿਸ਼ਟੀ ਦੇ ਰੂਪ 'ਚ ਪ੍ਰਗਟ ਹੋਇਆ। ਪਰਮਾਤਮਾ ਇਕ ਹੈ, ਤੋਲ ਮਾਪ ਤੋਂ ਪਰ੍ਹੇ ਹੈ, ਅਪਾਰ ਹੈ।
62. "ਲੱਖਾਂ ਹੀ ਯੁਗਾਂ ਤੱਕ ਸਿਰਫ ਪਰਮਾਤਮਾ ਦੀ ਹੀ ਹੋਂਦ ਸੀ। ਉਸ ਵੇਲੇ ਨਾ ਤਾਂ ਆਕਾਸ਼ ਸੀ, ਨਾ ਸਮਾਂ, ਨਾ ਦਿਨ ਸੀ ਅਤੇ ਨਾ ਰਾਤ, ਨਾ ਕੋਈ ਤਾਰਾ ਸੀ ਅਤੇ ਨਾਹੀ ਕਿਸੇ ਤਾਰਾ ਪੁੰਜ ਦੀ ਹੋਂਦ ਸੀ। ਪਰਮਾਤਮਾ ਆਪਣੀ ਸੁੰਨ-ਸਮਾਧੀ ਵਿੱਚ ਲੀਨ ਸੀ"। (ਗੁਰੂ ਗ੍ਰੰਥ ਸਾਹਿਬ ਪੰਨਾ-1035-36) ਸੁਖਮਨੀ ਸਾਹਿਬ ਦੀ 21ਵੀਂ ਅਸਟਪਦੀ ਅਤੇ ਮਾਰੂ ਸੋਹਲੇ ਮ: 1 ਵੀ ਪੜ੍ਹੋ। ਸ੍ਰਿਸ਼ਟੀ ਦੀ ਰਚਨਾ ਸੰਬੰਧੀ ਸਿੱਖ ਧਰਮ ਦਾ ਸੰਕਲਪ ਰਿਗਵੇਦ 'ਚ ਪ੍ਰਗਟਾਏ ਨਾਸਾ ਦੀਆ ਸੂਕਤਾ ਦੇ ਸਿਧਾਂਤ ਦਾ ਨਿਕਟਵਰਤੀ ਹੈ। ਫਰਕ ਏਨਾ ਹੈ ਕਿ ਵੇਦ ਪਰਮਾਤਮਾ ਦੀ ਰਚਨਾਤਮਕ ਕ੍ਰਿਆਸ਼ੀਲਤਾ ਉੱਪਰ ਸ਼ੰਕਾ ਵਿਅਕਤ ਕਰਦੇ ਹਨ ਜਦਕਿ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਸੰਬੰਧੀ ਸਾਕਾਰਾਤਮਕ ਨਜ਼ਰੀਆ ਮੌਜੂਦ ਹੈ। "ਸਗਲ ਸਮਗਰੀ ਏਕਸ ਘਟਿ ਮਾਹਿ, ਅਨਿਕ ਰੰਗ ਨਾਨਾ ਦ੍ਰਿਸਟਾਹਿ"॥ ਸਾਰੀ ਸਮੱਗਰੀ (ਸਜੀਵ ਜਾਂ ਨਿਰਜੀਵ) ਇਕ ਹੀ ਪਰਮਾਤਮਾ ਤੋਂ ਉਪਜੀ ਹੈ। ਉਹ ਆਪਣੇ ਆਪਨੂੰ ਕਈ ਰੰਗਾਂ-ਰੂਪਾਂ 'ਚ ਪ੍ਰਗਟ ਕਰਦਾ ਹੈ। ਪੁਰਸ਼, ਪ੍ਰਕਿਰਤੀ ਅਤੇ ਮਹੱਤ (ਬ੍ਰਹਿਮੰਡ ਦਾ ਮੂਲ) ਦੀ ਸੁਤੰਤਰ ਸੱਤਾ ਵਾਲੇ ਸਾਂਖ ਸਿਧਾਂਤ ਦਾ ਸਿਖ ਵਿਚਾਰਧਾਰਾ ਖੰਡਨ ਕਰਦੀ ਹੈ।
63. ਵੇਖੋ ਵਾਰ ਭਾਈ ਗੁਰਦਾਸ 1,2

ਉਹ ਆਪਣੇ ਭਾਣੇ ਨਾਲ ਪੈਦਾ ਕਰਦਾ ਹੈ ਅਤੇ ਭਾਣੇ ਅਨੁਸਾਰ ਹੀ ਸਮਾ ਲੈਂਦਾ ਹੈ। ਸਿੱਖ ਧਰਮ ਦਾ ਮੰਨਣਾ ਹੈ ਕਿ ਪਰਮਾਤਮਾ ਦਾ ਭਾਣਾ ਇਸ ਤਰ੍ਹਾਂ ਪ੍ਰਗਟ ਹੋਇਆ–

**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥**
**ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤਿ ਸਮੋਇ॥**

*(ਪੰਨਾ 19)*

ਪਰਮਾਤਮਾ ਨੇ ਗੈਸਾਂ (ਹਵਾ) ਦੀ ਰਚਨਾ ਕੀਤੀ, ਜਿਨ੍ਹਾਂ ਦੇ ਸੰਯੋਗ ਨਾਲ ਪਾਣੀ (ਪਾਣੀ=ਹਾਈਡ੍ਰੋਜਨ+ਆਕਸੀਜਨ) ਦੀ ਰਚਨਾ ਹੋਈ। ਪਾਣੀ ਨੇ ਅੱਗੋ ਹੋਰ ਰਚਨਾ ਕੀਤੀ ।[64] ਪਰਮਾਤਮਾ ਨੇ ਆਪਣੀ ਜੋਤਿ ਇਸ ਸ੍ਰਿਸ਼ਟੀ ਦੇ ਕਣ-ਕਣ ਵਿਚ ਸਥਾਪਿਤ ਕੀਤੀ। ਸ੍ਰਿਸਟੀ ਦੀ ਰਚਨਾ ਦੇ ਸਮੇਂ ਅਤੇ ਤਾਰੀਖ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਫੁਰਮਾਨ ਹੈ :

**ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥**
**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥**

*(ਜਪੁਜੀ ਪਉੜੀ 21)*

ਸ੍ਰਿਸ਼ਟੀ ਦੀ ਰਚਨਾ ਦਾ ਦਿਨ, ਤਾਰੀਖ, ਸਮਾਂ ਅਤੇ ਰੁੱਤ ਦੀ ਜਾਣਕਾਰੀ ਤਾਂ ਜੋਗੀਆਂ ਨੂੰ ਵੀ ਨਹੀਂ। ਸਿਰਫ ਪਰਮਾਤਮਾ ਹੀ ਇਸ ਬਾਰੇ ਜਾਣਦਾ ਹੈ ।[65] ਬ੍ਰਹਿਮੰਡ ਦੇ ਸੰਦਰਭ ਵਿਚ ਜਾਂ ਸ੍ਰਿਸ਼ਟੀ ਰਚਨਾ ਦੇ ਸੰਦਰਭ ਵਿਚ ਪੂਰੀ ਰਚਨਾ ਲਈ ਕਿਸੇ ਵਿਸ਼ੇਸ਼ ਦਿਨ ਦਾ ਨਿਰਧਾਰਣ ਅਰਥਹੀਣ ਜਾਪਦਾ ਹੈ। ਪੂਰੇ ਬ੍ਰਹਿਮੰਡ ਵਿਚ ਹਰ ਜਗ੍ਹਾ ਇੱਕ ਹੀ ਸਮੇਂ ਦਿਨ ਹੋ ਨਹੀਂ ਸਕਦਾ। ਹੋਰ ਤਾਂ ਹੋਰ ਸਾਡੇ ਆਪਣੇ ਗ੍ਰਹਿ (ਧਰਤੀ) ਤੇ ਵੀ ਸਭ ਜਗ੍ਹਾ ਇੱਕ ਦਿਨ ਹੋਣਾ ਅਸੰਭਵ ਹੈ। ਜਦੋਂ ਪੱਛਮ ਵਿਚ ਰਾਤ ਹੁੰਦੀ ਹੈ ਤਾਂ ਪੂਰਬ ਸੂਰਜ ਦਾ ਨਿੱਘ ਮਾਣ ਰਿਹਾ ਹੁੰਦਾ ਹੈ।

---

64. ਵਿਗਿਆਨਕਾਂ ਦਾ ਮਤ ਹੈ ਕਿ ਪ੍ਰੋਟੋਪਲਾਜ਼ਮ (ਪੌਦਿਆਂ ਅਤੇ ਜੀਵਾਂ ਦੀ ਜ਼ਿੰਦਗੀ ਦਾ ਮੂਲ) ਜ਼ਿੰਦਗੀ ਲਈ ਲਾਜ਼ਮੀ ਹੈ। ਮੰਨਿਆ ਜਾਂਦਾ ਹੈ ਕਿ ਪ੍ਰੋਟੋਪਲਾਜ਼ਮ ਦੀ ਜੀਵਨ ਸ਼ਕਤੀ ਪਾਣੀ ਤੇ ਨਿਰਭਰ ਕਰਦੀ ਹੈ।
65. ਪਵਿੱਤਰ ਬਾਈਬਲ ਦੇ ਅਧਾਰ ਤੇ ਯਹੂਦੀ ਅਤੇ ਈਸਾਈ ਵਿਦਵਾਨ ਸਾਡੀ ਧਰਤੀ ਦੀ ਉਮਰ (1997 ਈ: ਤੱਕ) 5746 ਸਾਲ ਨਿਰਧਾਰਿਤ ਕਰਦੇ ਹਨ। ਆਇਰਲੈਂਡ ਦੇ ਉਪ-ਧਰਮ-ਅਧਿਅਕਸ਼ (1650) ਤਾਂ ਧਰਤੀ ਦੇ ਜਨਮ ਦਾ ਸਮਾਂ ਅਤੇ ਤਾਰੀਖ ਵੀ ਦੱਸਦੇ ਹਨ ਕਿ ਧਰਤੀ ਦਾ ਜਨਮ 23 ਅਕਤੂਬਰ 4004 ਈਸਵੀ ਪੂਰਵ ਨੂੰ ਐਤਵਾਰ ਵਾਲੇ ਦਿਨ ਸਵੇਰੇ 9:00 ਵਜੇ ਹੋਇਆ ਸੀ। ਆਧੁਨਿਕ ਵਿਗਿਆਨ ਸਾਡੇ ਸੌਰ ਮੰਡਲ ਦੇ 4.5 ਖ਼ਰਬ ਸਾਲ ਪੁਰਾਣੇ ਹੋਣ ਦਾ ਦਾਅਵਾ ਕਰਦਾ ਹੈ ਅਤੇ ਆਖਦਾ ਹੈ ਕਿ ਇਨਸਾਨ ਦਾ ਵਜੂਦ ਕੋਈ ਲੱਖਾਂ ਸਾਲ ਪਹਿਲਾਂ ਹੋਇਆ। ਸਾਮੀ ਵਿਦਵਾਨਾਂ ਅਨੁਸਾਰ ਧਰਤੀ ਤੇ ਇਨਸਾਨ ਦਾ ਆਗਮਨ 21 ਜਾਂ 22 ਸਦੀ ਈਸਾ ਪੂਰਵ ਹੋਇਆ। ਹਿੰਦੂ ਗ੍ਰੰਥ ਮਹਾਂਭਾਰਤ ਵਿੱਚ ਸਵੈਯੰਭੂ ਤੋਂ ਯੁਧਿਸ਼ਟਰ ਤੱਕ ਰਾਜਿਆਂ ਦੇ ਪਰਿਵਾਰ ਦੇ ਭਾਰਤ ਵਿੱਚ 4000 ਤੋਂ 5000 ਈਸਵੀ ਪੂਰਵ ਤੱਕ ਰਾਜ ਕਰਨ ਦਾ ਵਰਣਨ ਮਿਲਦਾ ਹੈ। ਹਿੰਦੂ ਵਿਦਵਾਨ ਲਿਖਦੇ ਹਨ ਕਿ ਸੰਸਾਰ 1,96,085,3095 ਸਾਲ ਪਹਿਲਾਂ ਹੋਂਦ ਵਿੱਚ ਆਇਆ। (ਵੇਖੋ ਰਿਗਵੇਦ ਭਾਸ਼ ਭੂਮਿਕਾ ਕ੍ਰਿਤ ਸਵਾਮੀ ਦਯਾਨੰਦ)



## 4.2 ਬ੍ਰਹਿਮੰਡ ਕਿੰਨਾ ਵੱਡਾ ਹੈ?

ਬ੍ਰਹਿਮੰਡ ਦੀ ਵਿਸ਼ਾਲਤਾ ਸੰਬੰਧੀ ਕਈ ਕਾਲਪਨਿਕ ਵਿਚਾਰ ਹਨ। ਈਸਾਈ ਧਰਮ ਅਤੇ ਇਸਲਾਮ ਧਰਮ ਬ੍ਰਹਿਮੰਡ ਦੇ ਸੱਤ ਉਪਰਲੇ ਅਤੇ ਸੱਤ ਹੇਠਲੇ ਲੋਕਾਂ (ਬ੍ਰਹਿਮੰਡ[66] ਦੇ ਪੱਧਰ) ਦੀ ਗੱਲ ਕਰਦੇ ਹਨ।

### ਸਿੱਖ ਦ੍ਰਿਸ਼ਟੀਕੋਣ :

ਗੁਰੂ ਸਾਹਿਬ ਆਖਦੇ ਹਨ ਕਿ ਪਰਮਾਤਮਾ ਨੇ ਇੱਕ ਹੀ ਧਰਤੀ ਨਹੀਂ ਬਣਾਈ ਸਗੋਂ ਅਣਗਿਣਤ ਧਰਤੀਆਂ ਅਤੇ ਤਾਰਾ ਮੰਡਲਾਂ ਦੀ ਰਚਨਾ ਕੀਤੀ। ਬ੍ਰਹਿਮੰਡ ਵਿੱਚ ਅਣਗਿਣਤ ਸੂਰਜ ਚੰਦਰਮਾ ਅਤੇ ਧਰਤੀਆਂ ਹਨ। ਇਨਸਾਨ, ਪਰਮਾਤਮਾ ਦੀ ਇਸ ਰਚਨਾ ਦਾ ਅੰਤ ਨਹੀਂ ਜਾਣ ਸਕਦਾ। ਗੁਰੂ ਸਾਹਿਬ ਨੇ ਪਰਮਾਤਮਾ ਅਤੇ ਉਸਦੀ ਰਚਨਾ ਬਾਰੇ ਅਦਭੁਤ, ਅਨੰਤ, ਅਕੱਥ, ਅਡੋਲ, ਅਗੰਮ ਅਤੇ ਵਰਣਨ ਰਹਿਤ ਆਦਿ ਵਿਸ਼ੇਸ਼ਣਾਂ ਦੀ ਵਰਤੋਂ ਕੀਤੀ ਹੈ ।

**ਕਈ ਕੋਟਿ ਦੇਸ ਭੂ ਮੰਡਲ॥**
**ਕਈ ਕੋਟਿ ਸਸੀਅਰ ਸੂਰ ਨਖ੍ਯ੍ਯਤ੍ਰ॥**[67]

*(ਗੁਰੂ ਗ੍ਰੰਥ ਸਾਹਿਬ, ਪੰਨਾ 275)*

---

66. ਈਸਾਈ ਮੱਤ ਅਤੇ ਇਸਲਾਮ ਵਿਸ਼ਵਾਸ਼ ਕਰਦੇ ਹਨ ਕਿ ਬ੍ਰਹਿਮੰਡ ਦੇ ਚੌਦਾਂ ਲੋਕ ਹਨ, ਸੱਤ ਉੱਪਰ ਹਨ ਅਤੇ ਸੱਤ ਧਰਤੀ ਦੇ ਹੇਠਾਂ।

    ਹਿੰਦੂ ਵੀ ਚੌਦਾਂ ਲੋਕਾਂ ਵਿੱਚ ਵਿਸ਼ਵਾਸ਼ ਕਰਦੇ ਹਨ। ਸੱਤ ਉਪਰਲੇ ਲੋਕ ਹਨ: ਭੂਰਲੋਕ, ਭੂਵਰਲੋਕ, ਸ੍ਵਰਲੋਕ, ਪਹਿਰਲੋਕ, ਜਨਲੋਕ, ਤਪਲੋਕ ਅਤੇ ਸੱਤਯਲੋਕ। ਸੱਤ ਹੇਠਲੇ ਲੋਕ ਹਨ: ਅਟੱਲ, ਵਿਟਲ, ਨਿੱਟਲ, ਗਭਾਸ਼ਤੀਮਾਤ, ਮਹਾਂਟਲ, ਸੁੱਟਲ ਅਤੇ ਪੱਟਲ ਲੋਕ। ਹਿੰਦੂ ਧਰਮ ਦੇ ਕੁਝ ਫਿਰਕੇ ਸਿਰਫ ਤਿੰਨ ਲੋਕਾਂ (ਧਰਤ, ਆਕਾਸ਼, ਪਾਤਾਲ) ਵਿੱਚ ਹੀ ਵਿਸ਼ਵਾਸ਼ ਰੱਖਦੇ ਹਨ।

    ਸਿੱਖ ਧਰਮ ਪਰਮਾਤਮਾ ਦੀ ਰਚਨਾ ਦੀ ਹੱਦਬੰਦੀ ਕਰਨ ਦੇ ਸਿਧਾਂਤ ਦੀ ਨਿਖੇਧੀ ਕਰਦਿਆਂ ਆਖਦਾ ਹੈ "ਪਾਤਾਲਾ ਪਾਤਾਲ ਲੱਖ ਅਕਾਸਾ ਆਕਾਸ" (ਲੱਖਾਂ ਹੀ ਪਾਤਾਲ ਹਨ ਤੇ ਲੱਖਾਂ ਹੀ ਆਕਾਸ਼ ਹਨ) "ਅੰਤ ਨਾ ਜਾਪੇ ਕੀਤਾ ਆਕਾਰ" (ਪਰਮਾਤਮਾ ਦੀ ਕੁਦਰਤ ਦਾ ਕੋਈ ਅੰਤ ਨਹੀਂ) "ਜੇ ਕੋ ਕਥੇ ਤਾ ਅੰਤ ਨ ਅੰਤ" (ਜਪਜੁੀ) ਜੇ ਕੋਈ ਵਿਅਕਤੀ ਪਰਮਾਤਮਾ ਦੀ ਰਚਨਾ ਬਾਰੇ ਵਰਣਨ ਕਰਨ ਲੱਗੇ ਤਾਂ ਉਸਦਾ ਕੋਈ ਅੰਤ ਨਹੀਂ ਹੋ ਸਕਦਾ।

67. ਵਿਗਿਆਨਕ ਹੁਣ ਇਹ ਮੰਨਦੇ ਹਨ ਕਿ ਸਿਸ਼੍ਟੀ ਦੀ ਰਚਨਾ ਅਸੀਮਿਤ ਹੈ। ਫਰਾਂਸ ਦੇ ਇੱਕ ਵਿਗਿਆਨਕ ਅਤੇ ਗਣਿਤ ਸ਼ਾਸ਼ਤਰੀ ਸ਼੍ਰੀਮਾਨ ਮੈਂਡਲ ਜੋ ਅੱਜਕੱਲ੍ਹ ਆਈ.ਬੀ.ਐੱਮ (IBM) ਵਿੱਚ ਸੇਵਾ ਨਿਭਾ ਰਹੇ ਹਨ, ਨੇ ਇਹ ਪ੍ਰਮਾਣਿਤ ਕੀਤਾ ਹੈ ਕਿ ਮੈਂਡਲਬ੍ਰੋਟ ਸੈੱਟ (Mandelbrot Set ($Z=z^2-c$) ਦੇ ਇਸਤੇਮਾਲ ਨਾਲ ਕੰਪਿਊਟਰ ਦੀ ਸਕਰੀਨ ਤੇ ਇੱਕ ਹੀ ਸਾਧਨ ਦੀ ਮੱਦਦ ਨਾਲ ਧਰਤੀ ਦੇ ਬਣਨ ਦੀਆਂ ਅਨੰਤ ਸੰਖਿਆ ਵਿਚ ਤਸਵੀਰਾਂ ਪ੍ਰਗਟ ਕੀਤੀਆਂ ਜਾ ਸਕਦੀਆਂ ਹਨ ਅਤੇ ਕੰਪਿਊਟਰ ਹਮੇਸ਼ਾ ਲਈ ਇਹ ਰਚਨਾ ਕਰਦਾ ਰਹੇਗਾ। ਇਹ ਗੱਲ ਪਰਮਾਤਮਾ ਦੀ ਰਚੀ ਪਰ ਮਨੁੱਖੀ ਕਿਆਸ ਵਿਚ ਨਾ ਆ ਸਕਣ ਵਾਲੀ ਅਸੀਮਤ ਸ੍ਰਿਸ਼ਟੀ ਰਚਨਾ ਦੀ ਸੰਭਾਵਨਾ ਨੂੰ ਪ੍ਰਮਾਣਿਤ ਕਰਦੀ ਹੈ।

ਬ੍ਰਹਿਮੰਡ ਅਣਗਿਣਤ ਹਨ ਅਤੇ ਉਨ੍ਹਾਂ ਵਿਚ ਧਰਤੀਆਂ ਵੀ ਅਣਗਿਣਤ ਹਨ, ਅਣਗਿਣਤ ਚੰਦਰਮਾ, ਸੂਰਜ, ਤਾਰੇ ਅਤੇ ਅਣਗਿਣਤ ਨਛੱਤ੍ਰ[68] ਹਨ।

**ਕਈ ਕੋਟਿ ਖਾਣੀ ਅਰੁ ਖੰਡ॥**

**ਕਈ ਕੋਟਿ ਅਕਾਸ ਬ੍ਰਹਿਮੰਡ॥**

*(ਗੁਰੂ ਗ੍ਰੰਥ ਸਾਹਿਬ, ਪੰਨਾ 276)*

ਜਨਮ ਦੇਣ ਵਾਲੀਆਂ ਖਾਣੀਆਂ ਦੀ ਕੋਈ ਗਿਣਤੀ ਨਹੀਂ ਅਤੇ ਵਸੇਬੇ ਲਈ ਸਥਾਨਾਂ ਦੀ ਗਿਣਤੀ ਨਹੀਂ, ਕਰੋੜਾਂ ਹੀ ਅਕਾਸ਼ ਹਨ ਤੇ ਕਰੋੜਾਂ ਹੀ ਬ੍ਰਹਿਮੰਡ ਹਨ ।

## 4.3 ਸ੍ਰਿਸ਼ਟੀ ਰਚਣ ਉਪਰੰਤ ਪਰਮਾਤਮਾ ਨੂੰ ਆਰਾਮ ਦੀ ਜ਼ਰੂਰਤ ਸੀ :

ਪਵਿੱਤਰ ਬਾਈਬਲ ਅਨੁਸਾਰ ਪਰਮਾਤਮਾ ਨੇ ਧਰਤੀ ਨੂੰ ਛੇ ਦਿਨਾਂ ਵਿਚ ਬਣਾਇਆ ਅਤੇ ਸੱਤਵੇਂ ਦਿਨ ਆਰਾਮ ਕੀਤਾ ਜਿਸ ਨੂੰ ਸੈਬਥ ਦਿਨ ਵਜੋਂ ਜਾਣਿਆ ਜਾਂਦਾ ਹੈ। ਪਰਮਾਤਮਾ ਦੁਆਰਾ ਛੇ ਦਿਨ ਉਪਰੰਤ ਆਰਾਮ ਕਰਨ ਵਾਲੀ ਗੱਲ ਸਿੱਖ ਧਰਮ ਵਿਚ ਪ੍ਰਵਾਨ ਨਹੀਂ ਹੁੰਦੀ। ਇੱਕ ਸਿੱਖ ਦੀ ਦ੍ਰਿਸ਼ਟੀ ਵਿਚ ਪਰਮਾਤਮਾ ਅੰਦਰ ਕੋਈ ਮਨੁੱਖੀ ਔਗੁਣ ਨਹੀਂ ਅਤੇ ਉਸ ਨੂੰ ਆਰਾਮ ਦੀ ਕੋਈ ਜ਼ਰੂਰਤ ਨਹੀਂ। ਹਫ਼ਤਿਆਂ, ਮਹੀਨਿਆਂ ਅਤੇ ਸਾਲਾਂ ਵਿਚ ਸਮੇਂ ਦੀ ਵੰਡ ਮਨੁੱਖੀ ਘਾੜਤ ਹੈ, ਜਿਸਦਾ ਸੰਬੰਧ ਧਰਤੀ ਨਾਲ ਹੈ। ਇਹ ਵੰਡ ਪੂਰੀ ਤਰ੍ਹਾਂ ਸ਼ੁੱਧ ਅਤੇ ਪੂਰਣ ਵੀ ਨਹੀਂ। ਸਿੱਖ ਮੱਤ ਕਹਿੰਦਾ ਹੈ ਕਿ ਬ੍ਰਹਿਮੰਡ ਦੀ ਪ੍ਰਗਤੀ, ਚੀਕਣੀ ਮਿੱਟੀ ਦੇ ਘੜਿਆਂ ਤੇ ਕੀਤੀ ਜਾਂਦੀ ਕਲਾਕਾਰੀ ਵਾਂਗ ਥੋੜ੍ਹੇ ਹੀ ਸਮੇਂ ਵਿਚ ਨਹੀਂ ਸੀ ਹੋਈ। ਬ੍ਰਹਿਮੰਡ ਨੂੰ ਵਿਕਸਿਤ ਹੋਣ ਵਿਚ ਕਰੋੜਾਂ ਹੀ ਸਾਲ ਲੱਗ ਗਏ ਅਤੇ ਵਿਕਾਸ ਦੀ ਇਹ ਪ੍ਰਕਿਰਿਆ ਅਜੇ ਵੀ ਜਾਰੀ ਹੈ।[69]

ਸਿੱਖ ਧਰਮ ਅਨੁਸਾਰ ਬ੍ਰਹਿਮੰਡ ਦੀ ਰਚਨਾ ਅਤੇ ਪੁਨਰ-ਰਚਨਾ ਅਣਗਿਣਤ ਵਾਰ ਹੋਈ। "ਕਈ ਵਾਰ ਪਸਰਿਓ ਪਾਸਾਰ॥ ਸਦਾ ਸਦਾ ਇਕੁ ਏਕੰਕਾਰ॥" (ਗੁਰੂ ਗ੍ਰੰਥ ਸਾਹਿਬ, ਪੰਨਾ-276)। ਬ੍ਰਹਿਮੰਡ ਕਈ ਵਾਰ ਹੋਂਦ ਵਿਚ ਆਇਆ। ਹਰ ਵਾਰ ਇਹ ਨਸ਼ਟ ਹੋ ਗਿਆ ਅਤੇ ਸਿਰਫ਼ ਪਰਮਾਤਮਾ ਦੀ ਹੀ ਹੋਂਦ ਕਾਇਮ ਰਹੀ।

## 4.4 ਧਰਤੀ ਦੇ ਚਾਰ ਕੋਨੇ ਹਨ :

ਪਵਿੱਤਰ ਬਾਈਬਲ ਸਾਨੂੰ ਦੱਸਦੀ ਹੈ ਕਿ ਧਰਤੀ ਚਪਟੀ ਹੈ ਅਤੇ ਇਸ ਦੇ

68. ਵਿਗਿਆਨਕ ਹੁਣ ਮੰਨਦੇ ਹਨ ਕਿ ਸਾਡੀ ਗਲੈਕਸੀ (ਤਾਰਾ ਮੰਡਲ) ਵਿੱਚ ਸੂਰਜ ਵਰਗੇ 10 ਖਰਬ ਤਾਰੇ ਹਨ ਅਤੇ ਬ੍ਰਹਿਮੰਡ ਵਿੱਚ ਇਸ ਤਰ੍ਹਾਂ ਦੀਆਂ ਬਹੁਤ ਗਲੈਕਸੀਆਂ ਹਨ।
69. "ਕਈ ਜਨਮ ਭਏ ਕੀਟ ਪਤੰਗਾ..." ਜ਼ਿੰਦਗੀ ਕਈ ਵਾਰ ਉੱਡਣ ਵਾਲੇ ਕੀੜਿਆਂ ਦੇ ਰੂਪ ਵਿਚ, ਕਈ ਵਾਰ ਹਾਥੀ, ਮੱਛੀ ਅਤੇ ਹਿਰਨ ਦੇ ਰੂਪ ਵਿਚ ਵਿਚਰਦੀ ਰਹੀ। ਬਹੁਤ ਵਾਰ ਪੰਛੀ ਜਾਂ ਸੱਪ... ਆਦਿ ਬਣੀ (ਵਿਸਥਾਰ ਲਈ ਗਉੜੀ ਮ: 5 ਵੇਖੋ)



ਚਾਰ ਕੋਨੇ ਹਨ। "ਇਸ ਉਪਰੰਤ ਮੈਂ ਦੁਨੀਆਂ ਦੇ ਚਾਰਾਂ ਕੋਨਿਆਂ ਤੇ ਚਾਰ ਦੇਵਤੇ ਖੜ੍ਹੇ ਵੇਖੇ ਜਿਨ੍ਹਾਂ ਨੇ ਧਰਤੀ ਦੀਆਂ ਚਾਰੇ ਨੁਕਰਾਂ ਨੂੰ ਪਿਛਿਉਂ ਫੜਿਆ ਹੋਇਆ ਹੈ"। (ਰੈਵੀਲੇਸ਼ਨ 7:1)

### ਸਿੱਖ ਦ੍ਰਿਸ਼ਟੀਕੋਣ :

ਸਿੱਖਾਂ ਅਨੁਸਾਰ ਧਰਤੀ ਗੋਲ ਹੈ ਅਤੇ ਆਪਣੀ ਧੁਰੀ ਦੁਆਲੇ ਘੁੰਮਣ ਦੇ ਨਾਲ-ਨਾਲ ਹੋਰ ਅਕਾਸ਼ੀ ਪਿੰਡਾਂ ਦੇ ਦੁਆਲੇ ਵੀ ਘੁੰਮਦੀ ਹੈ। "ਧਰਤੀ ਕਰੋੜਾਂ ਹੀ ਮੀਲ ਘੁੰਮਦੀ ਹੈ ਅਤੇ ਇਸਦੇ ਘੁੰਮਣ ਦਾ ਕੋਈ ਅੰਤ ਨਹੀਂ"। (ਵਾਰ ਆਸਾ ਗੁਰੂ ਨਾਨਕ)[70] ਇਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਤੇਜ਼ ਘੁੰਮਣ ਵਾਲੇ ਪਦਾਰਥ ਗੋਲ ਹੋ ਜਾਂਦੇ ਹਨ। ਜੇਕਰ ਇਹ ਮੰਨਿਆ ਜਾਵੇ ਕਿ ਧਰਤੀ ਦੇ ਕੋਨੇ ਹਨ ਤਾਂ ਸਵਾਲ ਉਠਦਾ ਹੈ ਕਿ ਉਨ੍ਹਾਂ ਕੋਨਿਆਂ ਤੋਂ ਪਰ੍ਹੇ ਕੀ ਹੈ?

ਪਵਿੱਤਰ ਬਾਈਬਲ ਵਿਚ ਦਰਸਾਏ ਧਰਤੀ ਦੇ ਚਾਰ ਕੋਨਿਆਂ ਵਾਲੀ ਗੱਲ ਨਾਲ ਸ੍ਰਿਸ਼ਟੀ ਰਚਨਾ ਸੰਬੰਧੀ ਸਿੱਖ ਮਤ ਸਹਿਮਤ ਨਹੀਂ। ਸਿੱਖ ਮੰਨਦੇ ਹਨ "ਏਕੋ ਪਵਣੁ ਮਾਟੀ ਸਭ ਏਕਾ॥ ਸਭ ਏਕਾ ਜੋਤਿ ਸਬਾਈਆ"॥ (ਗੁਰੂ ਗ੍ਰੰਥ ਸਾਹਿਬ ਪੰਨਾ 96) ਪੌਣ ਇੱਕ ਹੀ ਹੈ ਅਤੇ ਸਾਰਾ ਪਦਾਰਥ ਵੀ ਇੱਕ ਹੀ ਹੈ। ਸਾਰਿਆਂ ਵਿੱਚ ਇੱਕੋ ਜੋਤ ਵਿਆਪਤ ਹੈ। "ਪਉਣ ਉਪਾਏ ਧਰੀ ਸਭ ਧਰਤੀ॥ ਜਲ ਅਗਨੀ ਕਾ ਬੰਧੁ ਕੀਆ"॥ (ਗੁਰੂ ਗ੍ਰੰਥ ਸਾਹਿਬ, ਪੰਨਾ 350) ਪਰਮਾਤਮਾ ਨੇ ਪੌਣ ਰਚੀ ਅਤੇ ਇਸ ਵਿੱਚ ਉਸਨੇ ਧਰਤੀ ਨੂੰ ਪਾਣੀ ਅਤੇ ਅੱਗ ਵਿਚ ਬੰਨ੍ਹ ਬਹਾਲਿਆ।

## 4.5 ਪਵਿੱਤਰ ਦਿਨ :

"ਛੇ ਦਿਨ ਮਿਹਨਤ ਵਾਲੇ ਦਿਨ ਸਨ ਅਤੇ ਪਰਮਾਤਮਾ ਨੇ ਛੇ ਦਿਨ ਆਪਣਾ ਕੰਮ ਜਾਰੀ ਰੱਖਿਆ, ਪਰ ਸੱਤਵਾਂ ਦਿਨ ਪਰਮਾਤਮਾ ਦਾ ਸੈਬਥ ਦਿਨ (ਪਵਿੱਤ੍ਰ ਦਿਨ) ਹੈ : ਇਸ ਦਿਨ ਪਰਮਾਤਮਾ ਨੇ ਕੋਈ ਕੰਮ ਨਹੀਂ ਕੀਤਾ... ਪਰਮਾਤਮਾ ਨੇ ਸੱਤਵੇਂ ਦਿਨ ਨੂੰ ਆਸ਼ੀਰਵਾਦ ਦੇ ਕੇ ਇਸ ਨੂੰ ਪਵਿੱਤਰਤਾ ਬਖਸ਼ੀ"। (ਐਕਸੋਡਸ 20:8-10)

ਜਿੰਨੀ ਹੁਣ ਤੱਕ ਸਾਨੂੰ ਜਾਣਕਾਰੀ ਹੈ, ਦਿਨਾਂ ਦੇ ਨਾਮ (ਐਤਵਾਰ, ਸੋਮਵਾਰ.. ਆਦਿ) ਇਨਸਾਨ ਦੁਆਰਾ ਰੱਖੇ ਗਏ। ਹੈਰਾਨੀ ਇਸ ਗੱਲ ਵਿਚ ਹੈ ਕਿ ਪਰਮਾਤਮਾ ਨੇ ਕਿਸ ਦਿਨ ਤੋਂ ਗਿਣਤੀ ਸ਼ੁਰੂ ਕੀਤੀ ਹੋਵੇਗੀ ਅਤੇ ਪਰਮਾਤਮਾ ਨੂੰ ਥਕਾਵਟ ਕਿਸ ਦਿਨ ਹੋਈ ਹੋਵੇਗੀ। ਜੇਕਰ ਉਸਨੇ ਸ਼ਨੀਵਾਰ ਨੂੰ ਕੰਮ ਮੁਕਾਇਆ ਹੋਵੇ (ਜਿਵੇਂ ਕਿ ਮੰਨਿਆ ਜਾਂਦਾ ਹੈ) ਤਾਂ ਅਸੀਂ ਜਾਣਦੇ ਹਾਂ ਕਿ ਜਦੋਂ ਧਰਤੀ ਦੇ ਇੱਕ ਹਿੱਸੇ ਵਿਚ ਸ਼ਨੀਵਾਰ ਹੋਵੇਗਾ

70. "ਕੋਹ ਕ੍ਰੋੜੀ ਚਲਤ ਨਾ ਅੰਤ (ਆਸਾ ਦੀ ਵਾਰ) ਇਹ ਕਰੋੜਾਂ ਹੀ ਮੀਲ ਘੁੰਮਦੀ ਹੈ ਅਤੇ ਇਸਦੇ ਚੱਕਰਾਂ ਦੀ ਗਿਣਤੀ ਦਾ ਕੋਈ ਅੰਤ ਨਹੀਂ।

ਤਾਂ ਦੂਜੇ ਹਿੱਸੇ ਵਿਚ ਅਜੇ ਸ਼ੁੱਕਰਵਾਰ ਹੀ ਹੋਵੇਗਾ। ਇਸ ਤਰ੍ਹਾਂ ਸੈਬੱਥ ਧਰਤੀ ਉੱਪਰ ਦੋ ਵੱਖਰੇ ਵੱਖਰੇ ਦਿਨਾਂ ਵਿਚ ਪੂਰਾ ਹੋਵੇਗਾ।

**ਸਿੱਖ ਦ੍ਰਿਸ਼ਟੀਕੋਣ :**

ਸਿੱਖ ਮਤ ਇਹ ਪ੍ਰਵਾਨ ਨਹੀਂ ਕਰਦਾ ਕਿ ਕੁਝ ਦਿਨ ਪਵਿੱਤਰ ਹਨ ਅਤੇ ਬਾਕੀ ਨਹੀਂ। ਸਿੱਖ ਧਰਮ ਪਰਮਾਤਮਾ ਦੇ ਸਿਮਰਨ ਵਿਚ ਬੀਤਿਆ ਸਮਾਂ ਹੀ ਪਵਿੱਤਰ ਮੰਨਦਾ ਹੈ ਅਤੇ ਦੁਨੀਆਂ ਦੇ ਮਤਲਬ ਭਰਪੂਰ ਕਾਰਜਾਂ, ਜੋ ਮਨੁੱਖ ਨੂੰ ਪਰਮਾਤਮਾ ਨਾਲੋਂ ਤੋੜਦੇ ਹਨ, ਵਿਚ ਲੱਗਿਆ ਸਮਾਂ ਵਿਅਰਥ ਸਮਝਦਾ ਹੈ।

**ਦਿਨ ਰੈਣਿ ਸਭ ਸੁਹਾਵਣੇ ਪਿਆਰੇ ਜਿਤੁ ਜਪੀਐ ਹਰਿ ਨਾਉ॥**

*(ਗੁਰੂ ਗ੍ਰੰਥ ਸਾਹਿਬ, ਪੰਨਾ 432)*

ਐ ਮੇਰੇ ਮਿੱਤਰ ਉਹ ਸਾਰੇ ਦਿਨ ਜੋ ਪਰਮਾਤਮਾ ਦਾ ਨਾਮ ਸਿਮਰਨ ਵਿਚ ਲੰਘਦੇ ਹਨ, ਪਵਿੱਤਰ ਹਨ।

**ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥**
**ਘੜੀ ਮੂਰਤ ਪਲ ਸਾਚੇ ਆਏ ਸਹਿਜ ਮਿਲੇ॥**

*(ਗੁਰੂ ਗ੍ਰੰਥ ਸਾਹਿਬ, ਪੰਨਾ 1109)*

ਰੁੱਤਾਂ, ਸੈਕਿੰਡ, ਮਿੰਟ, ਦਿਨ ਅਤੇ ਬਾਰਾਂ ਮਹੀਨੇ ਜੋ ਸਾਲ ਬਣਦੇ ਹਨ, ਬਹੁਤ ਚੰਗੇ ਹਨ ਜੇਕਰ ਤੁਸੀਂ ਪਰਮਾਤਮਾ ਨੂੰ ਚੇਤੇ ਰੱਖਦੇ ਹੋ।

**ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥**
**ਸੂਰਜੁ ਏਕੋ ਰੁਤਿ ਅਨੇਕ ਨਾਨਕ ਕਰਤੇ ਕੇ ਕੇਤੇ ਵੇਸ॥**

*(ਗੁਰੂ ਗ੍ਰੰਥ ਸਾਹਿਬ, ਪੰਨਾ 12)*

ਸੈਕਿੰਡ, ਮਿੰਟ, ਘੰਟੇ ਅਤੇ ਦਿਨ ਜੋ ਮਹੀਨੇ ਬਣਦੇ ਹਨ। ਸੂਰਜ ਇੱਕ ਹੀ ਰਹਿੰਦਾ ਹੈ, ਪਰ ਰੁੱਤਾਂ ਬਦਲ ਜਾਂਦੀਆਂ ਹਨ। ਪਰਮਾਤਮਾ ਆਪਣੇ ਆਪ ਨੂੰ ਬਹੁਤ ਵੇਸਾਂ ਵਿਚ ਪ੍ਰਗਟ ਕਰਦਾ ਹੈ।

**ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ॥**
**ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ॥**

*(ਗੁਰੂ ਗ੍ਰੰਥ ਸਾਹਿਬ, ਪੰਨਾ 902)*

ਸੂਰਜ, ਚੰਦਰਮਾ ਅਤੇ ਤਾਰੇ ਉਹ ਹੀ ਰਹਿੰਦੇ ਹਨ, ਧਰਤੀ ਤੇ ਹਵਾ ਵੀ ਉਹ ਹੀ ਰਹਿੰਦੀ ਹੈ ਫਿਰ ਕੁਝ ਖ਼ਾਸ ਸਮਿਆਂ ਨੂੰ ਬੁਰਾ ਅਤੇ ਬਾਕੀਆਂ ਨੂੰ ਇਕ ਧਰਤੀ ਦੇ ਵਾਸੀਆਂ ਲਈ ਚੰਗਾ ਕਿਵੇਂ ਕਿਹਾ ਜਾ ਸਕਦਾ ਹੈ।



## 4.6 ਸ੍ਵਰਗ ਦਾ ਦਾਖ਼ਲਾ :

**ਬਾਈਬਲ ਅਨੁਸਾਰ ਸਵਰਗ**[71] "ਇੱਕ ਖ਼ਜ਼ਾਨਾ ਹੈ, ਜਿੱਥੇ ਧਨ ਦੌਲਤ ਨਾਲੋਂ ਵੀ ਮਹੱਤਵਪੂਰਨ ਵਸਤਾਂ ਸਾਡੇ ਵਾਸਤੇ ਮੌਜੂਦ ਹਨ ਅਤੇ ਨਰਕ ਆਤਮਿਕ ਸਜ਼ਾ ਦਾ ਸਥਾਨ ਹੈ"। ਈਸਾਈ ਧਰਮ ਆਤਮਾ ਦੀ ਅਮਰਤਾ ਬਾਰੇ ਗੱਲ ਨਹੀਂ ਕਰਦਾ ਸਗੋਂ ਵਿਅਕਤੀ ਦੇ ਮਰਨ ਉਪਰੰਤ ਇੱਕ ਨਵੇਂ ਅਤੇ ਸੁਹਣੇ ਸਰੀਰ ਵਿਚ ਮਨੁੱਖ ਦੇ ਪੁਨਰ ਜੀਵਨ ਵਿਚ ਵਿਸ਼ਵਾਸ ਕਰਦਾ ਹੈ।

(ਐਨਸਾਈਕਲੋਪੀਡੀਆ ਆਫ਼ ਬਾਈਬਲ ਪੰਨਾ 155)

ਈਸਾਈ ਪਹਿਲਾਂ ਹੀ ਬਚਾਏ ਜਾ ਚੁੱਕੇ ਹਨ। ਇਨ੍ਹਾਂ ਦੇ ਗੁਨਾਹ ਮੁਆਫ ਹੋ ਚੁੱਕੇ ਹਨ ਅਤੇ ਇਨ੍ਹਾਂ ਨੂੰ ਨਵਾਂ ਜੀਵਨ ਮਿਲ ਚੁੱਕਾ ਹੈ। (ਐਨਸਾਈਕਲੋਪੀਡੀਆ ਆਫ਼ ਬਾਈਬਲ, ਪੰਨਾ 156)

ਈਸਾਈ ਧਰਮ ਅਨੁਸਾਰ ਜੋ ਈਸਾ ਮਸੀਹ ਦੁਆਰਾ ਬਚਾਏ ਗਏ ਹਨ, ਸਵਰਗ ਨੂੰ ਜਾਣਗੇ ਅਤੇ ਜੋ ਨਹੀਂ ਬਚਾਏ ਗਏ, ਹਮੇਸ਼ਾ ਸਜ਼ਾ ਹਾਸਿਲ ਕਰਦੇ ਰਹਿਣਗੇ, "ਜੋ ਕੋਈ ਵੀ ਮੇਰੇ ਕੋਲ ਲੋਕਾਂ ਸਾਹਮਣੇ ਮੁਆਫ਼ੀ ਮੰਗਦਾ ਹੈ, ਉਸ ਨੂੰ ਮੈਂ ਸਵਰਗ ਵਿੱਚ ਆਪਣੇ ਪਿਤਾ ਪਾਸੋਂ ਮੁਆਫ਼ ਕਰਵਾਵਾਂਗਾ, ਪਰ ਜੋ ਵੀ ਮੈਨੂੰ ਤਿਆਗੇਗਾ, ਮੇਰੇ ਸਵਰਗ ਵਿਚ ਤਿਆਗ ਦਿੱਤਾ ਜਾਵੇਗਾ।" (ਮੈਥਿਉ 10132-33)

**ਸਿੱਖ ਦ੍ਰਿਸ਼ਟੀਕੋਣ :**

ਸਿੱਖ ਧਰਮ ਮੰਨਦਾ ਹੈ ਕਿ ਇਨਸਾਨ ਦੀ ਆਤਮਾ ਅਮਰ ਹੈ ਕਿਉਂਕਿ ਇਹ ਪਰਮਾਤਮਾ ਦੀ ਜੋਤਿ ਦਾ ਅੰਸ਼ ਹੈ ਪਰ ਜੋਤਿ ਤੋਂ ਵੱਖਰਾ ਹੋਇਆ ਅੰਸ਼ ਹੈ। ਇਨਸਾਨ ਦੀ ਹਉਮੈ ਅਤੇ ਮੰਦੇ ਕਰਮ ਉਸ ਨੂੰ ਪਰਮਾਤਮਾ ਤੋਂ ਨਿਰੰਤਰ ਦੂਰ ਲਈ ਜਾਂਦੇ ਹਨ।

**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥**

*(ਗੁਰੂ ਗ੍ਰੰਥ ਸਾਹਿਬ, ਪੰਨਾ 8)*

ਕਰਮਾਂ ਕਰਕੇ ਕੁਝ ਪਰਮਾਤਮਾ ਦੇ ਨੇੜੇ ਹੋ ਜਾਂਦੇ ਹਨ ਅਤੇ ਕੁਝ ਦੂਰ ਹੁੰਦੇ ਚਲੇ ਜਾਂਦੇ ਹਨ। ਹਰ ਵਿਅਕਤੀ ਆਪਣਾ ਭਵਿੱਖ ਆਪ ਘੜ੍ਹਦਾ ਹੈ ਅਤੇ ਉਹ ਦੂਸਰੇ ਵਿਅਕਤੀਆਂ ਜਾਂ ਕਿਸਮਤ ਦੇ ਹੱਥ ਦੀ ਮਜਬੂਰ ਕਠਪੁਤਲੀ ਨਹੀਂ ਹੁੰਦਾ। ਵਿਅਕਤੀ ਦੇ ਸ਼ੁਭ ਕਰਮਾਂ ਅਤੇ ਪਰਮਾਤਮਾ ਦੀ ਕਿਰਪਾ (ਜਿਸ ਦਾ ਉਹ ਵਿਅਕਤੀ ਪਾਤਰ ਹੋਵੇ ) ਦੁਆਰਾ ਵਿਅਕਤੀ ਨੂੰ ਫਲ ਅਤੇ ਸਜ਼ਾਵਾਂ ਮਿਲਦੀਆਂ ਹਨ ਅਤੇ ਇਸੇ ਤਰ੍ਹਾਂ ਜਨਮ ਅਤੇ

71. ਸ੍ਵਰਗ ਸਾਡੀਆਂ ਇੱਛਾਵਾਂ ਦੀ ਪੂਰਤੀ ਦਾ ਨਜ਼ਰੀਆ ਹੈ ਅਤੇ ਨਰਕ ਕਿਸੇ ਸੜਦੀ ਹੋਈ ਆਤਮਾ ਦਾ ਪਰਛਾਵਾਂ (ਉਮਰ ਖਿਆਮ -ਅਨੁਵਾਦ ਫਿਦਜ਼ਗੇਰਾਲਡ)

ਮੌਤ ਦਾ ਚੱਕਰ ਖ਼ਤਮ ਕੀਤਾ ਜਾ ਸਕਦਾ ਹੈ।

**ਹੁਕਮ ਚਲਾਏ ਆਪਣੈ ਕਰਮੀ ਵਹੈ ਕਲਾਮ॥**

*(ਗੁਰੂ ਗ੍ਰੰਥ ਸਾਹਿਬ, ਪੰਨਾ 1241)*

ਉਹ ਆਪਣੇ ਭਾਣੇ ਅਨੁਸਾਰ ਹੁਕਮ ਚਲਾਉਂਦਾ ਹੈ ਅਤੇ ਉਸਦੀ ਕਲਮ ਸਾਡੇ ਕਰਮਾਂ ਦਾ ਲੇਖਾ-ਜੋਖਾ ਲਿਖਦੀ ਰਹਿੰਦੀ ਹੈ ।

ਸਾਡੇ ਕਰਮਾਂ ਦੇ ਹਿਸਾਬ-ਕਿਤਾਬ ਅਨੁਸਾਰ ਹੀ ਪਰਮਾਤਮਾ ਸਾਨੂੰ ਅਗਲਾ ਜਨਮ ਬਖਸ਼ਦਾ ਹੈ। ਜਦੋਂ ਅਸੀਂ ਆਪਣੇ ਕਰਮਾਂ ਨਾਲ ਪਰਮਾਤਮਾ ਦੀ ਕਿਰਪਾ ਦਾ ਪਾਤਰ ਬਣਨ ਲਈ ਉੱਚਾ ਸਥਾਨ ਹਾਸਲ ਕਰਦੇ ਹਾਂ ਤਾਂ ਸਾਡੇ ਜੰਮਣ-ਮਰਨ ਦਾ ਚੱਕਰ (ਨਰਕ) ਖਤਮ ਹੋ ਜਾਂਦਾ ਹੈ ਅਤੇ ਅਸੀਂ ਉਸਦੀ ਹੋਂਦ ਦਾ ਆਨੰਦ (ਸਵਰਗ) ਮਾਣਦੇ ਹਾਂ।

**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰ॥**

*(ਗੁਰੂ ਗ੍ਰੰਥ ਸਾਹਿਬ, ਪੰਨਾ 2)*

ਕਰਮਾਂ ਨਾਲ ਅਸੀਂ ਪਰਮਾਤਮਾ ਦੀ ਕਿਰਪਾ ਦੇ ਪਾਤਰ ਬਣਦੇ ਹਾਂ ਅਤੇ ਉਸਦੀ ਕਿਰਪਾ ਨਾਲ ਹੀ ਅਸੀਂ ਮੁਕਤੀ (ਸੁਰਗ) ਪ੍ਰਾਪਤ ਕਰਦੇ ਹਾਂ।

**ਮਿਲੁ ਜਗਦੀਸ ਮਿਲਨ ਕੀ ਬਰੀਆ॥**

*(ਗੁਰੂ ਗ੍ਰੰਥ ਸਾਹਿਬ, ਪੰਨਾ 196)*

ਪਰਮਾਤਮਾ ਨੂੰ ਮਿਲਣ ਦਾ ਸਮਾਂ ਇਹੋ ਹੈ (ਇਨਸਾਨ ਦੇ ਜਾਮੇ ਵਿਚ) ਇਹ, ਉਹ ਮੌਕਾ ਹੈ ਜਿਸ ਨੂੰ ਖੁੰਝਾਇਆ ਨਹੀਂ ਜਾ ਸਕਦਾ। ਆਕਾਸ਼ ਵਿਚ ਸਵਰਗ ਦਾ ਵਿਚਾਰ ਅਤੇ ਧਰਤੀ ਦੇ ਪਾਤਾਲ ਵਿਚ ਨਰਕ ਦੀ ਹੋਂਦ ਨੂੰ ਸਿੱਖ ਧਰਮ ਵਿਚ ਸਵੀਕਾਰਿਆ ਨਹੀਂ ਜਾਂਦਾ। ਸਿੱਖ ਅਜਿਹੇ ਕਿਸੇ ਨਰਕ ਵਿਚ ਯਕੀਨ ਨਹੀਂ ਰੱਖਦੇ ਜਿੱਥੇ ਮਨੁੱਖਾਂ ਨੂੰ ਕੱਟਿਆ-ਵੱਢਿਆ ਜਾਂ ਸਾੜਿਆ ਜਾਂਦਾ ਹੋਵੇ। ਇਹ ਕੋਈ ਦੁਰੇਡਾ ਸਥਾਨ ਨਹੀਂ, ਜਿੱਥੇ ਅਸੀਂ ਜਾਵਾਂਗੇ। ਸਿੱਖਾਂ ਲਈ ਸਵਰਗ ਪਰਮਾਤਮਾ ਦੀ ਹੋਂਦ ਹੈ, ਜਿੱਥੇ ਸਾਨੂੰ ਹਮੇਸ਼ਾ ਰਹਿਣਾ ਚਾਹੀਦਾ ਹੈ ।[72] ਸਿੱਖ ਮੰਨਦੇ ਹਨ ਕਿ ਸਿਮਰਨ ਨਾਲ ਮਨ ਦੀ ਸ਼ਾਂਤੀ ਅਤੇ ਮਨ ਦਾ ਸੰਤੁਲਨ ਕਾਇਮ ਕਰਕੇ ਚੰਗਾ ਜੀਵਨ ਜੀਊਣਾ ਹੀ ਸਵਰਗ ਹੈ। ਪਰਮਾਤਮਾ ਨੂੰ ਵਿਸਾਰਨਾ ਅਤੇ ਦੁਨੀਆਂ ਦੇ ਸੁਆਰਥ ਭਰਪੂਰ ਕੰਮਾਂ ਵਿਚ ਗਲਤਾਨ ਹੋਣਾ ਮੁਸ਼ਕਿਲਾਂ ਨੂੰ ਜਨਮ ਦਿੰਦਾ ਹੈ, ਜੋ ਇਨਸਾਨਾਂ ਲਈ ਨਰਕ ਉਸਾਰ ਦਿੰਦਾ ਹੈ ।

**ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥**
**ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ॥**

*(ਗੁਰੂ ਗ੍ਰੰਥ ਸਾਹਿਬ, ਪੰਨਾ 337)*

---

72. ਤਹ ਬੈਕੁੰਠ ਜਹ ਨਾਮ ਉਚਰਹਿ॥ (ਰਾਮਕਲੀ ਮ: 5, ਪੰਨਾ 890)
"ਜਿੱਥੇ ਪਰਮਾਤਮਾ ਦਾ ਸਿਮਰਨ ਹੈ, ਉੱਥੇ ਹੀ ਸਵਰਗ ਹੈ" (ਪੰਨਾ 890)



ਸਵਰਗ ਦੀ ਜ਼ਿੰਦਗੀ ਲਈ ਤਰਲੇ ਨਹੀਂ ਕਰਨੇ ਚਾਹੀਦੇ ਅਤੇ ਨਰਕ ਦੀ ਜ਼ਿੰਦਗੀ ਤੋਂ ਡਰਨਾ ਨਹੀਂ ਚਾਹੀਦਾ। ਜੋ ਹੋਣਾ ਹੈ, ਜਰੂਰ ਹੋ ਕੇ ਹੀ ਰਹੇਗਾ। ਆਪਣੇ ਆਪ ਨੂੰ ਇੱਛਾਮੁਕਤ ਬਣਾਉਣਾ ਹੀ ਸਭ ਤੋਂ ਉੱਤਮ ਗੁਣ ਹੈ।[73]

**ਕਉਤਕ ਕੋਡ ਤਮਾਸਿਆ ਚਿਤਿ ਨ ਅਵਸੁ ਨਾਉ॥**
**ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ॥**

*(ਗੁਰੂ ਗ੍ਰੰਥ ਸਾਹਿਬ, 707)*

ਪਰਮਾਤਮਾ ਦੀ ਦਿਆਲਤਾ ਦਾ ਆਨੰਦ ਮਾਣਦਿਆਂ ਜੇਕਰ ਕੋਈ ਉਸਦੇ ਪਵਿੱਤਰ ਨਾਮ ਨੂੰ ਹਿਰਦੇ ਰੂਪੀ ਮੰਦਰ ਵਿਚ ਨਹੀਂ ਵਸਾਉਂਦਾ, ਉਹ ਵਿਅਕਤੀ ਸਭ ਤੋਂ ਭੈੜੇ ਨਰਕ ਵਿਚ ਜਿਉਂਦਾ ਹੈ। ਜਦੋਂ ਰਾਮਦਾਸ ਤਪਾ ਗੁਰੂ ਸਾਹਿਬ ਪਾਸ ਆਇਆ ਤਾਂ ਉਸ ਨੇ ਪੁੱਛਿਆ ਕਿ ਸਿੱਖ ਸਵਰਗ ਨੂੰ ਕਿਵੇਂ ਜਾਂਦੇ ਹਨ। ਗੁਰੂ ਸਾਹਿਬ ਨੇ ਉੱਤਰ ਦਿੱਤਾ, "ਮੇਰੇ ਸਿੱਖ ਸਵਰਗ ਦੀ ਇੱਛਾ ਹੀ ਨਹੀਂ ਰੱਖਦੇ। ਉਹ ਮੰਨਦੇ ਹਨ ਕਿ ਉਨ੍ਹਾਂ ਦੇ ਗੁਣਾਂ ਮੁਤਾਬਕ ਸਵਰਗ ਉਨ੍ਹਾਂ ਦੇ ਅਨੁਕੂਲ ਨਹੀਂ। ਉਹ ਲੋਕਾਂ ਦੀ ਪ੍ਰਸ਼ੰਸਾ ਹਾਸਲ ਕਰਨ ਲਈ ਬੰਦਗੀ ਨਹੀਂ ਕਰਦੇ। ਉਨ੍ਹਾਂ ਦੇ ਹਿਰਦੇ ਪਰਮਾਤਮਾ ਦੇ ਪ੍ਰੇਮ ਵਿਚ ਭਿੱਜੇ ਹੁੰਦੇ ਹਨ। ਇਹੋ ਉਨ੍ਹਾਂ ਦਾ ਸਵਰਗ ਅਤੇ ਮੋਕਸ਼ ਹੈ। (ਸਿੱਖ ਰਿਲੀਜਨ ਕ੍ਰਿਤ ਐਮ.ਏ. ਮੈਕਾਲਿਫ਼ ਭਾਗ 2, ਪੰਨਾ 261)

**ਮੁਕਤਿ ਬਪੁੜੀ ਭਿ ਗਿਆਨੀ ਤਿਆਗੇ॥**

*(ਗੁਰੂ ਗ੍ਰੰਥ ਸਾਹਿਬ, ਪੰਨਾ 1087)*

ਗਿਆਨਵਾਨ ਮਨੁੱਖ ਮੁਕਤੀ ਦਾ ਵੀ ਤਿਆਗ ਕਰਦੇ ਹਨ।

**ਜਬ ਲਗੁ ਮਨਿ ਬੈਕੁੰਠ ਕੀ ਆਸ॥**
**ਤਬ ਲਗੁ ਹੋਇ ਨਹੀ ਚਰਨ ਨਿਵਾਸੁ॥**

*(ਗੁਰੂ ਗ੍ਰੰਥ ਸਾਹਿਬ, ਪੰਨਾ 325)*

ਜਿੰਨਾਂ ਚਿਰ ਮਨੁੱਖ ਸਵਰਗ ਦੀ ਆਸ ਰਖਦਾ ਹੈ, ਮਨ ਪਰਮਾਤਮਾ ਦੇ ਸਿਮਰਨ ਲਈ ਇਕਾਗਰ ਨਹੀਂ ਹੋ ਸਕਦਾ।

---

73. "ਸਵਰਗ ਕੇ ਲਾਲਚ ਮੇਂ ਜੋ ਖੁਦਾ ਕਾ ਨਾਮ ਲੇਤੇ ਹੈਂ, ਇਬਾਦਤ ਨਹੀਂ ਮਹਿਜ਼ ਇੱਕ ਤਜਾਰਤ ਹੈ। ਔਰ ਜੋ ਡਰ ਕਰ ਦੋਜ਼ਖ਼ ਸੇ ਖੁਦਾ ਕਾ ਨਾਮ ਲੇਤੇ ਹੈ, ਸੱਚੀ ਬੰਦਗੀ ਨਹੀਂ ਬੁਜ਼ਦਿਲਨਾ ਸ਼ਿਕਾਇਤ ਹੈ।"
ਸਵਰਗ ਜਾਣ ਦੇ ਲਾਲਚ ਨਾਲ ਪਰਮਾਤਮਾ ਨੂੰ ਸਿਮਰਨ ਵਾਲੇ ਇਬਾਦਤ ਨਹੀਂ ਕਰਦੇ, ਸਗੋਂ ਇਹ ਤਾਂ ਇਕ ਸੌਦਾ ਹੈ।ਨਰਕ ਦੇ ਡਰ ਕਾਰਨ ਪਰਮਾਤਮਾ ਦਾ ਸਿਮਰਨ ਬੰਦਗੀ ਨਹੀਂ ਹੁੰਦਾ ਸਗੋਂ ਕਿਸੇ ਡਰਪੋਕ ਵਿਅਕਤੀ ਵਲੋਂ ਲੇਲੜ੍ਹੀਆਂ ਕੱਢਣ ਬਰਾਬਰ ਹੈ ।

## ਅਧਿਆਇ-5

# ਵਿਸ਼ਵਾਸ

### 5.1 ਤ੍ਰਿਮੂਰਤੀ ਵਿਸ਼ਵਾਸ :

ਈਸਾਈ, ਪਰਮਾਤਮਾ ਦੇ ਤਿੰਨ ਸਰੂਪਾਂ ਵਿਚ ਵਿਸ਼ਵਾਸ ਕਰਦੇ ਹਨ – ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ। (ਮੈਥਿਉ 28:19) ਇਸ ਨੂੰ ਹਾਈਪੋਸਟੈਟਿਸ ਜਾਂ ਤ੍ਰਿਮੂਰਤੀ ਵਜੋਂ ਜਾਣਿਆ ਜਾਂਦਾ ਹੈ ।[74] ਇਹ ਹਨ (1) ਪਰਮਾਤਮਾ (2) ਪਵਿੱਤਰ ਪ੍ਰੇਤ[75] (3) ਪਰਮਾਤਮਾ ਦਾ ਪੁੱਤਰ। ਇਹ ਵਿਚਾਰ ਬਹੁਤ ਗੁੰਝਲਦਾਰ ਅਤੇ ਅਡੰਬਰ ਭਰਪੂਰ ਹੈ ਅਤੇ ਸੇਂਟ ਬੈਨੇਡਿਕਟ ਜੋ ਮੱਧਕਾਲੀ ਸੰਤਾਂ ਵਿਚੋਂ ਈਸਾਈ ਧਰਮ ਦੇ ਮਹਾਨ ਸੰਤਾਂ ਵਿਚੋਂ ਇਕ ਸਨ, ਨੇ ਤ੍ਰਿਮੂਰਤੀ ਨੂੰ ਸਮਝ ਤੋਂ ਪਰ੍ਹੇ ਕਹਿ ਕੇ ਵਰਣਿਤ ਕੀਤਾ ਹੈ। ਮਨ ਵਿਚ ਸਵਾਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਤਿੰਨਾਂ ਵਿਚੋਂ ਸਰਬੋਤਮ ਕੌਣ ਹੈ? ਕੀ ਯੀਸੂ ਦੇ ਮਰਨ ਉਪਰੰਤ ਪਰਮਾਤਮਾ ਬ੍ਰਹਿਮੰਡ 'ਚੋਂ ਅਲੋਪ ਹੋ ਗਿਆ? ਕਿਸਦੀ ਆਤਮਾ ਪਵਿੱਤਰ ਆਤਮਾ ਹੈ? ਕੀ ਸਾਨੂੰ ਤਿੰਨਾਂ ਨੂੰ ਪੂਜਣਾ ਚਾਹੀਦਾ ਹੈ ਜਾਂ ਸਿਰਫ ਪਰਮਾਤਮਾ ਨੂੰ " ਜੋ ਮਾਸ ਵਿਚ ਜਨਮ ਲੈਂਦਾ ਹੈ, ਮਾਸ ਹੀ ਹੈ ।" (ਜੋਹਨ, 3-6) ਦਾ ਅਰਥ ਕੀ ਹੋਵੇਗਾ ?

ਐਨਸਾਈਕਲੋਪੀਡੀਆ ਬ੍ਰਿਟੈਨਿਕਾ (XI-618) ਦਾ ਵਿਚਾਰ ਇਸ ਪ੍ਰਕਾਰ ਹੈ "ਜੇਕਰ ਤੁਸੀਂ ਕਹਿੰਦੇ ਹੋ ਕਿ ਪਵਿੱਤਰ ਆਤਮਾ ਪੁਤ੍ਰਾਂ ਵਾਂਗ ਹੀ ਆਪਣੇ ਪਿਤਾ ਤੋਂ

---

74. ਕੁਝ ਲੋਕ ਮੰਨਦੇ ਹਨ ਕਿ ਤ੍ਰਿਮੂਰਤੀ ਦਾ ਸੰਕਲਪ ਗੈਰ ਈਸਾਈ ਹੈ। ਇਹ ਪੈਗਨ, ਰੋਮਨ ਜਾਂ ਹਿੰਦੂਆਂ (ਬ੍ਰਹਮਾ, ਵਿਸ਼ਨੂੰ, ਸ਼ਿਵਜੀ) ਪਾਸੋਂ ਆਇਆ ਹੋਵੇਗਾ। ਮੂਲ ਯੂਨਾਨੀ ਸ਼ਬਦ ਪੈਰਾਕਲੈਟੋਜ਼ ਅਤੇ ਨਿਊਮਾ ਨੂੰ ਪਹਿਲਾਂ ਆਤਮਾ ਦੇ ਅਰਥਾਂ ਵਿੱਚ ਅਨੁਵਾਦ ਕੀਤਾ ਗਿਆ ਸੀ ਪਰ ਬਾਅਦ ਵਿੱਚ ਭੂਤ ਵਜੋਂ ਤਬਦੀਲ ਕਰ ਦਿੱਤਾ ਗਿਆ। ਇਸ ਦਾ ਹੀਬਰੂ ਅਨੁਵਾਦ ਹੈ ਰੁਆਚ (Ruach) ਜਿਸਦਾ ਅਸਲ ਅਰਥ ਹੈ 'ਜ਼ਿੰਦਗੀ ਦਾ ਸਾਹ'। ਤ੍ਰਿਮੂਰਤੀ ਦੇ ਅਰਥਾਂ ਨੂੰ ਪ੍ਰਤੀਪਾਦਿਤ ਕਰਨ ਵਾਲਾ ਸ਼ਬਦ ਪਹਿਲੀ ਵਾਰ ਜੋਹਨ ਦੀ ਪਹਿਲੀ ਰਚਨਾ (5:7, 8) ਵਿੱਚ ਵਰਤਿਆ ਗਿਆ। ਉਥੇ ਉਲੇਖ ਹੈ "ਸਵਰਗ ਵਿੱਚ ਪਿਤਾ, ਪੁੱਤਰ ਅਤੇ ਪਵਿੱਤਰ ਪ੍ਰੇਤ, ਤਿੰਨਾਂ ਦੀ ਹੀ ਪੁੱਛ ਪ੍ਰਤੀਤ ਹੈ"। ਬਾਅਦ ਵਿੱਚ 1952 ਅਤੇ 1971 ਦੇ ਸੰਸਕਰਣਾਂ ਵਿੱਚੋਂ ਇਹ ਸ਼ਬਦ ਕੱਢ ਦਿੱਤੇ ਗਏ। ਮਹਾਯਾਨਾ ਬੋਧੀ ਵੀ (ੳ) ਨਿਰਮਾਣ ਕਾਇਆ (ਨਿਮਰ ਸਰੀਰੀ) (ਅ) ਸੰਭੋਗ ਕਾਇਆ (ਗਿਆਨੀ)ਅਤੇ (ੲ) ਧਰਮ ਕਾਇਆ ( ਪੂਰਨ ਪੁਰਖ) ਤਿੰਨਾਂ ਵਿੱਚ ਹੀ ਵਿਸ਼ਵਾਸ਼ ਕਰਦੇ ਹਨ। ਹੋ ਸਕਦਾ ਹੈ ਕਿ ਈਸਾਈ ਧਰਮ ਵਿੱਚ ਵੀ ਪਹਿਲਾਂ ਪਹਿਲ ਇਹੋ ਅਰਥ ਲਏ ਗਏ ਹੋਣ।

75. "ਮੈਂ ਪਰਮਾਤਮਾ ਨੂੰ ਬੇਨਤੀ ਕਰਾਂਗਾ ਅਤੇ ਉਹ ਤੁਹਾਨੂੰ ਸੰਤੋਖ ਦੇਣ ਵਾਲਾ ਇੱਕ ਹੋਰ ਵਿਅਕਤੀ ਦੇਣਗੇ ਜੋ ਹਮੇਸ਼ਾਂ ਤੁਹਾਡੇ ਨਾਲ ਰਹੇਗਾ। ਪਰ ਉਹ ਵਿਅਕਤੀ ਜੋ ਕਿ ਪਵਿੱਤਰ ਪ੍ਰੇਤ ਹੈ" (ਜੌਨ 14-26)। "ਪਵਿਤ੍ਰ ਆਤਮਾ ਦੀ ਨਿੰਦਿਆ ਕਰਨ ਵਾਲੇ ਵਿਅਕਤੀ ਨੂੰ ਕਦੇ ਵੀ ਮੁਆਫ ਨਹੀਂ ਕੀਤਾ ਜਾਵੇਗਾ"। (ਮੈਥਿਊ 12:31-32) ਕਿਧਰੇ ਕਿਧਰੇ ਇਸ ਪ੍ਰੇਤ ਨੂੰ ਆਤਮਾ ਕਿਹਾ ਜਾਂਦਾ ਹੈ। ਉਦਾਹਰਣ ਵਜੋਂ "ਆਤਮਾ ਦੀ ਪੂਜਾ" ਪਿਤਾ ਦੀ ਪੂਜਾ ਹੈ। ਹੋਰ ਕੋਈ ਪੂਜਾ ਪਿਤਾ (ਪਰਮਾਤਮਾ) ਨੂੰ ਖੁਸ਼ ਨਹੀਂ ਕਰ ਸਕਦੀ"। (ਜੋਹਨ 4:24)



ਸ਼ਕਤੀ ਲੈਂਦਾ ਹੈ ਤਾਂ ਤੁਸੀਂ ਇਹ ਕਿਉਂ ਨਹੀਂ ਆਖਦੇ ਕਿ ਪਵਿੱਤ੍ਰ ਆਤਮਾ ਪੁੱਤਰ ਦਾ ਭਰਾ ਹੈ? ਜੇ ਉਹ ਪੁੱਤਰ ਤੋਂ ਸ਼ਕਤੀ ਲੈਂਦਾ ਹੈ ਤਾਂ ਤੁਸੀਂ ਇਹ ਕਿਉਂ ਨਹੀਂ ਕਹਿੰਦੇ ਕਿ ਪਵਿਤ੍ਰ ਆਤਮਾ, ਪਿਤਾ ਦਾ ਪੋਤਾ ਹੈ ?"

ਇਸ ਪ੍ਰਸ਼ਨ ਦਾ ਉੱਤਰ ਇਹ ਦਿੱਤਾ ਜਾਂਦਾ ਹੈ "ਪੁੱਤਰ ਪਿਤਾ ਨਹੀਂ ਹੈ, ਪਰ ਉਹੀ ਹੈ, ਜੋ ਪਿਤਾ ਹੈ; ਆਤਮਾ, ਪੁੱਤਰ ਨਹੀਂ ਹੈ ਪਰ ਉਹੀ ਹੈ ਜੋ ਆਤਮਾ ਵੀ ਹੈ।" ਜਵਾਬ ਵੀ ਪ੍ਰਸ਼ਨ ਵਾਂਗ ਹੀ ਗੁੰਝਲਦਾਰ ਹੈ। ਇਸ ਸਭ ਦਾ ਅਰਥ ਇਹ ਹੈ ਕਿ ਇਕ ਹੀ ਸਮੇਂ ਇਕ ਤੋਂ ਵੱਧ ਸ਼ਕਤੀਆਂ ਦੀ ਹੋਂਦ ਸੀ। ਤਿੰਨ ਪਰਮਾਤਮਾ ਇਸ ਧਰਤੀ ਤੇ ਇਕੋ ਸਮੇਂ ਰਹੇ, ਇਕ ਸਰੀਰ ਵਿਚ ਅਤੇ ਬਾਕੀ ਦੋ ਸਰੀਰ ਤੋਂ ਰਹਿਤ ਸਨ ।

ਪਰਮਾਤਮਾ ਅਤੇ ਦੋ ਹੋਰ ਛੋਟੇ ਪਰਮਾਤਮਾ ਮਨੁੱਖੀ ਜੂਨ ਵਿਚੋਂ ਪ੍ਰਗਟ ਹੋਏ ਅਤੇ ਉਨ੍ਹਾਂ ਨੇ ਲੋਕਾਂ ਨਾਲ ਬੈਠ ਕੇ ਰੋਟੀ ਖਾਧੀ ਅਤੇ ਗੱਲਬਾਤ ਸਾਂਝੀ ਕੀਤੀ। (ਜੈਨੇਸਿਜ਼ 18:3-9)। ਆਤਮਾ ਦੇ ਲਿੰਗ ਸੰਬੰਧੀ ਵੀ ਪ੍ਰਸ਼ਨ ਪੁੱਛੇ ਗਏ ਹਨ। ਕੀ ਆਤਮਾ ਪੁਲਿੰਗ ਹੈ ਜਾਂ ਇਸਤ੍ਰੀ ਲਿੰਗ ? ਇਹ ਪਰਮਾਤਮਾ ਤੋਂ ਵੱਖ ਕਦੋਂ ਹੋਈ? ਜੇਕਰ ਇਸ ਆਤਮਾ ਦੇ ਕੰਮ ਪਰਮਾਤਮਾ ਵਾਲੇ ਹੀ ਹਨ ਤਾਂ ਫਿਰ ਇਸ ਆਤਮਾ ਨੂੰ ਰਚਣ ਦੀ ਜ਼ਰੂਰਤ ਹੀ ਕੀ ਸੀ? ਜੇ ਉਹ ਵੱਖਰੇ ਹਨ ਤਾਂ ਉਹ ਕੀ ਕੰਮ ਹਨ? ਕੀ ਪਰਮਾਤਮਾ ਨੂੰ ਆਪਣੇ ਪੁੱਤਰ ਅਤੇ ਆਤਮਾ ਤੇ ਨਿਰਭਰ ਹੋਣਾ ਪੈਂਦਾ ਹੈ ?

ਕੁਝ ਲੋਕਾਂ ਨੇ ਤ੍ਰਿਮੂਰਤੀ ਦੀ ਇਸ ਤਰ੍ਹਾਂ ਵਿਆਖਿਆ ਕੀਤੀ, "ਪਿਤਾ, ਪੁੱਤਰ ਅਤੇ ਦੈਵੀ ਆਤਮਾ ਦੈਵੀ ਪ੍ਰਕਾਸ਼ ਦੇ ਤਿੰਨ ਸਰੂਪ ਹਨ।" ਏਰੀਅਸ (250-336 ਈ.) ਨੇ ਪਵਿੱਤਰ ਆਤਮਾ ਨੂੰ ਪਰਮਾਤਮਾ ਦੀ ਸ਼ਕਤੀ ਮੰਨਿਆ। ਅਥਨੈਸ਼ੀਅਸ (296-373ਈ.) ਨੇ ਵਰਣਨ ਕੀਤਾ, "ਪੁੱਤਰ ਪਿਤਾ ਵਾਲੇ ਮਾਦੇ ਦਾ ਹੀ ਹੈ ਅਤੇ ਪਿਤਾ ਪਾਸੋਂ ਆਤਮਿਕ ਸ਼ਕਤੀ ਪ੍ਰਾਪਤ ਕਰਦਾ ਹੈ ।" 16ਵੀਂ ਸ਼ਤਾਬਦੀ ਦੇ ਪੱਛਮੀ ਗਿਰਜਾਘਰ ਮੰਨਦੇ ਹਨ ਕਿ ਪਵਿਤ੍ਰ ਆਤਮਾ, ਪਿਤਾ ਅਤੇ ਪੁੱਤਰ ਦੋਹਾਂ ਪਾਸੋਂ ਹੀ ਸ਼ਕਤੀ ਪ੍ਰਾਪਤ ਕਰਦੀ ਹੈ।" ਕਈ ਹੋਰ ਵਿਦਵਾਨ ਕਹਿੰਦੇ ਹਨ ਕਿ "ਆਤਮਾ ਪਰਮਾਤਮਾ ਦਾ ਪ੍ਰਕਾਸ਼ ਅਤੇ ਚਮਕ ਹੈ ।"

ਅਮਰੀਕਨ ਈਸਾਈ ਤ੍ਰਿਮੂਰਤੀ ਨੂੰ ਥੋੜ੍ਹਾ ਵੱਖਰੇ ਢੰਗ ਨਾਲ ਮੰਨਦੇ ਹਨ। ਨਿਊ ਅਮੇਰੀਕਨ ਸਟੈਂਡਰਡ ਬਾਈਬਲ ਦਾ ਕਥਨ ਹੈ, "ਕਿ ਆਤਮਾ ਗਵਾਹੀ ਭਰਦੀ ਹੈ, ਕਿਉਂਕਿ ਆਤਮਾ ਹੀ ਸੱਚ ਹੈ। ਆਤਮਾ ਲਹੂ ਅਤੇ ਪਾਣੀ, ਤਿੰਨੇ ਹੀ ਗਵਾਹੀ ਭਰਦੇ ਹਨ ਅਤੇ ਤਿੰਨੇ ਹੀ ਸਮਰੂਪ ਹਨ"। (i ਜੌਹਨ 5:7)

ਹਾਰਨੈਕ "ਕੰਸਟੀਚਿਊਸ਼ਨ ਐਂਡ ਦ ਲਾਅ ਆਫ ਦ ਚਰਚ" ਵਿਚ ਵਰਣਨ ਕਰਦਾ ਹੈ ਕਿ ਈਸਾਈ ਡਰਾਇਡ (ਜੰਗਲਾਂ ਵਿਚਲੀ ਆਤਮਾ) ਵਿਚ ਮਾਨਤਾ ਰੱਖਦੇ ਸਨ ਜਿਸ ਨੂੰ ਪਰਮਾਤਮਾ ਅਤੇ ਤੀਜੇ ਅੰਗ ਯੀਸੂ ਨਾਲ ਬੈਠਣ ਦਾ ਮਾਣ ਮਿਲਿਆ ਅਤੇ ਇਸ ਕਰ ਕੇ ਉਸ ਨੂੰ ਆਤਮਾ ਕਿਹਾ ਜਾਣ ਲੱਗਾ। ਈਸਾਈਆਂ ਵਿਚ ਤ੍ਰਿਮੂਰਤੀ ਦੇ ਸਿਧਾਂਤ ਦਾ

ਇਸ ਤੋਂ ਵੱਧ ਤਰਕਪੂਰਣ ਸਮਰਥਨ ਅਜੇ ਤੱਕ ਪ੍ਰਾਪਤ ਨਹੀਂ ਹੋਇਆ। ਰੈਵ. ਕੇ.ਈ. ਕਿਰਕ ਆਪਣੀ ਪੁਸਤਕ 'ਦ ਅਵੈਲਿਉਸ਼ਨ ਆਫ਼ ਦ ਡੌਕਟਰਾਈਨ ਆਫ਼ ਕ੍ਰਿਸਚਿਐਨਿਟੀ' ਵਿਚ ਲਿਖਦਾ ਹੈ, "ਇਸ ਗੱਲ ਨੂੰ ਲੱਭਣ ਲਈ ਕਿ ਈਸਾਈਆਂ ਦੇ ਇਸ ਵਿਸ਼ਵਾਸ ਦੇ ਆਧਾਰ ਕੀ ਹਨ ਕੁਦਰਤੀ ਤੌਰ ਤੇ ਪੁਰਾਤਨ ਸਮੇਂ ਦੇ ਲੇਖਕਾਂ ਨੂੰ ਪੜ੍ਹਨਾ ਪੈਂਦਾ ਹੈ। ਪਰ ਪੱਲੇ ਕੁੱਝ ਨਹੀਂ ਪੈਂਦਾ। ਸਾਨੂੰ ਇਹ ਗੱਲ ਮੰਨਣ ਲਈ ਮਜਬੂਰ ਹੋਣਾ ਪੈਂਦਾ ਹੈ ਕਿ ਉਨ੍ਹਾਂ ਪਾਸ ਵੀ ਕੋਈ ਤਸੱਲੀਬਖਸ਼ ਸਪਸ਼ਟੀਕਰਣ ਨਹੀਂ ਸੀ। ਉਨ੍ਹਾਂ ਸਾਹਮਣੇ ਸਵਾਲ ਇਹ ਨਹੀਂ ਸੀ ਕਿ ਤਿੰਨ ਵਿਅਕਤੀ ਕਿਉਂ? ਸਗੋਂ ਇਸਦੀ ਬਜਾਏ ਸਵਾਲ ਇਹ ਸੀ ਕਿ ਤਿੰਨ ਕਿਉਂ ਨਹੀਂ?

ਪਵਿੱਤਰ ਬਾਈਬਲ ਵਿਚ ਇਸ ਤਰਾਂ ਹਵਾਲੇ ਤਾਂ ਹਨ ਕਿ ਈਸਾ ਮਸੀਹ ਪਰਮਾਤਮਾ ਨੂੰ ਪੂਜਦੇ ਸਨ, ਪਰ ਇਕ ਵੀ ਅਜਿਹਾ ਹਵਾਲਾ ਨਹੀਂ, ਜਿਸ ਤੋਂ ਪਤਾ ਚੱਲੇ ਕਿ ਪਵਿੱਤਰ ਆਤਮਾ ਵੀ ਪਰਮਾਤਮਾ ਨੂੰ ਪੂਜਦੀ ਸੀ ? ਮੰਨਣਾ ਪਵੇਗਾ ਕਿ ਪਰਮਾਤਮਾ ਦਾ ਤੀਜਾ ਹਿੱਸਾ ਆਪਣੀ ਪੂਜਾ ਆਪ ਹੀ ਕਰਦਾ ਸੀ ਅਤੇ ਉਸੇ ਦਾ ਇਕ ਹੋਰ ਤੀਜਾ ਹਿੱਸਾ ਉਸ ਦੀ ਬਿਲਕੁਲ ਪੂਜਾ ਨਹੀਂ ਸੀ ਕਰਦਾ। ਈਸਾਈ ਧਰਮ ਅਨੁਸਾਰ ਪਵਿੱਤਰ ਆਤਮਾ ਉਸ ਆਤਮਾ ਤੋਂ ਭਿੰਨ ਹੈ ਜੋ ਜੀਵ-ਜੰਤੂਆਂ ਅਤੇ ਮਨੁੱਖਾਂ ਦੀ ਜੀਵਨ ਰੌ ਹੈ। ਅਸਲ ਲਿਖਤ ਵਿਚ ਆਇਆ ਸ਼ਬਦ ਪੈਰਾਕਲੈਟੋਜ਼ (Parakletos) ਗਲਤੀ ਨਾਲ 'ਆਤਮਾ' ਜਾਂ ਪ੍ਰੇਤ ਵਜੋਂ ਅਨੁਵਾਦਿਤ ਹੋ ਗਿਆ ਸੀ ਜਿਥੋਂ ਇਹ ਗ਼ਲਤਫਹਿਮੀ ਤੁਰੀ।[76] ਇਸ ਸ਼ਬਦ ਦਾ ਅਨੁਵਾਦ

76. ਨਿਕੀ ਗੁੰਬਲ ਆਪਣੀ ਪੁਸਤਕ 'ਕੋਇਸ਼ਚਨਜ਼ ਆਫ ਲਾਈਫ' (ਪੰਨਾ-104) ਵਿਚ ਲਿਖਦਾ ਹੈ, 'ਪਵਿੱਤਰ ਆਤਮਾ ਕੋਈ ਪ੍ਰੇਤ ਨਹੀਂ", ਸਗੋਂ ਇੱਕ ਪੁਰਖ ਹੈ। ਉਹ ਸੋਚਦਾ ਹੈ (ਐਕਟ 15:28), ਬੋਲਦਾ ਹੈ (1:16) ਅਗਵਾਈ ਕਰਦਾ ਹੈ (ਰੋਮਨਜ਼ 8:14) ਬਹੁਤ ਭਾਸ਼ਾਵਾਂ 'ਚ ਬੋਲ ਸਕਦਾ ਹੈ (ਐਕਟ 2:2-4) ਅਤੇ ਦੁਖੀ ਹੋ ਸਕਦਾ ਹੈ (ਐਫੀਸ਼ੀਅਨਜ਼ 4:30)" ਇਹ ਪਵਿੱਤਰ ਪ੍ਰੇਤ ਸੀ ਜਿਸਨੇ ਬੇਜ਼ੈਲਲ (Bezalel) ਨੂੰ ਸਿਖਾਇਆ ਕਿ ਸੋਨਾ, ਚਾਂਦੀ, ਕਾਂਸੀ ਅਤੇ ਲੱਕੜ ਉੱਪਰ ਡਿਜ਼ਾਈਨ ਕਿਵੇਂ ਬਣਾਏ ਜਾ ਸਕਦੇ ਹਨ (ਐਕਜ਼ੋਡਸ 31:3-5) ਪਰੰਤੂ ਨਿਕੀ ਗੁੰਬਲ ਇਹ ਵੀ ਲਿਖਦਾ ਹੈ ਕਿ "ਪਿਛਲੇ ਸਾਲਾਂ ਵਿੱਚ ਇਸ ਗੱਲ ਤੇ ਬਹੁਤ ਵਿਚਾਰ ਚਰਚਾ ਹੋਈ ਕਿ ਕੀ ਪਵਿੱਤਰ ਆਤਮਾ ਬੈਪਟਿਜ਼ਮ (ਨਾਮਕਰਣ) ਦੇਣ ਦਾ ਅਧਿਕਾਰੀ ਹੈ ਜਾਂ ਨਹੀਂ। ਇਸ ਵਿਸ਼ੇ ਤੇ ਜਿੰਨਾ ਵੀ ਹੁਣ ਤੱਕ ਕਿਹਾ ਜਾਂ ਲਿਖਿਆ ਗਿਆ ਹੈ ਮੈਂ ਨਹੀਂ ਸਮਝਦਾ ਕਿ ਉਹ ਕੁੱਝ ਸਪਸ਼ਟਤਾ ਬਖਸ਼ਦਾ ਹੈ। ਮੈਂ ਤਾਂ ਇਹ ਵੀ ਨਹੀਂ ਸਮਝਦਾ ਕਿ ਨਿਊ-ਟੈਸਟਾਮੈਂਟ ਢੁਕਵਾਂ ਸ਼ਬਦ ਹੈ, ਜੋ ਇਸ ਗੁੱਥੀ ਨੂੰ ਸੁਲਝਾ ਸਕਦਾ ਹੈ"। (ਪੰਨਾ-251)

ਪਵਿੱਤਰ ਪ੍ਰੇਤ (Holy ghost) ਦਾ ਕੰਮ ਕਰਨ ਦਾ ਢੰਗ ਵੀ ਵਚਿੱਤ੍ਰ ਹੈ। ਇਹ ਯੀਸੂ ਨੂੰ ਕ੍ਰਾਸ ਤੋਂ ਬਚਾਉਂਣ ਲਈ ਨਹੀਂ ਆਇਆ ਪਰ ਇਹ ਸੈਮਸਨ ਦੀ ਸਹਾਇਤਾ ਲਈ ਪਹੁੰਚ ਗਿਆ ਪਰ ਪਹੁੰਚਿਆ ਉਦੋਂ ਜਦ ਉਸਨੂੰ ਅੰਨ੍ਹਾ ਕਰ ਦਿੱਤਾ ਗਿਆ ਸੀ ਅਤੇ ਉਸਨੂੰ ਤਸੀਹੇ ਦਿੱਤੇ ਜਾ ਰਹੇ ਸਨ। ਫਿਰ ਇਸਨੇ ਰੱਸੀਆਂ ਨੂੰ ਸਾੜ ਦਿੱਤਾ ਅਤੇ ਸੈਮਸਨ ਨੂੰ ਲੋਹੇ ਦੀਆਂ ਜ਼ੰਜੀਰਾਂ ਤੋਂ ਆਜ਼ਾਦ ਕਰ ਦਿੱਤਾ ਜਿਹੜੀਆਂ ਕੱਚ ਦੀਆਂ ਚੂੜੀਆਂ ਦੇ ਟੁੱਟਣ ਵਾਂਗ ਟੁੱਟ ਗਈਆਂ। ਪਵਿੱਤਰ ਪ੍ਰੇਤ ਦਾ ਇਕ ਵਾਰ ਮਿਲਣਾ ਕਾਫੀ ਨਹੀ , ਪੀਟਰ ਨੂੰ ਇਹ ਤਿੰਨ ਵਾਰ ਲੋੜੀਂਦਾ ਸੀ (ਐਕਟ 2:4, 4:8), ਐਫੀਸ਼ੀਅਨਜ਼ 5:18) ਇਹ ਵਿਖਾਉਣ ਲਈ ਕਿ ਪਵਿੱਤਰ ਪ੍ਰੇਤ ਉਨ੍ਹਾਂ ਦੇ ਸਰੀਰ ਵਿੱਚ ਦਾਖਿਲ ਹੋ ਗਿਆ ਹੈ ਪੈਂਟੇਕੌਸਟਲਿਸਟ ਈਸਾਈ ਪ੍ਰਚਾਰਕ ਮੱਥਾ ਛੂੰਹਦੇ ਹਨ ਜਿਸ ਨਾਲ ਮਰੀਜ਼ ਬੇਹੋਸ਼ ਹੁੰਦਾ ਦਿਖਾਉਂਦੇ ਹਨ।



ਮੁਸ਼ਕਿਲ ਹੈ ਅਤੇ ਇਸਦੇ ਕਈ ਅਰਥ ਹਨ ਜਿਵੇਂ 'ਸਾਥੀ,' 'ਸਲਾਹਕਾਰ', 'ਆਨੰਦਦਾਤਾ' ਅਤੇ 'ਉਤਸ਼ਾਹਦਾਤਾ' ਆਦਿ ।

ਪਵਿੱਤਰ ਪ੍ਰੇਤ ਆਮ ਲੋਕਾਂ ਵਾਂਗ ਬੋਲਦਾ ਹੈ। ਮਿਸਾਲ ਵਜੋਂ ਜਦੋਂ ਉਹ ਪਰਮਾਤਮਾ ਦੀ ਪੂਜਾ ਕਰਦੇ ਸੀ ਜਾਂ ਵਰਤ ਰਖ ਰਹੇ ਸਨ ਤਾਂ ਪਵਿੱਤਰ ਆਤਮਾ ਨੇ ਕਿਹਾ, "ਬਰਨਾਬਸ ਅਤੇ ਸਉਲ ਨੂੰ ਮੇਰੇ ਲਈ ਛੱਡ ਦਿਓ, ਮੈਂ ਉਨ੍ਹਾਂ ਦੀ ਚੋਣ ਕਿਸੇ ਹੋਰ ਕੰਮ ਲਈ ਕੀਤੀ ਹੋਈ ਹੈ। (ਐਕਟ- 13:2)

ਈਸਾ ਮਸੀਹ ਨੇ ਆਪ ਵੀ ਇਹ ਘੋਸ਼ਣਾ ਕੀਤੀ ਜਾਪਦੀ ਹੈ ਕਿ ਪਰਮਾਤਮਾ ਇਕ ਹੈ, ਤਿੰਨ ਨਹੀਂ। "ਯੀਸੂ ਨੇ ਕਿਹਾ ਸਭ ਤੋਂ ਪਹਿਲੀ ਸਿੱਖਿਆ ਹੈ, ਹੇ ਇਜ਼ਰਾਈਲ ਸੁਣੋ ਸਾਡਾ ਮਾਲਕ ਪਰਮਾਤਮਾ ਇਕੋ ਹੈ"। (ਮਾਰਕ 12:29-30) ਉਸਨੇ ਪਰਮਾਤਮਾ ਦਾ ਪੁੱਤਰ ਅਖਵਾਉਣ ਤੋਂ ਵੀ ਇਨਕਾਰ ਕਰ ਦਿੱਤਾ (ਵੇਖੋ ਲਿਊਕ 4:41 ਅਤੇ 20:21, ਟਿਮੋਥੀ 2:5) ਕਈ ਥਾਵਾਂ ਤੇ ਤਾਂ ਉਹ ਬਹੁਤ ਹੀ ਜ਼ੋਰਦਾਰ ਸ਼ਬਦਾਂ ਵਿਚ ਇਹੋ ਗੱਲ ਕਹਿੰਦੇ ਹਨ। ਮਿਸਾਲ ਦੇ ਤੌਰ ਤੇ ਮੈਥਿਊ 15:9 ਵਿਚ ਉਹ ਆਖਦੇ ਹਨ "ਉਹ ਮੇਰੀ ਪੂਜਾ ਫਜ਼ੂਲ ਹੀ ਕਰਦੇ ਹਨ" ਅਤੇ ਜੌਹਨ 14:28 ਵਿਚ ਉਹ ਆਖਦੇ ਹਨ, "ਮੇਰੇ ਪਿਤਾ ਮੇਰੇ ਨਾਲੋਂ ਮਹਾਨ ਹਨ।"

ਫਿਰ ਇਹ ਗੱਲ ਵੀ ਤਰਕਪੂਰਨ ਹੈ ਕਿ ਪਰਮਾਤਮਾ ਇਕ ਵਿਨਾਸ਼ੀ ਜੀਵ ਦੀ ਕੁੱਖ ਤੋਂ ਕਿਉਂ ਜਨਮ ਲੈਂਦਾ ਹੈ ਜਿਵੇਂ ਬਾਕੀ ਜੀਵ ਜੰਮਦੇ ਹਨ। ਉਸ ਨੂੰ ਆਪਣੀ ਪੂਜਾ ਕਰਨੀ ਪੈਂਦੀ ਹੈ ਜਿਵੇਂ ਉਸਨੇ ਲਿਊਕ 5:16 ਵਿਚ ਕੀਤੀ "ਉਸਨੇ ਆਪਣੇ ਆਪ ਨੂੰ ਜੰਗਲ ਵਿਚ ਲੈ ਆਂਦਾ ਅਤੇ ਪ੍ਰਾਰਥਨਾ ਕੀਤੀ"। ਪਰਮਾਤਮਾ ਤਾਂ ਪਰਮਾਤਮਾ ਹੀ ਇਸ ਲਈ ਹੈ ਕਿਉਂਕਿ ਉਸ ਨੂੰ ਬੁਰਾਈ ਨਾਲ ਲੁਭਾਇਆ ਨਹੀਂ ਜਾ ਸਕਦਾ"। (ਜੇਮਜ਼ 1:13) ਪਰ ਇਸ ਦੇ ਉਲਟ ਅਸੀਂ ਪੜ੍ਹਦੇ ਹਾਂ ਕਿ ਯੀਸੂ ਨੂੰ ਸ਼ੈਤਾਨ ਵਲੋਂ 40 ਦਿਨਾਂ ਤੱਕ ਲੁਭਾਇਆ ਗਿਆ (ਲਿਊਕ 4,1-13)

"ਤ੍ਰਿਮੂਰਤੀ ਮੂਲ ਰੂਪ ਵਿਚ ਇਕ ਪੈਗਨ (ਮੂਰਤੀਪੂਜਕ) ਵਿਚਾਰ ਸੀ ਜੋ ਈਸਾਈ ਮਤ ਵਿਚ ਬਾਹਰੋਂ ਆਇਆ ਸੀ ।ਇਹ ਸ਼ਬਦ ਬਾਈਬਲ ਵਿਚ ਤਾਂ ਕਿਧਰੇ ਵੀ ਨਹੀਂ ਮਿਲਦਾ"। (ਬਾਈਬਲ ਬੇਸਿਕਸ ਪੰਨਾ-62)[77] ਤ੍ਰਿਮੂਰਤੀ ਦਾ ਕੁਫਰ ਸਿਧਾਂਤ ਅਪਨਾਣ ਵਾਲਿਆਂ ਨੂੰ ਆਖਰ ਮੰਨਣਾ ਹੀ ਪੈਂਦਾ ਹੈ ਇਕ ਸਮੇਂ ਸਵਰਗ ਵਿਚ ਤਿੰਨ ਪਰਮਾਤਮਾ ਸਨ, ਫਿਰ ਉਨ੍ਹਾਂ ਚੋਂ ਇਕ ਅਲੋਪ ਹੋ ਗਿਆ ਅਤੇ ਕਿਸੇ ਤਰ੍ਹਾਂ ਮੈਰੀ ਦੀ

77. "ਅਤੇ ਤ੍ਰਿਮੂਰਤੀ ਨਾ ਕਹੋ। ਰੁਕੋ; ਤੁਹਾਡੇ ਲਈ ਇਹ ਬੇਹਤਰ ਹੈ: ਕਿ ਪਰਮਾਤਮਾ ਇੱਕ ਹੈ"। (ਪਵਿੱਤਰ ਕੁਰਾਨ 4:17)

ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਤ੍ਰਿਮੂਰਤੀ ਦਾ ਸਿਧਾਂਤ ਮਿਸਰ ਦੇ ਪਾਦਰੀ ਅਥਨੈਂਸ਼ੀਅਸ ਦੁਆਰਾ ਪ੍ਰਤੀਪਾਦਿਤ ਹੋਇਆ ਅਤੇ ਬਾਅਦ ਵਿੱਚ ਨੀਸ਼ੀਆ ਦੀ ਕੌਂਸਿਲ ਦੁਆਰਾ 325 ਈ: ਵਿੱਚ ਇਸ ਦੀ ਪ੍ਰੌੜ੍ਹਤਾ ਕਰ ਦਿੱਤੀ ਗਈ ।

ਕੁੱਖ ਵਿਚ ਭਰੂਣ ਵਜੋਂ ਦਾਖਲ ਹੋਇਆ। ਦੂਜੇ ਦੋਵੇਂ ਸਵਰਗ ਵਿਚ ਹੀ ਰਹਿ ਗਏ (ਬਾਈਬਲ ਬੇਸਿਕਸ ਪੰਨਾ-229)

ਤ੍ਰਿਮੂਰਤੀ ਦਾ ਸਿਧਾਂਤ ਹੋਰ ਜ਼ਿਆਦਾ ਉਲਝਣ ਭਰਪੂਰ ਹੋ ਜਾਂਦਾ ਹੈ, ਜਦੋਂ ਅਸੀਂ ਵੇਖਦੇ ਹਾਂ ਕਿ ਵਧੇਰੇ ਈਸਾਈ ਯੀਸੂ ਦੀ ਮਾਂ ਮੈਰੀ ਨੂੰ ਵੀ ਥੀਓਟੋਕੋਜ਼ (ਪਰਮਾਤਮਾ ਦੀ ਮਾਂ) ਵਜੋਂ ਪੂਜਦੇ ਹਨ। ਪੋਪ ਜਾਨ ਪਾਲ ਦਾ ਨਾਅਰਾ ਹੈ ਟੋਟਸ ਟੂਟਸ (ਹੇ ਮੈਰੀ, ਮੈਂ ਪੂਰੀ ਤਰ੍ਹਾਂ ਤੇਰਾ ਹਾਂ) ਅਤੇ ਉਹ ਆਪਣੀ ਪੁਸਤਕ (ਕਰਾਸਿੰਗ ਦ ਥਰੈਸ਼ ਹੋਲਡ ਆਫ ਹੋਪ) ਵਿਚ ਲਿਖਦਾ ਹੈਂ, "ਪਰਮਾਤਮਾ ਦੀ ਮਾਤਾ ਲਈ ਸੱਚਾ ਸਮਰਪਣ ਤਾਂ ਪੂਰਨ ਈਸਾਈ (ਕ੍ਰਿਸਟੋਸੈਂਟਰਿਕ) ਹੋਣਾ ਹੀ ਹੈ : ਅਸਲ ਵਿਚ ਇਹ ਪਵਿਤ੍ਰ ਮੈਰੀ ਦੇ ਵਿਅਕਤਿਤਵ ਵਿਚ ਡੂੰਘੀ ਤਰ੍ਹਾਂ ਰਮਿਆ ਹੋਇਆ ਹੈ (ਪੰਨਾ-213) "ਮੈਰੀ ਨੂੰ ਮੰਨਣਾ ਅਤੇ ਮੈਰੀ ਲਈ ਸਮਰਪਣ ਹੋਣਾ ਇਕ ਸ਼ਕਤੀਸ਼ਾਲੀ ਰਚਨਾਤਮਕ ਪ੍ਰੇਰਣਾ ਬਣ ਜਾਂਦਾ ਹੈ। (ਉਹੀ, ਪੰਨਾ 217)

ਇਸ ਤੋਂ ਇਲਾਵਾ ਇਹ ਗੱਲ ਵੀ ਆਮ ਵੇਖਣ ਵਿਚ ਆਉਂਦੀ ਹੈ ਕਿ ਈਸਾਈ ਕਈ ਥਾਂ ਸੰਤਾਂ ਨੂੰ ਵੀ ਪੂਜਦੇ ਹਨ ।

**ਸਿੱਖ ਦ੍ਰਿਸ਼ਟੀਕੋਣ :**

ਸਿੱਖ ਧਰਮ ਇਕ ਤੋਂ ਵੱਧ ਪਰਮਾਤਮਾ ਵਿਚ ਵਿਸ਼ਵਾਸ਼ ਨਹੀਂ ਰਖਦਾ। ਸਿੱਖ ਮਤ ਅਨੁਸਾਰ ਪਰਮਾਤਮਾ ਇਕ ਹੈ (ੴ) ਉਹ ਸਰਵ-ਵਿਆਪਕ, ਸਰਵ-ਸ਼ਕਤੀਮਾਨ ਅਤੇ ਸਰਵ-ਗਿਆਤਾ ਹੈ। ਕੋਈ ਸ਼ੈਤਾਨ, ਕੋਈ ਭੂਤ ਅਤੇ ਪਰਮਾਤਮਾ ਦਾ ਕੋਈ ਵਿਸ਼ੇਸ਼ ਪੁੱਤਰ ਸਿੱਖ ਧਰਮ ਚਿੰਤਨ ਵਿਚ ਮੌਜੂਦ ਨਹੀਂ। ਗੁਰੂ ਸਾਹਿਬ ਸਪਸ਼ਟ ਆਖਦੇ ਹਨ :

**ਸਾਹਿਬ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥**

*(ਪੰਨਾ-350)*

ਮੇਰਾ ਪਰਮਾਤਮਾ ਇੱਕ ਹੈ ਅਤੇ ਸਿਰਫ ਇੱਕ ਹੀ ਹੈ। ਹੇ ਭਾਈ ਕਿਸੇ ਉਲਝਣ ਵਿਚ ਨਾ ਪਉ, ਉਹ ਇੱਕ ਹੈ, ਉਹ ਇੱਕ ਹੈ।

**ਏਕੈ ਰੇ ਹਰਿ ਏਕੈ ਜਾਨ॥ ਏਕੈ ਰੇ ਗੁਰਮੁਖਿ ਜਾਨ॥**

*(ਪੰਨਾ 434)*

ਉਹ ਇੱਕ ਹੈ, ਹੇ ਬੰਦੇ ਉਸਨੂੰ ਇੱਕ ਹੀ ਜਾਣ। ਹੇ ਗੁਰਮੁਖ ਵਿਅਕਤੀ ਉਹ ਇੱਕ ਹੀ ਹੈ। ਉਹ ਹਰ ਵਸਤੂ, ਹਰ ਜੀਵ ਵਿਚ ਵੱਸਦਾ ਹੈ।[78]

---

78. ਹਰ ਜਗ੍ਹਾ ਬਾਈਬਲ ਇਸ ਨੁਕਤਾ ਨਿਗਾਹ ਨੂੰ ਪ੍ਰਚਾਰਦੀ ਹੈ। ਜਿਵੇਂ ਕਿ "ਕੀ ਤੁਸੀਂ ਨਹੀਂ ਜਾਣਦੇ ਕਿ ਤੁਸੀਂ ਜਿਉਂਦੇ ਪਰਮਾਤਮਾ ਦਾ ਮੰਦਿਰ ਹੋ ਅਤੇ ਇਹ ਕਿ ਪਰਮਾਤਮਾ ਦੀ ਜੋਤਿ ਤੁਹਾਡੇ ਅੰਦਰ ਵੱਸਦੀ ਹੈ (I ਕੌਰ 1:16)



**ਬਾਜੀਗਰ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥**
**ਸਾਂਗੁ ਉਤਾਰਿ ਥੰਮਿਓ ਪਾਸਾਰਾ॥ ਤਬ ਏਕੋ ਏਕੰਕਾਰਾ॥**
**ਕਵਨ ਰੂਪ ਦ੍ਰਿਸਟਿਓ ਬਿਨਸਾਇਓ॥**
**ਕਤਹਿ ਗਇਓ ਉਹੁ ਕਤ ਤੇ ਆਇਓ॥ਰਹਾਉ॥**
**ਜਲ ਤੇ ਊਠਹਿ ਅਨਿਕ ਤਰੰਗਾ॥**
**ਕਨਿਕ ਭੂਖਨ ਕੀਨੇ ਬਹੁ ਰੰਗਾ॥**
**ਬੀਜੁ ਬੀਜਿ ਦੇਖਿਓ ਬਹੁਪਰਕਾਰਾ॥**
**ਫਲ ਪਾਕੇ ਤੇ ਏਕੰਕਾਰਾ॥**
**ਸਹਸ ਘਟਾ ਮਹਿ ਏਕੁ ਆਕਾਸੁ॥**
**ਘਟ ਫੂਟੇ ਤੇ ਓਹੀ ਪ੍ਰਗਾਸੁ॥**
**ਭਰਮ ਲੋਭ ਮੋਹ ਮਾਇਆ ਵਿਕਾਰ॥**
**ਭ੍ਰਮ ਛੂਟੇ ਤੇ ਏਕੰਕਾਰ॥**
**ਓਹੁ ਅਬਿਨਾਸ਼ੀ ਬਿਨਸਤ ਨਾਹੀ॥**
**ਨਾ ਕੋ ਆਵੈ ਨਾ ਕੋ ਜਾਹੀ॥ ਗੁਰਿ ਪੂਰੈ ਹਉਮੈ ਮਲੁ ਧੋਈ॥**
**ਕਹੁ ਨਾਨਕ ਮੇਰੀ ਪਰਮਗਤਿ ਹੋਈ॥**

*(ਪੰਨਾ-736)*

ਬਾਜੀਗਰ ਜਿਵੇਂ ਬਾਜੀ ਪਾਉਂਦਾ ਹੈ, ਕਈ ਪਹਿਰਾਵਿਆਂ ਵਿਚ ਕਈ ਰੂਪ ਵਿਖਾਉਂਦਾ ਹੈ। ਤਮਾਸ਼ਾ ਖਤਮ ਹੋਣ ਤੇ ਪਹਿਰਾਵੇ ਉਤਾਰ ਦਿੰਦਾ ਹੈ ਅਤੇ ਫਿਰ ਉਹ ਇੱਕੋ ਇੱਕ ਅਸਲੀ ਰਹਿ ਜਾਂਦਾ ਹੈ।[79] ਭਾਵੇਂ ਉਸਦੇ ਕਿੰਨੇ ਹੀ ਰੂਪ ਵਿਖਾਈ ਦਿੰਦੇ ਸਨ ਇਕ ਦਮ ਸਭ ਅਲੋਪ ਹੋ ਜਾਂਦੇ ਹਨ। ਉਹ ਕਿੱਥੇ ਗਏ? ਉਹ ਆਉਂਦੇ ਕਿੱਥੋਂ ਸਨ? ਇਸੇ ਤਰ੍ਹਾਂ ਜਲ 'ਚੋਂ ਅਣਗਿਣਤ ਤਰੰਗਾਂ ਉੱਠਦੀਆਂ ਹਨ ਤੇ ਅਲੋਪ ਹੁੰਦੀਆਂ ਰਹਿੰਦੀਆਂ ਹਨ। ਗਹਿਣੇ ਇੱਕੋ ਹੀ ਸੋਨੇ ਤੋਂ ਵੱਖ ਵੱਖ ਰੂਪਾਂ ਵਿਚ ਬਣੇ ਹੁੰਦੇ ਹਨ ਅਤੇ ਸ਼ਕਲਾਂ ਵਿੱਚ ਹੀ ਵੱਖਰੇ ਹੁੰਦੇ ਹਨ ਪਰ ਅਸਲੀਅਤ ਇੱਕੋ ਸੋਨਾ ਹੁੰਦੀ ਹੈ। ਮੈਂ ਬਹੁਤ ਪ੍ਰਕਾਰ ਦੇ ਬੀਜ ਬੀਜ ਕੇ ਵੇਖੇ ਹਨ ਜੋ ਵੇਖਣ ਪਾਖਣ ਨੂੰ ਵੱਖੋ ਵੱਖਰੇ ਦਿਸਦੇ ਹਨ ਪਰ ਜਦੋਂ ਫਲ ਪੱਕਦੇ ਹਨ ਤਾਂ ਉਨ੍ਹਾਂ ਅੰਦਰ ਬੀਜ ਆਪਣੇ ਅਸਲ ਬੀਜ ਵਰਗੇ ਹੀ ਹੁੰਦੇ ਹਨ। ਹਜ਼ਾਰਾਂ ਘੜਿਆਂ ਵਿਚ ਹਜ਼ਾਰਾਂ ਹੀ ਆਕਾਸ਼ ਦਿਸਦੇ ਹਨ ਪਰ ਜਦੋਂ ਘੜੇ ਫੁੱਟ ਜਾਂਦੇ ਹਨ ਤਾਂ ਸਿਰਫ ਇੱਕ ਹੀ ਆਕਾਸ਼ ਰਹਿ ਜਾਂਦਾ ਹੈ। ਇਨਸਾਨੀ ਭਰਮ, ਮੋਹ, ਮਾਇਆ, ਲਾਲਚ ਅਤੇ ਵਿਕਾਰਾਂ ਤੋਂ ਜਨਮ ਲੈਂਦਾ ਹੈ। ਜਦੋਂ ਭਰਮ ਤੋਂ ਛੁਟਕਾਰਾ ਮਿਲਦਾ ਹੈ ਤਾਂ ਮਨੁੱਖ ਨੂੰ ਪਰਮਾਤਮਾ ਦਾ

---

79. ਗੁਰੂ ਗ੍ਰੰਥ ਸਾਹਿਬ ਵਿੱਚ ਇਹ ਵਾਰ ਵਾਰ ਆਉਣ ਵਾਲਾ ਵਿਸ਼ਾ ਹੈ।
(ਵੇਖੋ- ਪੰਨਾ-903,907,966,1188 ਆਦਿ)

ਅਹਿਸਾਸ ਹੁੰਦਾ ਹੈ। ਪਰਮਾਤਮਾ ਅਬਿਨਾਸੀ ਹੈ। ਉਹ ਕਦੇ ਵੀ ਮਰਦਾ ਨਹੀਂ। ਉਹ ਨਾ ਤਾਂ ਆਉਂਦਾ (ਜੰਮਦਾ) ਹੈ ਅਤੇ ਨਾ ਹੀ ਜਾਂਦਾ (ਮਰਦਾ) ਹੈ। ਪੂਰਨ ਸਤਿਗੁਰੂ ਨੇ ਹਉਮੈ ਦੀ ਮੈਲ ਧੋ ਦਿੱਤੀ ਹੈ। ਗੁਰੂ ਨਾਨਕ ਆਖਦੇ ਹਨ ਕਿ ਮੈਂ ਹਉਮੈ ਦਾ ਭਰਮ ਤਿਆਗ ਕੇ ਪਰਮ ਗਤੀ (ਮੋਕਸ਼) ਪ੍ਰਾਪਤ ਕਰ ਲਈ ਹੈ ।

## 5.2 ਨਿਰਮਲ ਜਨਮ :

ਜੌਸੇਫ ਨੇ ਸੁਫ਼ਨੇ ਵਿੱਚ ਇੱਕ ਫਰਿਸ਼ਤਾ ਵੇਖਿਆ। ਫਰਿਸ਼ਤੇ ਨੇ ਕਿਹਾ, "ਹੇ ਡੇਵਿਡ ਦੇ ਪੁੱਤਰ ਜੌਸਫ਼ ਤੂੰ ਗਰਭਵਤੀ ਮੈਰੀ ਨੂੰ ਆਪਣੀ ਪਤਨੀ ਦੇ ਰੂਪ ਵਿਚ ਘਰ ਲਿਜਾਣ ਤੋਂ ਨਾ ਘਬਰਾ। ਕਿਉਂਕਿ ਮੈਰੀ ਦਾ ਗਰਭ ਪਵਿੱਤਰ ਆਤਮਾ ਦੀ ਦੇਣ ਹੈ"। (ਮੈਥਿਉ 1:20)

"ਪਰਮਾਤਮਾ ਆਪ ਤੈਨੂੰ ਕੋਈ ਸੰਕੇਤ ਦੇਣਗੇ। ਇਕ ਕੰਵਾਰੀ ਲੜਕੀ ਗਰਭ ਧਾਰਨ ਕਰਕੇ ਇਕ ਪੁੱਤਰ ਨੂੰ ਜਨਮ ਦੇਵੇਗੀ ਅਤੇ ਉਸਦਾ ਨਾਮ ਇਮਾਨੁਏਲ ਰੱਖਿਆ ਜਾਵੇਗਾ। (ਈਸਾਇਆਹ 7:14 ਅਧਿਕਾਰਤ ਪਾਠ 418)

ਉਪਰੋਕਤ ਦੱਸੀਆਂ ਜਾਂਦੀਆਂ ਭਵਿੱਖਬਾਣੀਆਂ ਦੇ ਆਧਾਰ ਤੇ ਮੰਨਿਆ ਜਾਂਦਾ ਹੈ ਕਿ ਯੀਸੂ ਨੂੰ ਨਿਰਮਲ ਜਨਮ ਦੀ ਪ੍ਰਾਪਤੀ ਹੋਈ। ਉਸ ਦੇ ਗਰਭ ਧਾਰਨ ਵਿੱਚ ਕੋਈ ਵੀ ਮਨੁੱਖੀ ਕਾਰਜ ਸੰਮਿਲਤ ਨਹੀਂ ਸੀ। ਇਹ ਵੀ ਸਵੀਕਾਰ ਕੀਤਾ ਜਾਂਦਾ ਹੈ ਕਿ ਜੌਸੇਫ ਦੁਆਰਾ ਇਹ ਸੁਫ਼ਨਾ ਕਿਸੇ ਵੀ ਵਿਅਕਤੀ ਨੂੰ ਸੁਣਾਇਆ ਨਹੀਂ ਸੀ ਗਿਆ ਅਤੇ ਨਾ ਹੀ ਉਸਨੇ ਆਪਣੀ ਲਿਖਤ ਵਿਚ ਕਿਧਰੇ ਇਸ ਦਾ ਜ਼ਿਕਰ ਕੀਤਾ ਹੈ। ਸੁਫਨੇ ਦੀ ਪ੍ਰਕਿਰਤੀ ਅਨੁਸਾਰ ਇਸ ਨੂੰ ਸੱਚ ਮੰਨਿਆ ਹੀ ਨਹੀਂ ਸੀ ਜਾ ਸਕਦਾ ਕਿਉਂਕਿ ਅਸੀਂ ਸਭ ਜਾਣਦੇ ਹਾਂ ਕਿ ਸੁਫਨੇ ਹਮੇਸ਼ਾ ਹੀ ਸੱਚੇ ਨਹੀਂ ਹੁੰਦੇ। ਜੌਸੇਫ ਵਾਲੇ ਮਾਮਲੇ ਵਿੱਚ ਇਹ ਸੁਫਨਾ ਜੌਸੇਫ ਦੀ ਮੌਤ ਤੋਂ ਅਨੇਕਾਂ ਸਾਲਾਂ ਬਾਅਦ ਲਿਖਿਆ ਗਿਆ।[80]

80. ਇਹ ਗੱਲ ਨੋਟ ਕਰਨ ਵਾਲੀ ਹੈ ਕਿ ਵਿਆਹ ਤੋਂ ਪਹਿਲਾ ਗਰਭ ਧਾਰਨ ਹੋਣਾ ਯੀਸੂ ਦੇ ਸਮੇਂ ਵਿਭਚਾਰ ਅਤੇ ਕਲੰਕ ਮੰਨਿਆ ਜਾਂਦਾ ਸੀ। ਵਿਆਹ ਤੋਂ ਪਹਿਲਾਂ ਗਰਭਵਤੀ ਹੋਣ ਵਾਲੀਆਂ ਲੜਕੀਆਂ ਨੂੰ ਪੱਥਰਾਂ ਨਾਲ ਮਾਰਨ ਦੀ ਸਜ਼ਾ ਨਿਰਧਾਰਿਤ ਸੀ (ਡਿਊਟਰੋਨੋਮੀ 20:20-21) ਬਾਈਬਲ ਆਪ ਹੀ ਦੱਸਦੀ ਹੈ "ਤੁਹਾਨੂੰ ਆਪਣੇ ਅੰਦਰ ਦੇ ਕਾਮ ਨੂੰ ਬਾਹਰ ਕੱਢ ਦੇਣਾ ਚਾਹੀਦਾ ਹੈ "। ਕੁੰਵਾਰੀਆਂ ਮਾਵਾਂ ਨੂੰ ਆਮ ਤੌਰ ਤੇ ਖੂਹ ਵਿੱਚ ਸੁੱਟ ਦਿੱਤਾ ਜਾਂਦਾ ਸੀ। ਕੇਲਸਾ ਲਿਖਦਾ ਹੈ ਕਿ ਮੈਰੀ ਦੇ ਇਕ ਰੋਮਨ ਸਪਾਹੀ ਨਾਲ ਨਾਜਾਇਜ਼ ਸਬੰਧ ਸਨ ਜਿਸ ਤੋਂ ਉਸ ਨੂੰ ਗਰਭ ਹੋਇਆ ।ਜੋਜ਼ਫ ਮੈਰੀ ਨੂੰ ਅਤੀ ਦੁਖਦਾਈ ਮੌਤ ਤੋਂ ਬਚਾਉਂਣਾ ਚਾਹੁੰਦਾ ਸੀ ਇਸ ਲਈ ਉਸਨੇ ਗਰਭ ਵਾਲੀ ਗੱਲ ਨੂੰ ਗੁਪਤ ਰੱਖਿਆ ਅਤੇ ਮੈਰੀ ਨੂੰ ਆਪਣੀ ਪਤਨੀ ਵਜੋਂ ਸਵੀਕਾਰ ਕਰਕੇ ਗੈਬਰੀਅਲ ਦੀ ਆਮਦ ਵਾਲੀ ਝੂਠੀ ਕਹਾਣੀ ਘੜੀ। ਮੈਥਿਊ ਵਿੱਚ ਅਸੀਂ ਪੜ੍ਹਦੇ ਹਾਂ ਕਿ "ਉਹ ਪਵਿੱਤਰ ਆਤਮਾ ਸੀ ਜਿਸਨੇ ਮੈਰੀ ਨੂੰ ਗਰਭਵਤੀ ਕੀਤਾ" (ਮੈਥਿਊ 1:18) ਪਰ ਲਿਊਕ (1:26-27) ਵਿੱਚ ਗਰਭਦਾਤਾ ਗੈਬਰੀਅਲ ਫਰਿਸ਼ਤਾ ਸੀ ।

ਯੀਸੂ ਨੂੰ ਦਿੱਵਯ ਮਹੱਤਤਾ ਅਤੇ ਮਹਾਨ ਗੁਰੂ ਦਾ ਰੁਤਬਾ ਸਿਰਫ ਇਸ ਲਈ ਮਿਲ਼ਿਆ ਹੈ ਕਿਉਕਿ ਉਹ ਪਿਤਾ ਤੋਂ ਬਿਨਾਂ ਹੀ ਪੈਦਾ ਹੋਇਆ ਹੈ। ਪਰ ਬਾਈਬਲ ਆਪ ਦੱਸਦੀ ਹੈ ਕਿ ਪਿਤਾ ਤੋਂ ਬਿਨਾ ਤਾਂ ਹੋਰ ਵੀ ਬਹੁਤ ਲੋਕ ਪੈਦਾ ਹੋਏ ਸਨ ।ਆਦਮ ਦਾ ਜਨਮ ਵੀ ਮਾਂ ਬਾਪ

*(ਚਲਦਾ)*



### ਸਿੱਖ ਦ੍ਰਿਸ਼ਟੀਕੋਣ :

ਸਿੱਖਾਂ ਵਿਚ ਇਹ ਪੱਕਾ ਵਿਸ਼ਵਾਸ ਹੈ ਕਿ ਮਾਂ ਬਾਪ ਤੋਂ ਬਿਨਾ ਔਲਾਦ ਨਹੀਂ ਹੁੰਦੀ ਅਤੇ ਆਧੁਨਿਕ ਜੀਵ ਵਿਗਿਆਨ ਦੁਆਰਾ ਵੀ ਇਸ ਦੀ ਪ੍ਰੌੜ੍ਹਤਾ ਹੁੰਦੀ ਹੈ ਕਿ ਗਰਭ ਸਿਰਫ ਮਰਦ ਦੇ ਸ਼ੁਕਰਾਣੂਆਂ ਅਤੇ ਔਰਤ ਦੇ ਅੰਡਿਆਂ ਦੇ ਮਿਲਾਪ ਨਾਲ ਹੀ ਹੋ ਸਕਦਾ ਹੈ। ਉਂਝ ਵੀ ਸਭਿਆਚਾਰਕ ਸਮਾਜਾਂ ਵਿੱਚ ਕੁਆਰੀ ਮਾਂ ਦੁਆਰਾ ਜੰਮੇ ਬੱਚੇ ਨੂੰ ਚੰਗੀ ਦ੍ਰਿਸ਼ਟੀ ਨਾਲ ਨਹੀਂ ਦੇਖਿਆ ਤੇ ਸੱਦਿਆ ਜਾਂਦਾ।[81]

**ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ॥** *(ਪੰਨਾ-872)*

ਜਿਵੇਂ ਪਿਤਾ ਅਤੇ ਮਾਤਾ ਬੱਚੇ ਦੇ ਜਨਮ ਲਈ ਜ਼ਰੂਰੀ ਹਨ ।

**ਮਾਂ ਕੀ ਰਕਤੁ ਪਿਤਾ ਬਿੰਦੁ ਧਾਰਾ॥**
**ਮੂਰਤਿ ਸੂਰਤਿ ਕਰਿ ਅਪਾਰਾ॥**

*(ਪੰਨਾ-1022)*

ਮਾਂ ਦੇ ਅੰਡੇ ਅਤੇ ਪਿਤਾ ਦੇ ਸ਼ੁਕਰਾਣੂ ਨਾਲ ਸਰੀਰ ਦੀ ਰਚਨਾ ਹੁੰਦੀ ਹੈ।

**ਮਾਤ ਪਿਤਾ ਸੰਜੋਗਿ ਉਪਾਏ ਰਕਤੁ ਬਿੰਦੁ ਮਿਲਿ ਪਿੰਡੁ ਕਰੇ॥**

*(ਪੰਨਾ-1013)*

ਤੋਂ ਬਿਨਾਂ ਹੀ ਹੋਇਆ ਸੀ। ਫਿਰ ਅਸੀਂ ਹੀਬਰੂ (17:1-3) ਵਿੱਚ ਪੜ੍ਹਦੇ ਹਾਂ ਕਿ "ਸਲੇਮ ਦਾ ਰਾਜਾ ਮੈਲਸ਼ੀਜ਼ੈਡੈਕ ਜੋ ਕਿ ਸਰਵੋਤਮ ਪਾਦਰੀ ਵੀ ਸੀ , ਮਾਂਪਿਆਂ ਤੋਂ ਬਿਨਾਂ ਪੈਦਾ ਹੋਇਆ ਸੀ। ਉਸ ਦਾ ਨਾ ਤਾਂ ਕੋਈ ਆਰੰਭ ਸੀ ਅਤੇ ਨਾ ਹੀ ਅੰਤ"। ਉਸਦੀ ਦਿੱਵਯਤਾ ਅਤੇ ਮਹਾਨਤਾ ਬਾਰੇ ਕੀ ਕਿਹਾ ਜਾਏ ? ਹੈਰਾਨੀ ਹੈ ਕਿ ਉਸ ਦਾ ਕੋਈ ਨਾਂ ਵੀ ਨਹੀਂ ਲੈਂਦਾ। ਫਿਰ ਅਸੀਂ ਮੈਥਿਊ (11:11) ਵਿੱਚ ਇਸ ਬਿਆਨ ਦਾ ਕੀ ਅਰਥ ਕੱਢੀਏ। "ਅਸਲ ਵਿੱਚ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਬਿਨਾਂ ਮਾਂ ਤੋਂ ਜਨਮ ਲੈਣ ਵਾਲਿਆਂ ਵਿਚੋਂ ਜੌਹਨ ਦ ਬੈਪਟਿਸਟ ਤੋਂ ਮਹਾਨ ਕੋਈ ਨਹੀਂ ਹੋਇਆ"? "ਚਾਰ ਉਪਦੇਸ਼ਾਂ ਵਿਚੋਂ ਦੋ (ਮਾਰਕ ਅਤੇ ਜੌਹਨ) ਨੇ ਕੁਆਰਪੁਣੇ ਵਾਲੇ ਗਰਭ ਦੀ ਗੱਲ ਨਹੀਂ ਦੱਸੀ। ਦੂਜੇ ਦੋਵੇਂ (ਮੈਥਿਊ ਅਤੇ ਲਿਊਕ) ਨਿਰਮਲ ਜਨਮ ਦੀ ਗੱਲ ਲਿਖਦੇ ਹਨ ਪਰ ਜਾਣਕਾਰੀ ਵੱਖਰੀ- ਵੱਖਰੀ ਦਿੰਦੇ ਹਨ। ਮਿਥਰਾ ਧਰਮ ਨੂੰ ਜਨਮ ਦੇਣ ਵਾਲਾ ਮਿਥਰਾ (ਪਰਸ਼ੀਆ ਦਾ ਜੰਮਪਲ) 25 ਦਸੰਬਰ ਨੂੰ ਈਸਾ ਮਸੀਹ ਤੋਂ ਪਹਿਲਾ ਹੀ ਇਕ ਕੁਆਰੀ ਮਾਂ ਦੁਆਰਾ ਗੁਫ਼ਾ 'ਚ ਪੈਦਾ ਹੋਇਆ ਸੀ। ਇਹ ਕਿਹਾ ਜਾਂਦਾ ਹੈ ਕਿ ਉਹ ਮੌਤ ਤੋਂ ਤੀਜੇ ਦਿਨ ਕਬਰ 'ਚੋ ਜ਼ਿੰਦਾ ਬਾਹਰ ਨਿਕਲ ਆਇਆ ਸੀ ਅਤੇ ਉਸਦੇ 12 ਚੇਲੇ ਸਨ।

ਡਾ: ਏ.ਬੀ. ਡੇਵਿਡਸਨ ਆਖਦੇ ਹਨ ਕਿ ਅਸਲ ਸ਼ਬਦ ਅਲਮਾਹ (Almah) ਦਾ ਅਰੈਮਿਕ (ਸਾਮੀ ਭਾਸ਼ਾ) ਵਿੱਚ ਅਰਥ ਹੈ "ਇਕ ਨੌਜਵਾਨ ਔਰਤ, ਇਕ ਵਿਆਹੁਣਯੋਗ ਲੜਕੀ"। ਇਸਨੂੰ ਯੂਨਾਨੀ ਭਾਸ਼ਾ ਵਿਚ ਗਲਤ ਢੰਗ ਨਾਲ ਅਨੁਵਾਦਿਤ ਕੀਤਾ ਗਿਆ ਅਤੇ "ਪਾਰਥੇਨੋਜ਼ (Parthenos)" ਲਿਖਿਆ ਗਿਆ ਜਿਸਦਾ ਅਰਥ ਹੈ- 'ਕੁਆਰੀ। ਕੁਆਰੀ ਲਈ ਅਰੈਮਿਕ ਭਾਸ਼ਾ ਵਿੱਚ ਸ਼ਬਦ ਹੈ 'ਬੈਥੂਲਾਹ'(Bethulah) ਜੋ ਬਾਈਬਲ ਦੀਆਂ ਪੁਰਾਣੀਆਂ ਪ੍ਰਤੀਆਂ ਵਿੱਚ ਕਿਧਰੇ ਵੀ ਵਰਤਿਆ ਨਹੀਂ ਮਿਲਦਾ, ਨਵੇਂ ਅਨੁਵਾਦਿਤ ਪਾਠ ਵਿਚ ਇਸ ਗਲਤੀ ਨੂੰ ਸੋਧ ਲਿਆ ਗਿਆ ਹੈ ।

81. ਪਰਮਾਤਮਾ ਨੇ ਆਦਮ ਨੂੰ ਪਿਤਾ ਅਤੇ ਮਾਤਾ ਦੀ ਮੱਦਦ ਤੋਂ ਬਿਨਾਂ ਹੀ ਪੈਦਾ ਕੀਤਾ ਪਰੰਤੂ ਆਦਮ ਯੀਸੂ ਵਰਗਾ ਮਹਾਨ ਨਹੀਂ ਮੰਨਿਆ ਜਾਂਦਾ। ਬਸ ਕਹਿ ਦਿੱਤਾ ਜਾਂਦਾ ਹੈ "ਜਿਵੇਂ ਆਦਮ ਵਿਚ ਸਭ ਮਰ ਗਏ ਉਸੇ ਤਰਾਂ ਯੀਸੂ ਅੰਦਰ ਸਭ ਜਨਮ ਲੈ ਗਏ।" (1 ਕੋਰਿੰਥੀਅਨਜ਼ 15:22)

ਮਾਂ ਅਤੇ ਪਿਤਾ ਦੇ ਸੰਯੋਗ ਨਾਲ ਹੀ ਭਰੂਣ ਦੀ ਰਚਨਾ ਹੁੰਦੀ ਹੈ। ਇਨਸਾਨੀ ਸਰੀਰ ਪਿਤਾ ਦੇ ਸ਼ੁਕਰਾਣੂ ਅਤੇ ਮਾਂ ਦੇ ਅੰਡੇ ਤੋਂ ਉਤਪੰਨ ਹੁੰਦਾ ਹੈ।

**ਬਿੰਦ ਰਕਤੁ ਮਿਲਿ ਪਿੰਡ ਸਰੀਆ॥**

*(ਪੰਨਾ-1026)*

ਸ਼ੁਕਰਾਣੂ ਅਤੇ ਅੰਡੇ ਦੇ ਸੰਯੋਗ ਨਾਲ ਸਰੀਰ ਦੀ ਰਚਨਾ ਹੁੰਦੀ ਹੈ।[82]

## 5.3 ਫਰਿਸ਼ਤੇ :

"ਪਰਮਾਤਮਾ ਦੇ ਤਖਤ ਦੁਆਲੇ ਪਰਾਸਰੀਰਕ ਵਿਅਕਤੀ ਘੁੰਮਦੇ ਰਹਿੰਦੇ ਹਨ। ਯੀਸੂ ਸਾਨੂੰ ਦੱਸਦੇ ਹਨ ਕਿ ਜਦੋਂ ਕੋਈ ਪਾਪੀ ਪਛਤਾਵਾ ਕਰਦਾ ਹੈ ਤਾਂ ਇਹ ਫਰਿਸ਼ਤੇ ਪਰਮਾਤਮਾ ਨਾਲ ਖੁਸ਼ੀ ਸਾਂਝੀ ਕਰਦੇ ਹਨ" (ਐਨਸਾਈਕਲੋਪੀਡੀਆ ਆਫ ਬਾਈਬਲ)। ਈਸਾਈ ਫਰਿਸ਼ਤਿਆਂ ਵਿਚ ਵਿਸ਼ਵਾਸ਼ ਰੱਖਦੇ ਹਨ[83] ਜੋ ਕੁਆਰੀਆਂ ਨੂੰ ਗਰਭ ਦਾਨ ਕਰਦੇ ਹਨ (ਜਿਵੇਂ ਮੈਰੀ ਤੋਂ ਬਿਨਾਂ ਹੋਰ ਬਹੁਤ ਸਾਰੀਆਂ ਨਾਲ ਹੋਇਆ)ਅਤੇ ਉਹ ਲੋਕਾਂ ਦੀ ਨਿੱਜੀ ਜ਼ਿੰਦਗੀ ਵਿਚ ਵੀ ਦਖ਼ਲ ਦਿੰਦੇ ਹਨ। (ਜਿਵੇਂ ਕਿ ਲਾਟ ਆਦਿਕ ਦੀ )।

### ਸਿੱਖ ਦ੍ਰਿਸ਼ਟੀਕੋਣ :

ਸਿੱਖ ਫਰਿਸ਼ਤਿਆਂ ਅਤੇ ਦੇਵਦੂਤਾਂ ਵਾਲੀ ਧਾਰਨਾ ਵਿਚ ਯਕੀਨ ਨਹੀਂ ਰੱਖਦੇ। ਉਹ ਸਿਰਫ ਪਰਮਾਤਮਾ ਵਿੱਚ ਯਕੀਨ ਕਰਦੇ ਹਨ। ਜੋ ਸਰਵ-ਸ਼ਕਤੀਮਾਨ ਹੈ ਅਤੇ ਫਰਿਸ਼ਤਿਆਂ ਵਰਗੇ ਉੱਪ-ਕਰਿੰਦਿਆ ਉੱਪਰ ਨਿਰਭਰ ਨਹੀਂ। ਸਿੱਖ ਮੰਨਦੇ ਹਨ :

**ਜੋ ਧਰਮ ਕਮਾਵੈ ਤਿਸੁ ਧਰਮ ਨਾਉ ਹੋਵੈ।**
**ਪਾਪਿ ਕਮਾਣੈ ਪਾਪੀ ਜਾਣੀਐ॥**

*(ਪੰਨਾ-138)*

---

82. ਹੋਰ ਵੇਖੋ ਗੁਰੂ ਗ੍ਰੰਥ ਸਾਹਿਬ ਪੰਨਾ 63, 706, 945
83. ਕੁਝ ਲੋਕ (ਖਾਸ ਤੌਰ ਤੇ ਮੁਸਲਮਾਨ) ਵਿਸ਼ਵਾਸ਼ ਕਰਦੇ ਹਨ ਕਿ 80000 ਤੋਂ 1,00,000 ਤੱਕ ਫਰਿਸ਼ਤੇ ਹਨ। ਸਰਵੋਤਮ ਦੂਤ ਗੈਬਰੀਅਲ ਜਿਸਨੇ ਮੈਰੀ ਨੂੰ ਗਰਭਵਤੀ ਕੀਤਾ ਅਤੇ ਬਾਅਦ ਵਿੱਚ ਹਜ਼ਰਤ ਮਹੁੰਮਦ ਨੂੰ ਕਰਾਨ ਸੌਂਪਿਆ (ਮੁਸਲਿਮ ਉਸਨੂੰ ਰੂਹ-ਉਲ-ਕੁਦਸ = ਪਵਿੱਤਰ ਆਤਮਾ ਆਖਦੇ ਹਨ), ਮਾਈਕਲ ਜੋ ਅੰਨ੍ਹ ਅਤੇ ਵਰਖਾ ਦਿੰਦਾ ਹੈ (ਯਹੂਦੀ ਵਿਸ਼ਵਾਸ਼ ਕਰਦੇ ਹਨ ਕਿ ਉਹ ਇਜ਼ਰਾਈਲ ਦੀ ਦੇਖਭਾਲ ਕਰਦਾ ਹੈ) ਇਜ਼ਰਾਈਲ ਕਿਆਮਤ ਦੇ ਦਿਨ ਢੋਲ ਵਜਾਵੇਗਾ, ਅਜ਼ਰਾਈਲ ਮੌਤ ਦਾ ਫਰਿਸ਼ਤਾ ਹੈ। (ਮੁਸਲਿਮ ਉਸਨੂੰ ਮਲਕ-ਉਲ ਮੌਤ = ਮੌਤ ਦਾ ਫਰਿਸ਼ਤਾ) ਕਹਿੰਦੇ ਹਨ। ਮੁਸਲਮਾਨ ਦੋ ਹੋਰ ਫਰਿਸ਼ਤੇ ਜੋੜਦੇ ਹਨ (ਕਰਾਮਿਨ ਕਾਤਬੈਨ) ਉਹ ਹਨ ਮੁਨਕਰ ਅਤੇ ਨਕੀਰ ਜੋ ਆਦਮੀ ਦੀਆਂ ਰੋਜ਼ ਦੀਆਂ ਗੱਲਾਂ ਲਿਖਦੇ ਹਨ। ਉਨ੍ਹਾਂ ਦਾ ਵਿਸ਼ਵਾਸ਼ ਪਰਖਦੇ ਹਨ ਅਤੇ ਕਿਆਮਤ ਦੇ ਦਿਨ ਲਈ ਹਿਸਾਬ-ਕਿਤਾਬ ਸੰਭਾਲਦੇ ਹਨ। ਇਸ ਉਪਰੰਤ 8 ਫਰਿਸ਼ਤੇ ਪਰਮਾਤਮਾ ਦਾ ਤਾਜ ਉਠਾਉਂਦੇ ਹਨ, 19 ਨਰਕ ਦੀ ਦੇਖਭਾਲ ਕਰਦੇ ਹਨ ਅਤੇ ਰਿਜ਼ਵਾਨ ਫਰਿਸ਼ਤਾ ਸ੍ਵਰਗ ਦਾ ਮੁਖੀ ਹੈ।



ਜੋ ਧਰਮ ਅਨੁਸਾਰ ਜਿਉਂਦਾ ਹੈ, ਧਰਮੀ ਅਖਵਾਉਂਦਾ ਹੈ। ਉਹੀ ਫਰਿਸ਼ਤਾ ਹੈ। ਜੋ ਪਾਪ ਕਰਦਾ ਹੈ ਪਾਪੀ (ਸ਼ੈਤਾਨ) ਅਖਵਾਉਂਦਾ ਹੈ। ਕੁਝ ਈਸਾਈ ਮੰਨਦੇ ਹਨ ਕਿ ਇੱਕ ਚੰਗੇ ਧਰਮੀ ਦੇ ਨਾਲ ਵੀ ਹਮੇਸ਼ਾ ਫਰਿਸ਼ਤੇ ਹੁੰਦੇ ਹਨ। ਉਨ੍ਹਾਂ ਵਿਚੋਂ ਇੱਕ ਫਰਿਸ਼ਤਾ ਉਨ੍ਹਾਂ ਦੀ ਜ਼ਿੰਦਗੀ ਵਿਚ ਉਨ੍ਹਾਂ ਨੂੰ ਮਦਦ ਦਿੰਦਾ ਰਹਿੰਦਾ ਹੈ। (ਬਾਈਬਲ ਬੇਸਿਕਸ ਪੰਨਾ 15)

ਸਿੱਖ ਮੰਨਦੇ ਹਨ ਕਿ ਪਰਮਾਤਮਾ ਇਨਸਾਨਾਂ ਦਾ ਮਿੱਤਰ ਅਤੇ ਅਗਵਾਈਕਰਤਾ ਹੈ। ਉਹ ਸਭ ਕੁਝ ਕਰਨ ਦੇ ਸਮਰੱਥ ਹੈ ਅਤੇ ਉਸਨੂੰ ਫਰਿਸ਼ਤਿਆਂ ਦੀ ਮਦਦ ਦੀ ਜ਼ਰੂਰਤ ਨਹੀਂ।

**ਸਜਣੁ ਮੈਡਾ ਚਾਈਆ ਹਭ ਕਹੀ ਦਾ ਮਿਤੁ॥**
**ਹਭੇ ਜਾਣਨਿ ਆਪਣਾ ਕਹੀ ਨ ਠਾਹੇ ਚਿਤੁ॥**

*(ਪੰਨਾ-1096)*

ਮੇਰਾ ਪ੍ਰਭੂ ਵਿਸ਼ਾਲ ਹਿਰਦੇ ਵਾਲਾ ਹੈ ਅਤੇ ਸਭ ਨਾਲ ਹੀ ਮਿੱਤਰਤਾ ਰੱਖਣ ਵਾਲਾ ਹੈ। ਹਰ ਕੋਈ ਉਸਨੂੰ ਮਿੱਤਰ ਮੰਨਦਾ ਹੈ ਉਹ ਕਿਸੇ ਨੂੰ ਵੀ ਕਦੇ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ ਨਹੀਂ ਕਰਦਾ।

## 5.4 ਧੂਫ਼ ਜਲਾਉਣਾ :

ਜਦੋਂ ਆਰੋਨ ਦੇ ਪੁੱਤਰਾਂ ਨਦਾਬ ਅਤੇ ਅਬੀਹੂ ਨੇ ਧੂਫ਼ ਜਲਾਈ ਤਾਂ ਪਰਮਾਤਮਾ ਨੇ ਗੁੱਸੇ ਵਿਚ ਆ ਕੇ ਉਨ੍ਹਾਂ ਨੂੰ ਜ਼ਿੰਦਾ ਜਲਾ ਦਿੱਤਾ। (ਲੈਵੀਟੀਕਸ : 18)

### ਸਿੱਖ ਦ੍ਰਿਸ਼ਟੀਕੋਣ :

ਸਿੱਖੀ ਪੱਖ ਤੋਂ ਇਹ ਬੜਾ ਅਨਿਆਂਪੂਰਨ ਜਾਪਦਾ ਹੈ ਕਿ ਪਰਮਾਤਮਾ ਕਿਸੇ ਨੂੰ ਧੂਫ਼ ਜਲਾਉਣ ਵਰਗੀ ਮਾਮੂਲੀ ਜਿਹੀ ਗੱਲ ਤੇ ਜਿਉਂਦੇ ਨੂੰ ਹੀ ਸਾੜ ਦੇਵੇ। ਧੂਫ਼ ਜਲਾਉਣਾ ਮੰਦਰਾਂ ਅਤੇ ਗੁਰਦੁਆਰਿਆਂ ਵਿਚ ਨਿੱਤਾਪ੍ਰਤੀ ਹੋ ਰਿਹਾ ਹੈ ਅਤੇ ਇਸਦਾ ਪਰਮਾਤਮਾ ਨਾਲ ਕੋਈ ਸੰਬੰਧ ਵੀ ਨਹੀਂ। ਧੂਫ ਤਾਂ ਸਿਰਫ਼ ਸੁਗੰਧੀ ਵਾਸਤੇ ਵਰਤੀ ਜਾਂਦੀ ਹੈ। ਇਹ ਤਾਂ ਪਰਮਾਤਮਾ ਦੀ ਦਿਆਲਤਾ ਦੁਆਰਾ ਇਨਸਾਨ ਨੂੰ ਮਿਲੇ ਸੁੱਖਾਂ ਦੇ ਧੰਨਵਾਦ ਦਾ ਪ੍ਰਗਟਾਵਾ ਕਰਨ ਲਈ ਬੜੇ ਸਤਿਕਾਰ ਨਾਲ ਧੁਖਾਈ ਜਾਂਦੀ ਹੈ। ਸਿੱਖਾਂ ਦਾ ਵਿਸ਼ਵਾਸ ਹੈ ਕਿ ਪਰਮਾਤਮਾ ਨੂੰ ਇਸ ਨਾਲ ਕੋਈ ਵਾਸਤਾ ਨਹੀਂ ਕਿ ਇਨਸਾਨ ਧੂਫ਼ ਜਲਾਉਂਦਾ ਹੈ ਜਾਂ ਨਹੀਂ। ਉਹ ਮੰਨਦੇ ਹਨ ਕਿ ਕੁਦਰਤ ਆਪ ਵੀ ਪਹਾੜਾਂ ਤੇ ਉੱਗੀ ਬਨਸਪਤੀ ਅਤੇ ਫੁੱਲਾਂ ਦੀ ਖੁਸ਼ਬੂ ਨਾਲ ਆਪਣੀ ਆਰਤੀ ਆਪੇ ਹੀ ਕਰੀ ਜਾ ਰਹੀ ਹੈ।

**ਧੂਪ ਮਲਆਨਲੋ ਪਵਣੁ ਚਵਰੋ ਕਰੇ**
**ਸਗਲ ਬਨਰਾਇ ਫੂਲੰਤ ਜੋਤੀ ॥**

*(ਪੰਨਾ-663)*

ਪਹਾੜਾਂ ਵਲੋਂ ਆਉਂਦੀ ਸੁਗੰਧੀ, ਕੁਦਰਤ ਵਲੋਂ ਵਰਤੀ ਧੂਫ਼ ਹੈ, ਹਵਾ ਉਸਦਾ ਚੌਰ ਹੈ ਅਤੇ ਸਾਰੀ ਬਨਸਪਤੀ ਅਤੇ ਫੁੱਲ ਉਸਦੀ ਭੇਟ ਹੋ ਰਹੇ ਹਨ। ਜਿਥੋਂ ਤੱਕ ਧੂਫ਼ ਬਾਲਣ ਦੀ ਗੱਲ ਹੈ ਓਲਡ ਟੈਸਟਮੈਂਟ ਨਾਲੋਂ ਨਿਊ ਟੈਸਟਾਮੈਂਟ ਦਾ ਮੱਤ ਵੱਖਰਾ ਜਾਪਦਾ ਹੈ। ਨਿਊ ਟੈਸਟਾਮੈਂਟ ਅਨੁਸਾਰ ਜ਼ਕਰੀਆ ਨੂੰ ਇਕ ਮੰਦਰ ਵਿਚ ਕੇਵਲ ਧੂਫ਼ ਜਲਾਉਣ ਲਈ ਹੀ ਨਿਯੁਕਤ ਕੀਤਾ ਗਿਆ ਸੀ (ਲਿਊਕ 1:9-11) ਅਤੇ ਅੱਜ ਵੀ ਗਿਰਜਾਘਰਾਂ ਵਿਚ ਧੂਫ਼ ਜਲਾਉਣ ਦਾ ਕੰਮ ਨਿਰੰਤਰ ਚੱਲ ਰਿਹਾ ਹੈ।

## 5.5 ਚਮਤਕਾਰ :

ਪਵਿੱਤਰ ਬਾਈਬਲ ਵਿਚ ਸਮੁੰਦਰ ਦਾ ਫਟਣਾ (ਐਕਜ਼ੋਡਸ 14, 21-22) ਨਦੀਆਂ ਨੂੰ ਰੋਕਣਾ (ਜੋਸ਼ 3,9-17) ਸੂਰਜ ਦਾ ਹੁਕਮ ਮੰਨ ਕੇ ਰੁਕ ਜਾਣਾ (ਜੋਸ਼ 10: 12-14)[84] ਬੰਦੇ ਦੁਆਰਾ ਅਗਨੀ ਦੇ ਰਥ ਵਿੱਚ ਸਵਾਰ ਹੋ ਕੇ ਆਕਾਸ਼ ਵਿਚ ਗਾਇਬ ਹੋਣਾ (II ਕਿੰਗਜ਼, 2,11) ਸਥਾਨਕ ਸੱਪਾਂ (ਜੈਨੇਸਿਸ 3, 1-4) ਅਤੇ ਗਧਿਆਂ ਦੁਆਰਾ ਮਨੁੱਖੀ ਭਾਸ਼ਾ ਬੋਲਣਾ (ਨਮ 22, 28-30) ਕੁਹਾੜੀਆਂ ਦਾ ਪਾਣੀ ਵਿਚ ਤੈਰਨਾ, (II ਕਿੰਗਜ਼, 6,4-7) ਤਾਰਿਆਂ ਦਾ ਮਨੁੱਖਾਂ ਦੇ ਨਾਲ-ਨਾਲ ਤੁਰਨਾ (ਮੈਥਿਊ 2:7-12) ਮੁਰਦਾ ਵਿਅਕਤੀਆਂ ਦਾ ਕਬਰ 'ਚੋਂ ਬਾਹਰ ਆ ਕੇ ਬੋਲਣਾ (ਮੈਥਿਊ 8:28-32) ਅਤੇ (27:52) ਘੋੜਿਆਂ ਦੁਆਰਾ ਅੱਗ, ਧੂੰਆਂ ਅਤੇ ਗੰਧਕ ਉਗਲਣਾ (ਰੈਵ 9:17) ਜੋਨਾਹ ਦਾ ਵੇਲ੍ਹ ਮੱਛੀ ਦੇ ਪੇਟ ਵਿਚ ਵੀ (ਜੋਨਾਹ 1:17) ਅਤੇ ਕੀੜਿਆਂ ਦੇ ਖਾਧੇ ਕੱਦੂ ਵਿਚ ਕਈ ਦਿਨਾਂ ਤੱਕ ਜ਼ਿੰਦਾ ਰਹਿਣਾ (ਜੋਹਨਤ, 6-7) ਆਮ ਚਮਤਕਾਰਕ ਕਹਾਣੀਆਂ ਹਨ। ਇਸ ਤਰ੍ਹਾਂ ਦੀਆਂ ਅਨੇਕਾਂ ਗ਼ੈਰਕੁਦਰਤੀ ਗੱਲਾਂ ਬਾਈਬਲ ਵਿੱਚ ਆਮ ਹਨ ।

ਯੀਸੂ ਬਾਰੇ ਵੀ ਲਿਖਿਆ ਗਿਆ ਹੈ ਕਿ ਉਸਨੇ ਕਈ ਚਮਤਕਾਰ ਕੀਤੇ[85] ਜੋ ਉਸਦੇ ਦਿਵਯ ਹੋਣ ਦਾ ਪ੍ਰਮੁੱਖ ਪ੍ਰਮਾਣ ਬਣੇ। ਉਸ ਨੇ ਇੱਕ ਕੋੜ੍ਹੀ ਨੂੰ ਠੀਕ ਕਰ ਦਿੱਤਾ

84. ਹਿੰਦੂ ਮਿਥਿਹਾਸ ਵਿੱਚ ਪਵਨ ਪੁੱਤਰ ਹਨੂੰਮਾਨ ਨੇ ਸੂਰਜ ਵੀ ਖਾ ਲਿਆ ਸੀ।

85. ਇਹ ਸ਼ਬਦ ਮਿਊਰ (Miurs) ਤੋਂ ਉਪਜਿਆ ਹੈ ਅਤੇ ਔਕਸਫੋਰਡ ਇੰਗਲਿਸ਼ ਡਿਕਸ਼ਨਰੀ ਅਨੁਸਾਰ ਇਸ ਦਾ ਅਰਥ ਹੈ ਕਿ ਘਟਨਾ ਪਰਾਸਰੀਰਕ ਤੱਤ ਨਾਲ ਸੰਬੰਧਿਤ ਹੈ। ਵੀ.ਸੀ. ਡੈਜ਼ਰਟਿਸ ਚਮਤਕਾਰ ਦੀ ਪ੍ਰੀਭਾਸ਼ਾ ਦਿੰਦਿਆਂ ਲਿਖਦਾ ਹੈ, " ਚਮਤਕਾਰ ਪਰਾਸਰੀਰਕ ਅਦਿੱਖ ਸ਼ਕਤੀ ਦੁਆਰਾ ਵਾਪਰੀ ਘਟਨਾ ਹੈ ਜੋ ਸਾਧਾਰਣ ਨਿਯਮਾਂ ਦੇ ਵਿਪਰੀਤ ਹੁੰਦੀ ਹੈ ।। (ਸਿਚਿਕ ਫਿਲਾਸਫ਼ੀ ਪੰਨਾ 32) "ਦ ਵਿਟਨੈੱਸ ਆਫ਼ ਦ ਹਿਸਟਰੀ ਟੂ ਕਰਾਈਸਟ" ਦੇ ਕਰਤਾ ਡਾ: ਫੈਰਰ ਨੇ 'ਸੁਪਰ ਨੈਚਰਲ ਰਿਲੀਜ਼ਨ' ਵਿੱਚ ਲਿਖਿਆ ਹੈ, "ਜੇ ਚਮਤਕਾਰਾਂ ਤੋਂ ਸਾਡਾ ਵਿਸ਼ਵਾਸ ਉੱਠ ਗਿਆ ਤਾਂ ਈਸਾਈ ਧਰਮ ਦਾ ਕੋਈ ਅਰਥ ਨਹੀਂ ਰਹਿੰਦਾ"



(ਮੈਥਿਊ 8-3)[86] ਅੰਨ੍ਹੇ ਨੂੰ ਵੇਖਣ ਲਾ ਦਿਤਾ (ਮੈਥਿਊ 20:30-34) ਯੂਨਾਨੀ ਲੜਕੀ ਚੋਂ ਪ੍ਰੇਤ ਕੱਢ ਦਿੱਤਾ (ਮਾਰਕ 7:25-30) ਅੱਖਾਂ ਬਖਸ਼ ਦਿੱਤੀਆਂ (ਮਾਰਕ 9, 2-10), ਪਾਣੀ ਨੂੰ ਸ਼ਰਾਬ ਵਿਚ ਬਦਲ ਦਿੱਤਾ (ਜੌਹਨ 2:1-11), ਇੱਕ ਰੋਟੀ ਨੂੰ ਹਜ਼ਾਰਾਂ ਭੁੱਖਿਆਂ ਵਿੱਚ ਵੰਡ ਦਿੱਤਾ (ਮਾਰਕ 6:30-44), ਹਵਾ ਅਤੇ ਲਹਿਰਾਂ ਨਾਲ ਗੱਲਾਂ ਕੀਤੀਆਂ (ਮਾਰਕ 4-35-41) ਲੰਗੜੇ ਨੂੰ ਤੁਰਨ ਲਾ ਦਿੱਤਾ (ਜੌਹਨ 5:1-9) ਮੁਰਦੇ ਨੂੰ ਜਿਉਂਦਾ ਕਰ ਦਿੱਤਾ (ਜੌਹਨ 11:38-44। ਗੁੰਗੇ ਬੋਲੇ ਨੂੰ ਭੁੱਟ ਭੁੱਟ ਬੋਲਣ ਲਾ ਦਿੱਤਾ ।ਯੀਸੂ ਨੇ ਕਿਹਾ, "ਐਫਟਾ" (ਇਸਦਾ ਅਰਥ ਹੈ 'ਖੁੱਲ ਜਾ') ਅਤੇ ਉਹ ਬੰਦਾ ਬੋਲਣ ਅਤੇ ਸੁਣਨ ਲੱਗ ਪਿਆ। ਯੀਸੂ ਨੇ ਸੂਰਾਂ ਦੇ ਇੱਜੜ ਵਿਚ ਕੁੱਝ ਦੈਂਤ ਵਾੜ ਦਿੱਤੇ, ਸੂਰਾਂ ਦਾ ਇੱਜੜ ਉਸੇ ਵੇਲੇ ਮਰ ਗਿਆ (ਮੈਥਿਊ 8:28-32)

ਬਾਈਬਲ ਦੇ ਕੁੱਝ ਚਮਤਕਾਰ ਤਾਂ ਅਵਿਸ਼ਵਾਸ ਦੀ ਹੱਦ ਤੱਕ ਚਲੇ ਜਾਂਦੇ ਹਨ। ਮਿਸਾਲ ਵਜੋਂ ਜੈਨੇਸਿਜ਼ ਵਿਚ (38:29) ਅਸੀਂ ਵੇਖਦੇ ਹਾਂ ਕਿ ਤਾਮਰ ਨੇ ਜਦੋਂ ਜੌੜੇ ਬੱਚਿਆਂ ਨੂੰ ਜਨਮ ਦੇਣਾ ਸੀ ਤਾਂ ਇਕ ਬੱਚੇ ਨੇ ਕੁੱਖ ਵਿਚੋਂ ਹੱਥ ਬਾਹਰ ਕੱਢਿਆ। ਨਰਸ ਨੇ ਉਸਦੇ ਗੁੱਟ ਤੇ ਲਾਲ ਰੰਗ ਦਾ ਧਾਗਾ ਬੰਨ੍ਹ ਦਿੱਤਾ ਤਾਂ ਬੱਚੇ ਨੇ ਆਪਣਾ ਹੱਥ ਕੁੱਖ ਵਿੱਚ ਵਾਪਸ ਕਰ ਲਿਆ। ਜਦੋਂ ਯੀਸੂ ਨੂੰ ਦਰੱਖਤ ਤੋਂ ਬੇ ਮੌਸਮ ਫਲ ਨਹੀਂ ਲੱਭਿਆ ਤਾਂ ਉਸਨੇ ਦਰਖ਼ਤ ਨੂੰ ਸਰਾਪ ਦਿੱਤਾ, "ਤੈਨੂੰ ਮੁੜ ਕੇ ਕੋਈ ਫਲ ਨਾ ਲੱਗੇ" ਅਤੇ ਦਰੱਖਤ ਉਸੇ ਵੇਲੇ ਮੁਰਝਾ ਕੇ ਸੁੱਕ ਗਿਆ (ਮੈਥਿਊ 21-18-19)। ਯੀਸੂ ਦੇ ਕਹਿਣ ਤੇ ਤਾਰੇ ਇਸ ਤਰ੍ਹਾਂ ਟੁੱਟ ਰਹੇ ਸਨ ਜਿਵੇਂ ਦਰੱਖਤ ਤੋਂ ਬੇਰ ਕਿਰਦੇ ਹੋਣ। ਆਸਮਾਨ ਇਸ ਤਰਾਂ ਰੋਲ ਬਣ ਗਿਆ ਜਿਵੇਂ ਕਾਗਜ਼ ਦਾ ਰੋਲ ਹੁੰਦਾ ਹੈ। ਪਹਾੜੀ ਅਤੇ ਟਾਪੂ ਆਪਣੀ ਜਗ੍ਹਾ ਤੋਂ ਹਿੱਲ ਗਏ ।

ਇਹੋ ਜਿਹੇ ਵਚਿੱਤ੍ਰ ਚਮਤਕਾਰ (Tetra), ਵੱਡੇ ਵੱਡੇ ਕਾਰਨਾਮਿਆਂ (Dunameis) ਅਤੇ ਕਰਾਮਾਤਾਂ (Semeia) ਕਾਰਨ ਯੀਸੂ ਦੇ ਜਨਮ ਤੋਂ 451 ਸਾਲ ਬਾਅਦ ਕੈਲੀਡੋਨੀ ਕੌਂਸਲ ਨੇ ਐਲਾਨ ਕਰ ਦਿੱਤਾ ਕਿ ਯੀਸੂ 'ਮਨੁੱਖ ਦੀ ਜੂਨ ਵਿੱਚ ਪਰਮਾਤਮਾ' ਸੀ।

ਭਾਵੇਂ ਈਸਾਈ ਯੀਸੂ ਦੇ ਚਮਤਕਾਰਾਂ ਨੂੰ ਬੜਾ ਮਹੱਤਵ ਦਿੰਦੇ ਹਨ ਪਰ ਯੀਸੂ ਨੇ ਖ਼ੁਦ ਹੀ ਮੰਨਿਆ ਕਿ ਗ਼ੈਰ ਈਸਾਈ, ਅੰਧ ਵਿਸ਼ਵਾਸੀ ਅਤੇ ਝੂਠੇ ਗੁਰੂ ਵੀ ਇਸ ਪ੍ਰਕਾਰ ਦੇ ਚਮਤਕਾਰ ਕਰ ਸਕਦੇ ਹਨ। ਉਦਾਹਰਣ ਵਜੋਂ ਮੈਥਿਊ (24:24) ਵਿੱਚ ਉਸ ਨੇ ਕਿਹਾ, "ਹੋ ਸਕਦਾ ਹੈ ਕਿ ਝੂਠੇ ਯੀਸੂ, ਝੂਠੇ ਸਾਧੂ ਹੋਣ ਅਤੇ ਉਹ ਸੰਕੇਤ ਅਤੇ

86. ਹਿੰਦੂ ਮਿਥਿਹਾਸ ਵਿੱਚ ਕੱਸ਼ਯਪ ਦੁਆਰਾ ਕਈ ਕੋੜ੍ਹੀਆਂ ਦੇ ਇਲਾਜ ਅਤੇ ਅਨੇਕਾਂ ਅੰਨ੍ਹੇ ਲੋਕਾਂ ਨੂੰ ਹੱਥਾਂ ਦੀ ਛੋਹ ਨਾਲ ਹੀ ਨਿਗ੍ਹਾ ਦੇਣ ਦੀ ਗੱਲ ਦਾ ਜ਼ਿਕਰ ਮਿਲਦਾ ਹੈ।

ਚਮਤਕਾਰ ਵਿਖਾ ਦੇਣ"।[87] ਚਮਤਕਾਰ ਕਿਸੇ ਨੂੰ ਵੀ ਸੰਤ ਨਹੀਂ ਬਣਾਉਂਦਾ। ਇਹੋ ਜਿਹੇ ਚਮਤਕਾਰ ਹੋਰਨਾਂ ਈਸਾਈਆਂ ਅਤੇ ਯਹੂਦੀ ਧਾਰਮਿਕ ਆਗੂਆਂ ਦੁਆਰਾ ਵੀ ਵਿਖਾਏ ਗਏ। ਉਦਾਹਰਣ ਵਜੋਂ, ਐਲੀਸ਼ਾ ਨੇ 100 ਬੰਦਿਆਂ ਨੂੰ ਇਕ ਜਵਾਂ ਦੀ ਰੋਟੀ ਦੇ 20 ਟੁਕੜਿਆਂ ਨਾਲ ਰੱਜਵਾਂ ਭੋਜਨ ਕਰਾਇਆ। (II ਕਿੰਗਜ਼ 4:44) ਨਾਮਨ ਦਾ ਕੋੜ੍ਹ ਠੀਕ ਕੀਤਾ (II ਕਿੰਗਜ਼ 5:14) ਅਤੇ ਇੱਕ ਅੰਨ੍ਹੇ ਵਿਅਕਤੀ ਨੂੰ ਦੇਖਣ ਲਾ ਦਿੱਤਾ (II ਕਿੰਗਜ਼ 16:17) ਕਾਂ ਹੁਕਮ ਦੇ ਬੱਧੇ ਐਲਿਜਾ ਕੋਲ ਰੋਟੀ ਅਤੇ ਮੀਟ ਲੈ ਕੇ ਹਾਜ਼ਰ ਹੋਏ (I-ਕਿੰਗਜ਼ 17:16) ਐਲੀਜਾਹ ਨੇ ਇਕ ਮੁਰਦਾ ਬੱਚੇ ਨੂੰ ਜਿਉਂਦਾ ਕਰ ਦਿੱਤਾ (I-ਕਿੰਗਜ਼ 17:22) (II ਕਿੰਗਜ਼ 13.21) (II ਕਿੰਗਜ਼ 4:34) ਅਤੇ ਇੱਕ ਆਦਮੀ ਨੂੰ ਅੰਨ੍ਹਾ ਵੀ ਕਰ ਦਿੱਤਾ (II ਕਿੰਗਜ਼ 17:22) ਬੈਨਡੋਜ਼ਾ, ਜੋ ਈਸਾ ਦਾ ਸਮਕਾਲੀ ਸੀ, ਚਮਤਕਾਰ ਦਿਖਾਉਣ ਵਿਚ ਬੜਾ ਮਸ਼ਹੂਰ ਸੀ।

ਜਦੋਂ ਯੀਸੂ ਨੂੰ ਸੂਲੀ ਤੇ ਚੜ੍ਹਾਇਆ ਜਾ ਰਿਹਾ ਸੀ ਤਾਂ ਉਸਨੂੰ ਦੁੱਖ ਦੇਣ ਵਾਲੇ ਉਸ ਨੂੰ ਕੋਈ ਚਮਤਕਾਰ ਵਿਖਾਉਣ ਲਈ ਕਹਿ ਰਹੇ ਸਨ। ਉਹ ਕਹਿ ਰਹੇ ਸਨ ਕਿ ਚਮਤਕਾਰ ਨਾਲ ਹੇਠਾਂ ਉੱਤਰ ਕੇ ਜਾਨ ਬਚਾ ਲਵੋ। ਪਰ ਯੀਸੂ ਕੋਈ ਚਮਤਕਾਰ ਨਹੀਂ ਵਿਖਾ ਸਕਿਆ ।

ਭਾਵੇਂ ਯੀਸੂ ਆਖਦੇ ਹਨ ਕਿ, ਮੇਰੇ ਪਿਤਾ ਮੇਰੀ ਬੇਨਤੀ ਤੇ ਦੇਵਤਿਆਂ ਦੇ ਬਾਰਾਂ ਦਲ ਮੈਨੂੰ ਸੌਂਪ ਦੇਣਗੇ (ਮੈਥਿਊ 26:53) ਪਰ ਕ੍ਰਾਸ ਉੱਪਰ ਨਿਰਸਹਾਇ ਹੋਣ ਦਾ ਸਬੂਤ ਦਿੰਦਿਆਂ ਕਿਹਾ, "ਐ ਮੇਰੇ ਪਰਮਾਤਮਾ, ਐ ਮੇਰੇ ਪਰਮਾਤਮਾ ਤੁਸੀਂ ਮੈਨੂੰ ਇਸ ਵੇਲੇ ਕਿਉਂ ਤਿਆਗ ਦਿੱਤਾ"? ਇਸ ਕਸ਼ਟ ਵੇਲੇ ਤਾਂ ਉਸਦੇ ਚੇਲੇ (ਪੀਟਰ ਅਤੇ ਜਿਊਡਸ ਇਸਕੈਰੀਅਟ) ਵੀ ਉਸ ਤੋਂ ਮੁਨਕਰ ਹੋ ਗਏ। ਹੈਰਾਨੀ ਹੈ ਕਿ ਉਹ ਮਿੱਤਰ ਮਾਰ ਅਵਿਸ਼ਵਾਸੀ ਚੇਲੇ ਵੀ ਹੁਣ ਸਵਰਗ ਵਿਚ ਬਾਰਾਂ ਤਖ਼ਤਾਂ ਤੇ ਬਿਰਾਜਮਾਨ ਸੁਣੀਂਦੇ ਹਨ। (ਲਿਊਕ 22:30)

**ਸਿੱਖ ਦ੍ਰਿਸ਼ਟੀਕੋਣ :**

ਸਿੱਖ ਧਰਮ ਚਮਤਕਾਰ ਦਿਖਾਉਣਾ ਉਚਿੱਤ ਨਹੀਂ ਮੰਨਦਾ ਅਤੇ ਕਹਿੰਦਾ ਹੈ ਕਿ ਚਮਤਕਾਰ ਹਉਮੈ 'ਚੋਂ ਉਪਜਦੇ ਹਨ। ਗੁਰੂ ਸਾਹਿਬ ਲਿਖਦੇ ਹਨ :

87. ਬਾਈਬਲ ਸਾਨੂੰ ਸਹੀ ਅਤੇ ਗਲਤ ਚਮਤਕਾਰਾਂ ਦਾ ਅੰਤਰ ਨਹੀਂ ਦੱਸਦੀ ਅਤੇ ਨਾ ਹੀ ਇਹ ਝੂਠੇ ਪੈਗੰਬਰਾਂ ਦੀ ਪਛਾਣ ਲਈ ਕੋਈ ਨਿਯਮ ਨਿਰਧਾਰਿਤ ਕਰਦੀ ਹੈ। ਹਿੰਦੂ ਮਹਾਂਪੁਰਸ਼ ਸ਼ੁਕਰਾਚਾਰੀਆ ਵਿੱਚ ਅਤੇ ਯੀਸੂ ਵਿੱਚ ਕੀ ਅੰਤਰ ਸੀ ਜਦ ਕਿ ਸ਼ੰਕਰਾਚਾਰੀਆ ਨੇ ਵੀ ਜ਼ਮੀਨ ਵਿਚ ਦੱਬੇ ਹੋਏ ਮੁਰਦਾ ਸੈਨਕਾਂ ਦੇ ਟੋਲੇ ਨੂੰ ਮੁੜ ਜਿੰਦਾ ਕਰ ਦਿੱਤਾ ਸੀ । ਜਾਂ ਫੇਰ ਧੰਨਵੰਤਰੀ ਦੀ ਮਿਸਾਲ ਲਵੋ, ਜਿਸਨੇ ਦਫਨ ਕੀਤੇ ਹੋਏ ਇੱਕ ਮੁਰਦਾ ਵਿਅਕਤੀ ਨੂੰ ਕਈ ਦਿਨਾਂ ਬਾਅਦ ਮੁੜ ਜਿੰਦਾ ਕਰ ਦਿੱਤਾ ਸੀ। ਕਹਾਣੀਆਂ ਵਿਸ਼ਵਾਸ਼ਯੋਗ ਨਹੀਂ ਅਤੇ ਇਨ੍ਹਾਂ ਦਾ ਕੋਈ ਸਬੂਤ ਵੀ ਨਹੀਂ ।ਵਿਗਿਆਨਕ ਸੋਚ ਵਾਲੇ ਇਨਸਾਨ ਲਈ ਅਜਿਹੀਆਂ ਗੱਲਾਂ ਨੂੰ ਸੱਚ ਮੰਨਣਾ ਬੜਾ ਮੁਸ਼ਕਿਲ ਹੈ।



**ਬਿਨ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥**
**ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸ ਦਾਤਿ॥**
**ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ॥**

*(ਗੁਰੂ ਗ੍ਰੰਥ ਸਾਹਿਬ, ਪੰਨਾ 650)*

ਹਿਰਦੇ ਵਿਚ ਪਰਮਾਤਮਾ ਦੇ ਨਾਮ ਸਿਮਰਨ ਤੋਂ ਬਿਨਾਂ ਸੌਣਾ ਪਹਿਨਣਾ ਤੇ ਵਧੀਆ ਭੋਜਨ ਕਰਨਾ ਸਭ ਕੁੱਝ ਵਿਅਰਥ ਹਨ ।ਸਿੱਧੀ ਅਤੇ ਕਰਾਮਾਤ ਸਿਰਫ਼ ਉਹੀ ਹੈ ਜਿਸ ਦੀ ਚਿੰਤਾ ਰਹਿਤ ਪਰਮਾਤਮਾ ਦੁਆਰਾ ਬੰਦੇ ਨੂੰ ਬਖਸ਼ਿਸ਼ ਹੁੰਦੀ ਹੈ।

**ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥**

*(ਗੁਰੂ ਗ੍ਰੰਥ ਸਾਹਿਬ, ਪੰਨਾ 593)*

ਕਰਾਮਾਤੀ ਸ਼ਕਤੀਆਂ (ਰਿੱਧੀਆਂ-ਸਿੱਧੀਆਂ) ਸਿਰਫ਼ ਹਉਮੈ ਅਤੇ ਮੋਹ ਹੀ ਪੈਦਾ ਕਰਦੀਆਂ ਹਨ। ਕਰਾਮਾਤਾਂ ਪਰਮਾਤਮਾ ਦਾ ਨਾਮ ਹਿਰਦੇ ਵਿਚ ਨਹੀਂ ਵਸਣ ਦਿੰਦੀਆਂ। ਗੁਰੂ ਹਰਿ ਰਾਇ (ਸਿੱਖਾਂ ਦੇ ਸੱਤਵੇਂ ਗੁਰੂ) ਨੇ ਆਪਣੇ ਪੁੱਤਰ ਨੂੰ ਇਸ ਲਈ ਘਰੋਂ ਕੱਢ ਦਿੱਤਾ ਸੀ ਕਿਉਂਕਿ ਉਸਨੇ ਹਉਮੈ ਵਿਚ ਆ ਕੇ ਦਿੱਲੀ ਵਿਖੇ ਔਰੰਗਜ਼ੇਬ ਦੇ ਦਰਬਾਰ ਵਿਚ 52 ਚਮਤਕਾਰ ਵਖਾਏ ਸਨ। ਸਿੱਖ ਪਰਮਾਤਮਾ ਦੇ ਭਾਣੇ ਵਿਚ ਵਿਸ਼ਵਾਸ਼ ਰੱਖਦੇ ਸਨ। ਉਹ ਨਿਮਰ ਹੋ ਕੇ ਤਨੋਂ ਮਨੋਂ ਸੇਵਾ ਕਰਦੇ ਹਨ। ਗੁਰੂ ਅਰਜਨ ਦੇਵ (ਸਿੱਖਾਂ ਦੇ ਪੰਜਵੇਂ ਗੁਰੂ) ਨੇ ਤਰਨਤਾਰਨ ਵਿਖੇ ਕੋੜ੍ਹੀਆਂ ਦੀ ਇਕ ਨਗਰੀ ਦੀ ਸਥਾਪਨਾ ਕੀਤੀ ਜਿੱਥੇ ਉਹ ਆਪ ਉਨ੍ਹਾਂ ਦੇ ਜ਼ਖ਼ਮਾਂ ਨੂੰ ਸਾਫ ਕਰਦੇ ਅਤੇ ਦਵਾਈ ਲਗਾਉਂਦੇ ਸਨ। ਉਨ੍ਹਾਂ ਨੇ ਉਨ੍ਹਾਂ ਨੂੰ ਕਰਾਮਾਤ ਨਾਲ ਤੰਦਰੁਸਤ ਨਹੀਂ ਕੀਤਾ, ਹੱਥੀਂ ਸੇਵਾ ਕਰਕੇ ਸਿੱਖਾਂ ਨੂੰ ਇਨਸਾਨ ਦੀ ਸੇਵਾ ਕਰਨ ਦਾ ਸਬਕ ਸਿਖਾਇਆ ।

ਅਸੀਂ ਆਮ ਹੀ ਪਾਲ ਮਕੈਨਾ, ਡੇਵਿਡ ਕਾਪਰਫੀਲਡ ਅਤੇ ਪਾਲ ਡੇਨੀਅਲ ਆਦਿਕ ਵਲੋਂ ਵੱਡੀਆਂ ਵੱਡੀਆਂ ਮਿਜ਼ਾਈਲਾਂ ਅਤੇ ਹਾਥੀ ਗਾਇਬ ਹੁੰਦੇ ਅਤੇ ਫਿਰ ਪ੍ਰਗਟ ਹੁੰਦੇ ਦੇਖਦੇ ਹਾਂ। ਇਸ ਤਰ੍ਹਾਂ ਦੀਆਂ ਕਰਾਮਾਤਾਂ ਕਰਨ ਦੇ ਬਾਵਜੂਦ ਵੀ ਉਨ੍ਹਾਂ ਨੂੰ ਦਿਵਯ ਜਾਂ ਯੀਸੂ ਵਰਗਾ ਮਹਾਂਪੁਰਖ ਕੋਈ ਨਹੀਂ ਮੰਨਦਾ ।

## 5.6 ਮੌਤ :

ਆਦਮ ਤੇ ਹੱਵਾ ਦੀ ਕਹਾਣੀ ਵਿਚ ਪਰਮਾਤਮਾ ਕਹਿੰਦੇ ਹਨ, "ਤੁਸੀਂ ਬਾਗ ਦੇ ਵਿਚਕਾਰ ਲੱਗੇ ਦਰਖਤ ਦੇ ਫਲ ਨਹੀਂ ਖਾਵੋਗੇ ਅਤੇ ਤੁਸੀਂ ਇਸ ਨੂੰ ਛੂਹੋਗੇ ਵੀ ਨਹੀਂ ਜੇ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਯਕੀਨਨ ਮਰ ਜਾਓਗੇ। (ਜੈਨੇਸਿਜ਼ 2:16-17)

ਈਸਾਈ ਵਿਸ਼ਵਾਸ ਕਰਦੇ ਹਨ ਕਿ ਮੌਤ ਆਰਾਮ ਕਰਨ ਦਾ ਹੀ ਛੋਟਾ ਜਿਹਾ ਸਮਾਂ ਹੈ ਜਿਸ ਉਪਰੰਤ ਯੀਸੂ ਵਾਪਸ ਪਰਤ ਕੇ ਆਪਣੇ ਲੋਕਾਂ ਨੂੰ ਫੇਰ ਜਿਉਂਦਾ ਕਰ ਲੈਣਗੇ। "ਉਹ ਸਮਾਂ ਨੇੜੇ ਆ ਰਿਹਾ ਹੈ, ਜਦੋਂ ਉਹ ਸਾਰੇ ਜੋ ਕਬਰਾਂ ਵਿੱਚ ਹਨ, ਉਸਦੀ

ਆਵਾਜ਼ ਸੁਣਨਗੇ ਅਤੇ ਬਾਹਰ ਆ ਜਾਣਗੇ"।[88] (ਜੌਹਨ 5:26-29)

ਬਾਈਬਲ ਇਹ ਵੀ ਆਖਦੀ ਹੈ, " ਤੁਸੀਂ ਮਿੱਟੀ ਹੋ ਤੇ ਅੰਤ ਮਿੱਟੀ ਵਿੱਚ ਹੀ ਮਿਲ ਜਾਣਾ ਹੈ (Dust thou art to dust returneth) (ਐਕਸੈਲਸੀਆਸਟਸ 30:20-21) ਇਸ ਦਾ ਅਰਥ ਹੈ ਕਿ ਕਬਰ ਤੋਂ ਬਾਹਰ ਆਉਣ ਤੋਂ ਮਗਰੋਂ ਵੀ ਲੋਕ ਮਰ ਕੇ ਵਾਪਸ ਮਿੱਟੀ ਵਿੱਚ ਹੀ ਚਲੇ ਜਾਣਗੇ। ਜੇ ਅੰਤ ਮਿੱਟੀ ਵਿੱਚ ਹੀ ਮਿਲਣਾ ਹੈ ਤਾਂ ਮਰਨ ਮਗਰੋਂ ਕਬਰਾਂ ਵਿਚੋਂ ਉੱਠਣ ਦਾ ਕੀ ਅਰਥ ਰਹਿ ਜਾਂਦਾ ਹੈ ? ਜੇਕਰ ਮੌਤ ਇਨਸਾਨਾਂ ਉੱਪਰ ਆਦਮ ਅਤੇ ਹੱਵਾ ਦੇ ਪਾਪ ਕਰਨ ਕਰਕੇ ਥੋਪੀ ਗਈ ਹੈ ਤਾਂ ਫਿਰ ਹੋਰ ਹੈਰਾਨੀ ਹੁੰਦੀ ਹੈ ਕਿ ਪੰਛੀ ਜਾਨਵਰ ਤੇ ਪੌਦੇ ਕਿਉਂ ਮਰਦੇ ਹਨ?

## ਸਿੱਖ ਦ੍ਰਿਸ਼ਟੀਕੋਣ :

ਸਿੱਖ ਧਰਮ ਅਨੁਸਾਰ ਜੋ ਸਥੂਲ ਸਰੀਰ ਅਸੀਂ ਵੇਖਦੇ ਹਾਂ ਉਸਦੇ ਅੰਦਰ ਇਕ ਸੂਖਮ ਸਰੀਰ ਹੈ ਜੋ ਮਨ, ਬੁੱਧੀ ਅਤੇ ਜੀਵਨ ਰੌ ਨਾਲ ਬਣਿਆ ਹੈ। ਜਦੋਂ ਸਥੂਲ ਸਰੀਰ ਮਰਦਾ ਹੈ, ਸੂਖਮ ਸਰੀਰ ਇਸ ਨੂੰ ਛੱਡ ਜਾਂਦਾ ਹੈ ਅਤੇ ਕਿਤੇ ਹੋਰ ਚਲਾ ਜਾਂਦਾ ਹੈ। ਕੋਈ ਨਹੀਂ ਜਾਣਦਾ ਇਹ ਕਿਥੋਂ ਆਉਂਦਾ ਹੈ ਅਤੇ ਜਾਂਦਾ ਕਿੱਥੇ ਹੈ?

ਸਰੀਰਕ ਮੌਤ ਪਰਮਾਤਮਾ ਦਾ ਵਿਧਾਨ ਹੈ ਅਤੇ ਕੋਈ ਵੀ ਇਸ ਤੋਂ ਬਾਹਰ ਨਹੀਂ[89] ਯੀਸੂ ਮਰਦੇ ਹਨ, ਫਿਰ ਜ਼ਿੰਦਾ ਹੁੰਦੇ ਹਨ ਅਤੇ ਫਿਰ ਮਰਦੇ ਹਨ। ਇਹ ਸਭ ਗ਼ੈਰ ਕੁਦਰਤੀ ਹੈ। ਲੋਕਾਂ ਨੂੰ ਬਚਾਉਣ ਆਏ ਦਾ ਆਪ ਸੂਲੀ ਤੇ ਚੜ੍ਹ ਕੇ ਜਾਨ ਦੇ ਦੇਣਾ ਤਾਂ ਕਰਾਈਸਟ ਜਾਂ ਸੇਵੀਅਰ (saviour) ਸ਼ਬਦ ਦੇ ਹੀ ਉਲਟ ਹੈ। ਜੋ ਆਪ ਹੀ ਨਾ ਬੱਚ ਸਕਿਆ ਉਹ ਦੂਜਿਆਂ ਨੂੰ ਬਚਾਉਣਹਾਰਾ ਕਿਵੇਂ ਮੰਨਿਆ ਜਾਏ ? ਸੋ ਮੰਨਣਾ ਪਵੇਗਾ ਕਿ

---

88. ਰੋਮਨ ਕੈਥੋਲਿਕ ਵਿਸ਼ਵਾਸ਼ ਕਰਦੇ ਹਨ ਕਿ ਇੱਕ ਦਿਨ ਯੀਸੂ ਵਾਪਿਸ ਆਵੇਗਾ ਅਤੇ ਮੁਰਦਿਆਂ ਨੂੰ ਉਠਾਵੇਗਾ। ਉਨ੍ਹਾਂ ਦੇ ਸਰੀਰ ਵਿਚ ਜ਼ਿੰਦਗੀ ਫੇਰ ਧੜਕਗੀ। ਮੁਰਦਿਆਂ ਦੀ ਭਵਿੱਖਤ ਜ਼ਿੰਦਗੀ ਬਾਰੇ ਵਖੋ ਵੱਖਰੇ ਵਿਦਵਾਨਾਂ ਦੇ ਵਿਚਾਰ ਵੀ ਭਿੰਨ-ਭਿੰਨ ਹਨ। ਜਾਪਾਨੀ ਵਿਸ਼ਵਾਸ਼ ਕਰਦੇ ਹਨ ਕਿ ਈਸਾਈ ਮੁਰਦੇ ਅਮੇਰ ਵਿੱਚ (Amer) ਚਲੇ ਜਾਂਦੇ ਹਨ ਜਦਕਿ ਬਾਕੀ ਦੁਨੀਆਂ ਮਿਲਕੀ ਵੇ ਵਿਚ ਵਿਚਰਦੀ ਹੈ। ਸਲੈਵੋਨਿਕ ਰਵਾਇਤ ਅਨੁਸਾਰ ਮੁਰਦੇ ਪੂਰਬ ਵਿੱਚ ਸੂਰਜ ਦੇ ਪਿੱਛੇ ਚਲੇ ਜਾਂਦੇ ਹਨ। ਸੇਲਟਿਕ ਮਿਥਿਹਾਸ ਵਿਸ਼ਵਾਸ਼ ਕਰਦਾ ਹੈ ਕਿ ਸਵਰਗ ਪੱਛਮ ਦੇ ਟਾਪੂਆਂ ਵਿੱਚ ਹੈ ਮਿਸਰ ਦੇ ਲੋਕ ਯਕੀਨ ਕਰਦੇ ਹਨ ਕਿ ਸ੍ਵਰਗ ਅਤੇ ਨਰਕ ਦੋਵੇਂ ਧਰਤੀ ਦੇ ਹੇਠਾਂ ਹਨ। ਸਿੱਖ ਧਰਮ ਅਨੁਸਾਰ" ਜਾਤੋ ਜਾਇ ਕਹਾਂ ਤੇ ਆਵੈ, ਕਹ ਉਪਜੈ ਕਤ ਜਾਇ ਸਮਾਵੈ॥ (ਪੰਨਾ-142) ਭੌਤਿਕ ਸਰੀਰ ਜ਼ਰੂਰ ਖ਼ਤਮ ਹੋਵੇਗਾ। ਕੋਈ ਨਹੀਂ ਜਾਣਦਾ ਕਿ ਇਨਸਾਨੀ ਭੌਤਿਕ ਸਰੀਰ ਕਿੱਥੋਂ ਆਉਂਦੇ ਹਨ ਤੇ ਕਿੱਥੇ ਚਲੇ ਜਾਂਦੇ ਹਨ ।

89. "ਇਹੁ ਤਉ ਰਚਨ ਰਚਿਆ ਕਰਤਾਰਿ॥ ਆਵਤ ਜਾਵਤ ਹੁਕਮਿ ਅਪਾਰਿ" (ਪੰਨਾ-774) ਇਹ ਪਰਮਾਤਮਾ ਦੀ ਰਚਨਾ ਹੈ। ਜਨਮ ਤੇ ਮੌਤ ਪਰਮਾਤਮਾ ਦਾ ਭਾਣਾ ਹਨ। "ਨਾਨਕ ਏਵ ਨ ਜਾਪਈ ਕਿਥੇ ਜਾਇ ਸਮਾਹਿ" (ਪੰਨਾ-648) ਐ ਨਾਨਕ ਕੋਈ ਨਹੀਂ ਜਾਣਦਾ ਕਿ ਮੁਰਦੇ ਕਿੱਥੇ ਜਾਂਦੇ ਹਨ (ਪੰਨਾ-648)



ਜਾਂ ਤਾਂ ਉਹ ਮਰਿਆ ਨਹੀਂ ਸੀ ਅਤੇ ਜੇਕਰ ਉਹ ਮਰਿਆ ਸੀ ਤਾਂ ਨਿਸ਼ਚਿਤ ਤੌਰ ਤੇ ਜ਼ਿੰਦਾ ਨਹੀਂ ਹੋਇਆ। ਮੌਤ ਅਤੇ ਜੀਵਨ ਵਿਰੋਧੀ ਸਥਿਤੀਆਂ ਹਨ ਦੋਵੇਂ ਇਕੱਠੀਆਂ ਨਹੀਂ ਹੋ ਸਕਦੀਆਂ। ਯੀਸੂ ਦੇ ਪੁਨਰ ਜੀਵਨ ਨੇ ਵੀ ਕੀ ਸਵਾਰਿਆ ਜੇਕਰ ਕੁਝ ਦਿਨਾਂ ਉਪਰੰਤ ਹੀ ਉਹ ਫਿਰ ਮਰ ਗਿਆ? ਸਿੱਖ ਮੰਨਦੇ ਹਨ :

**ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥**

*(ਪੰਨਾ-473)*

ਭਾਵ ਜਿਸਦਾ ਸਮਾਂ ਆਉਂਦਾ ਹੈ ਉਹ ਦੁਨੀਆਂ ਤੋਂ ਚਲਾ ਜਾਂਦਾ ਹੈ।

**ਕਬੀਰ ਮਾਨਸ ਜਨਮ ਦੁਲੰਭੁ ਹੈ ਹੋਇ ਨਾ ਬਾਰ ਬਾਰ**
**ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨਾ ਲਾਗਹਿ ਡਾਰ॥**

*(ਪੰਨਾ-1366)*

ਮਨੁੱਖਾ ਜਨਮ ਬਹੁਤ ਕੀਮਤੀ ਹੈ। ਇਹ ਬਾਰ ਬਾਰ ਨਹੀਂ ਮਿਲਦਾ। ਜਿਸ ਤਰਾਂ ਕੋਈ ਫਲ ਪੱਕਣ ਉਪਰੰਤ ਦਰਖਤ ਦੀ ਟਹਿਣੀ ਤੋਂ ਡਿੱਗਦਾ ਹੈ ਅਤੇ ਮੁੜ ਉਸ ਟਹਿਣੀ ਉੱਪਰ ਨਹੀਂ ਲੱਗਦਾ ਇਸੇ ਤਰ੍ਹਾਂ ਬੰਦਾ ਵੀ ਮਰ ਕੇ ਜਿਉਂਦਾ ਨਹੀਂ ਹੋ ਸਕਦਾ ।

**ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨਾ ਜਾਇ॥**

*(ਪੰਨਾ-130)*

ਜਿਵੇਂ ਮਿੱਟੀ ਦਾ ਘੜਾ ਟੁੱਟਣ ਉਪਰੰਤ ਠੀਕਰੀਆਂ ਵਿਚ ਵੰਡਿਆ ਜਾਂਦਾ ਹੈ ਅਤੇ ਫਿਰ ਦੁਬਾਰਾ ਨਹੀਂ ਜੁੜਦਾ, ਬਿਲਕੁੱਲ ਉਵੇਂ ਹੀ ਇਨਸਾਨ ਦਾ ਸਰੀਰ ਹਮੇਸ਼ਾ ਲਈ ਖਤਮ ਹੋ ਜਾਂਦਾ ਹੈ। ਬਾਈਬਲ ਵਿਚ ਹੋ ਸਕਦਾ ਹੈ ਕਿ ਦੁੱਖਾਂ ਨੂੰ ਅਤਿਕਥਨੀ ਰਾਹੀਂ ਮੌਤ ਕਿਹਾ ਗਿਆ ਹੋਵੇ। ਜਦੋਂ ਪਾਲ ਕਹਿੰਦ ਹਨ ਕਿ "ਮੈਂ ਰੋਜ਼ ਮਰਦਾ ਹਾਂ" (ਕੁਰਿੰਥੀਅਨਜ਼ 15:31) ਤਾਂ ਇਸਦਾ ਸਿਰਫ਼ ਇਹੋ ਹੀ ਅਰਥ ਹੋ ਸਕਦਾ ਹੈ ਕਿ ਮੈਂ ਪਰਮਾਤਮਾ ਨਾਲੋਂ ਵਿਛੋੜੇ ਦੀ ਤੜਪ ਰੋਜ਼ ਸਹਿੰਦਾ ਹਾਂ, ਮੈਂ ਕੁੱਝ ਸਮੇਂ ਲਈ ਪਰਮਾਤਮਾ ਨੂੰ ਹਰ ਰੋਜ਼ ਭੁੱਲ ਜਾਂਦਾ ਹਾਂ, ਇਸ ਲਈ ਮੈਂ ਰੋਜ਼ ਮਰਦਾ ਹਾਂ। ਇਹ ਅਰਥ ਸਿੱਖ ਦ੍ਰਿਸ਼ਟੀਕੋਣ ਦੇ ਨੇੜੇ ਹੈ, ਜਦੋਂ ਗੁਰੂ ਸਾਹਿਬ ਫ਼ੁਰਮਾਨ ਕਰਦੇ ਹਨ :

**ਆਖਾ ਜੀਵਾ ਵਿਸਰੈ ਮਰ ਜਾਉ**[90]

*(ਪੰਨਾ-9)*

---

90. "ਜੀਵਤ ਮਰੈ ਮਰੈ ਫੁਨਿ ਜੀਵੈ ਤਾ ਨਾਨਕ ਮੋਖੰਤਰੁ ਪਾਵੈ" (ਪੰਨਾ 440) "ਜੀਵਤ ਮਰੇ ਮਰੇ ਫੁਨਿ ਜੀਵੇ ਐਸੇ ਸੁੰਨ ਸਮਾਇਆ, ਅੰਜਨ ਮਾਹਿ ਨਿਰੰਜਨ ਰਹੀਐ ਬਹੁੜਿ ਨਾ ਭਵਜਲਿ ਪਾਇਆ" (ਪੰਨਾ 332) "ਜੀਵਤ ਮਰਹੁ ਮਰਹੁ ਫੁਨਿ ਜੀਵਹੁ ਪੁਨਰਪਿ ਜਨਮ ਨਾ ਹੋਈ" (ਪੰਨਾ 1104) "ਬੁੱਲਿਆ ਹਿਜਰਤ ਵਿੱਚ ਇਸਲਾਮ ਦੇ ਮੇਰਾ ਨਿੱਤ ਹੈ ਖਾਸ ਮੁਕਾਮ। ਨਿੱਤ ਨਿੱਤ ਮਰਾਂ ਤੇ ਨਿੱਤ ਨਿੱਤ ਜੀਵਾਂ ਮੇਰਾ ਨਿੱਤ ਨਿੱਤ ਕੂਚ ਮੁਕਾਮ" (ਬੁੱਲੇ ਸ਼ਾਹ) ਬਾਈਬਲ ਵੀ ਇਹੋ ਵਿਚਾਰ ਮੰਨਦੀ ਪ੍ਰਤੀਤ ਹੁੰਦੀ ਹੈ ਜਦੋਂ ਕਹਿੰਦੀ ਹੈ "ਮੈਂ ਤੁਹਾਨੂੰ ਜ਼ੋਰ ਦੇ ਕੇ ਕਹਿੰਦਾ ਹਾਂ ਕਿ ਪੁਨਰ ਜਨਮ ਤੋਂ ਬਿਨਾ ਕੋਈ ਵਿਅਕਤੀ ਪਰਮਾਤਮਾ ਦਾ ਰਾਜ ਨਹੀਂ ਦੇਖ ਸਕਦਾ" (ਜੋਹਨ 3:3)

ਮੈਂ ਜਦੋਂ ਪਰਮਾਤਮਾ ਦਾ ਸਿਮਰਨ ਕਰਦਾ ਹਾਂ ਤਾਂ ਮੈਂ ਜਿਉਂਦਾ ਹੁੰਦਾ ਹਾਂ, ਪਰ ਜਦੋਂ ਉਸਨੂੰ ਭੁੱਲ ਜਾਂਦਾ ਹਾਂ ਤਾਂ ਮਰ ਜਾਂਦਾ ਹਾਂ। ਯੀਸੂ ਵੀ ਜਨਮ ਅਤੇ ਮੌਤ ਦਾ ਇਹੋ ਅਰਥ ਕੱਢਦੇ ਹੋਏ ਆਖਦੇ ਹਨ, "ਜਿਵੇਂ ਪਿਤਾ ਆਤਮਿਕ ਮੁਰਦਿਆਂ ਨੂੰ ਉਠਾਉਂਦੇ ਹਨ ਅਤੇ ਉਨ੍ਹਾਂ ਨੂੰ ਜ਼ਿੰਦਗੀ ਦਿੰਦੇ ਹਨ, ਉਸੇ ਤਰ੍ਹਾਂ ਪੁੱਤਰ ਉਨ੍ਹਾਂ ਨੂੰ ਜ਼ਿੰਦਗੀ ਦਿੰਦਾ ਹੈ ਜੋ ਆਤਮਿਕ ਮੌਤ ਮਰ ਚੁੱਕੇ ਹਨ। ਮਨੁੱਖ ਦੀ ਅਜਿਹੀ ਘਾਲਣਾ ਤੋਂ ਪਰਮਾਤਮਾ ਪ੍ਰਸੰਨ ਹੁੰਦਾ ਹੈ।" (ਜੌਹਨਜ਼ 5:21)

### 5:7 ਪਰਮਾਤਮਾ ਵਲੋਂ ਅਵਾਜ਼ਾਂ :

ਪਵਿੱਤਰ ਬਾਈਬਲ ਵਿਚ ਦਰਜ ਹੈ ਕਿ ਪਰਮਾਤਮਾ ਨਿਰੰਤਰ ਲੋਕਾਂ ਨਾਲ ਵਾਰਤਾਲਾਪ ਕਰਦੇ ਹਨ ਅਤੇ ਉਨ੍ਹਾਂ ਨੂੰ ਜ਼ੁਬਾਨੀ ਨਿਰਦੇਸ਼ ਦਿੰਦੇ ਹਨ।[91] ਈਸਾ ਨੇ ਆਪ ਪਰਮਾਤਮਾ ਦੀਆਂ ਅਵਾਜ਼ਾਂ ਸੁਣੀਆਂ ਅਤੇ ਹਜ਼ਰਤ ਮੂਸਾ ਨੂੰ ਵੀ ਅਜਿਹਾ ਹੀ ਮਹਿਸੂਸ ਹੋਇਆ।

### ਸਿੱਖ ਦ੍ਰਿਸ਼ਟੀਕੋਣ :

ਸਿੱਖ ਧਰਮ ਇਸ ਗੱਲ ਵਿੱਚ ਯਕੀਨ ਨਹੀਂ ਰਖਦਾ ਕਿ ਪਰਮਾਤਮਾ ਜਾਂ ਉਸਦੇ ਦੇਵਤਾ ਵਿਸ਼ੇਸ਼ ਵਿਅਕਤੀ ਨਾਲ ਸੁਫ਼ਨਿਆਂ ਵਿੱਚ ਜਾਂ ਉਜਾੜ ਵਿਚ ਆਵਾਜ਼ਾਂ ਰਾਹੀਂ ਕੋਈ ਗੱਲ ਕਰਦੇ ਹਨ। ਸਿੱਖ ਮੰਨਦੇ ਹਨ ਕਿ ਗੁਰੂ ਦੀ ਸਿੱਖਿਆ ਨਾਲ ਅੰਤਰ ਆਤਮਾ ਸ਼ੁੱਧ ਹੋ ਜਾਂਦੀ ਹੈ। ਸ਼ੁੱਧ ਅੰਤਰ ਆਤਮਾ ਆਪ ਰੱਬੀ ਵਿਚਾਰਾਂ ਦਾ ਵਾਹਨ ਬਣ ਜਾਂਦੀ ਹੈ। ਪਰਮਾਤਮਾ ਕਿਸੇ ਪਹਾੜ ਤੇ ਜਾਂ ਸੁੰਨ ਵਿਚ ਨਹੀਂ ਵੱਸਦਾ। ਸਿੱਖ ਧਰਮ ਦੇ ਅਨੁਸਾਰ ਪਰਮਾਤਮਾ ਸਾਡੇ ਅੰਦਰ ਹੈ।

**ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ॥**
**ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ॥**

*(ਪੰਨਾ 428)*

ਐ ਮੇਰੇ ਮਨ ਕਦੇ ਇਹ ਨਾ ਸੋਚ ਕਿ ਪਰਮਾਤਮਾ ਦੂਰ ਵੱਸਦਾ ਹੈ, ਸਗੋਂ ਉਸਨੂੰ ਆਪਣੇ ਅੰਦਰ ਹੀ ਸਮਝ। ਉਹ ਹਮੇਸ਼ਾ ਸਾਡੇ ਨਾਲ ਹੈ। ਉਹ ਸਾਨੂੰ ਵੇਖਦਾ ਹੈ ਅਤੇ ਸਾਨੂੰ ਸੁਣਦਾ ਹੈ। ਉਸਦਾ ਸ਼ਬਦ ਸਾਰੇ ਬ੍ਰਹਿਮੰਡ ਵਿਚ ਭਰਪੂਰ ਹੈ।

---

91. ਪਰਮਾਤਮਾ ਨੇ ਸੈਮੂਅਲ ਨੂੰ ਸੰਬੋਧਨ ਕੀਤਾ ਤਾਂ ਉਹ ਇਕ ਛੋਟਾ ਜਿਹਾ ਬੱਚਾ ਬਣ ਗਿਆ (ਸੈਮੂਅਲ 3:4-14) ।ਅਬਰਾਹਿਮ, ਜੋਸਫ਼ ਅਤੇ ਪੀਟਰ ਨੂੰ ਉਹ ਇੱਕ ਦੇਵਤਾ ਬਣ ਕੇ ਮਿਲਿਆ। ਉਹ ਓਲਡ ਟੈਸਟਾਮੈਂਟ ਦੇ ਨਬੀਆਂ ਨੂੰ ਸੁਫ਼ਨੇ 'ਚ ਮਿਲਿਆ। ਬਾਅਦ ਵਿਚ ਉਹ ਮੁੰਹਮਦ ਨੂੰ ਫਰਿਸ਼ਤਾ ਬਣ ਕੇ ਮਿਲਿਆ।



**ਘਟ ਹੀ ਮਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥**

*(ਪੰਨਾ 932)*

ਪਰਮਾਤਮਾ ਤੇਰੇ ਅੰਦਰ ਹੈ ਤੇ ਤੂੰ ਉਸ ਨੂੰ ਉਜਾੜ ਵਿੱਚ ਭਾਲਦਾ ਫਿਰਦਾ ਹੈ।

**ਘਟ ਹੀ ਭੀਤਰਿ ਬਸਤੁ ਨਿਰੰਜਨੁ ਤਾ ਕੋ ਮਰਮੁ ਨਾ ਜਾਨਾ॥**

*(ਪੰਨਾ 632)*

ਪਰਮਾਤਮਾ ਤੁਹਾਡੇ ਅੰਦਰ ਹੈ ਪਰ ਤੁਸੀਂ ਇਸ ਭੇਦ ਨੂੰ ਨਹੀਂ ਜਾਣਦੇ।

**ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥**

*(ਪੰਨਾ 1426)*

ਸੰਤ ਮਹਾਂਪੁਰਸ਼ ਵੀ ਇਹੀ ਆਖਦੇ ਹਨ ਕਿ ਪਰਮਾਤਮਾ ਤੁਹਾਡੇ ਅੰਦਰ ਵੱਸਦਾ ਹੈ। ਆਧੁਨਿਕ ਯੁੱਗ ਦੀਆਂ ਸਵੈਚਿੰਤਨ, ਸੰਮੋਹਣ, ਤੇ ਮੈਸਮਿਰਿਜ਼ਮ ਵਰਗੀਆਂ ਕਾਢਾਂ ਰਾਹੀਂ ਐਸਾ ਇੰਦਰਜਾਲ ਵਿਛਾਇਆ ਜਾ ਸਕਦਾ ਹੈ ਕਿ ਇਨਸਾਨ ਇਹ ਸਮਝਣ ਲੱਗ ਜਾਂਦਾ ਹੈ ਕਿ ਉਸ ਨੂੰ ਅਗੰਮ ਤੋਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਪਾਗਲਖ਼ਾਨਿਆਂ ਵਿਚ ਅਜਿਹੇ ਮਾਨਸਿਕ ਰੋਗੀਆਂ ਦੀ ਘਾਟ ਨਹੀਂ ਜੋ ਆਪਣੇ ਪਾਗਲਪਣ ਵਿਚ ਕਹਿੰਦੇ ਹਨ ਕਿ ਉਨ੍ਹਾਂ ਨੂੰ ਰੱਬੀ ਆਵਾਜ਼ਾਂ ਸੁਣਦੀਆਂ ਹਨ। ਜਦੋਂ ਯਾਰਕਸ਼ਾਇਰ ਦਾ ਕਾਤਲ (yorkshire ripper)[92] ਚਰਚ ਵਿੱਚ ਕਬਰਾਂ ਪੁੱਟਦਾ ਹੁੰਦਾ ਸੀ ਤਾਂ ਉਸ ਨੂੰ ਹਰ ਨਵੀਂ ਕਬਰ ਪੁੱਟਣ ਵੇਲੇ ਫਰਜ਼ੀ ਰੱਬੀ ਆਵਾਜ਼ਾਂ ਸੁਣਨ ਦਾ ਵਹਿਮ ਹੋ ਜਾਂਦਾ ਸੀ। ਆਵਾਜ਼ਾਂ ਕਹਿੰਦੀਆਂ ਸਨ , "ਗਲੀਆਂ ਬਾਜ਼ਾਰਾਂ ਵਿੱਚੋਂ ਬਦਇਖ਼ਲਾਕ ਜ਼ਨਾਨੀਆਂ ਨੂੰ ਮਾਰ ਕੇ ਖ਼ਤਮ ਕਰ ਦਿਓ।

---

92. ਬ੍ਰੈਡਫੋਰਡ ਨਿਵਾਸੀ ਪੀਟਰ ਸੁਟਕਲਿਫ ਇਕ ਦ੍ਰਿੜ੍ਹ ਵਿਸ਼ਵਾਸੀ ਕੈਥਲਿਕ ਈਸਾਈ ਹੈ (ਜੋ ਇਸ ਵੇਲੇ ਬਰੌਡਮੂਰ ਜੇਲ੍ਹ ਵਿਚ 10 ਸਾਲ ਦੀ ਸਜ਼ਾ ਭੁਗਤ ਰਿਹਾ ਹੈ)।ਉਹ ਐਸਾ ਆਤਮਿਕ ਰੋਗੀ ਹੈ ਜਿਸ ਨੇ 1975-81 ਵਿਚਕਾਰ ਰੱਬੀ ਆਵਾਜ਼ ਸੁਣਨ ਦੇ ਬਹਾਨੇ 13 ਔਰਤਾਂ ਨੂੰ ਕਤਲ ਕੀਤਾ ਅਤੇ 7 ਹੋਰਨਾਂ ਨੂੰ ਜੀਵਨ ਭਰ ਲਈ ਨਾਕਾਰਾ ਕਰ ਦਿੱਤਾ। ਉਹ ਕਹਿੰਦਾ ਸੀ ਕਿ ਉਸ ਨੂੰ ਪਰਮਾਤਮਾ ਵਲੋਂ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ ਜੋ ਹੁਕਮ ਦਿੰਦੀਆਂ ਹਨ, "ਮਾਰੋ, ਕਤਲ ਕਰੋ ਤੇ ਨਸ਼ਟ ਕਰ ਦਿਓ"।ਉਸ ਨੇ ਅਦਾਲਤ ਵਿਚ ਜੱਜ ਪਾਸੋਂ ਇਸ ਬਿਨਾ ਤੇ ਰਿਹਾਈ ਤਲਬ ਕੀਤੀ ਕਿ ਉਹ ਤਾਂ ਰਬ ਦਾ ਹੁਕਮ ਮੰਨ ਰਿਹਾ ਸੀ। ਉਸ ਨੇ ਕਿਹਾ, "ਮੈਂ ਕੋਈ ਪਾਗਲ ਸਿਰਫਿਰਿਆ ਕਾਤਲ ਨਹੀਂ। ਮੈਨੂੰ ਰੱਬ ਵੱਲੋਂ ਉਸੇ ਤਰ੍ਹਾਂ ਹੁਕਮ ਮਿਲਿਆ ਹੈ ਜਿਸ ਤਰ੍ਹਾਂ ਕਿਸੇ ਫੌਜੀ ਨੂੰ ਉਸ ਦੇ ਕਮਾਂਡਰ ਵਲੋਂ ਹੁਕਮ ਮਿਲਦਾ ਹੈ ।ਮੈਂ ਸਰਬਸ਼ਕਤੀਮਾਨ ਰੱਬ ਵਲੋਂ ਭੇਜੇ ਹੁਕਮ ਦੀ ਹੁਕਮ-ਅਦੂਲੀ ਕਿਸ ਤਰ੍ਹਾਂ ਕਰ ਸਕਦਾ ਹਾਂ ?"(voices from an evil God by Barbra Jones P.3,20,38,58 .)

ਪੀਟਰ ਦੀ ਪਤਨੀ ਵੀ ਕਿੱਥੇ ਪਿੱਛੇ ਰਹਿਣ ਵਾਲੀ ਸੀ ।ਉਹ ਦਾਅਵਾ ਕਰਦੀ ਹੈ ਕਿ ਉਹ ਮੁੜ ਜੰਮਿਆ ਯੀਸੂ ਹੈ ਤੇ ਉਸਨੂੰ ਪਰਮਾਤਮਾ ਨੇ ਚੁਣ ਕੇ ਭੇਜਿਆ ਹੈ। ਉਹ ਆਪਣੇ ਹੱਥ ਉਪਰ ਈਸਾਈ ਨਿਸ਼ਾਨ (stigmata) ਵੀ ਵਿਖਾਉਂਦੀ ਹੈ। (Ibid .p.53,68).। ਇਸੇ ਵਿਸ਼ੇ ਤੇ ਪੜ੍ਹੋ ਪੁਸਤਕ "Somebody's husband sombody's son by Burn. ਕੁਏਕਰ ਈਸਾਈਆਂ ਦਾ ਆਗੂ ਜੌਰਜ ਫੌਕਸ ਵੀ ਰੱਬੀ ਆਵਾਜ਼ਾਂ ਸੁਣਨ ਦਾ ਦਾਅਵਾ ਕਰਦਾ ਸੀ। ਆਵਾਜ਼ਾਂ ਕਹਿੰਦੀਆਂ ਸਨ ਕਿ ਤੂੰ ਹਮੇਸ਼ਾ ਇਹੀ ਕਹੀ ਚੱਲ ,"ਲਿਚਫੀਲਡ ਸ਼ਹਿਰ ਤੇ ਕਹਿਰ ਵਰਤੇ"।

## 5.8 ਪਿਸ਼ਾਚ, ਦੈਂਤ, ਭੂਤ, ਚੁੜੇਲਾਂ ਅਤੇ ਸ਼ੈਤਾਨ :

ਪਵਿੱਤਰ ਬਾਈਬਲ ਆਖਦੀ ਹੈ ਕਿ ਈਸਾਈਆਂ ਨੂੰ ਬੁਰੀਆਂ ਆਤਮਾਵਾਂ ਵਾਲੀਆਂ ਸ਼ਕਤੀਆਂ ਦੇ ਵਿਰੁੱਧ ਲੜਨਾ ਚਾਹੀਦਾ ਹੈ (ਐਫੀਸ਼ੀਅਨਜ਼ 6:12) ਅਤੇ ਪਿਸ਼ਾਚ ਬੁਰਾਈਆਂ ਫੈਲਾਉਣ ਦੇ ਜ਼ੁੰਮੇਵਾਰ ਹਨ (ਰੈਵੀਲੇਸ਼ਨ 12:9)। ਨਿਕੀ ਗੁੰਬਲ ਨੇ 'ਕੁਐਸ਼ਚਨਜ਼ ਆਫ ਲਾਈਫ਼' (ਪੰਨਾ150) ਪੁਸਤਕ ਵਿਚ ਲਿਖਿਆ ਹੈ, "ਸਾਨੂੰ ਬਾਈਬਲ ਵਿਚ ਸ਼ੈਤਾਨ ਦੇ ਜਨਮ ਬਾਰੇ ਬਹੁਤਾ ਕੁਝ ਨਹੀਂ ਲਿਖਿਆ ਮਿਲਦਾ। ਸੰਭਵ ਹੈ ਕਿ ਉਹ ਇੱਕ ਵਿਗੜਿਆ ਹੋਇਆ ਦੇਵਤਾ ਸੀ (ਈਸਾਈਅਹ 14:12-13) ਉਹ ਸਿਰਫ ਇੱਕ ਸ਼ਕਤੀ ਨਹੀਂ ਸਗੋਂ ਇਕ ਵਿਅਕਤੀ ਸੀ"। ਇਹ ਵਿਚਾਰ ਸਿਰਫ਼ ਨਿਊ ਟੈਸਟਾਮੈਂਟ ਵਿੱਚ ਹੀ ਉਭਰਿਆ ਜਦੋਂ ਈਸਾ ਖੁਦ ਇਕ ਸ਼ੈਤਾਨ ਦੁਆਰਾ ਪ੍ਰਲੋਭਿਤ ਕੀਤੇ ਗਏ। ਸ਼ੈਤਾਨ ਕਈ ਰੂਪਾਂ ਵਿਚ ਪੇਸ਼ ਹੁੰਦਾ ਹੈ, ਮੰਨਿਆ ਜਾਂਦਾ ਹੈ ਕਿ ਜਦੋਂ ਸੇਂਟ ਡੌਮੀਨੀਕ ਕੌਨਵੈਂਟ ਦੀਆਂ ਸਿਸਟ੍ਰਜ਼ ਨੂੰ ਸੰਬੋਧਨ ਕਰ ਰਹੇ ਸਨ ਤਾਂ ਇੱਕ ਚਿੜੀ ਉੱਡ ਕੇ ਅੰਦਰ ਆ ਗਈ। ਡੌਮੀਨੀਕ ਨੇ ਚਿੜੀ ਨੂੰ ਫੜ ਲਿਆ ਤੇ ਉਸਦੇ ਪੰਖ ਇੱਕ ਇੱਕ ਕਰਕੇ ਤੋੜ ਦਿੱਤੇ। ਫੇਰ ਕਿਹਾ, "ਹੁਣ ਉੱਡ ਤੂੰ, "ਜੇ ਉਡ ਸਕਦੈਂ, ਐ ਇਨਸਾਨ ਦਿਆ ਦੁਸ਼ਮਣਾਂ," ਪੁੱਛਣ ਤੇ ਉਸ ਨੇ ਦਸਿਆ ਕਿ ਸ਼ੈਤਾਨ ਚਿੜੀ ਦੇ ਭੇਸ ਵਿਚ ਆਇਆ ਸੀ। ਸੇਂਟ ਗੌਥਲਿਕ ਨੂੰ ਇੱਕ ਸ਼ੈਤਾਨ ਨਾਲ ਲੜਨਾ ਪਿਆ। ਸੇਂਟ ਡੰਸਟਨ ਨੇ ਦੋ ਸੁਰਖ ਚਿਮਟੀਆਂ ਨਾਲ ਸ਼ੈਤਾਨ ਦਾ ਨੱਕ ਸਾੜ ਦਿੱਤਾ ਅਤੇ ਸੇਂਟ ਲੂਥਰ ਨੇ ਸ਼ੈਤਾਨ ਉੱਪਰ ਸਿਆਹੀ ਦੀ ਦਵਾਤ ਵਗਾਹ ਮਾਰੀ।

### ਸਿੱਖ ਦ੍ਰਿਸ਼ਟੀਕੋਣ :

ਜੇਕਰ ਈਸਾਈਆਂ ਅਨੁਸਾਰ ਪਰਮਾਤਮਾ ਨੇ ਇਨਸਾਨ ਵਿਰੁੱਧ ਬੁਰੀਆਂ ਸ਼ਕਤੀਆਂ (ਭੂਤ ਪ੍ਰੇਤ ਆਦਿਕ) ਦਾ ਪੱਟਾ ਖੋਲ੍ਹ ਦਿੱਤਾ ਹੈ ਤਾਂ ਪਰਮਾਤਮਾ ਦੀਆਂ ਇਨ੍ਹਾਂ ਸ਼ਕਤੀਆਂ ਦੇ ਮੁਕਾਬਲੇ ਵਿਚਾਰਾ ਇਨਸਾਨ ਕੀ ਕਰ ਸਕਦਾ ਹੈ?

ਸਿੱਖ ਧਰਮ ਸ਼ੈਤਾਨਾਂ[93] , ਬੁਰੀਆਂ ਆਤਮਾਵਾਂ ਅਤੇ ਪਿਸ਼ਾਚਾਂ ਵਿਚ ਵਿਸ਼ਵਾਸ

93. ਯੂਨਾਨੀ ਭਾਸ਼ਾ ਦਾ ਮੂਲ ਸ਼ਬਦ ਡਾਈਆਬੋਲੋਸ ਹੀਬਰੂ ਭਾਸ਼ਾ ਵਿਚ ਸ਼ੈਤਾਨ (Satan) ਅਨੁਵਾਦ ਕੀਤਾ ਗਿਆ (ਜਿਸਦਾ ਅਰਥ ਹੈ ਕਲੰਕਿਤ ਜਾਂ ਦੂਸ਼ਿਤ) ਪਰ ਅੰਗਰੇਜ਼ੀ ਵਿੱਚ ਸ਼ੈਤਾਨ/ਪਿਸ਼ਾਚ ਹੈ। ਸ਼ੈਤਾਨ ਸ਼ਬਦ ਓਲਡ ਟੈਸਟਾਮੈਂਟ ਵਿਚ ਕੇਵਲ ਚਾਰ ਵਾਰ ਆਇਆ ਪਰ ਨਿਊ ਟੈਸਟਾਮੈਂਟ ਵਿਚ 109 ਵਾਰੀ। ਇਕ ਵਾਰ ਰੋਮ ਦੇ ਚਰਚ ਨੇ ਹੁਕਮ ਦਿੱਤਾ ਸੀ ਕਿ ਸ਼ੈਤਾਨ, ਪ੍ਰੇਤ ਅਤੇ ਚੁੜੇਲਾਂ ਕੱਢਣਾ ਈਸਾਈਅਤ ਹੈ। ਇਹ ਕੰਮ ਚਰਚਾਂ ਵਿਚ ਕੀਤਾ ਜਾਵੇ ।

ਜੋਹਨ ਵੀਜ਼ਲ ਜੋ ਮੈਥੋਡਿਸਟ ਚਰਚ ਦਾ ਸੰਸਥਾਪਕ ਹੈ, ਨੇ ਕਿਹਾ, "ਜਾਦੂ ਟੂਣੇ ਨੂੰ ਤਿਆਗਣਾ, ਬਾਈਬਲ ਦਾ ਤਿਆਗ ਕਰਨਾ ਹੈ"। ਡਾਂਟੇ ਦੀ 'ਡਿਵਾਈਨ ਕਾਮੇਡੀ' ਵਿਚ ਸ਼ੈਤਾਨ ਇੱਕ ਸਿੰਗਾਂ ਵਾਲਾ ਜੀਵ ਹੈ ਜੋ ਨਰਕ ਦੀ ਅਗਨੀ ਵਿਚ ਸੜਦਾ ਹੈ। ਕਤਲ, ਈਰਖਾ, ਕਲੰਕ ਲਾਉਣਾ, ਅਭਿਮਾਨ, ਵਿਭਚਾਰ, ਲਾਲਚ, ਨਫ਼ਰਤ ਧੋਖਾ ਅਤੇ ਫੂਹੜਪੁਣਾ ਆਦਿ ਮਨੁੱਖੀ ਕਮਜ਼ੋਰੀਆਂ ਹਨ। ਇਹ ਮਨੁੱਖ ਦੀਆਂ ਹਉਮੈ ਭਰਪੂਰ ਪ੍ਰਵਿਰਤੀਆਂ ਕਾਰਨ ਪੈਦਾ ਹੁੰਦੀਆਂ ਹਨ। ਕੋਈ ਸ਼ੈਤਾਨ ਨਹੀਂ, ਪਿਸ਼ਾਚ, ਭੂਤ ਇਨਸਾਨੀ ਮਨ ਤੋਂ ਬਾਹਰ ਨਹੀਂ।



ਨਹੀਂ ਕਰਦਾ। ਸਿੱਖ ਮੰਨਦੇ ਹਨ ਕਿ ਪਰਮਾਤਮਾ ਦਾ ਕਾਰਜ ਪੂਰਨ ਹੈ। ਪਰਮਾਤਮਾ ਆਪਣੇ ਬੰਦਿਆਂ ਨੂੰ ਦੁਖ ਦੇਣ ਲਈ ਜਾਣ-ਬੁਝ ਕੇ ਬੁਰੀਆਂ ਆਤਮਾਵਾਂ ਨੂੰ ਪੈਦਾ ਨਹੀਂ ਕਰਦਾ। ਪਰਮਾਤਮਾ ਨੂੰ ਚੰਗਿਆਈਆਂ ਨਾਲ ਪ੍ਰੇਮ ਹੈ। ਦੁਨੀਆਂਦਾਰੀ ਵਿਚ ਬੇਹੱਦ ਖਚਿਤ ਹੋਣ ਕਾਰਨ ਅਤੇ ਲੋਭ ਵਿਚ ਗ੍ਰਸਣ ਨਾਲ ਇਨਸਾਨ ਪਰਮਾਤਮਾ ਤੋਂ ਦੂਰ ਹੁੰਦੇ ਚਲੇ ਜਾਂਦੇ ਹਨ। ਗੁਰੂ ਦੀ ਸਿੱਖਿਆ ਨਾਲ ਇਸ ਗੱਲ ਦੀ ਸਮਝ ਆ ਜਾਂਦੀ ਹੈ ।

**ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ॥**
**ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ॥**

*(ਪੰਨਾ 809)*

ਹੇ ਪਰਮਾਤਮਾ ਅਸੀਂ ਨਿਤਾਪ੍ਰਤੀ ਔਗੁਣਾਂ ਵਿਚ ਫਸ ਗਏ ਹਾਂ ਪਰ ਤੂੰ ਦਾਤਾ ਹੈਂ ਅਤੇ ਔਗੁਣਾਂ ਤੋਂ ਰਹਿਤ ਹੈਂ।

ਅਸੀਂ ਤੈਨੂੰ ਭੁੱਲ ਜਾਂਦੇ ਹਾਂ ਅਤੇ ਤੇਰੀ ਸੇਵਕ (ਮਾਇਆ) ਦੇ ਚੁੰਗਲ ਵਿਚ ਫਸ ਜਾਂਦੇ ਹਾਂ। ਸਾਡੇ ਪਾਪੀਆਂ ਦੇ ਕਰਮ ਹੀ ਨਖਿੱਧ ਹਨ।

**ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ॥**
**ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ॥**

*(ਪੰਨਾ–707)*

ਆਦਮੀ ਕਾਮ ਵਿਚ, ਗੁੱਸੇ ਵਿਚ ਅਤੇ ਹੰਕਾਰ ਵਿਚ ਪਾਗਲ ਹੋ ਜਾਂਦਾ ਹੈ। ਪੂਰੇ ਸਤਿਗੁਰੂ ਦੀ ਸਿੱਖਿਆ ਤੋਂ ਬਿਨਾਂ ਉਹ ਆਪ ਹੀ ਸ਼ੈਤਾਨ ਦਾ ਰੂਪ ਬਣ ਜਾਂਦਾ ਹੈ। ਸਿੱਖ ਧਰਮ ਅਨੁਸਾਰ ਪਾਪ ਉਹ ਸਭ ਕੁਝ ਹੈ ਜੋ ਰੱਬੀ ਗੁਣਾਂ ਦੇ ਵਿਰੁੱਧ ਹੈ ਅਤੇ ਮਨੁੱਖਾਂ ਨੂੰ ਪਰਮਾਤਮਾ ਵਿਚ ਲੀਨ ਹੋਣ ਤੋਂ ਰੋਕ ਕੇ ਆਪਣੇ ਅੰਦਰ ਬੰਨ੍ਹੀ ਰੱਖਦਾ ਹੈ। ਪਾਪ, ਸਮਾਜ ਦਾ ਸ਼ੋਸ਼ਣ ਹੈ, ਅਤੇ ਦੂਜਿਆ ਦੇ ਹੱਕਾਂ ਨੂੰ ਖੋਹਣਾ ਹੈ। ਸਿੱਖੀ ਅਨੁਸਾਰ ਬੁਰਾਈ ਸਾਡੇ ਆਪਣੇ ਅੰਦਰ ਹੀ ਹੈ। ਬੁਰੇ ਵਿਚਾਰ, ਕਾਮੁਕ ਅਨੈਤਿਕਤਾ, ਚੋਰੀ ,ਕਤਲ,ਈਰਖਾ, ਚੁਗਲੀ, ਹੰਕਾਰ, ਵਿਭਚਾਰ, ਲੋਭ, ਠੱਗੀ, ਆਦਿਕ ਸਭ ਸਾਡੇ ਅੰਦਰ ਹੀ ਪਨਪਦੇ ਹਨ।

## 5.9 ਪਾਪ ਦਾ ਜਨਮ :

ਜੈਨੇਸਿਜ਼ ਦੀ ਪੁਸਤਕ ਵਿਚ (2,3) ਅਸੀਂ ਪਾਪ ਸੰਬੰਧੀ ਇਹ ਕਹਾਣੀ ਪੜ੍ਹਦੇ ਹਾਂ[94]। ਪਰਮਾਤਮਾ ਨੇ ਆਦਮ ਨੂੰ ਬਣਾਕੇ ਉਸਨੂੰ ਈਡਨ ਦੇ ਪੂਰਬ ਵਿਚ ਇੱਕ ਬਾਗ ਵਿਚ ਵਸਾਇਆ ਅਤੇ ਉਸ ਨੂੰ ਗਿਆਨ ਦੇ ਦਰੱਖਤ ਤੋਂ ਫਲ ਤੋੜ ਕੇ ਖਾਣ ਤੋਂ ਮਨ੍ਹਾ ਕੀਤਾ (ਕੁਝ ਬਾਈਬਲਾਂ ਵਿਚ ਸੇਬ ਦਾ ਦਰੱਖਤ, ਬਾਕੀਆਂ ਵਿਚ ਕਣਕ ਜਦ ਕਿ ਹੋਰਨਾਂ

94. ਪਾਪ ਸ਼ਬਦ ਦਾ ਅਰਥ ਵੱਖਰੇ-ਵੱਖਰੇ ਲੋਕਾਂ ਵਿੱਚ ਵੱਖੋ ਵੱਖਰਾ ਹੈ। ਮਹਾਂਭਾਰਤ ਵਿਚ ਪਾਪਾਂ ਦੀ ਗਿਣਤੀ 10 ਹੈ। ਹਿੰਸਾ, ਚੋਰੀ, ਅਪਹਰਣ, ਝੂਠ, ਬੇਇੱਜ਼ਤੀ, ਚੁਗਲੀ, ਵਾਅਦਾ ਖਿਲਾਫ਼ੀ, ਸਾੜਾ, ਜੁਲਮ ਅਤੇ ਚੰਗੇ ਕੰਮਾਂ ਲਈ ਫਲ ਦੀ ਇੱਛਾ। ਮਨੂੰ ਸਮ੍ਰਿਤੀ (ਅਧਿਆਇ 11, ਪੈਰਾ 54) ਬ੍ਰਾਹਮਣ

*ਅਗਲੇ ਪੰਨ 'ਤੇ*

ਵਿਚ ਬੁਰਾਈ ਅਤੇ ਚੰਗਿਆਈ ਦਾ ਦਰੱਖਤ ਅਤੇ ਜ਼ਿੰਦਗੀ ਦਾ ਦਰੱਖਤ ਲਿਖਿਆ ਮਿਲਦਾ ਹੈ)। ਪਰਮਾਤਮਾ ਨੇ ਆਦਮ ਦੀ ਇਕ ਪਸਲੀ ਲਈ ਅਤੇ ਉਸ ਤੋਂ ਹਵਾ ਨਾਮ ਦੀ ਔਰਤ ਦੀ ਰਚਨਾ ਕੀਤੀ ।[95] ਸ਼ੈਤਾਨ ਇੱਕ ਸੱਪ ਦੇ ਰੂਪ ਵਿਚ ਪ੍ਰਗਟ ਹੋਇਆ ਅਤੇ ਆਦਮ ਅਤੇ ਹਵਾ ਦੋਹਾਂ ਨੂੰ ਬਹਿਕਾ ਕੇ ਵਰਜਿਤ ਫਲ ਖਵਾ ਦਿੱਤਾ। ਪਰਮਾਤਮਾ ਕ੍ਰੋਧਿਤ ਹੋ ਗਿਆ। ਉਸ ਨੇ ਉਨ੍ਹਾਂ ਦੋਹਾਂ ਨੂੰ ਅਤੇ ਉਨ੍ਹਾਂ ਦੇ ਅਣਜੰਮੇ ਵੰਸਜ਼ ਨੂੰ ਪਾਪੀ ਗਰਦਾਨ ਕੇ ਬਾਗ ਵਿਚੋਂ ਕੱਢ ਕੇ ਦੁਨੀਆਂ ਵਿਚ ਭੇਜ ਦਿੱਤਾ। ਇਸ ਪਾਪ ਕਾਰਨ ਹੀ ਮਨੁੱਖਾਂ ਨੂੰ ਸਜ਼ਾ ਵਜੋਂ ਮੌਤ ਮਿਲੀ ਅਤੇ ਪਰਮਾਤਮਾ ਨੇ ਕਿਹਾ, "ਤੈਨੂੰ ਮਿੱਟੀ ਤੋਂ ਬਣਾਇਆ ਸੀ ਅਤੇ ਹੁਣ ਤੂੰ ਸਦਾ ਲਈ ਮਿੱਟੀ ਵਿੱਚ ਹੀ ਮਿਲਦਾ ਰਹੇਂਗਾ"

ਹੇਠ ਲਿਖੇ ਤੱਥਾਂ ਉੱਪਰ ਧਿਆਨ ਦੇਣਾ ਜ਼ਰੂਰੀ ਹੈ :

ੳ) ਪਰਮਾਤਮਾ ਨੇ ਸਿਰਫ ਆਦਮ ਦੀ ਹੀ ਰਚਨਾ ਕੀਤੀ ਅਤੇ ਬਾਅਦ ਵਿਚ ਆਦਮ ਦੀ ਇਕਲੱਤਾ ਮਹਿਸੂਸ ਕਰ ਕੇ ਹੱਵਾ ਦੀ ਰਚਨਾ ਕੀਤੀ। ਇਸ ਤਰ੍ਹਾਂ ਔਰਤ ਘਟੀਆ ਅਤੇ ਦੂਜੇ ਪੱਧਰ ਦੀ ਰਹਿ ਗਈ ।ਔਰਤ ਨੂੰ ਬਣਾਉਣਾ ਵੀ, ਲੋੜ ਪੂਰੀ ਕਰਨ ਲਈ ਬਾਅਦ ਵਿੱਚ ਸੁੱਝਿਆ।

ਅ) ਹਵਾ ਨੂੰ ਆਦਮ ਦੀ ਪਸਲੀ 'ਚੋਂ ਰਚਿਆ ਗਿਆ। "ਉਸਨੇ ਆਦਮ ਦੀ ਇਕ ਪਸਲੀ ਲਈ ਅਤੇ ਜ਼ਖਮ ਭਰ ਦਿੱਤਾ। ਪਸਲੀ ਤੋਂ ਪਰਮਾਤਮਾ ਨੇ ਇੱਕ ਔਰਤ ਬਣਾਈ "।

ੲ) ਪਰਮਾਤਮਾ ਨੇ ਉਨ੍ਹਾਂ ਨੂੰ ਗਿਆਨ ਦੇ ਦਰੱਖਤ (ਕਣਕ ਜਾਂ ਸੇਬ) ਤੋਂ ਫਲ ਖਾਣ ਦੀ ਮਨਾਹੀ ਕੀਤੀ। ਜੇਕਰ ਇਹ ਜੋੜੀ ਬਾਗ ਵਿਚ ਰਹਿੰਦੀ ਸੀ ਤਾਂ ਬਾਗ ਵਿਚ ਫਲ ਤੋਂ ਬਿਨਾਂ ਕੀ ਖਾਂਦੀ? ਕੀ ਪਰਮਾਤਮਾ ਦਾ ਬੰਦੇ ਨੂੰ ਫਲ ਖਾਣ ਤੋਂ ਮਨ੍ਹਾ ਕਰਨਾ ਉੱਚਿਤ ਮੰਨਿਆ ਜਾਵੇ ? ਇਸ ਦੇ ਖਿਲਾਫ਼ ਬਾਈਬਲ ਖੁਦ ਕਹਿੰਦੀ ਹੈ ਕਿ "ਪਰਮਾਤਮਾ ਅਕਲ ਦਿੰਦਾ ਹੈ। ਉਸਦੇ ਮੂੰਹ ਚੋਂ ਗਿਆਨ ਅਤੇ ਸਮਝਦਾਰੀ ਪੈਦਾ ਹੁੰਦੀ ਹੈ ।" (ਪ੍ਰੋਵਰਬਜ਼ 1:7)

*ਪਿਛਲੇ ਸਫ਼ੇ ਦੀ ਬਾਕੀ*

ਹੱਤਿਆ, ਨਸ਼ਾ ਸੇਵਨ, ਚੋਰੀ, ਗੁਰੂ ਦੀ ਪਤਨੀ ਨਾਲ ਕਾਮ ਅਤੇ ਪਾਪੀਆਂ ਨਾਲ ਸੰਬੰਧ ਦੀ ਸੂਚੀ ਪੇਸ਼ ਕੀਤੀ ਗਈ ਹੈ। ਬਾਈਬਲ ਸੱਤ ਵੱਡੇ ਪਾਪਾਂ ਦੀ ਸੂਚੀ ਦਿੰਦੀ ਹੈ। ਹਉਮੈ, ਵਿਭਚਾਰ, ਗੁੱਸਾ, ਲੋਭ, ਆਲਸ, ਈਰਖਾ ਅਤੇ ਬਹੁਤਾ ਖਾਣਾ। ਪਵਿੱਤਰ ਕੁਰਾਨ ਝੂਠ ਬੋਲਣਾ, ਨਿੰਦਾ ਕਰਨੀ, ਚੁਗਲੀ, ਧੋਖਾ, ਫਜ਼ੂਲਖਰਚੀ, ਜ਼ਖੀਰੇਬਾਜ਼ੀ, ਭ੍ਰਿਸ਼ਟਾਚਾਰ, ਮਜ਼ਾਕ, ਪਖੰਡ, ਗਰਭਪਾਤ, ਵਿਆਜ, ਸ਼ਰਾਬਨੋਸ਼ੀ, ਜੂਏਬਾਜ਼ੀ ਵਿਭਚਾਰ ਅਤੇ ਚੋਰੀ ਦੀ ਸੂਚੀ ਦਿੰਦਾ ਹੈ। ਸਿੱਖ ਧਰਮ ਸਿਖਾਉਂਦਾ ਹੈ ਕਿ ਪਾਪ ਅਣਗਿਣਤ ਹਨ ਪਰ ਉਹ ਸਾਰੇ ਪੰਜ ਮੂਲ ਪ੍ਰਵਿਰਤੀਆਂ ਤੋਂ ਉਤਪੰਨ ਹੁੰਦੇ ਹਨ। ਉਹ ਪੰਜ ਹਨ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ।

95. ਕੁਝ ਹਿੰਦੂ ਮੰਨਦੇ ਹਨ ਕਿ 'ਆਦਮ' ਸ਼ਬਦ ਆਦਮੀ (ਆਤਮਾ) ਤੋਂ ਅਤੇ ਈਵ ਸ਼ਬਦ ਜੀਵ ਤੋਂ ਵਿਗੜ ਕੇ ਬਣੇ ਹਨ ।ਉਹ ਇਹ ਵੀ ਦਾਅਵਾ ਕਰਦੇ ਹਨ ਕਿ ਸ਼ਬਦ ਹਿਊਮਨ (Human) ਸੰਸਕ੍ਰਿਤ ਦੇ ਮੂਲ ਸ਼ਬਦਾਂ ਹੂ (ਪਰਮਾਤਮਾ) ਅਤੇ ਮਾਨਸ (ਮਨ) (GOD MINDED) ਤੋਂ ਹੀ ਉਪਜਿਆ ਹੈ। ਬਾਈਬਲ ਅਨੁਸਾਰ ਆਦਮ 930 ਸਾਲ ਜ਼ਿੰਦਾ ਰਿਹਾ। ਹੀਬਰੂ ਸ਼ਬਦ ਐਡਮ ਦਾ ਅਸਲੀ ਅਰਥ ਹੈ "ਹਰ ਵਿਅਕਤੀ"।



ਸ) ਸ਼ੈਤਾਨ ਨੇ ਜੋੜੀ ਨੂੰ ਉਕਸਾਇਆ। ਹੈਰਾਨੀ ਦੀ ਗੱਲ ਇਹ ਹੈ ਕਿ ਸ਼ੈਤਾਨ ਨੇ ਪਰਮਾਤਮਾ ਦੇ ਸਭ ਤੋਂ ਪਿਆਰੇ ਪੁੱਤਰ ਨੂੰ ਕਿਵੇਂ ਵਿਗਾੜ ਲਿਆ ? ਬਾਈਬਲ ਆਪ ਹੀ ਤਾਂ ਕਹਿੰਦੀ ਹੈ "ਆਦਮ ਪਰਮਾਤਮਾ ਦਾ ਪੁੱਤਰ ਸੀ ।" (ਹੀਬਰਿਊਜ਼ 7:3) ।ਇਸ ਕਹਾਣੀ ਨੂੰ ਸੱਚ ਮੰਨੀਏ ਤਾਂ ਸ਼ੈਤਾਨ-ਪਰਮਾਤਮਾ ਅਤੇ ਉਸਦੇ ਪੁੱਤਰ ਨਾਲੋਂ ਤਾਕਤਵਰ ਮਹਿਸੂਸ ਹੁੰਦਾ ਹੈ।

ਹ) ਆਦਮ ਦੀ ਨਾ-ਫਰਮਾਨੀ ਨੇ ਦੁਨੀਆਂ ਦੇ ਲੋਕਾਂ ਨੂੰ ਹਮੇਸ਼ਾ ਲਈ ਪਾਪੀ ਬਣਾ ਦਿੱਤਾ। ਯੀਸੂ ਵੀ ਤਾਂ ਪਾਪੀ ਆਦਮ ਦੇ ਵੰਸ਼ਜ਼ ਵਿਚੋਂ ਹੀ ਪੈਦਾ ਹੋਇਆ ।ਹੈਰਾਨੀ ਇਸ ਗੱਲ ਦੀ ਹੈ ਕਿ ਆਦਮ ਤੋਂ ਬਾਅਦ ਪੈਦਾ ਹੋਏ ਦੂਸਰੇ ਪੈਗੰਬਰ ਅਤੇ ਯੀਸੂ ਪਾਪੀ ਕਿਉਂ ਨਾ ਅਖਵਾਏ?

ਕ) ਜੇਕਰ ਆਦਮ ਤੇ ਹਵਾ ਨੇ ਇਹ ਪਾਪ ਨਾ ਕੀਤਾ ਹੁੰਦਾ ਤਾਂ ਇਨਸਾਨ ਕਦੇ ਵੀ ਨਾ ਮਰਦਾ "ਅਤੇ ਇਸ ਤਰ੍ਹਾਂ ਮੌਤ ਸਾਰੇ ਲੋਕਾਂ ਵਿਚ ਪਸਰ ਗਈ ਕਿਉਂਕਿ ਉਹ ਸਾਰੇ ਪਾਪੀ ਸਨ"। (ਰੋਮਨਜ਼ 5:12-14)

## ਸਿੱਖ ਦ੍ਰਿਸ਼ਟੀਕੋਣ :

ਕਿਉਂਕਿ ਹੱਵਾ ਨੂੰ ਆਦਮ ਦੀ ਪਸਲੀ ਚੋਂ ਬਣਾਇਆ ਗਿਆ ਸੀ ਇਸ ਲਈ ਔਰਤਾਂ ਨੂੰ ਮਰਦਾਂ ਨਾਲੋਂ ਘਟੀਆ ਮੰਨਣ ਦਾ ਰੁਝਾਨ ਪਿਆ ।[96] ਜੀਵ ਵਿਗਿਆਨੀ ਔਰਤਾਂ ਦੀ ਰਚਨਾ ਨੂੰ ਮਰਦ ਦੀ ਪਸਲੀ 'ਚੋਂ ਹੋਇਆ ਪ੍ਰਮਾਣਿਤ ਨਹੀਂ ਕਰਦੇ। ਔਰਤਾਂ ਵੀ ਮਰਦਾਂ ਵਾਂਗ ਮਾਂ ਦੀ ਕੁੱਖ 'ਚੋਂ ਹੀ ਪੈਦਾ ਹੁੰਦੀਆਂ ਹਨ। ਇੱਸ ਤੱਥ ਤੋਂ ਵੀ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਆਦਮੀ ਔਰਤ ਦੇ ਅੰਦਰੋਂ ਪੈਦਾ ਹੁੰਦਾ ਹੈ, ਨਾ ਕਿ ਔਰਤ ਆਦਮੀ ਵਿਚੋਂ। ਸਿੱਖ ਧਰਮ ਔਰਤ ਜਾਂ ਮਰਦ ਵਿਚੋਂ ਕਿਸੇ ਇੱਕ ਦਾ ਦੂਜੇ ਨਾਲੋਂ ਨਿਮਨ ਜਾਂ ਘਟੀਆ ਹੋਣਾ ਪ੍ਰਵਾਨ ਨਹੀਂ ਕਰਦਾ ।

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**

*(ਪੰਨਾ 473)*

96. ਪਹਿਲੇ ਈਸਾਈ ਔਰਤ ਨੂੰ ਕਾਮ ਉਕਸਾਉਣ ਵਾਲੀ ਆਖਦੇ ਸਨ ਕਿਉਂਕਿ ਉਹ ਆਦਮੀ ਦੇ ਪਾਪ ਦੀ ਜਿੰਮੇਵਾਰ ਸੀ (ਐਨਸਾਈਕਲੋਪੀਡੀਆ ਬ੍ਰਿਟੈਨਿਕਾ ਜਿਲਦ 19 ਪੰਨਾ 909 ਸੰਸਕਰਣ 1977) ਔਰਤ ਦੇ ਘਟੀਆ ਹੋਣ ਦਾ ਵਿਚਾਰ, ਹੋ ਸਕਦਾ ਹੈ ਕਿ ਯੂਨਾਨ ਵਿਚ ਉਦੋਂ ਪੈਦਾ ਹੋਇਆ ਜਦੋ ਅਰਸਤੂ ਇਹ ਪ੍ਰਚਾਰ ਕਰ ਰਿਹਾ ਸੀ ਕਿ "ਵਿਕਾਸ ਦੇ ਪੈਮਾਨੇ ਤੇ ਔਰਤ ਇਕ ਅਪੂਰਣ ਆਦਮੀ ਹੈ ਜੋ ਪੌੜੀ ਦੇ ਹੇਠਲੇ ਟੰਬੇ ਤੇ ਖੜਾ ਹੈ। ਆਦਮੀ ਕੁਦਰਤੀ ਤੌਰ ਤੇ ਉੱਤਮ ਹੈ ਅਤੇ ਔਰਤ ਘਟੀਆ ਹੈ। ਬੰਦਾ ਹੁਕਮ ਚਲਾਉਣ ਲਈ ਬਣਿਆਂ ਹੈ ਅਤੇ ਜ਼ਨਾਨੀ ਹੁਕਮ ਮੰਨਣ ਲਈ।

587 ਈ: ਵਿਚ ਫਰਾਂਸ ਵਿਚ ਉੱਚ ਈਸਾਈ-ਵਿਦਵਾਨਾਂ ਦਾ ਸੰਮੇਲਨ ਇਹ ਨਿਰਧਾਰਿਤ ਕਰਨ ਲਈ ਹੋਇਆ ਕਿ ਕੀ ਔਰਤ ਨੂੰ ਇਨਸਾਨ ਮੰਨਿਆ ਜਾਵੇ ਜਾਂ ਨਾਂ? ਹੈਨਰੀ VII ਨੇ ਔਰਤਾਂ ਉੱਪਰ ਬਾਈਬਲ ਪੜ੍ਹਨ ਦੀ ਪਾਬੰਦੀ ਲਗਾ ਦਿੱਤੀ ਸੀ। 1964 ਤੱਕ ਕੈਂਬਰਿਜ ਅਤੇ ਆਕਸਫੋਰਡ ਯੂਨੀਵਰਸਿਟੀਆਂ ਵਿਚ ਔਰਤ ਅਤੇ ਮਰਦ ਵਿਦਿਆਰਥੀਆਂ ਨੂੰ ਇਕੋ ਜਿਹੇ ਅਧਿਕਾਰ ਨਹੀਂ ਸਨ।

ਜੋ ਰਾਜਿਆਂ (ਮਹਾਨ ਵਿਅਕਤੀਆਂ) ਨੂੰ ਜਨਮ ਦਿੰਦੀ ਹੈ ਉਸ ਨੂੰ ਮੰਦਾ ਕਿਵੇਂ ਕਿਹਾ ਜਾ ਸਕਦਾ ਹੈ ? ਪਵਿੱਤਰ ਬਾਈਬਲ ਨੂੰ ਪੜ੍ਹਦਿਆਂ ਹਰ ਕਿਸੇ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਵਰਜਤ ਫਲ (ਸੇਬ ਜਾਂ ਕਣਕ) ਨੂੰ ਖਾਣਾ ਇਕ ਵੱਡਾ ਪਾਪ ਹੈ ਜਿਸਨੇ ਪਰਮਾਤਮਾ ਨੂੰ ਕ੍ਰੋਧਿਤ ਕਰ ਦਿੱਤਾ ਸੀ । ਤਾਂ ਵੀ ਸੰਸਾਰ ਟਨਾਂ ਦੇ ਹਿਸਾਬ ਨਾਲ ਸੇਬ ਤੇ ਕਣਕ ਖਾ ਰਿਹਾ ਹੈ। ਯੀਸੂ ਨੇ ਆਪ ਆਖਰੀ ਭੋਜਨ ਸਮੇਂ ਕਣਕ ਦੀ ਰੋਟੀ ਖਾਧੀ। "ਮੈਂ ਹੀ ਉਹ ਰੋਟੀ ਹਾਂ ਜੋ ਸਵਰਗ ਤੋਂ ਹੇਠਾਂ ਆਈ ਸੀ ।"

ਕੁਝ ਅਧਿਆਤਮਵਾਦੀ ਕਹਿੰਦੇ ਹਨ ਕਿ ਆਦਮ ਦੀ ਗਲਤੀ ਉਸਦੀ ਗਿਆਨ ਪ੍ਰਾਪਤ ਕਰਨ ਦੀ ਪ੍ਰਵਿਰਤੀ ਦੇ ਕਾਰਨ ਹੋਈ ਸੀ ਅਤੇ ਪਰਮਾਤਮਾ ਨੇ ਹੁਕਮ ਦਿੱਤਾ ਕਿ "ਤੁਸੀਂ ਬਾਕੀ ਸਾਰੇ ਦਰੱਖਤਾਂ ਤੋਂ ਫਲ ਖਾਣ ਲਈ ਆਜ਼ਾਦ ਹੋ। ਪਰ ਚੰਗਿਆਈ ਤੇ ਬੁਰਾਈ ਵਾਲੇ ਗਿਆਨ ਰੁੱਖ ਤੋਂ ਫੱਲ ਨਹੀਂ ਖਾਣਾ ਕਿਉਂਕਿ ਜੇ ਤੁਸੀਂ ਇਸ ਤੋਂ ਫਲ ਖਾਓਗੇ ਤਾਂ ਜ਼ਰੂਰ ਮੌਤ ਸਹੇੜ ਲਵੋਗੇ ।[97] (ਜੈਨੇਸਿਜ਼ 2:16-17)

ਇਸ ਦਾ ਅਰਥ ਇਹੋ ਹੋਵੇਗਾ ਕਿ ਅਗਿਆਨਤਾ ਇਕ ਪਰਮ ਸੁੱਖ ਹੈ। ਇਨਸਾਨਾਂ ਨੂੰ ਅਗਿਆਨੀ ਰਹਿਣਾ ਚਾਹੀਦਾ ਹੈ। ਕੀ ਇਹ ਮੰਨ ਲਿਆ ਜਾਵੇ ਕਿ ਬਾਈਬਲ ਗਿਆਨ ਹਾਸਲ ਕਰਨ ਤੋਂ ਵਰਜਦੀ ਹੈ?

ਸਿੱਖ ਧਰਮ ਕਹਿੰਦਾ ਹੈ ਕਿ ਗਿਆਨ ਹਾਸਲ ਕਰਨਾ ਜ਼ਰੂਰੀ ਹੈ। ਗਿਆਨ ਹਾਸਲ ਕਰਨ ਦਾ ਕੰਮ ਸਾਰੀ ਉਮਰ ਹੀ ਜਾਰੀ ਰਹਿਣਾ ਚਾਹੀਦਾ ਹੈ।

**ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ॥**

*(ਪੰਨਾ 340)*

ਮਨ ਨੂੰ ਸਮਝਾਉਣ ਲਈ ਗਿਆਨ ਲਾਜ਼ਮੀ ਹੈ।

**ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥**

*(ਪੰਨਾ 469)*

ਗਿਆਨ ਮਨ ਨੂੰ ਬੰਨ੍ਹ ਕੇ ਰਖਦਾ ਹੈ ਅਤੇ ਪੂਰੇ ਗੁਰੂ ਤੋਂ ਬਿਨਾਂ ਸਹੀ ਗਿਆਨ ਹਾਸਲ ਨਹੀਂ ਹੋ ਸਕਦਾ।

**ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ॥**
**ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ॥**

*(ਪੰਨਾ 124)*

ਗੁਰੂ ਰਾਹੀਂ ਚਾਨਣ ਦਾ ਉਦੈ ਹੋਇਆ ਅਤੇ ਅਗਿਆਨਤਾ ਦਾ ਹਨ੍ਹੇਰਾ ਖਤਮ ਹੋ ਗਿਆ।

97. ਆਦਮ ਤੇ ਹੱਵਾ ਨੇ ਗਿਆਨ ਦੇ ਦੱਰਖਤ ਤੋਂ ਫਲ ਖਾਧਾ ਅਤੇ ਸਵਰਗ ਤੋਂ ਕਢ ਦਿੱਤੇ ਗਏ, ਪਰ ਉਹ ਮਰੇ ਨਹੀਂ।



**ਗਿਆਨ ਪਦਾਰਥ ਪਾਈਐ ਤ੍ਰਿਭਵਣ ਸੋਝੀ ਹੋਇ॥**
**ਨਿਰਮਲੁ ਨਾਮੁ ਨ ਵੀਸਰੈ ਗੁਣ ਕਾ ਗਾਹਕੁ ਹੋਇ॥**

*(ਪੰਨਾ-60)*

ਗਿਆਨ ਰੂਪੀ ਦੌਲਤ ਹਾਸਲ ਕਰਨ ਨਾਲ ਤਿੰਨ ਕਾਲਾਂ (ਭੂਤ, ਭਵਿੱਖ, ਵਰਤਮਾਨ) ਦੀ ਸਮਝ ਆ ਜਾਂਦੀ ਹੈ। ਇਸ ਲਈ ਗੁਣਾਂ ਦਾ ਗਾਹਕ ਬਣਨਾ ਚਾਹੀਦਾ ਹੈ ਅਤੇ ਪਰਮਾਤਮਾ ਦਾ ਨਿਰਮਲ ਨਾਮ ਨਹੀਂ ਭੁੱਲਣਾ ਚਾਹੀਦਾ ।

**ਅੰਤਰ ਗਿਆਨ ਨ ਆਇਓ ਮਿਰਤਕੁ ਹੈ ਸੰਸਾਰਿ॥**

*(ਪੰਨਾ-14)*

ਜੇਕਰ ਅੰਦਰ ਗਿਆਨ ਮੌਜੂਦ ਨਹੀਂ, ਤਾਂ ਐਸੇ ਇਨਸਾਨ ਦੀ ਇਨਸਾਨੀਅਤ ਹੀ ਮਰ ਚੁੱਕੀ ਹੈ ।

## 5.10 ਪਾਪਾਂ ਦੀ ਮੁਆਫੀ :

ਪਵਿੱਤਰ ਬਾਈਬਲ ਅਨੁਸਾਰ ਸਵਰਗ ਦੇ ਬਾਗ ਵਿਚ ਆਦਮੀ ਦੀ ਗਲਤੀ ਨੇ ਸਾਰੀ ਮਨੁੱਖ ਜਾਤੀ ਨੂੰ ਹੀ ਪਾਪੀ ਬਣਾ ਦਿੱਤਾ।[98] ਪਾਪ ਕੀਤਾ (ਜੇਕਰ ਗਿਆਨ-ਰੁੱਖ ਦਾ ਫਲ ਖਾਣਾ ਪਾਪ ਹੈ) ਇਕ ਆਦਮੀ ਨੇ, ਭੁਗਤੇਗੀ ਸਾਰੀ ਮਨੁੱਖ ਜ਼ਾਤੀ, ਸਗੋਂ ਉਹ ਵੀ ਭੁਗਤਣਗੇ ਜੋ ਅਜੇ ਜੰਮੇ ਵੀ ਨਹੀਂ ਹਨ। ਇਸ ਤਰ੍ਹਾਂ ਸਭ ਜੰਮੇ ਅਣਜੰਮੇ ਪਾਪਾਂ ਦੇ ਭਾਗੀ ਬਣ ਗਏ। (ਮੈਥਿਉ 9:12,27) ਅਨੁਸਾਰ ਅਤੇ (ਰੈਵ 20:13) ਅਨੁਸਾਰ ਪਾਪ ਮੁਆਫ ਵੀ ਕੀਤੇ ਜਾਂਦੇ ਹਨ। ਸਵਾਲ ਇਹ ਪੈਦਾ ਹੁੰਦਾ ਹੈ ਕਿ ਅਧਰੰਗ ਵਾਲੇ ਵਿਅਕਤੀ ਨੇ ਕਿਹੜੇ ਚੰਗੇ ਕਰਮ ਕੀਤੇ ਸਨ ਕਿ ਉਹ ਬਾਈਬਲ ਅਨੁਸਾਰ ਮੁਆਫੀ ਦੇ ਯੋਗ ਹੋ ਗਿਆ। ਬਾਈਬਲ ਵਿੱਚ ਅਗੋਂ ਲਈ ਪਾਪ ਨਾ ਕਰਨ ਦੀ ਕੋਈ ਨਸੀਹਤ ਹੀ ਨਹੀਂ ਮਿਲਦੀ ।

## ਸਿੱਖ ਦ੍ਰਿਸ਼ਟੀਕੋਣ :

ਸਿੱਖ ਧਰਮ ਇਸ ਵਿਚਾਰ ਦਾ ਸਮਰਥਨ ਨਹੀਂ ਕਰਦਾ ਕਿ ਆਦਮ ਦੀ ਗਲਤੀ ਕਾਰਨ ਸਮੂਹਿਕ ਤੌਰ ਤੇ ਸਭ ਨੂੰ ਹੀ ਪਾਪੀ ਕਿਹਾ ਜਾਵੇ ਅਤੇ ਨਾ ਹੀ ਆਦਮ ਤੇ ਹੱਵਾ ਦੀ ਕਹਾਣੀ ਨੂੰ ਸਿੱਖ ਧਰਮ ਵਿਚ ਸਵੀਕਾਰਿਆ ਗਿਆ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ :

**ਜਬ ਆਕਾਰੁ ਇਹੁ ਕਛੁ ਨਾ ਦ੍ਰਿਸਟੇਤਾ॥**
**ਪਾਪ ਪੁੰਨ ਤਬ ਕਹ ਤੇ ਹੋਤਾ॥** *(ਪੰਨਾ-290)*

98. ਕੋਈ ਵੀ ਪਾਪ ਰਹਿਤ ਨਹੀਂ (ਰੋਮਨਜ਼ 1:10) ਕਿਉਂਕਿ ਸਾਰੇ ਪਾਪ ਕਰਦੇ ਹਨ। ਉਹ ਸਾਰੇ ਪਰਮਾਤਮਾ ਦੁਆਰਾ ਕ੍ਰਿਪਾ ਦੇ ਪਾਤਰ ਨਹੀਂ (ਰੋਮਨਜ਼ 3:23)

ਜਦੋਂ ਅਜੇ ਮਨੁੱਖੀ ਸਰੀਰ ਦੀ ਰਚਨਾ ਨਹੀਂ ਹੋਈ ਸੀ, ਤਾਂ ਇਹ ਪਾਪ ਕਿਵੇਂ ਕਰ ਸਕਦਾ ਸੀ। ਇਹ ਸਾਡਾ ਮਨ ਹੈ ਜੋ ਸਾਡੇ ਕਰਮਾਂ ਅਤੇ ਵਿਚਾਰਾਂ ਕਰਕੇ ਦੂਸ਼ਿਤ ਹੋ ਜਾਂਦਾ ਹੈ। ਇਕ ਦੂਸ਼ਿਤ ਮਨ ਪਾਪਾਂ ਦੀ ਖਾਣ ਹੈ।

**ਵਸਿ ਆਣਿਹੁ ਵੇ ਜਨ ਇਸੁ ਮਨ ਕਉ**
**ਮਨੁ ਬਾਸੇ ਜਿਉ ਨਿਤ ਭਉਦਿਆ॥**

*(ਪੰਨਾ 776)*

ਆਪਣੇ ਮਨ ਨੂੰ ਕਾਬੂ ਕਰੋ ਜੋ ਇੱਧਰ-ਉਧਰ ਭੱਜਦਾ ਹੈ ਜਿਵੇਂ ਕੋਈ ਬਾਜ ਆਪਣੇ ਸ਼ਿਕਾਰ ਦੀ ਤਲਾਸ਼ ਕਰਦਾ ਹੋਵੇ।

**ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ॥**
**ਦੁਹੀ ਮਿਲਿ ਕੈ ਸ੍ਰਿਸਟਿ ਉਪਾਈ॥**

*(ਪੰਨਾ 126)*

ਹੇ ਭਾਈ ਤੇਰੇ ਸਰੀਰ ਅੰਦਰ ਪਾਪ ਅਤੇ ਪੁੰਨ ਦੋਵੇਂ ਹੀ ਮੌਜੂਦ ਹਨ। ਇਨ੍ਹਾਂ ਕਾਰਨ ਹੀ ਤੇਰੇ ਆਪੇ ਦੀ ਹੋਂਦ ਬਣੀ ਹੋਈ ਹੈ ਅਤੇ ਇਸ ਲਈ ਹੀ ਤੇਰਾ ਪਰਮਾਤਮਾ ਤੋਂ ਵਿਛੋੜਾ ਪਿਆ ਹੋਇਆ ਹੈ। ਸੀ. ਐੱਸ. ਲੁਇਸ. ਸਿੱਖ ਧਰਮ ਦਾ ਅਨੁਸਾਰੀ ਨਜ਼ਰ ਆਉਂਦਾ ਹੈ, ਜਦੋਂ ਉਹ ਲਿਖਦਾ ਹੈ: "ਪਾਪ ਤਾਂ ਪਾਪ ਹੈ ਹੀ ਇਸ ਲਈ ਕਿ ਇਸ ਵਿਚ ਆਈ ਯਾਣੀ ਆਪਾ (Sin ਸ਼ਬਦ ਦੇ ਵਿਚਕਾਰ I ਹੈ ) ਵੜਿਆ ਹੋਇਆ ਹੈ। ME ਯਾਣੀ ਆਪੇ ਤੋਂ ਰਬ ਤੱਕ ਦੇ ਸਫਰ ਵਿੱਚ ਹਉਮੈ ਰੁਕਾਵਟ ਬਣਦੀ ਹੈ। ਹਉਮੈ ਰੋਗ ਹੀ ਕਿਸੇ ਵਿਅਕਤੀ ਦੀ ਆਤਮਿਕ ਪ੍ਰਗਤੀ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਸੱਚ ਤੱਕ ਪੁੱਜਣ ਲਈ ਸੁਆਰਥ ਅਤੇ ਆਪੇ ਨੂੰ ਮਾਰਨਾ ਜ਼ਰੂਰੀ ਹੈ। "ਮੈਂ" "ਮੇਰਾ" ਅਤੇ "ਮੈਨੂੰ " ਨੂੰ ਸਮਝ ਕੇ ਪਰਮਾਤਮਾ ਦੇ ਅਧੀਨ ਕਰਨਾ ਪਵੇਗਾ ।[99]

## 5.11 ਪਾਪਾਂ ਦਾ ਖਾਤਮਾ :

ਈਸਾਈ ਮੰਨਦੇ ਹਨ ਕਿ ਯੀਸੂ ਨੇ ਕ੍ਰਾਸ ਉੱਪਰ ਮਰ ਕੇ ਸਾਡੇ ਪਾਪਾਂ ਦਾ ਮੁੱਲ ਤਾਰਿਆ ਹੈ (ਮਾਰਕ 10:45) ਇਸ ਲਈ ਜਦੋਂ ਕੋਈ ਈਸਾਈ ਬਣ ਜਾਂਦਾ ਹੈ ਤਾਂ ਬਣਦੇ ਸਾਰ ਹੀ ਪੂਰਨ ਮੁਆਫੀ ਪ੍ਰਾਪਤ ਹੋ ਜਾਂਦੀ ਹੈ। ਸੇਂਟ ਪਾਲ ਆਖਦੇ ਹਨ, "ਉਨ੍ਹਾਂ ਨੂੰ ਦੰਡ ਨਹੀਂ ਮਿਲੇਗਾ ਜੋ ਈਸਾ ਮਸੀਹ ਨੂੰ ਮਨ ਵਿਚ ਰੱਖਦੇ ਹਨ ।" (ਰੋਮਨਜ਼ 8:1) ਯੀਸੂ ਨੇ ਸਾਡੇ ਸਾਰੇ ਪਾਪ ਲੈ ਲਏ (ਪੁਰਾਣੇ, ਹੁਣ ਦੇ ਅਤੇ ਆਉਣ ਵਾਲੇ ਸਮੇਂ ਦੇ ਸਾਰੇ ਹੀ

99. ਸੂਫੀ ਇਸ ਨੂੰ ਸੀਸ ਰਹਿਤ, ਹੰਕਾਰ ਰਹਿਤ ਪੂਰਨ ਬਾਲ ਬੁੱਧ ਦੀ ਪ੍ਰਸਥਿਤੀ ਆਖਦੇ ਹਨ। "ਆਪਣਾ ਆਪਾਭਾਵ ਖਤਮ ਕਰਨਾ ਪੈਂਦਾ ਹੈ। ਜਿੰਨਾ ਆਪੇ ਤੋਂ ਦੂਰ ਉਨ੍ਹਾਂ ਹੀ ਪਰਮਾਤਮਾ ਦੇ ਨੇੜੇ" (ਐਂਜੇਲਸ ਸਿਲੇਸੀਅਸ)



ਪਾਪ[100]। ਉਸਨੇ ਸਾਡੇ ਸਾਰੇ ਪਾਪ ਲੈ ਕੇ, ਉਨ੍ਹਾਂ ਨੂੰ ਸਮੁੰਦਰ ਵਿਚ ਡੂੰਘਿਆ ਡੋਬ ਦਿੱਤਾ ਹੈ। (ਮਿਕਾ 7:9)। ਸਾਧਾਰਣ ਵਿਅਕਤੀ ਇਸ ਦੇ ਅਰਥ ਹੇਠ ਲਿਖੇ ਵਾਂਗ ਕਢੇਗਾ:-

ੳ) ਕਿਉਂਕਿ ਇੱਕ ਵਾਰ ਹੀ ਯੀਸੂ ਨੇ ਸਾਰੇ ਈਸਾਈਆਂ ਦੇ ਪਾਪਾਂ ਦਾ ਮੁੱਲ ਤਾਰ ਦਿੱਤਾ ਹੈ ਇਸ ਲਈ ਹੁਣ ਈਸਾਈ ਜਿੰਨੇ ਮਰਜ਼ੀ ਪਾਪ ਕਰੀ ਜਾਣ ।

ਅ) ਕਿਉਂਕਿ ਈਸਾਈਆਂ ਦੁਆਰਾ ਪਾਪ ਤਾਂ ਹੁਣ ਵੀ ਹੋ ਰਹੇ ਹਨ ਅਤੇ ਈਸਾ ਦਾ ਮਰਨਾ ਈਸਾਈਆਂ ਵਿਚ ਪਾਪਾਂ ਨੂੰ ਨਹੀਂ ਰੋਕ ਸਕਿਆ, ਇਸ ਲਈ ਈਸਾ ਦਾ ਮਰਨਾਂ ਵਿਅਰਥ ਸੀ ।

ੲ) ਪਰਮਾਤਮਾ ਇਨਸਾਫ਼ਪਸੰਦ ਨਹੀਂ ਕਿਉਂਕਿ ਉਸਨੇ ਈਸਾ ਨੂੰ ਉਨ੍ਹਾਂ ਗੁਨਾਹਾਂ ਲਈ ਸਜ਼ਾ ਦਿੱਤੀ ਜੋ ਉਸਦੇ ਅਨੁਯਾਈਆ ਨੇ ਅਜੇ ਕਰਨੇ ਸਨ।

ਸ) ਮੁਆਫ਼ ਕਰਨ ਦਾ ਵਿਚਾਰ ਦੈਵੀ ਇਨਸਾਫ਼ ਦਾ ਵਿਰੋਧੀ ਹੈ ਅਤੇ ਇਸਨੂੰ ਨਕਾਰਦਾ ਹੈ। ਇਸਦਾ ਅਰਥ ਇਹ ਹੈ ਕਿ ਪਰਮਾਤਮਾ ਪੱਖਪਾਤੀ ਹੈ।

ਬਾਈਬਲ ਅਨੁਸਾਰ ਪਾਪ ਕਰਨ ਲਈ ਉਕਸਾਹਟ ਸੱਪ ਨੇ ਦਿੱਤੀ ਪਰ ਸੱਪ ਹਜ਼ਾਰਾਂ ਸਾਲਾਂ ਤੋਂ ਮਜ਼ੇ ਨਾਲ ਅਜੇ ਵੀ ਜੀ ਰਹੇ ਹਨ। ਬਾਈਬਲ ਆਪ ਸੱਪਾਂ ਨੂੰ 'ਸਿਆਣਾ ਜੀਵ' ਆਖਦੀ ਹੈ। "ਇਨਸਾਨ ਸੱਪ ਦੀ ਤਰ੍ਹਾਂ ਸਿਆਣਾ ਅਤੇ ਘੁੱਗੀ ਵਾਂਗ ਸ਼ਾਂਤ ਹੋਵੇ ।" (ਮੈਥਿਊ 10:16) ਹੈਰਾਨੀ ਇਸ ਗੱਲ ਦੀ ਹੈ ਕਿ ਜੇਕਰ ਹਰ ਕੋਈ ਇਨਸਾਨ ਬਾਈਬਲ ਦੀ ਕਹਾਵਤ ਵਾਂਗ ਸੱਪਾਂ ਜਿੰਨਾ ਸਿਆਣਾ ਹੋ ਜਾਵੇ ਤਾਂ ਕੀ ਹੋਵੇਗਾ? ਬਾਈਬਲ ਆਦਮ ਦੇ ਪਾਪ ਕਰਨ ਕਰਕੇ ਮਨੁੱਖਤਾ ਦੇ ਪਾਪੀ ਬਣਨ ਨੂੰ ਆਪ ਵੀ ਨਹੀਂ ਮੰਨਦੀ। ਡਿਊਟਰੋਨੋਮੀ 24:16 ਵਿੱਚ ਅਸੀਂ ਪੜ੍ਹਦੇ ਹਾਂ ਕਿ "ਪਿਤਾ ਨੂੰ ਉਸਦੇ ਪੁੱਤਰਾਂ ਦੀਆਂ ਕਰਤੂਤਾਂ ਦੀ ਸਜ਼ਾ ਨਹੀਂ ਦੇਣੀ ਚਾਹੀਦੀ ਅਤੇ ਨਾਂ ਹੀ ਪੁੱਤਰਾਂ ਨੂੰ ਪਿਤਾ ਦੇ ਮਾੜੇ ਕਰਮਾਂ ਕਾਰਨ ਮੌਤ ਦੀ ਸਜ਼ਾ ਮਿਲਣੀ ਚਾਹੀਦੀ ਹੈ। ਹਰ ਇੱਕ ਨੂੰ ਉਸਦੇ ਆਪਣੇ ਕਰਮ ਅਨੁਸਾਰ ਹੀ ਮੌਤ ਦੀ ਸਜ਼ਾ ਮਿਲਣੀ ਚਾਹੀਦੀ ਹੈ। (ਵੇਖੋ ਜੇਰੇਮੀਆਹ 31:30 ਅਤੇ ਐਜ਼ੀਕੀਅਲ 18:20)

### ਸਿੱਖ ਦ੍ਰਿਸ਼ਟੀਕੋਣ :

ਸਿੱਖ ਧਰਮ ਦਾ ਸਿਧਾਂਤ ਹੈ ਕਿ ਪਾਪ, ਮਨ ਨੂੰ ਦੂਸ਼ਿਤ ਕਰਦੇ ਹਨ। ਕੋਈ

100. ਈਸਾਈਆਂ ਵਿਚ ਪਾਪਾਂ ਨੂੰ ਧੋਣ ਦਾ ਰਿਵਾਜ਼ ਹੈ। ਉਹ ਇਕ ਬੱਕਰੀ ਲੈਂਦੇ ਹਨ। ਉਸ ਬੱਕਰੀ ਦੇ ਸਿਰ ਤੇ ਹੱਥ ਰੱਖਦੇ ਹਨ ਅਤੇ ਆਪਣੇ ਪਾਪਾਂ ਨੂੰ ਸਵੀਕਾਰ ਕਰਦੇ ਹਨ। ਮੰਨਿਆ ਜਾਂਦਾ ਹੈ ਕਿ ਇਸ ਤਰ੍ਹਾਂ ਪਾਪ ਮਨੁੱਖਾਂ ਵਿੱਚੋਂ ਨਿਕਲ ਕੇ ਜਾਨਵਰਾਂ 'ਚ ਪ੍ਰਵੇਸ਼ ਕਰ ਜਾਂਦੇ ਹਨ। ਫਿਰ ਬੱਕਰੀ ਨੂੰ ਜੰਗਲ ਵਿੱਚ ਛੱਡ ਦਿੱਤਾ ਜਾਂਦਾ ਹੈ। ਇਸਨੂੰ ਸਕੇਪਗੋਟ (scape goat) ਕਿਹਾ ਜਾਂਦਾ ਹੈ। ਇਸ ਬੱਕਰੀ ਨੂੰ ਮਾਰਿਆ ਤਾਂ ਜਾ ਸਕਦਾ ਹੈ ਪਰ ਮੀਟ ਵਜੋਂ ਖਾਧਾ ਨਹੀਂ ਜਾ ਸਕਦਾ।

ਬਾਹਰਲੀ ਏਜੰਸੀ ਓਨਾ ਚਿਰ ਪਾਪ ਨਹੀਂ ਧੋ ਸਕਦੀ ਜਿੰਨਾਂ ਚਿਰ ਪਾਪੀ ਮਨੁੱਖ ਆਪ ਸੁਧਰ ਨਹੀਂ ਜਾਂਦਾ ਜਾਂ ਕਿਸੇ ਪੂਰੇ ਗੁਰੂ ਦੀ ਸਿੱਖਿਆ ਉਸਦੀ ਜ਼ਿੰਦਗੀ ਨੂੰ ਬਦਲ ਨਹੀਂ ਦਿੰਦੀ। ਜ਼ਰੂਰਤ ਹੈ ਤਾਂ ਬਸ, ਮਨ ਬਦਲਣ ਦੀ ਅਤੇ ਪਾਪਾਂ ਤੋਂ ਪਛਤਾਵਾ ਕਰਕੇ ਅਗੋਂ ਲਈ ਚੰਗਾ ਇਨਸਾਨ ਬਣਨ ਦੀ ਹੈ। ਇਸ ਤਰ੍ਹਾਂ ਇਨਸਾਨ ਆਤਮ ਪਰਖ, ਆਤਮ ਦਰੁੱਸਤੀ ਅਤੇ ਦ੍ਰਿੜ੍ਹਤਾ ਪ੍ਰਾਪਤ ਕਰਕੇ ਮਾੜੇ ਕਰਮਾਂ ਦਾ ਤਿਆਗ ਕਰ ਦਿੰਦਾ ਹੈ ।

**ਮੂਤ ਪਲੀਤੀ ਕਪੜੁ ਹੋਇ॥**
**ਦੇ ਸਾਬੂਣੁ ਲਈਐ ਓਹੁ ਧੋਇ॥**
**ਭਰੀਐ ਮਤਿ ਪਾਪਾ ਕੈ ਸੰਗਿ॥**
**ਓਹੁ ਧੋਪੈ ਨਾਵੈ ਕੈ ਰੰਗਿ॥**
**ਪੁੰਨੀ ਪਾਪੀ ਆਖਣੁ ਨਾਹਿ॥**
**ਕਰਿ ਕਰਿ ਕਰਣਾ ਲਿਖਿ ਲੈ ਜਾਹੁ॥**
**ਆਪੇ ਬੀਜਿ ਆਪੇ ਹੀ ਖਾਹੁ॥**

*(ਪੰਨਾ-4)*

ਜਦੋਂ ਕੱਪੜੇ ਗੰਦਗੀ ਤੇ ਮੂਤ ਨਾਲ ਮੈਲੇ ਹੋ ਜਾਂਦੇ ਹਨ ਤਾਂ ਸਾਬਣ ਨਾਲ ਉਨ੍ਹਾਂ ਨੂੰ ਧੋ ਕੇ ਸਾਫ ਕੀਤਾ ਜਾ ਸਕਦਾ ਹੈ ਪਰ ਜਦੋਂ ਮਤ, ਪਾਪਾਂ ਕਾਰਨ ਮਲੀਨ ਹੋ ਜਾਂਦੀ ਹੈ, ਇਹ ਸਿਰਫ਼ ਪਰਮਾਤਮਾ ਦੇ ਪ੍ਰੇਮ ਅਤੇ ਨਾਮ ਸਿਮਰਨ ਨਾਲ ਹੀ ਧੋਤੀ ਜਾ ਸਕਦੀ ਹੈ। ਪਾਪ ਅਤੇ ਪੁੰਨ ਗੱਲਾਂ ਦਾ ਵਿਸ਼ਾ ਨਹੀਂ, ਇਨ੍ਹਾਂ ਲਈ ਵਾਰ ਵਾਰ ਕਰਮ ਦੁਹਰਾਉਣੇ ਪੈਂਦੇ ਹਨ। ਵਾਰ ਵਾਰ ਕੀਤੇ ਕਰਮ ਆਤਮਾ ਤੇ ਉੱਕਰ ਜਾਂਦੇ ਹਨ। ਤੁਸੀਂ ਉਹ ਹੀ ਵੱਢੋਗੇ, ਜੋ ਬੀਜਿਆ ਹੋਵੇਗਾ।

**ਅਵਗੁਣ ਛੋਡਿ ਗੁਣਾ ਕਉ ਧਾਵਹੁ**
**ਕਰਿ ਅਵਗੁਣ ਪਛੁਤਾਹੀ ਜੀਉ॥**
**ਸਰ ਅਪਸਰ ਕੀ ਸਾਰ ਨ ਜਾਣਹਿ**
**ਫਿਰ ਫਿਰ ਕੀਚ ਬੁਡਾਹੀ ਜੀਉ॥**
**ਅੰਤਰਿ ਮੈਲੁ ਲੋਭ ਬਹੁ ਝੂਠੇ**
**ਬਾਹਰਿ ਨਾਵਹੁ ਕਾਹੀ ਜੀਉ॥**

*(ਪੰਨਾ-498)*

ਔਗੁਣਾਂ ਨੂੰ ਛੱਡ ਕੇ ਗੁਣ ਧਾਰਨ ਕਰਨੇ ਚਾਹੀਦੇ ਹਨ। ਪਾਪ ਕਰਕੇ ਤੁਸੀਂ ਸਿਰਫ ਮੁਆਫ਼ੀ ਮੰਗੋਗੇ ਅਤੇ ਪਛਤਾਵੋਗੇ। ਤੁਸੀਂ ਚੰਗੇ ਅਤੇ ਬੁਰੇ ਦਾ ਅੰਤਰ ਨਹੀਂ ਜਾਣਦੇ। ਬਾਰ-ਬਾਰ ਤੁਸੀਂ ਬੁਰੇ ਕਰਮਾਂ ਦੀ ਦਲਦਲ ਵਿਚ ਖੁੱਭਦੇ ਹੋ। ਤੁਹਾਡੇ ਅੰਦਰ ਝੂਠ ਅਤੇ ਲਾਲਚ ਦੀ ਮੈਲ ਭਰੀ ਹੋਈ ਹੈ, ਤਾਂ ਆਪਣੇ ਸਰੀਰ ਨੂੰ ਬਾਹਰੋਂ ਧੋਣ ਦਾ ਫੇਰ



ਕੀ ਲਾਭ?

ਸਿੱਖ ਧਰਮ ਮੰਨਦਾ ਹੈ ਕਿ ਹਰ ਵਿਅਕਤੀ ਆਪਣੇ ਕਰਮਾਂ ਦਾ ਆਪ ਜ਼ੁੰਮੇਵਾਰ ਹੈ। ਕੋਈ ਹੋਰ ਵਿਅਕਤੀ ਕਿਸੇ ਦੇ ਕੀਤੇ ਜੁਰਮ ਦੀ ਸਜ਼ਾ ਨਹੀਂ ਭੁਗਤਦਾ ।

**ਅਹਿ ਕਰੁ ਕਰੇ ਸੁ ਅਹਿ ਕਰੁ ਪਾਏ॥**
**ਕੋਈ ਨ ਪਕੜੀਐ ਕਿਸੇ ਥਾਏ॥**

*(ਪੰਨਾ 406)*

ਉਹ ਹੱਥ ਜੋ ਪਾਪ ਕਰਦਾ ਹੈ, ਸਜ਼ਾ ਭੋਗਦਾ ਹੈ। ਕੋਈ ਵੀ ਵਿਅਕਤੀ ਕਿਸੇ ਹੋਰ ਵਿਅਕਤੀ ਦੇ ਪਾਪਾਂ ਦੀ ਸਜ਼ਾ ਨਹੀਂ ਭੋਗਦਾ ।

**ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ॥**

*(ਆਸਾ ਦੀ ਵਾਰ ਮ: 1)*

ਹਰ ਵਿਅਕਤੀ ਪਰਮਾਤਮਾ ਸਾਹਮਣੇ ਆਪਣੇ ਪਾਪਾਂ ਲਈ ਆਪ ਹੀ ਜਵਾਬਦੇਹ ਹੋਵੇਗਾ।

## 5.12 ਮੁਕਤੀ

ਈਸਾਈ ਧਰਮ ਅਨੁਸਾਰ "ਮੁਕਤੀ ਇਕ ਘਟਨਾ ਹੈ ਜੋ ਪਹਿਲਾਂ ਹੀ ਵਾਪਰ ਚੁੱਕੀ ਹੈ। ਪਰਮਾਤਮਾ ਦੇ ਪੁੱਤਰ ਨੂੰ ਸੂਲੀ ਤੇ ਚਾੜ੍ਹ ਕੇ ਅਤੇ ਪੁਨਰਜਨਮ ਦੇ ਕੇ ਸਾਰੇ ਲੋਕਾਂ ਨੂੰ ਮੁਕਤੀ ਦੇ ਦਿੱਤੀ ਹੈ"।*( ਦੇਖੋ ਪੋਪ ਜਾਨ ਪਾਲ* II *ਦੀ* ***ਪੁਸਤਕ ਕਰਾਸਿੰਗ ਦ ਥਰੈਸ਼ਹੋਲਡ ਆਫ ਹੋਪ*** *ਪੰਨਾ 74)*

ਈਸਾਈ ਮਤ ਅਨੁਸਾਰ ਮੁਕਤੀ ਸਿਰਫ ਈਸਾ ਰਾਹੀਂ ਹੀ ਸੰਭਵ ਹੈ ।[101] ਉਸਦੀ ਆਤਮਾ ਸਾਰੇ ਈਸਾਈਆਂ ਨੂੰ ਪਰਮਾਤਮਾ ਕੋਲ ਲੈ ਕੇ ਜਾਵੇਗੀ। "ਪਰਮਾਤਮਾ ਦੇ ਬੰਦਿਆਂ ਵਿਚ ਸਿਰਫ਼ ਇੱਕ ਹੀ ਵਿਚੋਲਾ ਹੈ, ਜਿਸਨੇ ਹਰ ਕਿਸੇ ਦੀ ਮੁਕਤੀ ਲਈ ਮੁੱਲ ਅਦਾ ਕੀਤਾ ਹੈ ।" (ਟਿਮੋਥੀ 2:56) "ਹੋਰ ਕਿਸੇ ਰਾਹੀਂ ਮੁਕਤੀ ਸੰਭਵ ਨਹੀਂ, ਸਾਰੀ ਦੁਨੀਆਂ ਵਿੱਚ ਕੋਈ ਹੋਰ ਨਾਮ ਨਹੀਂ, ਜਿਸ ਦੁਆਰਾ ਅਸੀਂ ਬਚਾਏ ਜਾ ਸਕਦੇ ਹੋਈਏ।" (ਐਕਟਸ 4:12)

"ਯੀਸੂ ਸਵਰਗ ਵਿਚੋਂ ਪ੍ਰਤਿਸ਼ਟਿਤ ਦੇਵਤਿਆਂ ਨਾਲ ਅੱਗ ਦੀਆਂ ਬਲਦੀਆਂ ਲਾਟਾਂ ਵਾਂਗ ਉਨ੍ਹਾਂ ਤੋਂ ਬਦਲਾ ਲੈਣ ਲਈ ਪ੍ਰਗਟ ਹੋਣਗੇ ਜੋ ਪਰਮਾਤਮਾ ਨੂੰ ਨਹੀਂ ਮੰਨਦੇ ਅਤੇ ਜੋ ਸਾਡੀ ਧਰਤੀ ਦੇ ਪੈਗੰਬਰ ਈਸਾ ਮਸੀਹ ਦਾ ਹੁਕਮ ਨਹੀਂ ਮੰਨਦੇ"। (2 ਥੈਸਾਲੋਨੀਅਨਜ਼ 1,7-9) ਬਿਸ਼ਪ ਵੈਸਟਕੋਟ ਜੋ ਕੈਂਬਰਿਜ ਯੂਨੀਵਰਸਿਟੀ ਵਿਖੇ ਧਾਰਮਿਕ

101. ਜਹੋਵਾਜ਼ ਵਿਟਨੈਸ (ਰੈਵ 14:14) ਅਨੁਸਾਰ ਸਿਰਫ 1,44,000 ਲੋਕ ਹੀ ਸ੍ਵਰਗ ਵਿੱਚ ਜਾ ਸਕਦੇ ਹਨ (ਵੇਖੋ ਅਵੇਕ, ਅਪ੍ਰੈਲ 8, 1997, ਪੰਨਾ-10)

ਵਿਦਿਆ ਦੇ ਭੂਤਪੂਰਵ ਪ੍ਰੋਫੈਸਰ ਸਨ, ਕਹਿੰਦੇ ਹਨ, "ਮੋਕਸ਼ ਦੇ ਤਿੰਨ ਕਾਲ ਹਨ। ਸਾਨੂੰ ਪਾਪਾਂ ਦੇ ਦੰਡ ਤੋਂ ਬਚਾਇਆ ਗਿਆ ਸੀ। ਅਸੀਂ ਪਾਪਾਂ ਵਾਲੀ ਤਾਕਤ ਤੋਂ ਸੁਰੱਖਿਅਤ ਹੋ ਗਏ ਹਾਂ। ਅਸੀਂ ਪਾਪ ਕਰਨ ਤੋਂ ਬਚਾਏ ਜਾਵਾਂਗੇ"।

ਯੀਸੂ ਆਪ ਇਹ ਆਖਦੇ ਮੰਨੇ ਜਾਂਦੇ ਹਨ, "ਸਵਰਗ ਅਤੇ ਧਰਤੀ ਤੇ ਹਰ ਕੰਮ ਦਾ ਸਾਰਾ ਅਧਿਕਾਰ ਮੈਨੂੰ ਦਿੱਤਾ ਗਿਆ ਹੈ"। (ਮੈਥਿਊ 28:18-20), "ਮੈਂ ਰਸਤਾ ਹਾਂ, ਸੱਚ ਹਾਂ ਅਤੇ ਜ਼ਿੰਦਗੀ ਹਾਂ, ਮੇਰੇ ਬਿਨਾਂ ਹੋਰ ਕੋਈ ਵੀ ਤਹਾਨੂੰ ਪਿਤਾ ਪਾਸ ਲੈ ਕੇ ਨਹੀਂ ਜਾ ਸਕਦਾ"। (ਜੌਹਨ 14:16)

**ਸਿੱਖ ਦ੍ਰਿਸ਼ਟੀਕੋਣ :**

ਸਿੱਖ ਧਰਮ ਮੁਕਤੀ ਵਿਚ ਏਕਾਧਿਕਾਰ ਨਹੀਂ ਜਤਾਉਂਦਾ ਅਤੇ ਨਾ ਹੀ ਅਜਿਹੀ ਕਿਸੇ ਮੁਕਤੀ ਵਿਚ ਯਕੀਨ ਰੱਖਦਾ ਹੈ ਜੋ ਮੌਤ ਤੋਂ ਬਾਅਦ ਹਾਸਲ ਹੁੰਦੀ ਹੋਵੇ। ਸਿੱਖ ਸਮਝਦੇ ਹਨ ਕਿ ਮੁਕਤੀ ਦਾ ਅਰਥ ਹੈ, "ਮਾਇਆ ਦੇ ਪ੍ਰਭਾਵ ਤੋਂ ਅਤੇ ਉਲਝਣ ਤੋਂ ਬਚੇ ਰਹਿਣਾ ਅਤੇ ਪਰਮਾਤਮਾ ਦੀ ਹਜ਼ੂਰੀ ਵਿਚ ਹੀ ਲੀਨ ਰਹਿਣਾ। ਜਦੋਂ ਮੌਤ ਆਵੇ ਤਾਂ ਪਰਮਾਤਮਾ ਦੀ ਆਤਮਿਕ ਜੋਤ ਵਿਚ ਸਮਾ ਜਾਣਾ"।

**ਰਾਜੁ ਨ ਚਾਹਉ ਮੁਕਤਿ ਨ ਚਾਹਉ॥**
**ਮਨਿ ਪ੍ਰੀਤਿ ਚਰਨ ਕਮਲਾ ਰੇ॥**

*(ਪੰਨਾ 534)*

ਨਾ ਮੈਨੂੰ ਦੁਨੀਆਂ ਦਾ ਰਾਜ ਚਾਹੀਦਾ ਹੈ ਅਤੇ ਨਾ ਹੀ ਮੌਤ ਤੋਂ ਬਾਅਦ ਵਾਲੀ ਮੁਕਤੀ। ਮੈਂ ਜੋ ਚਾਹੁੰਦਾ ਹਾਂ ਉਹ ਹੈ ਪਰਮਾਤਮਾ ਦੇ ਚਰਨਾਂ ਦੀ ਸਦੀਵੀਂ ਪ੍ਰੀਤ ।

**ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥**

*(ਪੰਨਾ 534)*

" ਕੀ ਪਤਾ ਕਿ ਮਰਨ ਤੋਂ ਬਾਅਦ ਇਨਸਾਨ ਨੂੰ ਮੁਕਤੀ ਹਾਸਲ ਹੁੰਦੀ ਵੀ ਹੈ ਕਿ ਨਹੀਂ?" ਸਿੱਖ ਧਰਮ ਇਸ ਧਾਰਨਾ ਵਿਚ ਵਿਸ਼ਵਾਸ ਨਹੀਂ ਰੱਖਦਾ ਕਿ ਮੁਕਤੀ ਕਿਸੇ ਇੱਕ ਵਿਅਕਤੀ ਦੁਆਰਾ ਦੂਜੇ ਨੂੰ ਦਿੱਤੀ ਜਾ ਸਕਦੀ ਹੈ। ਸਿੱਖ ਧਰਮ ਅਨੁਸਾਰ ਮੁਕਤੀ ਤਾਂ ਸਿਰਫ ਨਿਰਮਲ ਢੰਗ ਨਾਲ ਸੱਚ ਦੇ ਰਸਤੇ ਤੇ ਚਲਦਿਆਂ ਗੁਰੂ ਦੀ ਸਿੱਖਿਆ ਮੰਨ ਕੇ ਸਮਰਪਣ ਕਰਨ ਅਤੇ ਗੁਣਾਂ ਵਾਲੀ ਸੁਚੱਜੀ ਜ਼ਿੰਦਗੀ ਜਿਊਣਾ ਹੀ ਹੈ ।

**5:13 ਮੁਰਦੇ ਜ਼ਿੰਦਾ ਹੋਣਗੇ :**

"ਪਰਮਾਤਮਾ ਆਪ ਸਵਰਗ ਵਿਚੋਂ ਉੱਚੀ ਆਵਾਜ਼ ਲਗਾਵੇਗਾ ਅਤੇ ਈਸਾਈ ਮੁਰਦੇ ਸਭ ਤੋਂ ਪਹਿਲਾਂ ਉੱਠਣਗੇ, ਫਿਰ ਅਸੀਂ ਜੋ ਜ਼ਿੰਦਾ ਹਾਂ ਅਤੇ ਬਾਕੀ ਇਕੱਠੇ ਫੜ ਕੇ



ਬੱਦਲਾਂ ਵੱਲ ਲਿਜਾਏ ਜਾਵਾਂਗੇ ਤਾਂ ਜੋ ਉਥੇ ਪਰਮਾਤਮਾ ਨਾਲ ਮੁਲਾਕਾਤ ਹੋ ਸਕੇ।

(I *ਲੈਟਰ ਟੂ ਥੇਸਾਲੋਨੀਅਨਜ਼* 4.16-17 *ਅਤੇ* I *ਕੋਰ* 15,51-52)

ਈਸਾਈਆਂ ਦਾ ਇਹ ਵੀ ਵਿਸ਼ਵਾਸ ਹੈ ਕਿ ਮਨੁੱਖੀ ਸਰੀਰ ਮੌਤ ਤੋਂ ਬਾਅਦ ਵੀ ਜ਼ਿੰਦਾ ਰਹਿੰਦਾ ਹੈ। ਇੱਥੋਂ ਜਾਣ ਉਪ੍ਰੰਤ ਯੀਸੂ ਪਰਮਾਤਮਾ ਦੀ ਜੋਤ ਵਿਚ ਨਹੀਂ ਰਲਾਇਆ ਗਿਆ। ਉਸਨੂੰ ਸਵਰਗ ਭੇਜ ਦਿੱਤਾ ਗਿਆ ਜਿੱਥੇ ਉਹ ਹੁਣ ਪਰਮਾਤਮਾ ਦੇ ਸੱਜੇ ਹੱਥ ਬੈਠਦੇ ਹਨ। ਪਿਤਾ ਅਤੇ ਪੁੱਤਰ ਦੋਵੇਂ ਵੱਖੋ ਵੱਖਰੇ ਹੁੰਦੇ ਹਨ ਅਤੇ ਪੁੱਤਰ ਦੀ ਮੌਤ ਉਪਰੰਤ ਵੀ ਦੋ ਹੀ ਰਹਿੰਦੇ ਹਨ ਇੱਕ ਨਹੀਂ ਹੁੰਦੇ ।

**ਸਿੱਖ ਦ੍ਰਿਸ਼ਟੀਕੋਣ :**

ਸਿੱਖ ਧਰਮ ਦਾ ਵਿਚਾਰ ਹੈ ਕਿ ਸਰੀਰਕ ਮੌਤ ਉਪਰੰਤ ਸਰੀਰ ਦੇ ਤੱਤ (ਪੰਜ) ਖਿੰਡ ਜਾਂਦੇ ਹਨ ਅਤੇ ਧਰਤੀ ਤੇ ਹੀ ਰਹਿ ਜਾਂਦੇ ਹਨ ਜਦਕਿ ਆਤਮਾ ਆਪਣਾ ਕਾਰਜ ਜਾਰੀ ਰੱਖਦੀ ਹੋਈ ਨਵੀਂ ਜੂਨ ਹਾਸਲ ਕਰਦੀ ਹੈ।

**ਪਵਨੈ ਮਹਿ ਪਵਨੁ ਸਮਾਇਆ॥**
**ਜੋਤੀ ਮਹਿ ਜੋਤਿ ਰਲਿ ਜਾਇਆ॥**
**ਮਾਟੀ ਮਾਟੀ ਹੋਈ ਏਕ॥**
**ਰੋਵਨਹਾਰੇ ਕੀ ਕਵਨ ਟੇਕ॥**

*(ਪੰਨਾ–885)*

ਮੌਤ ਵਕਤ ਸਾਹ ਵਾਪਿਸ ਹਵਾ ਵਿਚ ਰਲ ਜਾਂਦਾ ਹੈ। ਆਤਮਾ ਪਰਮਾਤਮਾ ਵਿਚ ਵਿਲੀਨ ਹੋ ਜਾਂਦੀ ਹੈ, ਤੱਤ, ਤੱਤਾਂ ਵਿਚ ਸਮਾਂ ਜਾਂਦੇ ਹਨ। ਰੋਣਾ ਵਿਅਰਥ ਹੈ ਕਿਉਂਕਿ ਕੁਝ ਵੀ ਗੁਆਚਿਆ ਨਹੀਂ ਹੁੰਦਾ। ਸਿੱਖ ਇਸ ਗੱਲ ਵਿਚ ਵਿਸ਼ਵਾਸ ਨਹੀਂ ਰੱਖਦੇ ਕਿ ਮੁਰਦਾ ਵਿਅਕਤੀ ਜ਼ਿੰਦਾ ਹੋਣਗੇ ਅਤੇ ਪਰਮਾਤਮਾ ਪਾਸ ਕਿਸੇ ਵਿਅਕਤੀ ਦੁਆਰਾ ਲਿਜਾਏ ਜਾਣਗੇ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਮਨੁੱਖੀ ਆਤਮਾ ਮਰਨ ਉਪਰੰਤ ਜਾਂ ਤਾਂ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ ਜਾਂ ਫੇਰ ਦੋਬਾਰਾ ਜਨਮ ਲੈਂਦੀ ਹੈ। ਉੱਤਮ ਆਤਮਾਵਾਂ ਦਾ ਜੂਨਾਂ ਵਾਲਾ ਚੱਕਰ ਖਤਮ ਹੋ ਜਾਂਦਾ ਹੈ ਪ੍ਰੰਤੂ ਮਾੜੇ ਕੰਮ ਕਰਨ ਵਾਲੀਆਂ ਆਤਮਾਵਾਂ ਕਰਮਾਂ ਦੇ ਅਧਾਰ ਤੇ ਨਵੀਂ ਪਛਾਣ ਨਾਲ ਨਵਾਂ ਜਨਮ ਲੈਂਦੀਆਂ ਹਨ। ਸਿੱਖ ਜਿਉਂਦੇ ਜੀਅ ਹੀ (ਮਾਇਆ ਤੇ ਸੰਸਾਰੀ ਖਲਜਗਣ ਤੋਂ) ਮੁਕਤੀ ਪ੍ਰਾਪਤ ਕਰਨੀ ਚਾਹੁੰਦੇ ਹਨ। ਉਨ੍ਹਾਂ ਅਨੁਸਾਰ ਮੁਕਤੀ ਤਾਂ ਮਾਇਆ ਤੋਂ ਆਜ਼ਾਦੀ ਅਤੇ ਆਪਣੇ-ਆਪ ਉੱਪਰ ਕਾਬੂ ਰੱਖਣ ਨਾਲ ਹੀ ਮਿਲ ਸਕਦੀ ਹੈ ।

**ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ॥**
**ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ॥**

*(ਪੰਨਾ–503)*

ਇਸ ਸਰੀਰ ਅੰਦਰ ਪੰਜ ਚੋਰ( ਕਾਮ ਕ੍ਰੋਧ,ਲੋਭ ਮੋਹ, ਹੰਕਾਰ) ਵੱਸਦੇ ਹਨ[102] ਉਨ੍ਹਾਂ ਨੂੰ ਜਿੰਨਾ ਮਰਜ਼ੀ ਵਰਜੋ ਚੋਰੀ ਕਰਨੋਂ ਨਹੀਂ ਹਟਦੇ। ਜਿਹੜਾ ਮਨੁੱਖ ਉਨ੍ਹਾਂ ਤੋਂ ਆਪਣੇ ਮਾਲ ਨੂੰ ਬਚਾ ਕੇ ਰੱਖਦਾ ਹੈ, ਐ ਨਾਨਕ-ਸਿਰਫ ਉਹ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ।

### 5.14 ਪਛਤਾਵਾ :

ਈਸਾਈ ਮੱਤ ਵਿੱਚ ਪਛਤਾਵੇ ਨੂੰ ਬਹੁਤ ਮਹੱਤਵ ਹਾਸਲ ਹੈ। ਇਹ ਕਿਹਾ ਜਾਂਦਾ ਹੈ ਕਿ "ਪਛਤਾਵਾ ਕਰਨ ਵਾਲੇ ਇਕ ਪਾਪੀ ਲਈ ਸਵਰਗ ਵਿੱਚ ਉਨ੍ਹਾਂ 99 ਬੰਦਿਆਂ ਨਾਲੋਂ ਜ਼ਿਆਦਾ ਆਨੰਦ ਹੈ ਜੋ ਨੇਕ ਹੁੰਦੇ ਹੋਏ ਵੀ ਪਛਤਾਵਾ ਨਹੀਂ ਕਰਦੇ। (ਲਿਊਕ 15.7)

### ਸਿੱਖ ਦ੍ਰਿਸ਼ਟੀਕੋਣ :

ਸਿੱਖ ਧਰਮ ਵਿੱਚ ਵਧੇਰੇ ਬਲ ਚੰਗੇ ਕੰਮ ਕਰਨ ਅਤੇ ਮਨ ਕਾਬੂ ਰੱਖਣ ਉੱਪਰ ਹੈ, ਪਛਤਾਵੇ ਤੇ ਨਹੀਂ। ਪਛਤਾਵਾ ਤਾਂ ਆਰੰਭ ਹੈ, ਅੰਤ ਨਹੀਂ। ਗੁਰੂ ਸਾਹਿਬ ਆਖਦੇ ਹਨ "ਮਨਿ ਜੀਤੇ ਜਗੁ ਜੀਤੁ" ਆਪਣੇ ਮਨ ਨੂੰ ਜਿੱਤੋ ਅਤੇ ਤੁਸੀਂ ਦੁਨੀਆਂ ਜਿੱਤ ਜਾਵੋਗੇ। ਸਿੱਖਾਂ ਅਨੁਸਾਰ ਪਛਤਾਵੇ ਤੋਂ ਭਾਵ ਆਤਮ ਪਰਖ, ਆਤਮ ਸੋਧ, ਅੰਤਰ ਧਿਆਨ ਅਤੇ ਭਵਿੱਖ ਵਿਚ ਗਲਤ ਕੰਮਾਂ ਤੋਂ ਆਪਣੇ ਆਪ ਨੂੰ ਰੋਕਣਾ ਹੀ ਹੈ ।

"ਮੁਕਤੀ ਆਪਣੇ ਅੰਦਰੋਂ ਹੀ ਤਲਾਸ਼ ਕਰਨੀ ਚਾਹੀਦੀ ਹੈ। ਹਰ ਵਿਅਕਤੀ ਆਪਣੀ ਜੇਲ੍ਹ ਆਪ ਤਿਆਰ ਕਰੀ ਬੈਠਾ ਹੈ। (ਸਰ.ਈ.ਆਰਨੌਲਡ)

### 5.15 ਆਤਮਾ :

ਈਸਾਈ ਆਤਮਾ ਦੀ ਹੋਂਦ ਵਿਚ ਯਕੀਨ ਰੱਖਦੇ ਹਨ, ਮਿਸਾਲ ਵਜੋਂ (Psalms 22.29) ਅਸੀਂ ਪੜ੍ਹਦੇ ਹਾਂ "ਕੋਈ ਵੀ ਆਪਣੀ ਆਤਮਾ ਨੂੰ ਜ਼ਿੰਦਾ ਨਹੀਂ ਰੱਖ ਸਕਦਾ"। ਪਰ ਈਸਾਈ ਇਹ ਨਹੀਂ ਮੰਨਦੇ ਕਿ ਆਤਮਾ ਅਮਰ ਹੈ। "ਈਸਾਈ ਧਰਮ ਆਤਮਾ ਦੇ ਅਮਰ ਹੋਣ ਦੀ ਗੱਲ ਨਹੀਂ ਕਰਦਾ ਸਗੋਂ ਵਿਅਕਤੀ ਦੇ ਬਿਲਕੁਲ ਨਵੇਂ ਅਤੇ ਸੁਹਣੇ ਸਰੀਰਕ ਰੂਪ ਵਿੱਚ ਪੁਨਰ ਜਨਮ ਵਿਚ ਵਿਸ਼ਵਾਸ਼ ਰੱਖਦਾ ਹੈ। (ਐਨਸਾਈਕਲੋਪੀਡੀਆ ਆਫ਼ ਦਾ ਬਾਈਬਲ, ਪੰਨਾ 155)

"ਇੰਝ ਜਾਪਦਾ ਹੈ ਕਿ ਈਸਾਈ ਧਰਮ ਅਨੁਸਾਰ ਮਨੁੱਖੀ ਸਰੀਰ ਅਤੇ ਸ਼ਖਸੀਅਤ ਮੌਤ ਉਪਰੰਤ ਜ਼ਿੰਦਾ ਰਹਿੰਦੀ ਹੈ। ਆਤਮਾ ਜ਼ਿੰਦਾ ਰਹਿੰਦੀ ਹੈ ਜਾਂ ਨਹੀਂ

102. ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਕਾਬੂ ਰੱਖਣਾ ਹੀ ਮੁਕਤੀ ਹੈ ।



ਇਹ ਗੱਲ ਉਨ੍ਹਾਂ ਲਈ ਬੇਮਤਲਬ ਹੈ। "ਬਾਈਬਲ ਮਨੁੱਖਾਂ ਨੂੰ ਇਕ ਵਿਅਕਤੀ ਦੇ ਰੂਪ ਵਿਚ ਵੇਖਦੀ ਹੈ। ਇਹ ਆਤਮਾ ਨੂੰ ਨਾਸ਼ਵਾਨ ਸਰੀਰ ਵਿਚ ਕੈਦ ਹੋਇਆ ਨਹੀਂ ਦੇਖਦੀ।" (ਐਨਸਾਈਕਲੋਪੀਡੀਆ ਆਫ ਦਾ ਬਾਈਬਲ, ਪੰਨਾ 156) "ਹਰ ਇਕ ਪ੍ਰਾਣੀ ਲਈ ਮੌਤ ਤੋਂ ਬਾਅਦ ਜ਼ਿੰਦਗੀ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਹ ਸਰੀਰ ਦੇ ਮਰ ਕੇ ਉੱਠਣ ਵਿਚ ਯਕੀਨ ਰੱਖਦਾ ਹੈ ਜਾਂ ਨਹੀਂ।" (ਕਰਾਸਿੰਗ ਦ ਥਰੈਸ਼ਹੋਲਡ ਆਫ ਹੋਪ, ਪੰਨਾ 185)

ਪਲੈਟੋ ਦਾ ਵਿਚਾਰ ਹੈ ਕਿ ਆਤਮਾ ਮੌਤ ਤੋਂ ਬਾਅਦ ਜ਼ਿੰਦਾ ਰਹਿੰਦੀ ਹੈ ਅਤੇ ਮਨੁੱਖ ਦੀ ਮੰਜ਼ਿਲ ਆਤਮਿਕ ਉੱਚਤਾ ਪ੍ਰਾਪਤ ਕਰ ਕੇ ਪਰਮਾਤਮਾ ਦੀ ਜੋਤ ਵਿਚ ਸਮਾ ਕੇ ਆਪਣੀ ਹਸਤੀ ਨੂੰ ਖਤਮ ਕਰਨਾ ਹੈ। ਇਹ ਵਿਚਾਰ ਕੌਨਸਟੈਂਟੀਨੋਪਲ ਦੀ ਕੌਂਸਲ(543 ਈ.) ਵਿਚ ਇਹ ਕਹਿ ਕੇ ਰੱਦ ਕਰ ਦਿੱਤਾ ਗਿਆ ਕਿ ਇਹ ਅਰੰਭਕ ਗਲਤੀ ਹੈ।। ਕੌਂਸਲ ਨੇ ਆਖਰੀ ਬਿਆਨ ਜਾਰੀ ਕੀਤਾ, "ਜੇਕਰ ਕੋਈ ਇਹ ਸੋਚਦਾ ਜਾਂ ਆਖਦਾ ਹੈ ਕਿ ਮਨੁੱਖੀ ਆਤਮਾ ਦੀ ਪਹਿਲਾਂ ਵੀ ਕੋਈ ਹੋਂਦ ਸੀ, ਉਸਨੂੰ ਰੱਬ ਦਾ ਸਰਾਪ ਲੱਗੇਗਾ।"

ਇਸ ਤੱਥ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਉਪਰੋਕਤ ਵਿਚਾਰ ਨਾਲ ਸਾਰੇ ਈਸਾਈ ਵਿਦਵਾਨ ਸਹਿਮਤ ਨਹੀਂ ਹੋਏ। ਜਿਵੇਂ ਐਖਾਰਟ, ਬਲੋਟਿਸ, ਸੂਸੋ, ਜੂਲੀਅਨ, ਸੇਂਟ ਟੈਰੇਸਾ, ਸੇਂਟ ਜਾਨ ਆਫ ਕਰਾਸ, ਜਾਨ ਆਫ ਏਂਜਲਸ ਅਤੇ ਐਸਟੇਲਾ। ਇਨ੍ਹਾਂ ਦਾ ਕਹਿਣਾ ਹੈ ਕਿ ਆਤਮਾ ਆਪਣੇ ਆਪ ਨਹੀਂ ਬਣਦੀ ਅਤੇ ਨਾ ਹੀ ਬਣਾਈ ਜਾ ਸਕਦੀ ਹੈ। ਪਰਮਾਤਮਾ ਕਦੇ ਵੀ ਆਤਮਾ ਤੋਂ ਵੱਖਰਾ ਨਹੀਂ ਹੁੰਦਾ। ਰਿਊਬ੍ਰੋਏਕ ਕਹਿੰਦਾ ਹੈ, " ਸੰਸਾਰ ਰਚਨਾ ਤੋਂ ਪਹਿਲਾਂ ਹੀ ਅਮਰ ਆਤਮਾ ਰਾਹੀਂ ਸਾਰੇ ਜੀਵ ਆਤਮਿਕ ਤੌਰ ਤੇ ਅਮਰ ਬਣ ਗਏ। ਪਰਮਾਤਮਾ ਨੇ ਉਨ੍ਹਾਂ ਨੂੰ ਆਪਣੇ ਆਪ ਵਿਚ ਵੇਖਿਆ ਅਤੇ ਉਨ੍ਹਾਂ ਨੂੰ ਆਪਣਾ ਰੂਪ ਦਿੱਤਾ। ਲੀਉਨ ਤਾਂ ਇਸ ਤੋਂ ਵੀ ਅੱਗੇ ਵੱਧਕੇ ਲਿਖਦਾ ਹੈ, "ਆਤਮਾ ਸਿਰਫ ਪਰਮਾਤਮਾ ਦਾ ਨਿਵਾਸ ਸਥਾਨ ਹੀ ਨਹੀਂ, ਸਗੋਂ ਖੁਦ ਪਰਮਾਤਮਾ ਦਾ ਅੰਸ਼ ਹੈ।"

### ਸਿੱਖ ਦ੍ਰਿਸ਼ਟੀਕੋਣ :

ਸਿੱਖ ਮੰਨਦੇ ਹਨ ਕਿ ਆਤਮਾ, ਪਰਮਾਤਮਾ ਦੀ ਜੋਤ ਦਾ ਅੰਸ਼ ਹੈ ਅਤੇ ਅਮਰ ਹੈ। ਕਬੀਰ ਜੀ ਇਸ ਨੂੰ ਪਰਮਾਤਮਾ ਦਾ ਇੱਕ ਹਿੱਸਾ (ਰਾਮ ਕੀ ਅੰਸ਼) ਆਖਦੇ ਹਨ। ਸਿੱਖ ਗੁਰੂ ਇਸ ਸੰਬੰਧੀ ਇਹ ਆਖਦੇ ਹਨ ਕਿ ਮਨੁੱਖ ਵਲੋਂ ਪਾਪਾਂ ਵਾਲੇ ਕੰਮ ਕਰਨ ਕਾਰਨ ਆਤਮਾ ਉੱਪਰ ਪਾਪਾਂ ਦੀ ਧੁੰਧ ਛਾ ਜਾਂਦੀ ਹੈ। ਹਰ ਵਿਅਕਤੀ ਨੂੰ ਧੁੰਧ ਦੇ ਇਨ੍ਹਾਂ ਬੱਦਲਾਂ ਨੂੰ ਸਾਫ ਕਰਨ ਦੀ ਲੋੜ ਹੈ ਤਾਂ ਜੋ ਆਤਮਾ ਉਸੇ ਪ੍ਰਕਾਰ ਦੀ ਸ਼ੁੱਧੀ ਪ੍ਰਾਪਤ ਕਰ

ਲਵੇ ਜਿਸ ਪ੍ਰਕਾਰ ਦੀ ਸ਼ੁੱਧੀ ਮੁੱਖ ਸ੍ਰੋਤ ਪਰਮਾਤਮਾ ਵਿੱਚ ਹੈ ।[103]

**ਆਤਮਾ ਪਰਾਤਮਾ ਏਕੋ ਕਰੈ॥**
**ਅੰਤਰਿ ਕੀ ਦੁਬਿਧਾ ਅੰਤਰਿ ਮਰੈ॥**

*(ਪੰਨਾ 661)*

ਜਦੋਂ ਬੰਦੇ ਦੀ ਆਤਮਾ ਅਤੇ ਪਰਮਾਤਮਾ ਦੀ ਜੋਤ ਇੱਕ ਹੋ ਜਾਂਦੇ ਹਨ ਤਾਂ ਅੰਦਰੂਨੀ ਮਨ ਦੀ ਦੁਬਿਧਾ ਖ਼ਤਮ ਹੋ ਜਾਂਦੀ ਹੈ।

**ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨ੍ਸਿ ਗੁਰ ਬੀਚਾਰਾ॥**

*(ਪੰਨਾ 1153)*

ਪਰਮਾਤਮਾ ਤੁਹਾਡੀ ਸ਼ੁੱਧ ਆਤਮਾ ਵਿਚ ਵੱਸਦਾ ਹੈ ਅਤੇ ਤੁਹਾਡੀ ਆਤਮਾ ਅੰਤ ਵਿੱਚ ਉਸੇ ਵਿੱਚ ਸਮਾਂ ਜਾਵੇਗੀ। ਇਹ ਤੁਸੀਂ ਗੁਰੂ ਦੀ ਸਿੱਖਿਆ ਦੁਆਰਾ ਹੀ ਸਮਝ ਸਕੋਗੇ। ਸਿੱਖ ਧਰਮ ਅਨੁਸਾਰ ਭੌਤਿਕ ਸਰੀਰ ਨਾਸ਼ਵਾਨ ਹੈ, ਪਰ ਆਤਮਾ ਅਮਰ ਹੈ। ਆਤਮਾ ਭਿੰਨ-ਭਿੰਨ ਜੂਨਾਂ ਵਿਚ ਸਫ਼ਰ ਕਰਦੀ ਹੈ। ਚੰਗੇ ਕਰਮ ਅਤੇ ਪ੍ਰਾਰਥਨਾ ਆਤਮਾ ਨੂੰ ਸ਼ੁੱਧ ਕਰ ਸਕਦੇ ਹਨ। ਸ਼ੁੱਧ ਆਤਮਾ ਲਈ ਜੂਨਾਂ ਦਾ ਚੱਕਰ ਖਤਮ ਹੋ ਜਾਂਦਾ ਹੈ ਅਤੇ ਵਿਅਕਤੀ ਪਰਮਾਤਮਾ ਦੀ ਜੋਤ ਵਿਚ ਪੂਰਨ ਅਨੰਦ ਮਾਣਦਾ ਹੈ ।

**ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥**

*(ਪੰਨਾ 13)*

ਤੁਸੀਂ ਆਪਣਾ ਅਮਰ ਘਰ ਪਰਮਾਤਮਾ ਵਿਚ ਤਲਾਸ਼ ਕਰੋ ਅਤੇ ਸਦਾ ਅਨੰਦ ਮਹਿਸੂਸ ਕਰੋ। ਤੁਹਾਡਾ ਜਨਮ ਅਤੇ ਮੌਤ ਦਾ ਗੇੜ ਖਤਮ ਹੋ ਜਾਵੇਗਾ।

ਏ. ਜੇ. ਗਰੀਬਾਲਡੀ ਲਿਖਦਾ ਹੈ "ਮੈਨੂੰ ਇੱਕ ਵਿਅਕਤੀ ਵਿੱਚ ਤਿੰਨ ਭਿੰਨ ਭਿੰਨ ਸਰੀਰ ਦਿਸਦੇ ਹਨ। ਇਹ ਹਨ ਮਨ, ਸਰੀਰ ਅਤੇ ਆਤਮਾ। ਮਨੁੱਖੀ ਮਨ ਬਾਗ ਵਾਂਗ ਹੈ, ਜਿੱਥੇ ਕੁਝ  ਨਾ ਕੁੱਝ ਉੱਗਣਾ ਚਾਹੀਦਾ ਹੈ। ਜੇਕਰ ਇਸ ਨੂੰ ਨਜ਼ਰ-ਅੰਦਾਜ਼ ਕੀਤਾ ਤਾਂ ਉਥੇ ਨਦੀਨ ਪੈਦਾ ਹੋ ਜਾਣਗੇ"। ਵਿਲੀਅਮ ਬਲੇਕ  ਮਨ ਨੂੰ ਸਰੀਰ ਦਾ ਇਕ ਹਿੱਸਾ ਕਹਿੰਦਾ ਹੈ, ਜਦੋਂ ਉਹ  ਲਿਖਦਾ ਹੈ, "ਵਿਅਕਤੀ ਕੋਲ ਆਤਮਾ ਤੋਂ ਸੱਖਣਾ ਕੋਈ ਸਰੀਰ ਨਹੀਂ।"

ਸੇਂਟ ਅਗਸਟਾਈਨ ਦਾ ਸਿਧਾਂਤ, "ਬੱਸ ਇੱਕ ਪਰਮਾਤਮਾ ਨੂੰ ਪਿਆਰ ਜ਼ਰੂਰ ਕਰੋ ਹੋਰ ਜੋ ਮਰਜ਼ੀ ਕਰੀ ਜਾਓ"। ਸਿੱਖ ਆਸ਼ਿਆਂ ਤੇ ਖ਼ਰਾ ਨਹੀਂ ਉਤਰਦਾ। ਇਕ

---

103. ਸਾਬਣ ਲਾ ਲਾ ਧੋਤਾ ਕੋਲਾ, ਦੁੱਧ ਦਹੀਂ ਵਿਚ ਪਾਇਆ।
ਖੁੰਭ ਚਾੜ੍ਹ ਰੰਗਣ ਭੀ ਧਰਿਆ, ਰੰਗ ਨ ਓਸ ਵਟਾਇਆ।
ਵਿਛੁੱੜ ਕੇ ਕਾਲਖ ਸੀ ਆਈ ਬਿਨ ਮਿਲਿਆਂ ਨਹੀਂ ਲਹਿੰਦੀ।
ਅੰਗ ਅੱਗ ਦੇ ਲਾ ਕੇ ਵੇਖੋ, ਚੜ੍ਹਦਾ ਰੂਪ ਸਵਾਇਆ (ਭਾਈ ਵੀਰ ਸਿੰਘ)



ਸਿੱਖ ਪਰਮਾਤਮਾ ਨੂੰ ਪਿਆਰ ਕਰਦਾ ਹੈ, ਚੰਗੇ ਕਰਮ ਕਰਦਾ ਹੈ, ਅਤੇ ਆਪਣੇ ਮਨ ਨੂੰ ਗਲਤ ਪਾਸਿਆਂ ਤੋਂ ਵਰਜਦਾ ਹੈ।

**ਇਕ ਬੇਨਤੀ**

*ਤੂੰ ਮੇਰਾ ਪਿਤਾ ਤੂੰ ਹੈਂ ਮੇਰਾ ਮਾਤਾ॥*
*ਤੂੰ ਮੇਰੇ ਜੀਅ ਪ੍ਰਾਨ ਸੁਖਦਾਤਾ॥*
*ਤੂੰ ਮੇਰਾ ਠਾਕਰ ਹਉ ਦਾਸੁ ਤੇਰਾ॥*
*ਤੁਝ ਬਿਨ ਅਵਰ ਨਹੀਂ ਕੋ ਮੇਰਾ॥*
*ਕਰਿ ਕਿਰਪਾ ਕਰਹੁ ਪ੍ਰਭ ਦਾਤਿ॥*
*ਤੁਮਰੀ ਉਸਤਤਿ ਕਰਉ ਦਿਨ ਰਾਤਿ॥*

*(ਭੈਰਉ ਮ : 5)*

ਹੇ ਪਰਮਾਤਮਾ ਤੂੰ ਮੇਰਾ ਪਿਤਾ ਹੈਂ, ਤੂੰ ਹੀ ਮੇਰੀ ਮਾਤਾ ਹੈਂ। ਮੈਂ ਤੈਨੂੰ ਆਪਣਾ ਜੀਵਨ ਸੌਂਪਦਾ ਹਾਂ ਕਿਉਂਕਿ ਤੂੰ ਮੈਨੂੰ ਸਾਰੇ ਸੁੱਖ ਦਿੱਤੇ ਹੋਏ ਹਨ। ਤੂੰ ਮੇਰਾ ਮਾਲਕ ਹੈਂ ਅਤੇ ਮੈਂ ਤੇਰਾ ਦਾਸ ਹਾਂ। ਤੂੰ ਹੀ ਮੇਰੀ ਸੱਚੀ ਮੱਦਦ ਕਰ ਸਕਦਾ ਹੈਂ।  ਕਿਰਪਾ ਕਰੋ ਅਤੇ ਮੈਨੂੰ ਇਹ ਦਾਤ ਬਖਸ਼ੋ ਕਿ ਮੈਂ ਰਾਤ ਦਿਨ ਤੁਹਾਡਾ ਹੀ ਸਿਮਰਨ ਕਰਦਾ ਰਹਾਂ।

□□□

## ਅਧਿਆਇ-6

# ਰਸਮਾਂ

### 6.1 ਰਸਮਾਂ ਵਿੱਚ ਸਮਾਨਤਾ :

ਦੋਹਾਂ ਹੀ ਧਰਮਾਂ (ਸਿੱਖ ਧਰਮ ਅਤੇ ਈਸਾਈ ਧਰਮ ) ਵਿਚ ਕੁੱਝ ਸਮਾਨਤਾਵਾਂ ਵੀ ਮੌਜੂਦ ਹਨ। ਸਿੱਖ ਕੁੱਝ ਅਜਿਹੀਆਂ ਰਸਮਾਂ ਅਦਾ ਕਰਦੇ ਹਨ, ਜਿਨ੍ਹਾਂ ਨੂੰ ਈਸਾਈਆਂ ਨੇ ਚਿਰੋਕਾ ਪਹਿਲਾਂ ਤਿਆਗ ਦਿੱਤਾ ਹੈ ।

### ੳ) ਪੂਜਾ :

ਸਿੱਖ ਇਸ਼ਨਾਨ ਕਰਦੇ ਹਨ, ਜੁੱਤੀਆਂ ਉਤਾਰਦੇ ਹਨ ਅਤੇ ਮੱਥਾ ਟੇਕਣ ਤੋਂ ਪਹਿਲਾਂ ਸਿਰ ਢਕਦੇ ਹਨ। ਅੰਮ੍ਰਿਤ ਵੇਲੇ ਦਾ ਇਸ਼ਨਾਨ ਸਭ ਸਿੱਖਾਂ ਲਈ ਲਾਜ਼ਮੀ ਹੈ। ਸਿੱਖਾਂ ਨੂੰ ਤਿੰਨ ਆਦੇਸ਼ ਦਿੱਤੇ ਗਏ ਹਨ (ੳ) ਅਰਦਾਸ (ਅ) ਦਾਨ (ੲ) ਇਸ਼ਨਾਨ[104] ਇਨ੍ਹਾਂ ਵਿਚੋਂ ਦੂਜੀਆਂ ਦੋਹਾਂ ਵਾਂਗ ਇਸ਼ਨਾਨ ਵੀ ਬਹੁਤ ਮਹੱਤਵਪੂਰਣ ਹੈ।

ਗੁਰਦੁਆਰਿਆਂ ਵਿਚ ਸਿੱਖ ਫਰਸ਼ ਤੇ ਬੈਠਦੇ ਹਨ। ਪਰਮਾਤਮਾ ਸਾਹਮਣੇ ਨਿਮਰਤਾ ਦਿਖਾਉਣ ਲਈ ਉਹ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਦੇ ਹਨ ਅਤੇ ਸ਼ਬਦ ਗਾਇਨ (ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਗਾਇਨ) ਕਰਕੇ ਸੇਵਾ ਨਿਭਾਉਂਦੇ ਹਨ ।

ਈਸਾਈ ਗਿਰਜਾਘਰਾਂ ਵਿਚ ਫਰਸ਼ ਤੇ ਬੈਠਣ ਦੀ ਸ਼ਰਤ ਲਾਜ਼ਮੀ ਨਹੀਂ। ਸਿਰ ਢਕਣਾ ਅਤੇ ਜੁੱਤੀਆਂ ਉਤਾਰਨਾ ਵੀ ਜ਼ਰੂਰੀ ਨਹੀਂ। ਜੋ ਵੀ ਪਵਿੱਤਰ ਗੀਤ ਚਰਚਾਂ ਵਿਚ ਗਾਏ ਜਾਂਦੇ ਹਨ, ਈਸਾ ਮਸੀਹ ਜਾਂ ਕਿਸੇ ਹੋਰ ਪੈਗੰਬਰ ਦੁਆਰਾ ਨਹੀਂ ਰਚੇ ਹੁੰਦੇ ਸਗੋਂ ਸਮਰਪਿਤ ਈਸਾਈਆਂ ਦੁਆਰਾ ਲਿਖੇ ਹੁੰਦੇ ਹਨ। ਅਜਿਹੇ ਕੁਝ ਗੀਤ ਅੱਜਕਲ੍ਹ ਵੀ ਲਿਖੇ ਜਾ ਰਹੇ ਹਨ ।[105] ਈਸਾਈ ਬਾਈਬਲ ਨੂੰ ਕੱਪੜੇ ਵਿੱਚ ਨਹੀਂ ਲਪੇਟਦੇ ਅਤੇ ਇਸਦੇ ਸਾਹਮਣੇ ਝੁਕਦੇ ਵੀ ਨਹੀਂ, ਜਿਵੇਂ ਸਿੱਖ ਅੱਜ ਕਲ੍ਹ ਕਰ ਰਹੇ ਹਨ ਪ੍ਰੰਤੂ ਪੁਰਾਤਨ ਪ੍ਰਸਿੱਧ ਈਸਾਈ ਅਤੇ ਪੈਗੰਬਰ ਬਿਲਕੁਲ ਉਵੇਂ ਹੀ ਕਰਦੇ ਸਨ ਜਿਵੇਂ ਸਿੱਖ ਕਰਦੇ ਹਨ। ਉਦਾਹਰਣ ਵਜੋਂ ਪਾਲ ਹਮੇਸ਼ਾ ਗਿਰਜਾਘਰਾਂ ਵਿਚ ਦਾਖਲ ਹੋਣ ਤੋਂ ਪਹਿਲਾਂ ਇਸ਼ਨਾਨ ਕਰਦੇ (ਐਕਟਸ 21:26) (ਵੇਖੋ ਹੀਬਰਿਊਜ਼ 10:19-22) ਉਨ੍ਹਾਂ ਨੂੰ ਸਿਰ ਢਕਣ ਲਈ

104. ਨਾਮ ਦਾਨੁ ਇਸ਼ਨਾਨ ਦ੍ਰਿੜ ਗੁਰਮੁਖਿ ਪੰਥੁ ਰਤਨ ਵਾਪਾਰਾ (ਪੰਨਾ 23)
105. ਕੁਝ ਆਮ ਹੀ ਗਾਏ ਜਾਣ ਵਾਲੇ ਧਾਰਮਿਕ ਗੀਤ ਐਚ.ਐਫ. ਲਾਈਟ (1793-1847), ਚਾਰਲੋਟੇ ਇਲੀਅਟ (1789-1871) ਆਈ ਵਾਟਸ (1674-1748) ਅਤੇ ਐਫ. ਡਬਲਿਊ. ਫੇਬਰ (1814-1963) ਦੁਆਰਾ ਲਿਖੇ ਗਏ ਹਨ।
106. ਯੀਸੂ ਹਮੇਸ਼ਾ ਪ੍ਰਾਰਥਨਾ ਵੇਲੇ ਸਿਰ ਢਕ ਕੇ ਰੱਖਦੇ ਸਨ (ਵੇਖੋ ਕ੍ਰਿਸ਼ਚਿਐਨਟੀ ਐਂਡ ਸਿੱਖਿਜ਼ਮ ਕ੍ਰਿਤ ਓਵਨ ਕੋਲ ਐਂਡ ਸੈਂਭੀ ਪੰਨਾ-201)



ਕਿਹਾ ਜਾਂਦਾ ਸੀ (ਕੋਰਿੰਥੀਅਨਜ਼ 11:5,6 ਅਤੇ 13)[106]

ਈਸਾਈ ਧਰਮ ਉਨ੍ਹਾਂ ਔਰਤਾਂ ਨੂੰ ਚੰਗਾ ਨਹੀਂ ਸੀ ਸਮਝਦਾ ਜੋ ਪ੍ਰਾਰਥਨਾ ਸਮੇਂ ਸਿਰ ਨਹੀਂ ਢਕਦੀਆਂ ਸਨ। "ਜੇਕਰ ਔਰਤਾਂ ਸਿਰ ਨਹੀਂ ਢਕਦੀਆਂ ਤਾਂ ਉਨ੍ਹਾਂ ਦੇ ਸਿਰ ਮੁੰਨ ਦਿਓ।" (I ਕੋਰਿੰਥੀਅਨਜ਼ 11:5,6 ਅਤੇ 13)। ਸਾਮਜ਼ (95:6) ਵਿਚ ਅਸੀਂ ਪੜ੍ਹਦੇ ਹਾਂ "ਆਓ ਪ੍ਰਾਰਥਨਾ ਕਰੀਏ ਅਤੇ ਮੱਥਾ ਟੇਕੀਏ, ਆਓ ਆਪਣੇ ਮਾਲਿਕ ਪਰਮਾਤਮਾ ਨੂੰ ਸਿਰ ਝੁਕਾਈਏ ।" ਅਤੇ "ਜੋਸ਼ੁਆ ਨੇ ਆਪਣਾ ਸਿਰ ਜ਼ਮੀਨ ਨੂੰ ਲਗਾਇਆ ਅਤੇ ਪੂਜਾ ਕੀਤੀ" (ਜੋਸ਼ੁਆ 5:14) । ਜੈਨੇਸਿਜ਼ (17:3) ਵਿੱਚ ਅਸੀਂ ਵੇਖਦੇ ਹਾਂ ਕਿ ਜਦੋਂ ਮੂਸਾ ਅਤੇ ਉਸਦੇ ਭਰਾ ਆਰੋਨ ਨੇ ਸਿਰ ਜ਼ਮੀਨ ਤੇ ਟਿਕਾਇਆ ਤਾਂ ਪਰਮਾਤਮਾ ਦੀ ਗਿਆਨ ਕਿਰਨ ਉਨ੍ਹਾਂ ਤੇ ਪਈ। ਅਬਰਾਹਮ ਨੇ "ਸਿਰ ਜ਼ਮੀਨ ਤੇ ਟੇਕਿਆ" (ਐਕਜ਼ੋਡਸ 3:5 ਅਤੇ 7:33) ਅਤੇ ਪਰਮਾਤਮਾ ਨੇ ਮੂਸਾ ਨੂੰ ਕਿਹਾ, "ਏਧਰ ਹੋਰ ਨੇੜੇ ਨਾ ਆਓ, ਆਪਣੇ ਪੈਰਾਂ ਵਿਚੋਂ ਆਪਣੀਆਂ ਜੁੱਤੀਆਂ ਉਤਾਰ ਦਿਓ ਕਿਉਂਕਿ ਜਿਸ ਜਗ੍ਹਾ ਵਿੱਚ ਤੁਸੀਂ ਪ੍ਰਵੇਸ਼ ਕਰ ਰਹੇ ਹੋ, ਉਹ ਪਵਿੱਤਰ ਹੈ। (ਐਕਸੋਡਸ 111,5)[107]

### ਅ) ਗ੍ਰੰਥਾਂ ਲਈ ਸਤਿਕਾਰ

ਸਿੱਖ ਬੜੇ ਆਦਰ ਸਤਿਕਾਰ ਨਾਲ ਸਵੇਰ ਵੇਲੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹਨ। ਇੱਕ ਚਾਨਣੀ ਹੇਠਾਂ ਪ੍ਰਕਾਸ਼ ਕੀਤਾ ਜਾਂਦਾ ਹੈ ਅਤੇ ਇਸ ਉੱਪਰ ਇਕ ਚੌਰ ਝੁਲਾਇਆ ਜਾਂਦਾ ਹੈ। ਇਸਨੂੰ ਇਕ ਵਧੀਆ ਕੱਪੜੇ ਨਾਲ (ਰੁਮਾਲੇ ਨਾਲ) ਢਕਿਆ ਜਾਂਦਾ ਹੈ ਅਤੇ ਦਿਨ ਛਿਪਣ ਵੇਲੇ ਫਿਰ ਇਸ ਗ੍ਰੰਥ ਨੂੰ ਰਾਤ ਵਾਸਤੇ ਰੁਮਾਲੇ ਵਿਚ ਲਪੇਟ ਕੇ ਰਸਮੀ ਢੰਗ ਨਾਲ ਸੁਖਾਸਨ ਕੀਤਾ ਜਾਂਦਾ ਹੈ ।

ਇਕ ਸਮਾਂ ਐਸਾ ਵੀ ਸੀ ਜਦੋਂ ਈਸਾਈ ਪਵਿੱਤਰ ਬਾਈਬਲ ਲਈ ਬਿਲਕੁਲ ਇਸੇ ਤਰ੍ਹਾਂ ਸਤਿਕਾਰ ਪ੍ਰਗਟ ਕਰਦੇ ਸਨ। ਉਹ ਬਾਈਬਲ ਨੂੰ (ਜਦੋਂ ਜ਼ਰੂਰਤ ਨਹੀਂ ਹੁੰਦੀ ਸੀ) ਰਸਮੀ ਢੰਗ ਨਾਲ ਇੱਕ ਬਕਸੇ ਵਿੱਚ ਰਖਦੇ ਸਨ ਅਤੇ ਸਵੇਰੇ ਸ਼ਾਮ ਲੋੜ ਪੈਣ ਤੇ ਪ੍ਰਾਰਥਨਾ ਕਰਨ ਲਈ ਬਕਸੇ ਚੋਂ ਬਾਹਰ ਕੱਢਦੇ ਸਨ ।[108]

### ੲ) ਸਿਮਰਨ ਵਾਲੀ ਥਾਂ ਤੇ ਬੈਠਣਾ :

ਗੁਰਦੁਆਰਿਆਂ ਵਿਚ ਆਦਮੀਆਂ ਅਤੇ ਔਰਤਾਂ ਦਾ ਵੱਖੋ-ਵੱਖਰੇ ਬੈਠਣਾ ਕੋਈ

107. ਜੋਸ਼ੂਆ V, 15 ਵੀ ਪੜ੍ਹੋ, ਜੋ ਇਸ ਪ੍ਰਕਾਰ ਹੈ "ਪਵਿੱਤਰ ਸਥਾਨ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਆਪਣੀਆਂ ਜੁੱਤੀਆਂ ਉਤਾਰ ਦਿਓ"। ਇਹ ਗੱਲ ਪਵਿੱਤਰ ਕੁਰਾਨ ਵਿੱਚ ਵੀ ਪੜ੍ਹੀ ਜਾ ਸਕਦੀ ਹੈ, ਜੋ ਇਸ ਤਰ੍ਹਾਂ ਹੈ, "ਜੁਤੀਆਂ ਉਤਾਰ ਦਿਓ ਕਿਉਕਿ ਤੁਸੀਂ ਤੁਵਾ ਦੇ ਪਵਿੱਤਰ ਅਸਥਾਨ ਵਿੱਚ ਪ੍ਰਵੇਸ਼ ਕਰ ਰਹੇ ਹੋ (ਕੁਰਾਨ xx-12)
108. ਪੜ੍ਹੋ, ਕ੍ਰਿਸ਼ਚਿਐਨਟੀ ਐਂਡ ਸਿੱਖਿਜ਼ਮ "ਕ੍ਰਿਤ ਓਵਨ ਕੋਲ ਐਂਡ ਸੈਂਭੀ ਪੰਨਾ-102)

ਧਾਰਮਿਕ ਬੰਦਸ਼ ਨਹੀਂ ਸਗੋਂ ਸਮਾਜਕ ਅਤੇ ਸਭਿਆਚਾਰਕ ਰਵਾਇਤ ਹੈ। ਯਹੂਦੀਆਂ ਅਤੇ ਈਸਾਈਆਂ ਵਿਚ ਇਹੀ ਰਵਾਇਤ ਪਹਿਲਾਂ ਮੌਜੂਦ ਸੀ। ਯੇਰੂਸ਼ਲਮ ਦੇ ਗਿਰਜਾਘਰ ਵਿਚ ਔਰਤਾਂ ਲਈ ਵੱਖਰਾ ਸਥਾਨ ਸੀ ।[109] ਕੁਝ ਗਿਰਜਾਘਰਾਂ ਵਿਚ ਖ਼ਾਸ ਤੌਰ ਤੇ ਪੂਰਬ ਵਿਚ ਇਹ ਰਿਵਾਜ਼ ਅਜੇ ਵੀ ਕਾਇਮ ਹੈ ।

**ਸ) ਅੰਤਮ ਸੰਸਕਾਰ:**

ਰੋਮਨ ਸਾਮਰਾਜ ਸਮੇਂ ਈਸਾਈ ਆਪਣੇ ਮ੍ਰਿਤਕ ਰਿਸ਼ਤੇਦਾਰਾਂ ਦਾ ਉਵੇਂ ਹੀ ਅਗਨਭੇਟ ਕਰਕੇ ਸਸਕਾਰ ਕਰਦੇ ਸਨ ਜਿਵੇਂ ਸਿੱਖ ਅੱਜ ਕਰਦੇ ਹਨ। ਅੱਜਕਲ੍ਹ ਰੋਮਨ ਕੈਥੋਲਿਕ ਅਤੇ ਆਰਥੋਡਾਕਸ ਈਸਾਈ ਮ੍ਰਿਤਕਾਂ ਨੂੰ ਜ਼ਮੀਨ ਵਿੱਚ ਦਫ਼ਨਾਉਂਦੇ ਹਨ ਜਦ ਕਿ ਬਾਕੀ ਈਸਾਈ ਫਿਰਕੇ ਉਪਰੋਕਤ ਦੋਹਾਂ ਵਿਚੋਂ ਕੋਈ ਵੀ ਵਿਧੀ ਵਰਤ ਲੈਂਦੇ ਹਨ ।

**ਹ) ਤਿਉਹਾਰਾਂ ਨੂੰ ਮਨਾਉਣਾ :**

ਸਿੱਖ ਆਪਣੇ ਤਿਉਹਾਰਾਂ ਨੂੰ ਬੜੇ ਚਾਅ ਅਤੇ ਸ਼ਾਨੋ ਸ਼ੌਕਤ ਨਾਲ ਮਨਾਉਂਦੇ ਹਨ ਪਰੰਤੂ ਇਨ੍ਹਾਂ ਤਿਉਹਾਰਾਂ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੁੰਦਾ ਹੈ ਅਰਦਾਸ ਕਰਨਾ। ਕ੍ਰਿਸਮਸ ਟਰੀ ਅਤੇ ਟਿੰਸਲਜ਼ ਆਦਿ ਦੀ ਸਿੱਖਾਂ ਦੀ ਨਜ਼ਰ ਵਿਚ ਕੋਈ ਧਾਰਮਿਕ ਕੀਮਤ ਨਹੀਂ। ਈਸਾਈਆਂ ਨੂੰ ਵੀ ਅਸਲ ਵਿੱਚ ਬਾਹਰੀ ਸਜ-ਧਜ ਨਾਲੋਂ ਪ੍ਰਾਰਥਨਾ ਨੂੰ ਮਹੱਤਵ ਦੇਣ ਤੇ ਜ਼ੋਰ ਦਿੱਤਾ ਜਾਂਦਾ ਹੈ। ਈਸਾਈਆਂ ਲਈ ਕ੍ਰਿਸਮਸ ਟਰੀ ਦਾ ਰਿਵਾਜ ਮਨ੍ਹਾ ਹੈ। ਮਿਸਾਲ ਵਜੋਂ ਜੇਰੇਮੀਆਹ ਪੜ੍ਹੋ (10:2-5) "ਪਰਮਾਤਮਾ ਕਹਿੰਦੇ ਹਨ ਅਸ਼ਿਸ਼ਟ ਵਿਅਕਤੀ (ਕਾਫਰ -ਬੇਵਿਸ਼ਵਾਸੀ) ਬਣਨ ਦੇ ਤੌਰ ਤਰੀਕੇ ਨਾ ਸਿੱਖੋ... ਕਿਉਂਕਿ ਲੋਕਾਂ ਦੁਆਰਾ ਕੀਤੀਆਂ ਜਾਂਦੀਆਂ ਰਸਮਾਂ ਵਿਅਰਥ ਹਨ। ਜੰਗਲ ਵਿਚੋਂ ਹੱਥਾਂ ਕੁਹਾੜਿਆਂ ਨਾਲ ਲੱਕੜੀ ਕੱਟਣਾ ਲੱਕੜਹਾਰੇ ਦਾ ਕੰਮ ਹੈ ।ਇਸ ਨੂੰ ਸੋਨੇ ਨਾਲ ਸਜਾਉਂਦੇ ਹਨ, ਮੇਖਾਂ ਅਤੇ ਹਥੌੜਿਆਂ ਨਾਲ ਬੰਨ੍ਹ ਦਿੰਦੇ ਹਨ ਤਾਂ ਕਿ ਇਹ ਨਾ ਹਿੱਲੇ। ਇਹ ਸਾਰਾ ਕੁੱਝ ਪਾਪ ਹੈ। ਰੁੱਖ ਬੋਲ ਨਹੀਂ ਸਕਦਾ। ਉਸ ਨੂੰ ਵੀ ਜਿਉਣ ਦਾ ਹੱਕ ਹੈ। ਕੱਟ ਕੇ ਲਿਆਂਦਾ ਰੁੱਖ ਨਾ ਤਾਂ ਚੱਲ ਫਿਰ ਸਕਦਾ ਹੈ... ਨਾ ਕੁਝ ਚੰਗਾ ਕਰਨ ਦੀ ਪ੍ਰੇਰਨਾ ਦਿੰਦਾ ਹੈ। ਚੰਗਾ ਤਾਂ ਕੀ ਇਹ ਕਿਸੇ ਦਾ ਬੁਰਾ ਵੀ ਨਹੀਂ ਕਰ ਸਕਦਾ" ।

**ਕ) ਸਾਧਾਰਨ ਦਿੱਖ ਅਤੇ ਪਹਿਰਾਵਾ :**

ਸਿੱਖਾਂ ਦਾ ਪਹਿਰਾਵਾ ਉਨ੍ਹਾਂ ਨੂੰ ਦੂਜੇ ਧਰਮਾਂ ਦੇ ਲੋਕਾਂ ਨਾਲੋਂ ਵੱਖਰੀ ਪਛਾਣ

109. ਇਸਨੂੰ ਐਜ਼ਰਤ ਨਸ਼ੀਮ ਕਿਹਾ ਜਾਂਦਾ ਸੀ। ਔਰਤਾਂ ਨੂੰ ਗਿਰਜਾਘਰਾਂ ਦੇ ਅੰਦਰਲੇ ਭਾਗ ਵਿਚ ਆਉਣ ਦੀ ਮਨਾਹੀ ਸੀ।



ਬਖਸ਼ਦਾ ਹੈ। ਉਨ੍ਹਾਂ ਦੇ ਪਹਿਰਾਵੇ ਵਿਚ ਦੋ ਮਹੱਤਵਪੂਰਨ ਚੀਜ਼ਾਂ ਪੱਗ ਅਤੇ ਕਛਹਿਰਾ ਹਨ। ਬੇਸ਼ਕ ਅੱਜ ਦੇ ਸਮੇਂ ਵਿਚ ਈਸਾਈ ਪੱਗ ਅਤੇ ਕਛਹਿਰਾ ਨਹੀਂ ਪਹਿਨਦੇ, ਪਰ ਇਨ੍ਹਾਂ ਦੋਹਾਂ ਕੱਪੜਿਆਂ ਦਾ ਬਾਈਬਲ ਵਿਚ ਅਨੇਕਾਂ ਥਾਵਾਂ ਤੇ ਜ਼ਿਕਰ ਆਇਆ ਹੈ ।

"ਉਨ੍ਹਾਂ ਨੂੰ ਰੇਸ਼ਮੀ ਪੱਗੜੀ ਅਤੇ ਕਮਰ ਤੇ ਰੇਸ਼ਮੀ ਕਛਹਿਰਾ ਪਹਿਨਣਾ ਚਾਹੀਦਾ ਹੈ ।" (ਐਜ਼ੀਕੀਅਲ 44:18-19) "ਉਸਨੂੰ ਇੱਕ ਪਵਿੱਤਰ ਰੇਸ਼ਮੀ ਕੁੜਤਾ ਪਹਿਨਣਾ ਚਾਹੀਦਾ ਹੈ ਅਤੇ ਨੰਗੇਜ ਕੱਜਣ ਲਈ ਰੇਸ਼ਮੀ ਕਛਹਿਰਾ ਅਤੇ ਕਮਰ ਦੁਆਲੇ ਰੇਸ਼ਮੀ ਕਮਰਕੱਸਾ ਪਹਿਨਣਾ ਚਾਹੀਦਾ ਹੈ। ਇੱਕ ਵਧੀਆ ਦਸਤਾਰ ਬੰਨ੍ਹਣੀ ਚਾਹੀਦੀ ਹੈ। ਇਹ ਸਾਰੇ ਕੱਪੜੇ ਪਵਿੱਤਰ ਹਨ। ਇਨ੍ਹਾਂ ਨੂੰ ਪਹਿਨਣ ਤੋਂ ਪਹਿਲਾਂ ਇਸ਼ਨਾਨ ਕਰਨਾ ਚਾਹੀਦਾ ਹੈ ।[110] (ਲੇਵੀਟੀਕਸ 8:9)

**ਖ) ਤਲਵਾਰ ਪਹਿਨਣਾ :**

ਇੱਕ ਹੋਰ ਵਸਤੂ ਜੋ ਸਿੱਖਾਂ ਨੂੰ ਦੂਜੇ ਧਰਮਾਂ ਦੇ ਲੋਕਾਂ ਤੋਂ ਵੱਖਰਾ ਕਰਦੀ ਹੈ, ਉਹ ਹੈ ਤਲਵਾਰ ਪਹਿਨਣਾ। ਅੰਮ੍ਰਿਤਧਾਰੀ ਸਿੱਖਾਂ ਲਈ ਤਲਵਾਰ ਪਹਿਨਣੀ ਲਾਜ਼ਮੀ ਹੈ, ਇਹ ਕਮਜ਼ੋਰਾਂ ਦੀ ਰਖਵਾਲੀ ਅਤੇ ਆਤਮ ਰੱਖਿਆ ਲਈ ਹੁੰਦੀ ਹੈ। ਤਲਵਾਰ ਦਾ ਹਵਾਲਾ ਬਾਈਬਲ ਵਿੱਚ ਵੀ ਕਈ ਥਾਵਾਂ ਤੇ ਹੈ। ਜਿਵੇਂ "ਆਓ ਉਸਦੇ ਵਿਸ਼ਵਾਸ਼ੀ ਸੈਨਿਕਾਂ ਨੂੰ ਜਿੱਤ ਦੀ ਖੁਸ਼ੀ ਮਾਨਣ ਦੇਈਏ। ਜਿਵੇਂ ਹੀ ਉਹ ਉਸਦੇ ਸਾਹਮਣੇ ਝੁਕਦੇ ਹਨ ਉਨ੍ਹਾਂ ਨੂੰ ਖੁਸ਼ੀ ਵਿਚ ਜੈਕਾਰੇ ਗਜਾਉਣ ਦੇਈਏ (ਜੈਕਾਰਾ-ਬੋਲੇ ਸੋ ਨਿਹਾਲ)। ਉਨ੍ਹਾਂ ਦੇ ਬੁਲ੍ਹਾਂ ਉੱਪਰ ਪਰਮਾਤਮਾ ਦੀਆਂ ਸਿਫਤਾਂ ਅਤੇ ਹੱਥਾਂ ਵਿਚ ਦੋ ਧਾਰੀ ਤਲਵਾਰ ਸਜੇ।"[111] (ਸਾਮਜ਼ 149:3-6)

ਜੇਰੀਮੀਆਹ ਨੇ ਆਪਣੇ ਹੱਥ ਬਾਹਰ ਕੱਢੇ ਅਤੇ ਜਿਊਡਾਸ ਨੂੰ ਇਕ ਸੁਨਹਿਰੀ ਤਲਵਾਰ ਭੇਟ ਕੀਤੀ ਅਤੇ ਕਿਹਾ, "ਇਸ ਪਵਿੱਤਰ ਤਲਵਾਰ ਨੂੰ ਫੜੋ ਇਹ ਤੁਹਾਡੇ ਲਈ ਪਰਮਾਤਮਾ ਵਲੋਂ ਤੋਹਫਾ ਹੈ। ਇਸ ਨਾਲ ਤੁਸੀਂ ਬੁਰੇ ਵਿਅਕਤੀਆਂ ਦਾ ਨਾਸ਼ ਕਰ ਸਕੋਗੇ ।[112] (ਮੈਕਾਬੀਜ਼ 15-15)

110. ਵਧੇਰੇ ਜਾਣਕਾਰੀ ਲਈ ਵੇਖੋ ਐਕਜ਼ੋਡਸ, 28-4, 28-36, 29-6, 39-3, 39, 27 ਈਸਾਹ 3:22-23 62:2-10 ਐਜ਼ੀਕੀਅਲ 23:14-17, 24:17-19, 23, 24, ਜੌਬ 29:14, ਜ਼ਕਰੀਆ 3:4-9

111. "ਮੁੱਖ ਤੇ ਹਰ ਚਿਤ ਮਹਿ ਜੁੱਧ ਵੀਚਾਰੇ" ਨਾਲ ਇਸਦੀ ਤੁਲਨਾ ਕਰੋ।

112. ਹੋਰ ਹਵਾਲੇ ਹੀਬਰਿਊ 4:12, ਐਫੀਸ਼ੀਅਨਜ਼ 6:17, ਮੈਥਿਊ 10:35 ਅਤੇ ਈਸਾਈਆਹ 34:35 'ਚੋਂ ਲੱਭੇ ਜਾ ਸਕਦੇ ਹਨ। ਇਸ ਦੀ "ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ" (ਪੰਨਾ-869) ਨਾਲ ਤੁਲਨਾ ਕਰੋ। ਖਗ ਖੰਡ ਬਿਹੰਡੰਗ ਖਲ ਦਲ ਖੰਡੰਗ ਅਤਿ ਰਣ ਮੰਡੰਗ ਭਾਨ ਪ੍ਰਭੰ (ਬਚਿੱਤਰ ਨਾਟਕ)

## ਗ) ਪਰਮਾਤਮਾ ਦੀ ਸਰਵ ਵਿਆਪਕਤਾ :

ਈਸਾਈ ਵਿਸ਼ਵਾਸ ਕਰਦੇ ਹਨ ਕਿ ਈਸਾ ਮਸੀਹ ਦੀ ਆਤਮਾ ਨੇ ਧਰਤੀ ਤੇ ਡੇਰਾ ਲਾਇਆ ਅਤੇ ਯੀਸੂ ਹੁਣ ਵੀ ਸਰੀਰਕ ਤੌਰ ਤੇ ਦੁਨੀਆਂ ਵਿੱਚ ਹਨ ।[113] ਸਿੱਖ ਵਿਸ਼ਵਾਸ਼ ਕਰਦੇ ਹਨ ਕਿ ਗੁਰੂ ਸਾਹਿਬ ਦੀ ਆਤਮਾ ਸ਼ਬਦ ਵਿੱਚ ਜਿਉਂਦੀ ਹੈ ਜੋ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਸ਼ਬਦ ਨੂੰ ਹੀ (ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ) ਨੇ ਸਿੱਖਾਂ ਦੇ ਆਦਿ ਗੁਰੂ ਕਹਿ ਕੇ ਗੱਦੀ ਬਖਸ਼ੀ ਹੈ।[114] ਸਿੱਖ ਹਮੇਸ਼ਾਂ ਗਾਉਂਦੇ ਹਨ, "ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥" (ਪੰਨਾ 394) ਗੁਰੂ (ਸ਼ਬਦ ਰੂਪ ਵਿੱਚ) ਹਮੇਸ਼ਾ ਮੇਰੇ ਨਾਲ ਹੈ।

**ਕੇਸ :** ਇਕ ਹੋਰ ਵਿਸ਼ੇਸ਼ਤਾ ਜੋ ਸਿੱਖਾਂ ਨੂੰ ਦੂਜੇ ਧਰਮਾਂ ਦੇ ਲੋਕਾਂ ਨਾਲੋਂ ਵਖਰਿਆਉਂਦੀ ਹੈ, ਕੇਸ ਹਨ।[115] ਸਿੱਖ ਆਪਣੇ ਕੇਸ ਨਹੀਂ ਕੱਟਦੇ। ਦਸਤਾਰ ਅਤੇ ਦਾੜ੍ਹੀ ਉਨ੍ਹਾਂ ਦੇ ਧਰਮ ਦੇ ਪਛਾਣ ਚਿੰਨ੍ਹ ਹਨ। ਬਾਈਬਲ ਸਾਨੂੰ ਦੱਸਦੀ ਹੈ ਕਿ ਈਸਾਈ ਵੀ ਕੇਸਾਂ ਦੀ ਪਵਿੱਤਰਤਾ ਵਿਚ ਯਕੀਨ ਰੱਖਦੇ ਸਨ। ਸੈਮਸਨ ਦੇ ਵਾਲ ਲੰਮੇ ਸਨ। ਐਬਸੋਲਮ ਦੇ ਵਾਲ ਜ਼ਿੰਦਗੀ ਦਾ ਸੰਕੇਤ ਸਮਝਦੇ ਜਾਂਦੇ ਸਨ। ਨਜ਼ਰਾਈਟਸ ਵਾਲ ਨਹੀਂ ਕੱਟਦੇ ਸਨ, ਸਗੋਂ ਵਧਾਉਂਦੇ ਸਨ। ਸਿਰ ਦੇ ਵਾਲ ਕੱਟਣਾ ਅਫਸੋਸ ਦੀ ਨਿਸ਼ਾਨੀ ਹੁੰਦਾ ਸੀ (ਜੇਰ 9-26, 23 ਅਤੇ 19:27 ਲੈਵ. 19:27 ਐਜ਼ੇਕੀਲ 24:17)। ਵਾਲਾਂ ਦੀ ਏਨੀ ਮਹੱਤਤਾ ਸੀ ਕਿ ਅਰਬ ਲੋਕ ਜਦੋਂ ਈਸਾਈਆਂ ਨੂੰ ਆਜ਼ਾਦ ਕਰਦੇ ਸਨ ਤਾਂ ਉਨ੍ਹਾਂ ਦੇ

113. ਵੇਖੋ 'ਮਿਸਟਿਸਿਜ਼ਮ ਇਨ ਵਰਲਡ ਰਿਲੀਜਨ' ਕ੍ਰਿਤ ਸਿਡਨੀ ਸਪੈਂਸਰ ਪੰਨਾ 330

114. ਗੁਰੂ ਨਾਨਕ ਦੇਵ ਜੀ ਨੇ ਆਪਣੇ ਇੱਕ ਸਿੱਖ ਨੂੰ ਕਿਹਾ, "ਜੇ ਤੂੰ ਮੇਰੇ ਸਰੀਰ ਨਾਲ ਪ੍ਰੇਮ ਕਰਦਾ ਹੈ ਤਾਂ ਜਦੋਂ ਮੈਂ ਮਰ ਜਾਵਾਂਗਾ ਤਾਂ ਤੂੰ ਵਿਛੜ ਜਾਵੇਗਾ ਪਰ ਜੇ ਤੂੰ ਉਸ ਸ਼ਬਦ ਨੂੰ ਜੋ ਮੇਰੇ ਅੰਦਰ ਹੈ ਅਤੇ ਅਸਲ ਆਤਮਿਕ ਜੀਵਨ ਹੈ ਨੂੰ ਪ੍ਰੇਮ ਕਰੇਗਾ, ਤੂੰ ਮੇਰੇ ਨਾਲੋਂ ਕਦੇ ਵੀ ਵਿਛੜੇਂਗਾ ਨਹੀਂ (ਵੇਖੋ- ਸਿੱਖਾਂ ਦੀ ਭਗਤਮਾਲਾ, ਕ੍ਰਿਤ ਭਾਈ ਮਨੀ ਸਿੰਘ ਪੰਨਾ-35) ਸ਼ਬਦ ਹੀ ਗੁਰੂ ਹੈ ਜਿਸ ਵਿੱਚ ਅਮਰ ਗੁਰੂ ਦੀ ਆਤਮਾ ਦਾ ਵਾਸ ਹੈ (ਸਿੱਧ ਗੋਸ਼ਟਿ) "ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ" (ਪੰਨਾ-943)

ਭਾਈ ਗੁਰਦਾਸ ਆਪਣੀ ਵਾਰ (9:1) ਵਿੱਚ ਇਹ ਕਹਿਕੇ ਇਕ ਕਦਮ ਹੋਰ ਅਗਾਂਹ ਵੱਧ ਜਾਂਦੇ ਹਨ ਕਿ: "ਪਾਰਬ੍ਰਹਮ ਗੁਰਸ਼ਬਦ ਹੈ ਸਤਸੰਗ ਨਿਵਾਸੀ = ਗੁਰੂ ਦਾ ਸ਼ਬਦ ਪਰਮਾਤਮਾ ਹੈ ਜੋ ਸਤਿਸੰਗ ਵਿੱਚ ਵਸਿਆ ਹੋਇਆ ਹੈ। (ਵੇਖੋ ਵਾਰ 24-25, ਵਾਰ 3:4, ਵਾਰ7:20, ਵਾਰ9:2) ਪਵਿੱਤਰ ਬਾਈਬਲ ਵੀ ਕਹਿੰਦੀ ਹੈ, "ਆਰੰਭ ਸ਼ਬਦ ਤੋਂ ਹੀ ਹੋਇਆ, ਇਹ ਸ਼ਬਦ ਹੀ ਪਰਮਾਤਮਾ ਸੀ (ਰੈਵੀਲੇਸ਼ਨਜ਼)

115. ਮਨੁੱਖੀ ਚਮੜੀ ਵਿਚ ਵਾਲਾਂ ਦੇ ਰੋਮ ਹੋਣਾ, ਮਨੁੱਖੀ ਜਾਤੀ ਲਈ ਬੜੇ ਮਹੱਤਵ ਵਾਲੀ ਗੱਲ ਹੈ। ਜਿਵੇਂ ਕਿ ਅਸੀਂ ਵੇਖ ਸਕਦੇ ਹਾਂ ਕਿ ਵਾਲ, ਸਾਡੀ ਝੁਲਸੀ ਹੋਈ ਚਮੜੀ ਦੀ ਮੁਰੰਮਤ ਕਰਦੇ ਹਨ, ਰਗੜਾਂ ਦੀ ਮੁਰੰਮਤ ਕਰਦੇ ਹਨ, ਫਟੀ ਹੋਈ ਚਮੜੀ ਨੂੰ ਇਕਸਾਰ ਕਰਦੇ ਹਨ "ਹਿਸਟੋਲੋਜੀ" ਕ੍ਰਿਤ ਆਰਥਰ ਡਬਲਿਊ ਹੈਮ ਚੌਥਾ ਸੰਸਕਰਣ, ਪਿਟਮੈਨ ਮੈਡੀਕਲ ਪਬਲਿਸ਼ਿੰਗ ਕੰਪਨੀ ਲੰਡਨ ਪੰਨਾ-55)



ਵਾਲ ਕੱਟ ਦਿੰਦੇ ਸਨ ਤਾਂ ਜੋ ਉਨ੍ਹਾਂ ਕੈਦੀਆਂ ਦੀ ਬੇਇਜ਼ੱਤੀ ਕੀਤੀ ਜਾ ਸਕੇ। ਚਿੱਟੇ ਵਾਲਾਂ ਨੂੰ ਪਰਮਾਤਮਾ ਦੀ ਸ਼ਾਨ ਸਮਝਿਆ ਜਾਂਦਾ ਸੀ। (2 ਮੈਕ 15-13, ਡਿਊਟ 7-8, ਰੈਵ 1-14) ਡਿਕਸ਼ਨਰੀ ਆਫ ਦਾ ਬਾਈਬਲ (ਕ੍ਰਿਤ ਜੇਮਜ਼ ਹੇਸਟਿੰਗਜ਼) ਅਨੁਸਾਰ ਪਾਦਰੀ ਕਦੇ ਕਿਸੇ ਨੂੰ ਆਪਣੇ ਵਾਲ ਛੂਹਣ ਦਾ ਅਧਿਕਾਰ ਨਹੀਂ ਸਨ ਦਿੰਦੇ ।

## 6.2 ਸ਼ਰਾਬ ਅਤੇ ਬਲੀ ਦੇਣਾ :

ਕਿਹਾ ਜਾਂਦਾ ਹੈ ਕਿ ਯੀਸੂ ਨੇ ਪਾਣੀ ਨੂੰ ਸ਼ਰਾਬ ਵਿਚ ਬਦਲ ਦਿੱਤਾ (ਜੌਹਨ 2:3, 7, 8, 9) ਸ਼ਰਾਬ ਬਹੁਤ ਸਾਰੇ ਗਿਰਜਾ ਘਰਾਂ (ਮੈਥੋਡਿਸਟ ਅਤੇ ਸਾਲਵੇਸ਼ਨ ਆਰਮੀ ਚਰਚਾਂ ਤੋਂ ਬਿਨਾਂ) ਦੀ ਵੈਸਟਰੀ ਵਿਚ ਰੱਖੀ ਜਾਂਦੀ ਹੈ ਅਤੇ ਵੱਡੇ ਸਮਾਗਮ (ਮਾਸ ਤਿਉਹਾਰ) ਵਿੱਚ ਵਰਤੀ ਜਾਂਦੀ ਹੈ ।[116] "ਕਿਸੇ ਵੀ ਆਦਮੀ ਨੂੰ ਨਵੀ ਸ਼ਰਾਬ ਨੂੰ ਪੁਰਾਣੀਆਂ ਬੋਤਲਾਂ ਵਿੱਚ ਨਹੀਂ ਪਾਉਣਾ ਚਾਹੀਦਾ :ਹੋ ਸਕਦਾ ਹੈ ਨਵੀਂ ਸ਼ਰਾਬ ਬੋਤਲਾਂ ਨੂੰ ਤੋੜ ਦੇਵੇ ਅਤੇ ਸ਼ਰਾਬ ਬੇਕਾਰ ਹੋ ਜਾਵੇ। ਇਸ ਲਈ ਨਵੀਂ ਸ਼ਰਾਬ ਨੂੰ ਨਵੀਆਂ ਬੋਤਲਾਂ ਵਿੱਚ ਹੀ ਪਾਉਣਾ ਚਾਹੀਦਾ ਹੈ"। (ਮਾਰਕ 2, 22 ਅਤੇ ਮੈਥਿਊ 9:17)

"ਹਮੇਸ਼ਾਂ ਪਾਣੀ ਹੀ ਨਹੀਂ ਪੀਣਾ ਚਾਹੀਦਾ ਕਦੀ ਕਦਾਈਂ ਥੋੜ੍ਹੀ ਸ਼ਰਾਬ ਇਸ ਵਿਚ ਮਿਲਾ ਲੈਣੀ ਚਾਹੀਦੀ ਹੈ ਤਾਂ ਕਿ ਮਿਹਦਾ ਬਿਮਾਰੀਆਂ ਨਾਲ ਲੜ ਸਕੇ ਅਤੇ ਕਮਜ਼ੋਰੀ ਨਾ ਆਵੇ" (1 ਟਿਮੋਥੀ 5:23)। ਸੋਲੋਮਨ ਤਾਂ ਬੀਮਾਰ ਅਤੇ ਮਰ ਰਹੇ ਲੋਕਾਂ ਨੂੰ ਵੀ ਸ਼ਰਾਬ ਪੀਣ ਦਾ ਸੁਝਾਅ ਦਿੰਦੇ ਹਨ, "ਜੋ ਮਰਨ ਕੰਢੇ ਹੈ ਉਸਨੂੰ ਮੋਟਾ ਤਕੜਾ ਪੈੱਗ ਦਿਓ, ਅਤੇ ਉਸਨੂੰ ਵੀ ਦਿਓ ਜੋ ਬੀਮਾਰ ਹੈ। ਉਸਨੂੰ ਪੀਣ ਦਿਓ ਅਤੇ ਆਪਣੀ ਗਰੀਬੀ ਭੁੱਲ ਜਾਣ ਦਿਓ ਅਤੇ ਇਹ ਯਾਦ ਹੀ ਨਾ ਰਹਿਣ ਦਿਓ ਕਿ ਉਸਨੂੰ ਕੋਈ ਸਮੱਸਿਆ ਜਾਂ ਦੁੱਖ ਹੈ ।" (ਪ੍ਰੋਵਰਬਜ਼ 31:6-7)

ਸਿੱਖ ਧਰਮ ਸਖ਼ਤੀ ਨਾਲ ਸ਼ਰਾਬ ਪੀਣ ਤੇ ਪਾਬੰਦੀ ਲਗਾਉਂਦਾ ਹੈ। ਸ਼ਰਾਬ ਪੀਣ ਵਾਲੇ ਨੂੰ ਗੁਰਦੁਆਰੇ ਵਿਚ ਦਾਖਲੇ ਤੋਂ ਮਨਾਹੀ ਹੈ। ਗੁਰੂ ਅਰਜਨ ਦੇਵ ਜੀ ਫੁਰਮਾਨ

116. ਮਾਸ ਨੂੰ ਯੂਕਰਿਸਟ (ਧੰਨਵਾਦ ਦੇਣਾ)ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ ਇਸ ਦੇ ਹੋਰ ਨਾਂ ਹਨ "ਪਰਮਾਤਮਾ ਦਾ ਖਾਣਾ", "ਪਵਿੱਤਰ ਸਭਾ", ਪਵਿੱਤਰ ਸ਼ਬਦ" ਜਾਂ "ਰੋਟੀ ਤੋੜਨਾ"। ਇਹ ਯੀਸੂ ਦੇ ਸੂਲੀ ਚੜ੍ਹਨ ਤੋਂ ਪਹਿਲਾਂ ਕੀਤੇ ਰਾਤ ਦੇ ਭੋਜਨ ਉਪਰੰਤ ਆਰੰਭ ਹੋਇਆ। ਇਸ ਵਿੱਚ ਰੋਟੀ (ਬਰੈੱਡ) ਅਤੇ ਸ਼ਰਾਬ ਵਰਤੀ ਜਾਂਦੀ ਹੈ। ਰੋਟੀ ਨੂੰ ਯੀਸੂ ਦਾ ਸਰੀਰ ਅਤੇ ਸ਼ਰਾਬ ਨੂੰ ਲਹੂ ਕਿਹਾ ਜਾਂਦਾ ਹੈ। ਸੰਕੇਤਕ ਰੂਪ ਵਿੱਚ ਇਸਦਾ ਅਰਥ ਯੀਸੂ ਵਾਂਗ ਸ਼ੁੱਧ ਹੋਣਾ ਹੈ। ਇਸ ਨੂੰ ਦ੍ਰਵਿਆਂਤਰ ਕਰਨਾ(ਟ੍ਰਾਂਸੁਬਸਟੈਂਸ਼ੀਐਸ਼ਨ - ਇੱਕ ਆਤਮਾ ਦਾ ਇੱਕ ਸਰੀਰ ਤੋਂ ਦੂਸਰੇ ਵਿਚ ਪ੍ਰਵੇਸ਼ ਕਰਨਾ) ਕਹਿੰਦੇ ਹਨ ।1539 ਵਿੱਚ ਹੈਨਰੀ VIII ਨੇ ਦ੍ਰਵਿਆਂਤਰ ਤੋਂ ਇਨਕਾਰ ਕਰਨ ਵਾਲੇ ਲਈ ਮੌਤ ਦੀ ਸਜ਼ਾ ਦਾ ਐਲਾਨ ਕੀਤਾ ਸੀ। ਮੈਥਿਊ (11:19) ਵਿੱਚ ਅਸੀ ਪੜ੍ਹਦੇ ਹਾਂ ਕਿ ਯੀਸੂ ਨੇ ਏਨਾ ਖਾਣਾ ਖਾਧਾ ਤੇ ਏਨੀ ਸ਼ਰਾਬ ਪੀਤੀ ਕਿ ਉਸਨੂੰ ਲੋਕਾਂ ਨੇ ਪੇਟੂ ਅਤੇ ਸ਼ਰਾਬੀ ਕਹਿਣਾ ਸ਼ੁਰੂ ਕਰ ਦਿੱਤਾ। ਯੂਕਰਿਸਟ ਇੰਸਟੀਚਿਊਸ਼ਨ ਦੇ ਇਹ ਹਵਾਲੇ ਲਿਊਕ 22:19 ਵਿੱਚ ਹੀ ਸਾਹਮਣੇ ਆਏ, ਪਰ ਇਨ੍ਹਾਂ ਨੂੰ ਕਈ ਅਨੁਵਾਦਾਂ ਵਿਚ ਦਰਜ ਕਰਨ ਤੋਂ ਛੱਡ ਦਿੱਤਾ ਗਿਆ।

ਕਰਦੇ ਹਨ :

**ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿਕਮਲੀ॥**
**ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ॥**

*(ਪੰਨਾ 399)*

ਉਹ ਜੋ ਸ਼ਰਾਬ ਪੀਂਦੇ ਹਨ, ਗਲਤ ਕੰਮ ਕਰਦੇ ਹਨ। ਅਸਲ ਨਸ਼ਾ ਸਿਰਫ ਪਰਮਾਤਮਾ ਦੇ ਨਾਮ ਸਿਮਰਨ ਵਿੱਚੋਂ ਹੀ ਮਿਲਦਾ ਹੈ।

**ਜਿਤੁ ਪੀਤੈ ਮਤਿ ਦੂਰ ਹੋਇ ਬਰਲੁ ਪਵੈ ਵਿਚਿ ਆਇ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥**

*(ਪੰਨਾ 554)*

ਸ਼ਰਾਬ ਪੀਣ ਨਾਲ ਅਕਲ ਬਾਹਰ ਚਲੀ ਜਾਂਦੀ ਹੈ। ਇਹ ਸਰੀਰ ਦੀ ਕੁਦਰਤੀ ਕਿਰਿਆਸ਼ੀਲਤਾ ਵਿਚ ਦਖ਼ਲ ਦਿੰਦੀ ਹੈ ਅਤੇ ਪੀਣ ਦੇ ਆਦੀ ਬੰਦੇ ਦੀ ਚੰਗੇ ਅਤੇ ਮਾੜੇ (ਆਪਣੇ ਪਰਾਏ) ਵਿਚ ਅੰਤਰ ਕਰਨ ਦੀ ਯੋਗਤਾ ਹੀ ਖਤਮ ਕਰ ਦਿੰਦੀ ਹੈ। ਅਜਿਹਾ ਵਿਅਕਤੀ ਪਰਮਾਤਮਾ ਨਾਲੋਂ ਟੁੱਟ ਜਾਂਦਾ ਹੈ ।[117]

**ਗਿਯਾਨ ਔ ਧਿਯਾਨ ਸਯਾਨ ਬਡੋ ਨਰ,**
**ਹੋਤ ਪਸੂ ਸਮ ਵਾਰੁਣੀ ਪੀਤੇ ॥**

***(ਕਬਿੱਤ ਭਾਈ ਗੁਰਦਾਸ** 328)*

"ਮਹਾਨ ਵਿਚਾਰਵਾਨ, ਧਿਆਨੀ ਅਤੇ ਸਿਆਣੇ ਲੋਕ ਵੀ ਸ਼ਰਾਬ ਪੀਣ ਉਪਰੰਤ ਜਾਨਵਰਾਂ ਵਾਂਗ ਵਿਹਾਰ ਕਰਦੇ ਵੇਖੇ ਜਾਂਦੇ ਹਨ।"

ਭਾਵੇਂ ਈਸਾਈ ਆਪਣੇ 'ਮਾਸ' ਸਮਾਗਮ ਵਿਚ ਸ਼ਰਾਬ ਦੀ ਵਰਤੋਂ ਕਰਦੇ ਹਨ, ਪਰ ਭਾਈ ਗੁਰਦਾਸ ਜੀ ਦੇ ਉਪਰੋਕਤ ਵਰਣਿਤ ਸ਼ਬਦ ਬਾਈਬਲ ਵਿਚੋਂ ਪੂਰਾ

---

117. ਨਿਊਕਾਸਲ ਦੇ ਸੈਂਟਰ ਫਾਰ ਲਿਵਰ ਰਿਸਰਚ ਦੇ ਵਿਗਿਆਨੀ ਨੇ ਖੋਜ ਕਰਕੇ ਸਿੱਟਾ ਕੱਢਿਆ ਕਿ ਮਿਹਦੇ ਦੀ ਬੀਮਾਰੀ ਅਤੇ ਸ਼ਰਾਬ ਪੀਣ ਵਿੱਚ ਸਿੱਧਾ ਸੰਬੰਧ ਹੈ- 1987 ਤੋਂ 1997 ਤੱਕ ਦੇ ਦਸ ਸਾਲਾਂ ਵਿੱਚ ਸਿਰਹੋਸਿਸ ਨਾਲ ਲਗਭਗ ਦੁੱਗਣੀਆਂ ਮੌਤਾਂ ਬ੍ਰਿਟਨ ਵਿੱਚ ਹੋ ਚੁੱਕੀਆਂ ਹਨ। ਸ਼ਰਾਬ ਪੀਣ ਨਾਲ ਸਾਡੇ ਦੋ ਜੀਨ: ਇੰਟਰਲਿਊਕਨ-10 ਅਤੇ ਟੀ.ਐਨ.ਐਫ-ਅਲਫਾ ਪ੍ਰਭਾਵਿਤ ਹੁੰਦੇ ਹਨ, ਜੋ ਸਾਡੇ ਸ਼ਰੀਰ ਦੀ ਰੱਖਿਆ ਪ੍ਰਣਾਲੀ ਦੇ ਪ੍ਰਮੁੱਖ ਤੱਤ ਹਨ (ਸੰਡੇ ਟੈਲੀਗ੍ਰਾਫ 31/12/2000)

ਵਿਲੀਅਮ ਬੂਥ ਜੋ ਸਾਲਵੇਸ਼ਨ ਆਰਮੀ ਦੇ ਸੰਸਥਾਪਕ ਸਨ, ਨਹੀਂ ਮੰਨਦੇ ਸਨ ਕਿ ਯੀਸੂ ਨੇ ਸ਼ਰਾਬ ਪੀਣ ਦੀ ਸਿੱਖਿਆ ਦਿੱਤੀ। ਉਹ ਲਿਖਦਾ ਹੈ, "ਜੇਕਰ ਯੀਸੂ ਮੈਨੂੰ ਆਪਣੀ ਸਾਰੀ ਜ਼ਿੰਦਗੀ ਲਈ ਹਰ ਰੋਜ਼ ਬਹੁਤ ਸਾਰੀਆਂ ਰੋਟੀਆਂ ਖਾਣ ਅਤੇ ਸ਼ਰਾਬ ਪੀਣ ਲਈ ਕਹੇ ਤਾਂ ਮੈ ਉਸਦੇ ਹੁਕਮਾਂ ਨੂੰ ਹੀਲ ਹੁਜਤ ਤੋਂ ਬਿਨਾਂ ਤੁਰੰਤ ਮੰਨ ਲਵਾਂਗਾ। ਅਜਿਹਾ ਕੁਝ ਵੀ ਨਹੀਂ ਹੈ, ਜਿਸ ਬਾਰੇ ਮੈਨੂੰ ਯੀਸੂ ਨੇ ਕਰਨ ਲਈ ਕਿਹਾ ਹੋਵੇ ਤੇ ਮੈਂ ਨਾ ਕੀਤਾ ਹੋਵੇ ।



ਸਮਰਥਨ ਹਾਸਲ ਕਰਦੇ ਹਨ। ਲੋਟ[118] ਇਕ ਬਹੁਤ ਹੀ ਗੁਣੀ ਅਤੇ ਚੰਗਾ ਵਿਅਕਤੀ ਸੀ ਅਤੇ ਅਕਸਰ ਫਰਿਸ਼ਤਿਆਂ ਨੂੰ ਰਹਿਣ ਲਈ ਆਪਣੇ ਘਰ ਵਿਚ ਜਗ੍ਹਾ ਦਿੰਦਾ ਸੀ। ਫਰਿਸ਼ਤਿਆਂ ਨੇ ਵਿਭਚਾਰੀ ਸ਼ਹਿਰ (ਸੋਡੋਮ) ਵਿਚੋਂ ਉਸਦੀ ਰੱਖਿਆ ਕਰਕੇ ਉਸਦੀ ਦਿਆਲਤਾ ਦਾ ਮੁੱਲ ਤਾਰਿਆ ।ਲੋਟ ਨੇ ਸ਼ਰਾਬ ਪੀਤੀ (ਜੈਨੇਸਿਜ਼ 9-21) ਅਤੇ ਨਸ਼ੇ ਦੀ ਹਾਲਤ ਵਿਚ ਆਪਣੀਆਂ ਦੋਹਾਂ ਲੜਕੀਆਂ ਨਾਲ ਵਾਸਨਾ ਪੂਰਤੀ ਕੀਤੀ। ਇਸੇ ਸੰਜੋਗ ਤੋਂ ਉਨ੍ਹਾਂ ਲੜਕੀਆਂ ਨੂੰ ਦੋ ਪੁੱਤਰ (ਮੋਆਬ ਅਤੇ ਬੇਨ ਅੰਮੀ ਨਾਮ ਵਾਲੇ) ਪੈਦਾ ਹੋਏ। (ਜੈਨੇਸਿਜ਼ 19, 27-37)

ਲੋਟ ਨੇ ਦੁਰਾਚਾਰ ਦੀ ਹੱਦ ਕਰ ਦਿੱਤੀ ਅਤੇ ਇਕ ਸਭ ਤੋਂ ਪਵਿੱਤ੍ਰ ਰਿਸ਼ਤੇ ਨੂੰ ਕਲੰਕਿਤ ਕਰਨ ਦਾ ਦੁਸ਼ਕਰਮ ਕੀਤਾ ।ਪਰਮਾਤਮਾ ਨੇ ਇਸ ਘਿਨੌਣੇ ਅਪਰਾਧ ਅਤੇ ਨੈਤਿਕ ਪਤਨ ਵਾਲੇ ਜ਼ੁਰਮ ਦੀ ਲੋਟ ਨੂੰ ਕੋਈ ਸਜ਼ਾ ਨਹੀਂ ਦਿੱਤੀ । ਇਸ ਦੇ ਉਲਟ ਪਰਮਾਤਮਾ ਨੇ ਯਹੂਦੀਆਂ ਨੂੰ ਹੁਕਮ ਦਿੱਤਾ ਕਿ ਬੇਕਸੂਰ ਫਿਲਸਤੀਨੀਆਂ ਨੂੰ ਬੇਤਰਸ ਹੋ ਕੇ ਵੇਚ ਦਿੱਤਾ ਜਾਵੇ। ਉਨ੍ਹਾਂ ਦੇ ਬੱਚਿਆਂ ਅਤੇ ਜਾਨਵਰਾਂ ਨੂੰ ਵੀ ਮਾਰ ਦਿੱਤਾ ਜਾਵੇ ਪਰ ਐਮੋਨਾਈਟਸ (ਅੰਮੀ ਦੇ ਪੁੱਤਰਾਂ) ਅਤੇ ਮੋਆਬਾਈਟਸ (ਮੋਆਬ ਦੇ ਪੁੱਤਰਾਂ) ਨੂੰ ਬਿਲਕੁਲ ਤਕਲੀਫ਼ ਨਾ ਦਿੱਤੀ ਜਾਵੇ ਕਿਉਂਕਿ ਉਹ ਲੋਟ ਦੀ ਅੰਸ਼ ਹਨ।[119]

---

118. ਪੈਗੰਬਰ ਲੋਟ (ਜੋ ਹਾਂਰੂਨ ਦਾ ਪੁੱਤਰ ਅਤੇ ਅਬਰਾਹਿਮ ਦਾ ਭਤੀਜਾ ਸੀ ) ਨੇ ਆਪਣੇ ਆਪ ਨੂੰ ਵਿਭਚਾਰ ਵਾਲੇ ਸ਼ਹਿਰ (ਸੋਡੋਮ) 'ਚ ਵਸਾ ਲਿਆ। ਦੇਵਤੇ ਉਸ ਕੋਲ ਆਉਂਦੇ ਅਤੇ ਆਖਦੇ ਕਿ ਸ਼ਹਿਰ ਤਬਾਹ ਹੋਣ ਵਾਲਾ ਹੈ। ਉਨ੍ਹਾਂ ਨੇ ਲੋਟ ਨੂੰ ਕਿਹਾ ਕਿ ਉਹ ਸ਼ਹਿਰ ਛੱਡ ਜਾਵੇ ਅਤੇ ਜਾਣ ਵੇਲੇ ਪਿੱਛੇ ਮੁੜ ਕੇ ਬਿਲਕੁਲ ਨਾ ਦੇਖੇ। ਲੋਟ ਨੇ ਆਪਣੀ ਪਤਨੀ ਅਤੇ ਦੋ ਲੜਕੀਆਂ ਸਮੇਤ ਸ਼ਹਿਰ ਛੱਡ ਦਿੱਤਾ। ਲੋਟ ਦੀ ਪਤਨੀ ਨੇ ਪਿੱਛੇ ਮੁੜ ਕੇ ਵੇਖ ਲਿਆ। ਸਜ਼ਾ ਵਜੋਂ ਪਰਮਾਤਮਾ ਨੇ ਉਸਨੂੰ ਲੂਣ ਦਾ ਇਕ ਥੰਮ ਬਣਾ ਦਿੱਤਾ। ਬਾਅਦ ਵਿੱਚ ਲੌਂਡੇਬਾਜ਼ੀ ਦੇ ਸ਼ਹਿਰ (ਸੋਡੋਮ) ਅਤੇ ਗੋਮੋਰਾਹ ਤਬਾਹ ਹੋ ਗਏ। (ਜੈਨੇਸਿਸ 19:1-26)

119. ਅਜੋਕੇ ਸਮੇਂ ਦੇ 'ਲੋਟਾਂ' ਦੀ ਸਹੀ ਗਿਣਤੀ ਦੱਸਣੀ ਮੁਸ਼ਕਿਲ ਹੈ। ਪ੍ਰਸਿੱਧ ਅਮਰੀਕਨ ਲੇਖਕ-ਕੈਥਰਿਨ ਹੈਰੀਸਨ ਨੇ ਆਪਣੀ ਕਿਤਾਬ "ਦ ਕਿਸ" ਜੋ ਫੋਰਥ ਇਸਟੇਟ ਦੁਆਰਾ ਛਪਾਈ ਗਈ ਸੀ ਵਿੱਚ ਆਪਣੇ ਪਿਤਾ ਦਾ ਭੇਦ ਉਜਾਗਰ ਕਰ ਦਿੱਤਾ। ਉਸ ਦਾ ਪਿਤਾ ਇਕ ਮੰਨਿਆਂ ਪਰਮੰਨਿਆ ਵਿਦਵਾਨ ਪ੍ਰੋਟੈਸਟੈਂਟ ਪਾਦਰੀ ਸੀ ।ਇਸ ਪੁਸਤਕ ਵਿੱਚ ਉਸਨੇ ਆਪਣੇ ਪਿਤਾ ਨਾਲ ਚਾਰ ਸਾਲਾਂ ਦੇ ਕਾਮ ਸੰਬੰਧਾਂ ਦੇ ਪੂਰੇ ਵੇਰਵੇ ਪੇਸ਼ ਕਰ ਦਿੱਤੇ। ਸਿੱਖ ਧਰਮ ਅਨੁਸਾਰ ਕੇਵਲ ਧਰਮ ਹੀ ਨੈਤਕਿਤਾ ਨੂੰ ਉਸਾਰਦਾ ਅਤੇ ਕਾਇਮ ਰੱਖਦਾ ਹੈ, ਪਰ ਬਾਈਬਲ ਵਿੱਚ ਅਸੀਂ ਪੜ੍ਹਦੇ ਹਾਂ ਕਿ ਪਰਮਾਤਮਾ ਨੇ ਮੂਸਾ ਨੂੰ (31, 1-29, 12, 15, 17, 18) ਮੀਡੀਆਨਾਈਟਸ ਤੋਂ ਬਦਲਾ ਲੈਣ ਅਤੇ ਸਾਰੇ ਲੜਕੇ ਅਤੇ ਔਰਤਾਂ ਨੂੰ (ਜੋ ਮਰਦਾਂ ਨਾਲ ਸੁੱਤੀਆਂ ਹੋਣ )ਨੂੰ ਮਾਰ ਦੇਣ ਲਈ ਕਿਹਾ। ਇਹ ਵੀ ਕਿਹਾ ਕਿ ਉਹ ਉਨ੍ਹਾਂ ਲੜਕੀਆਂ ਨੂੰ ਬਚਾ ਕੇ ਆਪਣੇ ਲਈ ਰੱਖ ਲਵੇ ਜੋ ਕਿਸੇ ਮਰਦ ਨਾਲ ਨਹੀਂ ਸੁੱਤੀਆਂ।

ਨਿਊ ਟੈਸਟਾਮੈਂਟ ਨੇ ਇਹ ਸੁਝਾਅ ਦਿੱਤਾ ਹੈ ਕਿ ਸ਼ਰਾਬ ਪੀਣਾ ਚੰਗੇ ਲੋਕਾਂ ਲਈ ਉਚਿਤ ਨਹੀਂ।ਜਾਨ ਦੇ ਆਉਣ ਬਾਰੇ ਦੇਵਤਿਆਂ ਨੇ ਜ਼ਕਰੀਆ ਨੂੰ ਕਿਹਾ, "ਪਰਮਾਤਮਾ ਦੀ ਨਜ਼ਰ ਵਿਚ ਚੰਗਾ ਬਣਨ ਲਈ ਉਸਨੂੰ ਨਾ ਤਾਂ ਸ਼ਰਾਬ, ਨਾ ਕੋਈ ਹੋਰ ਨਸ਼ੀਲਾ ਪਦਾਰਥ ਪੀਣਾ ਚਾਹੀਦਾ ਹੈ (ਲਿਊਕ 1-15)। ਫਿਰ ਐਫੀਸ਼ੀਅਨਜ਼ (5:18) ਵਿਚ ਅਸੀਂ ਪੜ੍ਹਦੇ ਹਾਂ, "ਸ਼ਰਾਬ ਨਾਲ ਨਸ਼ਈ ਨਹੀਂ ਹੋਣਾ ਚਾਹੀਦਾ..." ਇਸ ਸਭ ਦੇ ਬਾਵਜੂਦ ਅਸੀਂ ਵੇਖਦੇ ਹਾਂ ਕਿ ਮਹਾਨ ਪੈਗੰਬਰ ਹਜ਼ਰਤ ਨੂਹ ਸ਼ਰਾਬ ਵਧੇਰੇ ਪੀਣ ਦੇ ਪਿੱਛੇ ਹੀ ਪੈ ਗਏ (ਜੈਨੇਸਿਸ 9, 20-22) ਅਤੇ ਈਸਾ ਮਸੀਹ ਨੇ ਇਕ ਵਿਆਹ ਵਿਚ ਸ਼ਰਾਬ ਬਣਾ ਕੇ ਪੇਸ਼ ਕੀਤੀ (ਜੌਹਨ 2:7-9) ਸੇਂਟ ਬੈਨੇਡਿਕਟ ਦਾ 8-44 ਨਿਯਮ ਕਹਿੰਦਾ ਹੈ, "ਅਸੀਂ ਧਾਰਮਿਕ ਪੁਸਤਕਾਂ ਵਿਚ ਪੜ੍ਹਦੇ ਹਾਂ ਕਿ ਸ਼ਰਾਬ ਧਾਰਮਿਕ ਲੋਕਾਂ ਲਈ ਉਚਿਤ ਨਹੀਂ ਪਰ ਅਜੋਕੇ ਯੁੱਗ ਵਿਚ ਇਹ ਸੰਭਵ ਨਹੀਂ ਕਿ ਅਸੀਂ ਧਾਰਮਿਕ ਲੋਕਾਂ ਨੂੰ ਸ਼ਰਾਬ ਪੀਣ ਤੋਂ ਰੋਕ ਸਕੀਏ। ਸਾਨੂੰ ਇਸ ਗੱਲ ਤੇ ਸਹਿਮਤ ਹੋ ਜਾਣਾ ਚਾਹੀਦਾ ਹੈ ਕਿ ਘੱਟੋ ਘੱਟ ਸਾਨੂੰ ਬਹੁਤੀ ਨਹੀਂ ਪੀਣੀ ਚਾਹੀਦੀ। ਇੱਕ ਦਿਨ ਵਿੱਚ ਇੱਕ ਪੈੱਗ ਹੀ ਬਹੁਤ ਹੈ"। ਇਸਦੇ ਉਲਟ ਅਸੀਂ ਪੜ੍ਹਦੇ ਹਾਂ ਰੋਮਨਜ਼ 14-21 ਜਿੱਥੇ ਬਾਈਬਲ ਦਾ ਕਥਨ ਹੈ, " ਚੰਗਾ ਤਾਂ ਇਹੋ ਹੈ ਕਿ ਅਸੀਂ ਮੀਟ ਖਾਣ ਅਤੇ ਸ਼ਰਾਬ ਪੀਣ ਨੂੰ ਸਮਰਥਨ ਨਾ ਦੇਈਏ ਅਤੇ ਨਾ ਹੀ ਕੁਝ ਹੋਰ ਅਜਿਹਾ ਕਰਨ ਨੂੰ ਉਤਸ਼ਾਹ ਦੇਈਏ ਜਿਸ ਨਾਲ ਸਾਡਾ ਆਪਣਾ ਭਰਾ ਵੀ ਕਿਰਦਾਰ ਪੱਖੋਂ ਨੀਵਾਂ ਹੋ ਜਾਵੇ।

ਜਿੱਥੋਂ ਤੱਕ ਮੀਟ ਖਾਣ ਦੀ ਗੱਲ ਹੈ ਅਸੀਂ ਵੇਖਦੇ ਹਾਂ ਕਿ ਬਾਈਬਲ ਆਪ ਇਹ ਆਖਦੀ ਹੈ ਕਿ ਪਰਮਾਤਮਾ ਨੇ ਆਪ ਵੀ ਮੀਟ ਖਾਧਾ। "ਮੇਰੇ ਕੋਲ ਬੱਕਰੇ ਅਤੇ ਚਰਬੀ ਵਾਲੇ ਕਈ ਜਾਨਵਰਾਂ ਦਾ ਕਾਫ਼ੀ ਮੀਟ ਹੈ। ਮੈਨੂੰ ਸਾਂਢ, ਮੇਮਣੇ ਅਤੇ ਬੱਕਰੀ ਦੇ ਖ਼ੂਨ ਵਿਚ ਸੁਆਦ ਨਹੀਂ ਆਉਂਦਾ"। ਪਰਮਾਤਮਾ ਅਤੇ ਦੋ ਦੇਵਤਿਆਂ ਨੇ ਵੱਛੇ ਦਾ ਮੀਟ ਖਾਧਾ (ਜੈਨੇਸਿਸ 18:1-8) ਲਿਊਕ 24:42 ਵਿਚ ਵੀ ਈਸਾ ਮਸੀਹ ਨੂੰ ਮੀਟ ਖਾਣ ਵਾਲਾ ਦੱਸਿਆ ਗਿਆ ਹੈ।

ਭਾਵੇਂ ਈਸਾਈ ਅੱਜਕਲ੍ਹ ਜਾਨਵਰਾਂ ਦੀ ਬਲੀ ਨਹੀਂ ਦਿੰਦੇ। ਹਜ਼ਰਤ ਨੂਹ ਨੇ ਪਰਮਾਤਮਾ ਨੂੰ ਬਲੀਆਂ ਭੇਟ ਕੀਤੀਆਂ (ਜੈਨੇਸਿਸ 8:20-21) ।ਪਰਮਾਤਮਾ ਨੇ ਹਜ਼ਰਤ ਮੂਸਾ ਨੂੰ ਬੁਲਾਇਆ ਅਤੇ ਕਿਹਾ, "ਇਜ਼ਰਾਈਲੀਆਂ ਨੂੰ ਕਹੋ ਕਿ ਚਾਹੇ ਇੱਜੜਾਂ 'ਚੋਂ ਚਾਹੇ ਜਾਨਵਰਾਂ ਦੇ ਝੁੰਡਾਂ ਵਿਚੋਂ ਭੇਟਾ ਲਈ ਜਾਨਵਰ ਲਿਆਉਣ ਤੇ ਜਾਨਵਰਾਂ ਦੀਆਂ ਬਲੀਆਂ ਦੇਣ। (ਲੈਵਿਟੀਕਸ 1:1-5) ਸੱਤ ਦਿਨ ਚੱਲੀ ਪਾਰਟੀ ਵਿਚ ਹਰ ਰੋਜ਼ ਸੱਤ ਸਾਂਢ ਅਤੇ ਸੱਤ ਰਿਸ਼ਟ ਪੁਸ਼ਟ ਬੱਕਰੀਆਂ ਅਤੇ ਇਕ ਬੱਕਰਾ ਲਿਆ ਕੇ ਪਰਮਾਤਮਾ ਨੂੰ ਭੇਟਾ ਕੀਤੇ ਜਾਣ। ਇਸ ਤਰ੍ਹਾਂ ਕਰਨ ਨਾਲ ਪਾਪ ਮੁਆਫ



ਕਰ ਦਿੱਤੇ ਜਾਣਗੇ।" (ਐਜ਼ੀਕੀਅਲ 45:23)

ਸਿੱਖ ਧਰਮ ਪਰਮਾਤਮਾ ਨੂੰ ਜਾਨਵਰਾਂ ਦੇ ਮੀਟ ਭੇਟ ਕਰਨ ਵਾਲੀ ਗੱਲ ਨੂੰ ਨਿੰਦਦੇ ਹਨ ਅਤੇ ਮੰਨਦੇ ਹਨ ਕਿ ਪਰਮਾਤਮਾ ਨੂੰ ਅਜਿਹੀ ਰਿਸ਼ਵਤ ਦੇਣਾ ਕੋਈ ਪੁੰਨ ਨਹੀਂ ਅਤੇ ਇਸ ਤਰ੍ਹਾਂ ਕਰਨ ਨਾਲ ਕੋਈ ਪਾਪ ਵੀ ਨਹੀਂ ਧੋਤਾ ਜਾ ਸਕਦਾ ।

## 6.3. ਪਾਦਰੀ ਧਰਮ

**ਈਸਾਈ ਮਤ ਪਰਮਾਤਮਾ ਦੇ ਵਿਚੋਲਿਆਂ ਵਾਲੀ ਧਾਰਨਾ ਵਿਚ ਵਿਸ਼ਵਾਸ਼ ਕਰਦੀ ਹੈ ਇਸੇ ਲਈ, ਪੋਪ, ਆਰਕਬਿਸ਼ਪ, ਬਿਸ਼ਪ, ਕਾਰਡੀਨਲਜ਼, ਕੈਨਨਜ਼, ਚੈਪਲੇਨਜ਼ ਪਾਸਟਰਜ਼, ਪ੍ਰੀਸਟਜ਼[120], ਡੀਕੋਨਜ਼ ਆਰਕਡੀਕਨਜ਼, ਮਨਿਸਟਰਜ਼, ਪਾਦਰੀ ਅਤੇ ਮੋਡਰੇਟਰਜ਼ ਨੂੰ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਇਹ ਸਾਰੇ ਹੀ ਪਾਪ ਮੁਆਫ ਕਰਨ ਦੀ ਇੱਕੋ ਜਿਹੀ ਸ਼ਕਤੀ ਰੱਖਦੇ ਹਨ। ਉਹ ਪ੍ਰਚਾਰ ਕਰਦੇ ਹਨ ਕਿ ਚਰਚ ਤੋਂ ਬਿਨਾਂ ਕਿਸੇ ਪਾਸੇ ਵੀ ਮੁਕਤੀ ਨਹੀਂ ਮਿਲਦੀ। ਉਹ ਤਿਲਕ ਵਾਂਗ ਤੇਲ ਆਦਿਕ ਵੀ ਲਗਾਉਂਦੇ ਹਨ ਜਿਸ ਨੂੰ ਅੰਕਸ਼ਨ ਕਿਹਾ ਜਾਂਦਾ ਹੈ ।[121]**

**ਵਿਸ਼ੇਸ਼ ਮੌਕਿਆਂ ਲਈ ਪਾਦਰੀਆਂ ਦੇ ਵਿਸ਼ੇਸ਼ ਪਹਿਰਾਵੇ ਹੁੰਦੇ ਹਨ। ਕੁੱਝ ਵਸਤਰ ਜੋ ਉਨ੍ਹਾਂ ਨੂੰ ਪਹਿਨਣੇ ਪੈਂਦੇ ਹਨ, ਇਸ ਤਰ੍ਹਾਂ ਹਨ : ਐਲਬ, ਐਮਿਸ, ਅਪੈਰਲ, ਕੈਸੋਕ, ਚੈਜ਼ੂਬਲ, ਕੋਪ, ਕਰੋਜ਼ੀਅਰ ਗਰਡਲ, ਹੁੱਡ, ਮੈਨੀਪਲ, ਮਿਟਰ, ਓਰਫੇਜ਼, ਪਰੀਚਿੰਗ ਬੈਂਡਜ਼, ਰੌਸ਼ੇਟ, ਸਟੋਲ, ਸਰਪਲਿਸ ਅਤੇ ਟਿਪੇਟੀ ਆਦਿਕ। ਹਰ ਮੌਕੇ ਤੇ ਉਨ੍ਹਾਂ ਦੇ ਨਾਮ ਅਤੇ ਰੰਗ ਵੱਖਰੇ-ਵੱਖਰੇ ਹੁੰਦੇ ਹਨ।**

**ਸਿੱਖ ਧਰਮ ਵਿਚ ਪੁਰੋਹਿਤ ਦੀ ਪਦਵੀ ਲਈ ਕੋਈ ਸੰਸਥਾਗਤ ਜਾਂ ਪਰਤਿਸ਼ਟਿਤ ਨਿਯੁਕਤੀ ਦੀ ਹੋਂਦ ਨਹੀਂ। ਗ੍ਰੰਥੀ ਸਿੰਘਾਂ ਲਈ ਕਿਸੇ ਵਿਸ਼ੇਸ਼ ਪਹਿਰਾਵੇ ਦਾ ਪਹਿਨਣਾ ਵੀ ਲਾਜ਼ਮੀ ਨਹੀਂ। ਸਿਰਫ ਕਾਮ ਉਕਸਾਊ ਅਤੇ ਭੜਕੀਲੇ ਪਹਿਰਾਵੇ ਪਾਉਣ ਤੇ ਹੀ ਰੋਕ ਹੈ। ਸਿੱਖ ਧਰਮ ਇਸ ਗੱਲ ਵਿਚ ਮਾਨਤਾ ਨਹੀਂ ਰੱਖਦਾ ਕਿ ਗ੍ਰੰਥੀ ਸਿੰਘ ਲੋਕਾਂ ਦੇ ਪਾਪ ਮੁਆਫ ਕਰ ਸਕਦੇ ਹਨ ਅਤੇ ਨਾ ਹੀ ਸਿੱਖ ਧਰਮ ਵਿੱਚ ਕੋਈ ਵੀ ਵਿਅਕਤੀ ਮੁਕਤੀ ਪ੍ਰਦਾਨ ਕਰਨ ਦਾ ਦਾਅਵਾ ਕਰ ਸਕਦਾ ਹੈ। ਉਹ ਮੰਨਦੇ ਹਨ ਕਿ ਮੁਕਤੀ ਸਿਰਫ ਸਵੈ-ਯਤਨਾਂ, ਅਰਦਾਸ ਅਤੇ ਚੰਗੇ ਕਰਮਾਂ ਨਾਲ ਹੀ ਹਾਸਲ ਹੋ ਸਕਦੀ ਹੈ ।**

---

120. ਸਿੱਖ ਧਰਮ ਵਾਂਗ ਕੁਏਕਰ ਮੱਤ ਵਿੱਚ ਵੀ ਕੋਈ ਪੁਰੋਹਿਤ ਪਦ ਨਹੀਂ ਹੁੰਦਾ। ਕੋਈ ਵੀ ਕੁਏਕਰ 'ਮੀਟਿੰਗ' ਰੂਪੀ ਸੇਵਾ ਨਿਭਾ ਸਕਦਾ ਹੈ।

121. ਬੁਰੀ ਤਰ੍ਹਾਂ ਬੀਮਾਰ (ਮਾਰਕ 6:13 ਜੇਮਜ਼ 5:14) ਲੋਕਾਂ ਨੂੰ ਤੇਲ ਦਾ ਤਿਲਕ ਲਗਾਉਣਾ (ਅੰਕਸ਼ਨ) ਤਾ ਕਿ ਉਨ੍ਹਾਂ ਦੀ ਸਿਹਤ ਠੀਕ ਹੋ ਸਕੇ। ਪੂਰਬ ਦੇ ਸਨਾਤਨੀ ਚਰਚਾਂ ਵਿੱਚ ਇਹ ਰਸਮ ਯੂਕੈਲੀਅਨ ਅਖਵਾਉਂਦੀ ਹੈ ਅਤੇ ਸੱਤ ਪਾਦਰੀਆਂ ਦੁਆਰਾ ਇਕੱਠਿਆਂ ਹੀ ਇਹ ਸੇਵਾ ਨਿਭਾਈ ਜਾਂਦੀ ਸੀ ।

## 6.4 ਪਸ਼ਚਾਤਾਪ :

ਈਸਾਈਆਂ ਦਾ ਵਿਸ਼ਵਾਸ ਹੈ ਕਿ ਇਨਸਾਨ ਵਲੋਂ ਕਿਸੇ ਪਾਦਰੀ ਅੱਗੇ ਕੀਤਾ ਪਛਤਾਵਾ ਪਾਪਾਂ ਦੀ ਮੁਆਫੀ ਨੂੰ ਯਕੀਨੀ ਬਣਾ ਦਿੰਦਾ ਹੈ। ਪੋਪ ਕਲੈਮੈਂਟ VII ਨੇ ਸੇਲਿਨੀ ਦੇ ਗੁਨਾਹ ਉਸ ਵੇਲੇ ਮੁਆਫ ਕਰ ਦਿੱਤੇ ਜਦੋਂ ਉਸਨੇ ਉਸ ਦੇ ਸਾਹਮਣੇ ਪਛਤਾਵਾ ਕੀਤਾ। "ਉਸਨੇ ਮੈਨੂੰ ਆਸ਼ੀਰਵਾਦ ਦਿੱਤਾ ਅਤੇ ਮੈਂ ਜੋ ਗੁਨਾਹ ਕਰ ਚੁੱਕਿਆ ਸਾਂ ਜਾਂ ਅਗੋਂ ਲਈ ਮੈਂ ਕਰਨੇ ਸਨ ਸਭ ਮੁਆਫ਼ ਕਰ ਦਿੱਤੇ ਗਏ। (ਸੇਲਿਨੀ ਬੇਨਵੈਨੁਟੋਜ਼ ਆਟੋਬਾਇਓਗ੍ਰਾਫੀ ਪੰਨਾ 71 ਅਨੁਵਾਦਕ : ਜੌਰਜ ਬੁਲ)

ਸਿੱਖ ਧਰਮ ਪਛਤਾਵੇ ਨੂੰ ਇੱਕ ਗੁਣ ਸਮਝਦਾ ਹੈ ਪਰ ਇਹ ਵੀ ਆਸ ਰੱਖਦਾ ਹੈ ਕਿ ਭਵਿੱਖਤ ਜ਼ਿੰਦਗੀ ਵਿਚ ਚੰਗੇ ਗੁਣ ਲਿਆਂਦੇ ਜਾਣ ਅਤੇ ਵਿਹਾਰ ਸੁਚੱਜਾ ਬਣਾਇਆ ਜਾਵੇ। ਕਿਸੇ ਬੁਰੇ ਕਰਮ ਲਈ ਸੰਗਤ ਵਿਚ ਮੁਆਫੀ ਮੰਗਣਾ ਜਾਂ ਆਪਣੀ ਇੱਛਾ ਅਨੁਸਾਰ ਪਛਤਾਵਾ ਕਰਨਾ ਸ਼ਰਧਾਲੂਆਂ ਨੂੰ ਸਵੈ-ਧੋਖੇ ਅਤੇ ਅਪਰਾਧ ਕਰਨ ਦੀ ਪਵਿਰਤੀ ਨੂੰ ਤਿਆਗਣ ਵਿਚ ਮੱਦਦ ਕਰਦਾ ਹੈ। ਇਹ ਕਹਿਣਾ ਕਿ ਜਿਵੇਂ ਦਿਨ ਤੋਂ ਬਾਅਦ ਰਾਤ ਆਉਂਦੀ ਹੈ ਉਵੇਂ ਹੀ ਮੁਆਫ਼ੀ ਮੰਗਣ ਉਪਰੰਤ ਪਾਪ ਧੋਤੇ ਜਾਂਦੇ ਹਨ ਸਿੱਖ ਧਰਮ ਵਿਚ ਪ੍ਰਵਾਨ ਨਹੀਂ। ਯੀਸੂ ਨੇ ਹਿਟਲਰ ਨੂੰ ਉਸਦੇ ਪਾਪਾਂ ਲਈ ਕਦੀ ਮੁਆਫ ਨਹੀਂ ਸੀ ਕਰਨਾ ਜੇ ਕਰ ਉਹ ਪਸ਼ਚਾਤਾਪ ਕਰਨ ਉਪਰੰਤ ਵੀ ਅੱਤਿਆਚਾਰ ਕਰਦਾ ਰਹਿੰਦਾ ।

ਸਿੱਖ ਧਰਮ ਵਿਚ ਜੇਕਰ ਕੋਈ ਵਿਅਕਤੀ ਦੁਨੀਆਂ ਤੇ ਰਹਿੰਦਾ ਹੋਇਆ ਰੱਬੀ ਗੁਣਾਂ ਵਾਲੀ ਉੱਚੀ ਸੁੱਚੀ ਜ਼ਿੰਦਗੀ ਜਿਉਂਦਾ ਹੈ, ਤਾਂ ਉਸ ਨੂੰ ਸੰਤ ਕਿਹਾ ਜਾਂਦਾ ਹੈ। ਈਸਾਈ ਧਰਮ ਵਾਂਗ ਸਿੱਖ ਧਰਮ ਵਿਚ ਮਰ ਚੁੱਕੇ ਲੋਕਾਂ ਨੂੰ ਸੰਤ ਦੀ ਉਪਾਧੀ ਨਹੀਂ ਦਿੱਤੀ ਜਾਂਦੀ ।[122] ਸਿੱਖ ਧਰਮ ਤਾਂ ਇਹੋ ਚਾਹੁੰਦਾ ਹੈ ਕਿ ਉਸਦੇ ਅਨੁਯਾਈ ਸੰਤ ਵਰਗੀ ਜ਼ਿੰਦਗੀ ਜੀਣ ।

**ਜਿਨ੍ਹਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ॥**
**ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤ॥**

*(ਪੰਨਾ 319)*

ਸਿਰਫ ਉਹ ਵਿਅਕਤੀ ਜੋ ਕਦੇ ਵੀ ਪਰਮਾਤਮਾ ਨੂੰ ਨਹੀਂ ਵਿਸਾਰਦੇ ਸੰਤ ਅਖਵਾਉਣ ਦੇ ਹੱਕਦਾਰ ਹਨ।

## 6.5 ਪ੍ਰਾਰਥਨਾ :

ਪਰਮਾਤਮਾ ਦੀ ਪ੍ਰਾਰਥਨਾ ਜੋ ਲਗਭਗ ਹਰ ਰੋਜ਼ ਸਾਰੇ ਗਿਰਜਾਘਰਾਂ ਵਿਚ

---

122. ਇਕੱਲੇ ਪੋਪ ਜਾਨ ਪਾਲ (ਅਕਾਲ ਚਲਾਣਾ 2005) ਨੇ ਹੀ 1300 ਤੋਂ ਵੱਧ ਲੋਕਾਂ ਨੂੰ ਸੰਤ ਦੀ ਉਪਾਧੀ ਦਿੱਤੀ।



ਕੀਤੀ ਜਾਂਦੀ ਹੈ ਵਿਚ ਸੰਬੋਧਨੀ ਰੂਪ ਵਿਚ ਛੇ ਬੇਨਤੀਆਂ ਹਨ। ਤਿੰਨ ਪਰਮਾਤਮਾ ਦੀ ਉਸਤਤ ਦੀਆਂ ਅਤੇ ਤਿੰਨ ਇਨਸਾਨੀ ਲੋੜਾਂ ਵਾਲੀਆਂ ਹਨ। ਪੰਜਵੀਂ ਬੇਨਤੀ ਇਸ ਤਰ੍ਹਾਂ ਹੈ :

"…..ਸਾਨੂੰ ਅੱਜ ਦੀ ਰੋਜ਼ੀ ਬਖ਼ਸ਼ ਅਤੇ ਸਾਡੇ ਵਲੋਂ ਕੀਤੇ ਧੱਕੇ ਕਾਰਨ ਸਾਨੂੰ ਉਸੇ ਤਰ੍ਹਾਂ ਮੁਆਫੀ ਦੇ ਦੇ ਜਿਵੇਂ ਅਸੀਂ ਧੱਕਾ ਕਰਨ ਵਾਲੇ ਨੂੰ ਮੁਆਫ਼ੀ ਦੇ ਦਿੰਦੇ ਹਾਂ। ਪਰਮਾਤਮਾ ਨੂੰ ਰੋਜ਼ੀ ਰੋਟੀ ਲਈ ਅਪੀਲ ਕਰਨਾ ਜੋ ਉਹ ਸਾਰਿਆਂ ਨੂੰ ਸੁਤੇ ਸਿੱਧ ਹੀ ਦੇਈ ਜਾਂਦਾ ਹੈ, ਇਸ ਤਰ੍ਹਾਂ ਲੱਗਦਾ ਹੈ ਜਿਵੇਂ ਕੋਈ ਕਹੇ , ਸਾਨੂੰ ਹਰ ਰੋਜ਼ ਇੱਕ ਸੂਰਜ ਭੇਜ ਦੇ ।"[123]

ਸਿੱਖ ਵਿਸ਼ਵਾਸ ਕਰਦੇ ਹਨ ਕਿ ਪਰਮਾਤਮਾ ਵਿਚ ਕੋਈ ਆਸਥਾ ਰੱਖਦਾ ਹੋਵੇ ਜਾਂ ਨਾ ਰੱਖਦਾ ਹੋਵੇ ਪਰ ਪਰਮਾਤਮਾ ਉਨ੍ਹਾਂ ਦੀਆਂ ਜ਼ਰੂਰਤਾਂ ਜ਼ਰੂਰ ਪੂਰੀਆਂ ਕਰਦਾ ਹੈ। ਸਿੱਖ ਮਤ ਅਨੁਸਾਰ ਸਰੀਰ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਪਰਮਾਤਮਾ ਤੋਂ ਮੰਗ ਕਰਨੀ ਰੂਹਾਨੀ ਜਾਂ ਅਮਰ ਜ਼ਿੰਦਗੀ ਵਲ ਜਾਂ ਮੁਕਤੀ ਵੱਲ ਨਹੀਂ ਲੈ ਕੇ ਜਾਂਦੀ ਸਗੋਂ ਦੁਨੀਆਂਦਾਰੀ ਨਾਲ ਹੀ ਜੋੜਦੀ ਹੈ।

**ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥**

*(ਜਪੁਜੀ)*

---

123. 12.9.1998 ਦੇ 'ਡੇਲੀ ਟੈਲੀਗ੍ਰਾਫ' ਵਿੱਚ ਕ੍ਰਿਸਟੋਫਰ ਹਾਉਜ਼ ਲਿਖਦਾ ਹੈ, " ਈਸਾਈ ਪ੍ਰਾਰਥਨਾ ਕਰਨ ਵਾਲੇ 82% ਵਿਅਕਤੀ ਇਹੀ ਸਮਝਦੇ ਹਨ ਕਿ ਜੋ ਪ੍ਰਾਰਥਨਾ ਉਹ ਹੁਣ ਕਰਦੇ ਹਨ ਉਹੀ ਹਮੇਸ਼ਾ ਤੋਂ ਚੱਲਦੀ ਆਈ ਹੈ। ਇਹ ਗੱਲ ਠੀਕ ਨਹੀਂ। ਵਾਕੰਸ਼ Our father who art in Heaven ਨੂੰ which art in Heaven ਕਰ ਦਿੱਤਾ ਗਿਆ ਅਤੇ ਉਲਝਾਉਣ ਵਾਲੇ ਸ਼ਬਦ "On earth" ਨੂੰ "In earth ਕਰ ਦਿੱਤਾ ਗਿਆ ਹੈ। ਹੈਨਰੀ VIII ਦੁਆਰਾ ਪਰਵਾਣਤ ਅੰਗਰੇਜ਼ੀ ਪਾਠਾਂਤਰ Forgeve us oure dettes as we forgeve our detters ਹੁੰਦਾ ਸੀ। 1000 ਈ: ਵਿੱਚ ਪੱਛਮੀ ਸੈਕਸਨ ਵਾਲਾ ਅਨੁਵਾਦ ਸੀ "Forgyf us ure gyltas swa swa we forgyfth urum gyltendum. ਫੇਰ ਬਦਲ ਕੇ ਹੋ ਗਿਆ "Forgive us our tresspasses as we forgive those who tresspass against us. ਇਥੇ ਹੀ ਬੱਸ ਨਹੀਂ ਪ੍ਰਾਰਥਨਾ ਦਾ ਇੱਕ ਹੋਰ ਰੂਪ ਜਨਵਰੀ 2001 ਤੋਂ ਐਗਲੀਕੈਨ ਸਰਵਿਸਜ਼ ਵੱਲੋਂ ਪੇਸ਼ ਕੀਤਾ ਗਿਆ ਹੈ। ਜਨਰਲ ਸਿਨੋਡ ਨੇ 11.2.98 ਨੂੰ ਫੈਸਲਾ ਕੀਤਾ ਕਿ trespass ਨੂੰ Sin ਪੜ੍ਹਣਾ ਹੈ ਅਤੇ temptation ਨੂੰ "The time of trial" ਪੜ੍ਹਿਆ ਜਾਵੇ। ਨਵੀਂ ਪ੍ਰਾਰਥਨਾ ਨੂੰ ELLC ਪਾਠ (version) ਕਿਹਾ ਜਾਵੇਗਾ। ਇਹ ਤਰਮੀਮ ਇੰਟਰਨੈਸ਼ਨਲ ਈਕੂਮੈਨੀਕਲ ਬਾਡੀ ELLC ਵੱਲੋਂ ਪੇਸ਼ ਕੀਤੀ ਗਈ ਹੈ। ਅੱਜਕੱਲ੍ਹ ਪੜ੍ਹਿਆ ਜਾਂਦਾ ਹੈ, "ਸਵਰਗ ਵਿੱਚ ਸਾਡੇ ਪਿਤਾ ਤੇਰਾ ਨਾਮ ਪਵਿੱਤਰ ਹੈ, ਤੇਰਾ ਰਾਜ ਆਉਂਦਾ ਹੈ, ਤੇਰਾ ਭਾਣਾ ਹੀ ਹੋਵੇਗਾ, ਸਾਨੂੰ ਅੱਜ ਦੀ ਰੋਟੀ ਬਖਸ਼। ਸਾਡੇ ਗੁਨਾਹ ਮੁਆਫ਼ ਕਰ ਜਿਵੇਂ ਅਸੀਂ ਆਪਣੇ ਖਿਲਾਫ਼ ਹੋਏ ਪਾਪ ਮੁਆਫ਼ ਕਰਦੇ ਹਾਂ। ਸਾਨੂੰ ਇਮਤਿਹਾਨ ਵਾਲੀ ਘੜੀ ਤੋਂ ਬਚਾਅ ਅਤੇ ਬੁਰਾਈ ਤੋਂ ਦੂਰ ਰੱਖ। ਇਹ ਰਾਜ, ਸ਼ਕਤੀ ਅਤੇ ਸ਼ਾਨ ਅੱਜ ਵੀ ਤੇਰੀ ਹੈ ਅਤੇ ਹਮੇਸ਼ਾ ਤੇਰੀ ਹੀ ਰਹੇਗੀ-ਆਮੀਨ।"

ਦੇਣ ਵਾਲਾ ਓਨਾ ਚਿਰ ਦਿੰਦਾ ਹੀ ਰਹਿੰਦਾ ਹੈ ਜਿੰਨਾ ਚਿਰ ਬੰਦਾ ਥੱਕ ਕੇ (ਬੁੱਢਾ ਹੋ ਕੇ) ਮਰ ਨਹੀਂ ਜਾਂਦਾ। ਉਹ (ਪਰਮਾਤਮਾ) ਜੁਗਾਂ ਜੁਗਾਂਤਰਾਂ ਤੱਕ ਸਾਨੂੰ ਖਾਣ ਲਈ ਦਿੰਦਾ ਰਹਿੰਦਾ ਹੈ। ਸਿੱਖ ਪਰਮਾਤਮਾ ਪਾਸੋਂ ਉਸਦੀ ਕਿਰਪਾ ਦਾ ਅਸ਼ੀਰਵਾਦ ਮੰਗਦਾ ਹੈ ਤਾਂ ਜੋ ਉਸਦਾ ਨਾਮ ਹਮੇਸ਼ਾ ਸਿੱਖਾਂ ਦੇ ਦਿਲਾਂ ਵਿਚ ਕਾਇਮ ਰਹੇ ।

**ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥**
**ਦੇਹਿ ਨਾਮ ਸੰਤੋਖੀਆ ਉਤਰੈ ਮਨ ਦੀ ਭੁਖ॥**

*(ਪੰਨਾ-958)*

ਤੇਰੇ ਤੋਂ ਬਿਨਾਂ ਕਿਸੇ ਹੋਰ ਪਾਸੋਂ ਕੋਈ ਮੰਗ ਕਰਨੀ ਅਣਗਿਣਤ ਦੁੱਖਾਂ ਨੂੰ ਜਨਮ ਦੇਣ ਵਾਲੀ ਗੱਲ ਹੈ। ਐ ਪਰਮਾਤਮਾ ਸਾਨੂੰ ਆਪਣੇ ਨਾਮ ਦੀ ਬਖਸ਼ਿਸ ਕਰ ਤਾਂ ਜੋ ਅਸੀਂ ਹਮੇਸ਼ਾ ਲਈ ਆਪਣੇ ਮਨ ਦੀ ਭੁੱਖ ਮਿਟਾ ਕੇ ਸੰਤੋਖ ਵਾਲੀ ਪਦਵੀ ਹਾਸਲ ਕਰ ਸਕੀਏ ।

ਸਿੱਖ ਧਰਮ ਅਨੁਸਾਰ ਇਨਸਾਨ ਦੀ ਬਹੁਤ ਵੱਡੀ ਕਮਜ਼ੋਰੀ ਹੈ ਕਿਸੇ ਵਲੋਂ ਕੀਤੇ ਦੁਰਵਿਵਹਾਰ ਨੂੰ ਨਾ ਭੁੱਲਣਾ ਅਤੇ ਮੁਆਫ਼ ਕਰਨ ਬਾਰੇ ਨਾ ਸੋਚਣਾ। ਗੁਰੂ ਸਾਹਿਬ ਗੁਣਾਂ ਨੂੰ ਧਾਰਨ ਕਰਨ ਉੱਪਰ ਵਧੇਰੇ ਜ਼ੋਰ ਦਿੰਦੇ ਹਨ। ਜੇਕਰ ਮਨੁੱਖ ਧੱਕਾ ਨਾ ਕਰਨ ਜਾਂ ਕਰਨ ਵਾਲੇ ਨੂੰ ਭੁੱਲਣ ਅਤੇ ਮੁਆਫ ਕਰਨਾ ਸਿੱਖ ਲੈਣ ਤਾਂ ਇਹ ਦੁਨੀਆਂ ਸਵਰਗ ਬਣ ਜਾਵੇਗੀ। ਮਨੁੱਖ ਦਾ ਇਤਿਹਾਸ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਮਨੁੱਖ ਨੇ ਦੂਸਰਿਆ ਦੇ ਪਾਪਾਂ (ਗੁਨਾਹਾਂ) ਨੂੰ ਭੁੱਲ ਜਾਣਾ ਅਤੇ ਮੁਆਫ਼ ਕਰਨਾ ਕਦੇ ਵੀ ਨਹੀਂ ਸਿਖਿਆ।

ਸਿੱਖ ਇਹ ਗੱਲ ਕਹਿਣ ਵਿਚ ਝਿਜਕ ਮਹਿਸੂਸ ਕਰਦੇ ਹਨ ਕਿ ਅਸੀਂ ਇਸ ਤਰਾਂ ਕਹੀਏ , **"ਹੇ ਵਾਹਿਗੁਰੂ ਸਾਡੇ ਪਾਪ/ਧੱਕੇ ਮੁਆਫ਼ ਕਰ ਦੇ ਕਿਉਂਕਿ ਅਸੀਂ ਮਨੁੱਖ ਹਮੇਸ਼ਾ ਇਸ ਤਰਾਂ ਦੇ ਧੱਕੇ/ਪਾਪ ਮੁਆਫ ਕਰ ਦਿੰਦੇ ਹਾਂ"**। ਬਜਾਏ ਇਸ ਦੇ ਇਕ ਸਿੱਖ ਕਹੇਗਾ, "ਹੇ ਪਰਮਾਤਮਾ ਮੈਨੂੰ ਦੂਜਿਆਂ ਨੂੰ ਮੁਆਫ਼ ਕਰਨ ਵਾਲੀ ਉਹ ਖੂਬੀ, ਜੋ ਤੇਰੇ ਪਾਸ ਬਹੁਤ ਵੱਡੀ ਮਾਤਰਾ ਵਿੱਚ ਹੈ ਪਰ ਮੇਰੇ ਪਾਸ ਬਿਲਕੁਲ ਨਹੀਂ, ਬਖਸ਼ ਦੇ "।

**ਅਸੰਖ ਖਤੇ ਖਿਨ ਬਖਸਨਹਾਰਾ॥**
**ਨਾਨਕ ਸਾਹਿਬ ਸਦਾ ਦਇਆਰਾ॥**

*(ਪੰਨਾ-260)*

ਐ ਨਾਨਕ ਮੇਰਾ ਪਰਮਾਤਮਾ ਹਮੇਸ਼ਾ ਮੁਆਫ਼ ਕਰਨ ਵਾਲਾ ਹੈ। ਉਹ ਅਣਗਿਣਤ ਪਾਪਾਂ (ਗੁਨਾਹਾਂ) ਨੂੰ ਇਕ ਪਲ ਵਿਚ ਹੀ ਮੁਆਫ਼ ਕਰ ਸਕਦਾ ਹੈ।

**ਪਤਿਤ ਪਾਵਨ ਮਾਧਉ ਬਿਰਦੁ ਤੇਰਾ॥**

*(ਪੰਨਾ-694)*

ਹੇ ਪਰਮਾਤਮਾ ਸਾਡੇ ਪਾਪਾਂ ਨੂੰ ਮੁਆਫ ਕਰਨ ਦਾ ਅਧਿਕਾਰ ਸਿਰਫ ਤੇਰੇ



ਕੋਲ ਹੈ। (ਪੰਨਾ-694)

**ਮੇਰੇ ਗੁਣ ਅਵਗਨ ਨ ਬੀਚਾਰਿਆ॥**
**ਪ੍ਰਭਿ ਅਪਣਾ ਬਿਰਦੁ ਸਮਾਰਿਆ॥**

*(ਪੰਨਾ-72)*

"ਹੇ ਪਰਮਾਤਮਾ ਮੇਰੇ ਔਗੁਣ ਮੁਆਫ ਕਰ ਦੇ ਕਿਉਂਕਿ ਮੁਆਫ ਕਰਨਾ ਤੇਰਾ ਸਭ ਤੋਂ ਵੱਡਾ ਦੈਵੀ ਗੁਣ ਹੈ।" (ਗੁਰੂ ਗ੍ਰੰਥ ਸਾਹਿਬ ਪੰਨਾ-72)

ਈਸਾਈਆਂ ਦੀ ਪ੍ਰਾਰਥਨਾ ਵਿੱਚ ਛੇਵੀਂ ਬੇਨਤੀ ਇਸ ਤਰ੍ਹਾਂ ਹੈ:

"ਸਾਨੂੰ ਲੋਭ ਤੋਂ ਬਚਾਅ......।"

ਸਿੱਖ ਮੰਨਦੇ ਹਨ ਕਿ ਭਾਵੇਂ ਪਰਮਾਤਮਾ ਦੇ ਭਾਣੇ ਅਨੁਸਾਰ ਹੀ ਇਸ ਦੁਨੀਆਂ ਵਿੱਚ ਬੁਰਾਈਆਂ ਹੁੰਦੀਆਂ ਹਨ ਪਰ ਇਸ ਦਾ ਅਰਥ ਇਹ ਨਹੀਂ ਕਿ ਪਰਮਾਤਮਾ ਸਾਨੂੰ ਜਾਣ ਬੁੱਝ ਕੇ ਬੁਰਾਈਆਂ ਵਿਚ ਫਸਾਉਂਦਾ ਹੈ। ਸਾਡੀਆਂ ਆਪਣੀਆਂ ਕਮਜ਼ੋਰੀਆਂ ਹੀ ਸਾਨੂੰ ਉਸ ਤੋਂ ਦੂਰ ਅਤੇ ਬੁਰਾਈਆਂ ਦੇ ਨੇੜੇ ਲੈ ਕੇ ਜਾਂਦੀਆਂ ਹਨ।

**ਅਸੀਂ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ॥**
**ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ॥**

*(ਪੰਨਾ-1416)*

"ਅਸੀਂ ਗਲਤੀਆਂ ਹੀ ਗਲਤੀਆਂ ਕਰਦੇ ਹਾਂ ਤੇ ਸਾਡੀਆਂ ਗਲਤੀਆਂ ਦਾ ਕੋਈ ਅੰਤ ਨਹੀਂ। ਹੇ ਪਰਮਾਤਮਾ ਸਾਡੇ ਤੇ ਮਿਹਰ ਕਰ ਅਤੇ ਸਾਨੂੰ ਮੁਆਫ਼ ਕਰ, ਅਸੀਂ ਬਹੁਤ ਵੱਡੇ ਪਾਪੀ ਹਾਂ।" (ਪੰਨਾ-1416)

ਸੇਂਟ ਜੇਮਜ਼ ਨੇ ਈਸਾਈ ਪ੍ਰਾਰਥਨਾ ਵਿੱਚ ਕੁਝ ਫੇਰਬਦਲ ਕੀਤਾ ਅਤੇ ਕਿਹਾ, "ਕੋਈ ਇਹ ਨਾ ਕਹੇ ਕਿ ਉਹ ਪਰਮਾਤਮਾ ਕਾਰਨ ਹੀ ਲੋਭ ਲਾਲਚ ਵਿੱਚ ਫਸ ਗਿਆ ਕਿਉਂਕਿ ਪਰਮਾਤਮਾ ਕਿਸੇ ਵੀ ਬੁਰਾਈ ਨਾਲ ਖੁਸ਼ ਨਹੀਂ ਹੁੰਦਾ, ਨਾ ਹੀ ਉਹ ਕਿਸੇ ਬੰਦੇ ਨੂੰ ਗਲਤ ਕੰਮ ਕਰਨ ਲਈ ਉਕਸਾਉਂਦਾ ਹੈ" (ਜੇਮਜ਼ 1:13)

## 6.6 ਈਸਾਈ ਬੈਪਟਿਜ਼ਮ ਅਤੇ ਸਿੱਖ ਅੰਮ੍ਰਿਤ :

ਬੈਪਟਿਸਟ ਜੌਹਨ ਨੇ ਯੀਸੂ ਨੂੰ ਜੌਰਡਨ ਨਦੀ ਵਿਚ ਡੁਬਕੀ ਦੇ ਕੇ ਐਲਾਨ ਕੀਤਾ ਕਿ ਯੀਸੂ ਹੁਣ ਇਕ ਸੰਤ ਬਣ ਗਿਆ ਹੈ।[124] ਸਿੱਖ ਧਰਮ ਵਿਚ ਸਿਰਫ ਪੰਜ ਅੰਮ੍ਰਿਤਧਾਰੀ (ਖ਼ਾਲਸਾ ਰਹਿਤ ਮਰਿਆਦਾ ਅਨੁਸਾਰ) ਸਿੱਖ ਅੰਮ੍ਰਿਤ ਛਕਣ ਉਪਰੰਤ

124. ਬੈਪਟਿਸਟ ਈਸਾਈ ਸਿਰਫ ਬਾਲਗਾਂ ਨੂੰ ਹੀ ਬਪਤਿਸਮਾ ਦਿੰਦੇ ਹਨ (ਈਸਾਈ ਬਣਾਉਂਦੇ ਹਨ )। ਉਹ ਸਰੀਰ ਨੂੰ ਪੂਰੀ ਤਰ੍ਹਾਂ ਪਾਣੀ ਵਿੱਚ ਡੁਬੋ ਦਿੰਦੇ ਹਨ ਅਤੇ ਐਲਾਨ ਕਰਦੇ ਹਨ ਕਿ ਵਿਅਕਤੀ ਮਰ ਚੁੱਕਾ ਹੈ। ਫਿਰ ਜਦੋਂ ਉਹ ਬੰਦਾ ਪਾਣੀ 'ਚੋਂ'

*(ਚਲਦਾ)*

ਇਹ ਅਧਿਕਾਰ ਰੱਖਦੇ ਹਨ ਕਿ ਉਹ ਦੂਸਰੇ ਲੋਕਾਂ ਨੂੰ ਪੰਜ ਬਾਣੀਆਂ ਪੜ੍ਹ ਕੇ ਅੰਮ੍ਰਿਤ ਤਿਆਰ ਕਰ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਅੰਮ੍ਰਿਤ ਛਕਾ ਸਕਦੇ ਹਨ। ਹੋਰ ਤਾਂ ਹੋਰ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕਿਆ ਸੀ।

ਈਸਾਈਆਂ ਦੇ ਬਹੁਤਿਆਂ ਫਿਰਕਿਆਂ ਵਿੱਚ (ਜਿਵੇਂ ਰੋਮਨ ਕੈਥੋਲਿਕ ਅਤੇ ਐਂਗਲੀਕਨ) ਬੱਚਿਆਂ ਨੂੰ ਬੈਪਤਿਸਮਾ ਦੇਣ ਦਾ ਰਿਵਾਜ਼ ਹੈ। ਪਰ ਸਿੱਖ ਧਰਮ ਵਿੱਚ ਛੋਟੇ ਬੱਚਿਆਂ ਨੂੰ ਅੰਮ੍ਰਿਤ ਸੰਚਾਰ ਨਹੀਂ ਕਰਵਾਇਆ ਜਾਂਦਾ ਕਿਉਂਕਿ ਅੰਮ੍ਰਿਤ

---

ਬਾਹਰ ਆਉਂਦਾ ਹੈ ਤਾਂ ਈਸਾਈ ਮਤ ਅਨੁਸਾਰ ਉਹ ਦੁਬਾਰਾ ਜਨਮ ਲੈਂਦਾ ਹੈ। ਕੁਝ ਬੈਪਟਿਸਟ ਗਿਰਜਾਘਰਾਂ ਵਿੱਚ ਇਕ ਛੋਟਾ ਜਿਹਾ ਤਲਾਅ ਹੁੰਦਾ ਹੈ (ਗਿਰਜਾਘਰ ਦੇ ਦਰਵਾਜ਼ੇ ਵਿੱਚ ਬਾਹਰਵਾਰ) ਜਿਸਨੂੰ ਆਮ ਤੌਰ ਤੇ ਇਕ ਛੱਤ ਨਾਲ ਢਕਿਆ ਹੁੰਦਾ ਹੈ। ਇਸ ਵਿਚ ਡੋਬ ਕੇ ਈਸਾਈ ਬਣਾਉਂਦੇ ਹਨ ।

ਬੈਪਟਿਜ਼ਮ ਇਕ ਯੂਨਾਨੀ ਸ਼ਬਦ ਹੈ ਜਿਸਦਾ ਅਰਥ ਹੈ ਪਾਣੀ ਨਾਲ ਧੋਣਾ ਜਾਂ ਸਾਫ ਕਰਨਾ। ਇਹ ਪਾਣੀ ਵਿੱਚ ਡੁਬਕੀ ਦੇ ਕੇ ਜਾਂ ਸਿਰ ਤੇ ਪਾਣੀ ਛਿੜਕ ਕੇ ਕੀਤਾ ਜਾਂਦਾ ਹੈ। ਧੋਣ ਦਾ ਸੰਕੇਤਕ ਅਰਥ ਹੈ ਪਾਪ ਧੋਣਾ। ਪੁਰਾਣੇ ਸਮੇਂ ਵਿੱਚ ਬੈਪਟਿਜ਼ਮ ਮੌਤ ਤੋਂ ਸਿਰਫ ਕੁਝ ਸਮਾਂ ਪਹਿਲਾਂ ਤੱਕ ਲਈ ਰੋਕ ਦਿੱਤਾ ਜਾਂਦਾ ਸੀ। ਇਸ ਪਿੱਛੇ ਕਾਰਨ ਇਹ ਕੰਮ ਕਰਦਾ ਸੀ ਕਿ ਬੈਪਟਿਜ਼ਮ ਸਿਰਫ ਇੱਕ ਵਾਰ ਹੀ ਦਿੱਤਾ ਜਾਂਦਾ ਸੀ ਅਤੇ ਇਸ ਉਪਰੰਤ ਕੀਤਾ ਕੋਈ ਵੀ ਪਾਪ ਮੁਆਫੀ ਦੇ ਕਾਬਲ ਨਹੀਂ ਸੀ ਹੁੰਦਾ। ਬੱਚਿਆਂ ਨੂੰ ਬੈਪਟਿਜ਼ਮ ਦੇਣ ਬਾਰੇ ਨਿਊ ਟੈਸਟਾਮੈਂਟ ਵਿੱਚ ਵੇਰਵਾ ਦਰਜ ਨਹੀਂ ਪਰ ਇਸ ਸੰਬੰਧੀ ਹਵਾਲਾ ਦ ਐਕਟਸ 16:25-34 ਵਿੱਚੋਂ ਵੇਖਿਆ ਜਾ ਸਕਦਾ ਹੈ।

ਬੈਪਟਿਜ਼ਮ ਵਿੱਚ ਪੂਰੀ ਪੜਤਾਲ ਦਾ ਹੋਣਾ ਵੀ ਜ਼ਰੂਰੀ ਹੈ (ਸ਼ਾਬਦਿਕ ਅਰਥ ਹੈ ਕਿ ਅਮਰ ਜ਼ਿੰਦਗੀ ਦਾ ਮਹੱਤਵ ਸਮਝ ਵਿੱਚ ਆਵੇ) ਰੋਮਨ ਕੈਥੋਲਿਕ ਅਜਿਹਾ 2 ਸਾਲ ਦੀ ਉਮਰ ਵਿੱਚ ਕਰਦੇ ਹਨ ਜਦੋਂ ਸੰਬੰਧਿਤ ਵਿਅਕਤੀ ਨੂੰ ਬਿਸ਼ਪ ਵੱਲੋਂ ਸਿਰ ਉਪਰ ਕ੍ਰਾਸ ਨਾਲ ਤੇਲ ਛਿੜਕ ਕੇ ਅਤੇ ਆਪਣੇ ਹੱਥ ਨਾਲ ਬਖਸ਼ਿਸ਼ ਦੇ ਕੇ ਉਸਨੂੰ ਆਸ਼ੀਰਵਾਦ ਦਿੱਤਾ ਜਾਂਦਾ ਹੈ। ਮੈਥੋਡਿਸਟ ਸਾਲ ਦੇ ਆਰੰਭ ਵਿੱਚ ਜਨਵਰੀ ਦੇ ਪਹਿਲੇ ਐਤਵਾਰ ਨੂੰ ਇਕ ਸਲਾਨਾ ਸਮਾਗਮ ਵਿੱਚ ਆਪਣੀ ਪ੍ਰਤਿਗਿਆ ਨੂੰ ਨਵਿਆਉਂਦੇ ਹਨ। ਇਕ ਖਾਸ ਮੌਕੇ ਤੇ ਇਕ ਥੰਮ ਦਾ ਅਭਿਸ਼ੇਕ ਕੀਤਾ ਗਿਆ ( ਥੰਮ ਨੂੰ ਈਸਾਈ ਬਣਾਇਆ ਗਿਆ) (ਜੈਨੇਸਿਸ 31:13) ਅਤੇ ਹਜ਼ਰਤ ਮੂਸਾ ਨੇ ਇਕ ਪੂਜਾ ਸਥਾਨ ਦਾ ਅਭਿਸ਼ੇਕ ਕੀਤਾ। (ਲੇਵਿਟੀਕਸ 8:10)

ਬੈਪਟਿਜ਼ਮ ਦੀ ਪਾਣੀ ਵਾਲੀ ਰਸਮ ਯੀਸੂ ਤੋਂ ਪਹਿਲਾਂ ਵੀ ਯਹੂਦੀਆਂ ਵਿੱਚ ਪ੍ਰਚਲਿਤ ਸੀ ਅਤੇ ਇਸਨੂੰ ਟੈਬੀਲੈਸ਼ ਕਿਹਾ ਜਾਂਦਾ ਸੀ। “ਮੈਂ ਤੇਰੇ ਉਪਰ ਨਿਰਮਲ ਪਾਣੀ ਛਿੜਕਾਂਗਾ ਅਤੇ ਤੂੰ ਨਿਰਮਲ ਹੋ ਜਾਵੇਗਾ”। (ਐਜ਼ੀਕੀਅਲ 30,6,25) ਉਹ ਸਿਰਫ ਅੱਠ ਦਿਨਾਂ ਦੇ ਬੱਚੇ ਨੂੰ ਬਪਤਿਸਮਾ ਦਿੰਦੇ ਅਤੇ ਉਸਦੀ ਸੁੰਨਤ ਕਰ ਦਿੰਦੇ ਸਨ। “ਉਹ ਜੋ ਤੁਹਾਡੇ ਵਿੱਚੋਂ ਸਿਰਫ ਅੱਠ ਦਿਨਾਂ ਦਾ ਹੈ ਦੀ ਸੁੰਨਤ ਹੋਣੀ ਚਾਹੀਦੀ ਹੈ।” (ਜੈਨੇਸਿਸ 17:9-12) ਇਕ ਖਾਸ ਵਿਅਕਤੀ ਜਿਸਨੂੰ ਮੋਹੇਲ ਕਿਹਾ ਜਾਂਦਾ ਸੀ ‘ਸੁੰਨਤ’ ਕਰਦਾ ਸੀ।



ਛਕਾਉਣ ਪਿੱਛੇ ਰੂਹਾਨੀ ਸੋਚ ਹੈ, ਕੋਈ ਰੀਤ ਜਾਂ ਰਸਮ ਨਹੀਂ। ਅੰਮ੍ਰਿਤ ਛਕਣ ਦਾ ਸੰਕਲਪ ਅਤੇ ਇਸ ਨਾਲ ਜੁੜੀ ਰਹਿਤ ਮਰਿਆਦਾ ਦੀ ਨਵੇਂ ਚੇਲੇ (ਸਿੱਖ) ਨੂੰ ਪੂਰੀ ਤਰ੍ਹਾਂ ਸਮਝ ਹੋਣੀ ਜ਼ਰੂਰੀ ਹੈ। ਇਸ ਉਪਰੰਤ ਹੀ ਨਵੇਂ ਸਿੰਘ ਪੰਜ ਪਿਆਰਿਆਂ ਕੋਲ ਜਾ ਕੇ ਹੱਥਾਂ ਨੂੰ ਬੁੱਕ ਦੀ ਸ਼ਕਲ ਵਿੱਚ ਬਣਾ ਕੇ ਅਤੇ ਮੰਗਣ ਵਾਲੇ ਅੰਦਾਜ਼ ਵਿੱਚ ਉਨ੍ਹਾਂ ਕੋਲੋਂ ਅੰਮ੍ਰਿਤ ਦੀ ਦਾਤ ਵਾਸਤੇ ਬੇਨਤੀ ਕਰਦੇ ਹਨ। ਜੇਕਰ ਪੰਜ ਪਿਆਰੇ ਕਿਸੇ ਵਿਅਕਤੀ ਨੂੰ ਅੰਮ੍ਰਿਤ ਛਕਣ ਦੇ ਪੱਧਰ ਤੋਂ ਨੀਂਵਾ ਸਮਝਦੇ ਹੋਣ ਤਾਂ ਉਸ ਉਸਨੂੰ ਅੰਮ੍ਰਿਤ ਛਕਾਉਣ ਤੋਂ ਇਨਕਾਰ ਕਰ ਸਕਦੇ ਹਨ।[125]

□□□

---

125. ਬੈਪਟਿਸਟ ਵਿਸ਼ਵਾਸ਼ ਕਰਦੇ ਹਨ ਕਿ ਉਨ੍ਹਾਂ ਚਿਰ ਕਿਸੇ ਨੂੰ ਬੈਪਤਿਸਮਾ ਨਹੀਂ ਦੇਣਾ ਚਾਹੀਦਾ ਜਿੰਨਾ ਚਿਰ ਉਹ ਇਸ ਦੀ ਸਮਝ ਨਾ ਰੱਖਦਾ ਹੋਵੇ। ਉਹ ਬੱਚਿਆਂ ਨੂੰ ਕੇਵਲ ਆਸ਼ੀਰਵਾਦ ਦਿੰਦੇ ਹਨ। ਮੈਥੋਡਿਸਟਾਂ ਲਈ ਆਪਣੇ ਧਾਰਮਿਕ ਸਥਾਨ ਤੇ ਪਹੁੰਚ ਕੇ ਤਿੰਨ ਮਹੀਨੇ ਜਾਂ ਸਾਲ ਉਪਰੰਤ ਆਪਣੀ ਮੈਂਬਰਸ਼ਿਪ ਦੀ ਟਿਕਟ ਸਬੂਤ ਦੇਣ ਲਈ ਲੈਣੀ ਜ਼ਰੂਰੀ ਹੁੰਦੀ ਹੈ ਕਿ ਉਹ ਬੈਪਤਿਸਮਾ ਲੈ ਚੁੱਕੇ ਹਨ ਅਤੇ ਯੀਸੂ ਦੇ ਅਨੁਯਾਈ ਹਨ।

ਕੁਏਕਰ ਧਾਰਮਿਕ ਸੰਸਕਾਰ ਨਹੀਂ ਕਰਦੇ। ਉਹ ਸੋਚਦੇ ਹਨ ਕਿ ਬਾਈਬਲ ਵਿੱਚ ਬੈਪਟਿਜ਼ਮ ਦੇ ਹਵਾਲੇ ਅਧੂਰੇ ਹਨ। ਉਹਨਾਂ ਅਨੁਸਾਰ ਪਰਮਾਤਮਾ ਨੂੰ ਉਸਦੀ ਆਪਣੀ ਸ਼ਕਤੀ ਨਾਲ ਹੀ ਸਮਝਿਆ ਜਾ ਸਕਦਾ ਹੈ।” ‘ਪੈੱਨ’ ਆਪਣੀ ਪੁਸਤਕ ‘ਫਰੂਟਸ ਆਫ ਸੌਲੀਚਿਊਡ’ ਵਿੱਚ ਲਿਖਦਾ ਹੈ “ਪਰਮਾਤਮਾ ਇਕ ਜੋਤ ਹੈ। ਅਸੀਂ ਜਿੰਨਾ ਮਾਨਸਿਕ ਪੂਜਨ ਕਰਾਂਗੇ ਉਨਾਂ ਹੀ ਪਰਮਾਤਮਾ ਦਾ ਸੁਭਾਅ ਸਮਝਣਾ ਸੌਖਾ ਹੈ, ਅਸੀਂ ਜਿੰਨੇ ਸ਼ਾਂਤ ਹੋਵਾਂਗੇ, ਆਤਮਾ ਦੀ ਜ਼ੁਬਾਨ ਸਮਝਣਾ ਉਨਾਂ ਹੀ ਸੌਖਾ ਹੈ।” ਉਹ ਕਿਸੇ ਐਤਵਾਰ ਨੂੰ ਸੈਬੱਥ ਡੇ ਨਹੀਂ ਮੰਨਦੇ ਸਗੋਂ ਕਹਿੰਦੇ ਹਨ, “ਹਰ ਦਿਨ ਪਰਮਾਤਮਾ ਦਾ ਹੀ ਦਿਨ ਹੋਣਾ ਚਾਹੀਦਾ ਹੈ।”

## ਅਧਿਆਇ–7
# ਮਨੁੱਖੀ ਜੀਵਨ ਅਤੇ ਸਮਾਜ

### 7.1 ਜ਼ਿੰਦਗੀ ਦੀ ਫਿਲਾਸਫ਼ੀ (ਦਰਸ਼ਨ)

ਪਵਿੱਤਰ ਬਾਈਬਲ ਦਾ ਕਥਨ ਹੈ, "ਖਾਓ ਪੀਓ ਮੌਜ ਕਰੋ ਕਿਉਂਕਿ ਕੱਲ੍ਹ ਨੂੰ ਤਾਂ ਮਰ ਹੀ ਜਾਣਾ ਹੈ।" (ਲੈਟਰ ਟੂ ਕੋਰਿੰਥੀਅਨਜ਼-15)

### ਸਿੱਖ ਦ੍ਰਿਸ਼ਟੀਕੋਣ

ਸਿੱਖ ਧਰਮ ਅਨੁਸਾਰ ਸਰੀਰਕ ਅਨੰਦ ਅਤੇ ਸਰੀਰਕ ਲੋੜਾਂ ਵਿੱਚ ਬਹੁਤ ਜ਼ਿਆਦਾ ਖੁੱਭ ਜਾਣਾ ਕਿਸੇ ਮਨੁੱਖ ਵਿੱਚ ਆਤਮਿਕ ਜ਼ਿੰਦਗੀ ਲਈ ਦਿਲਚਸਪੀ ਨੂੰ ਕਮਜ਼ੋਰ ਕਰਦਾ ਹੈ। ਸਿੱਖ ਧਰਮ ਘੱਟ ਸੇਵਨ ਕਰਨ ਦਾ ਪ੍ਰਚਾਰ ਕਰਦਾ ਹੈ (ਅਲਪ ਅਹਾਰਿ ਸੁਲਪ ਸੀ ਨਿੰਦਰਾ = ਘੱਟ ਖਾਓ ਅਤੇ ਬਹੁਤਾ ਨਾ ਸੋਵੋ) ਗੁਰੂ ਸਾਹਿਬ ਫੁਰਮਾਨ ਕਰਦੇ ਹਨ :

**ਸਿਫਿਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ॥**
**ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥**
**ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ॥**

*(ਪੰਨਾ-790)*

"ਹੰਸ ਰੂਪੀ ਆਤਮਾ ਵਾਲੇ ਇਨਸਾਨ ਪਰਮਾਤਮਾ ਦੀਆਂ ਸਿਫਤਾਂ ਛੱਡ ਕੇ ਸੁਆਦ ਦੀ ਖਾਤਰ ਮੁਰਦਾਰ ਖਾਂਦੇ ਹਨ। ਅਜਿਹੀ ਜ਼ਿੰਦਗੀ ਨੂੰ ਫਿਟਕਾਰ ਹੈ, ਜਿਸ ਵਿੱਚ ਕੋਈ ਬੰਦਾ ਸਿਰਫ ਪੇਟ ਭਰਨ ਲਈ ਹੀ ਖਾਂਦਾ ਹੈ। ਹੇ ਨਾਨਕ ਪਰਮਾਤਮਾ ਦੇ ਸੱਚੇ ਨਾਮ ਤੋਂ ਬਗੈਰ, ਮਨੁੱਖ ਦੇ ਸਾਰੇ ਦੋਸਤ(ਸੁਆਦ) ਦੁਸ਼ਮਣ ਬਣ ਜਾਂਦੇ ਹਨ।

*(ਪੰਨਾ-790)*

**ਬਿਸਟਾ ਕੀਟ ਭਏ ਉਤ ਹੀ ਤੇ ਉਤ ਹੀ ਮਾਹਿ ਸਮਾਇਆ॥**
**ਅਧਿਕ ਸੁਆਦ ਰੋਗ ਅਧਿਕਾਈ ਬਿਨੁ ਗੁਰ ਸਹਜੁ ਨ ਪਾਇਆ॥**

*(ਪੰਨਾ-1255)*

"ਇਨਸਾਨ ਇਸ ਤਰ੍ਹਾਂ ਵਿਹਾਰ ਕਰਦਾ ਹੈ ਜਿਵੇਂ ਕੋਈ ਗੰਦਗੀ ਦਾ ਕੀੜਾ, ਗੰਦਗੀ ਦੇ ਸੁਆਦਾਂ ਵਿੱਚ ਖੁੱਭਿਆ ਹੋਵੇ। ਜਿੰਨਾ ਉਹ ਸਵਾਦ ਚੱਖਦਾ ਹੈ ਉਨ੍ਹਾਂ ਹੀ ਬੀਮਾਰੀਆਂ ਵਿਚ ਫਸਦਾ ਜਾਂਦਾ ਹੈ; ਗੁਰੂ ਦੀ ਸਿੱਖਿਆ ਤੋਂ ਬਿਨਾਂ ਨਾ ਤਾਂ ਕੋਈ ਅਮਨ ਚੈਨ ਹੀ ਮਿਲਦਾ ਹੈ ਅਤੇ ਨਾ ਸਹਿਜ ਦੀ ਅਵਸਥਾ ਪ੍ਰਾਪਤ ਹੁੰਦੀ ਹੈ।" (ਪੰਨਾ-1255)



ਮਨੁੱਖੀ ਜ਼ਿੰਦਗੀ ਦਾ ਮੂਲ ਮਨੋਰਥ ਪਰਮਾਤਮਾ ਨੂੰ ਯਾਦ ਰੱਖਣਾ, ਚੰਗੀ ਸੁਚੱਜੀ ਜ਼ਿੰਦਗੀ ਜਿਉਣਾ, ਉਸਦੀ ਕ੍ਰਿਪਾ ਦੇ ਅਨੁਕੂਲ ਹੋਣਾ ਅਤੇ ਆਪਣੇ ਆਪ ਨੂੰ ਉਸ ਵਿੱਚ ਸਮਾ ਲੈਣਾ ਹੀ ਹੈ।ਮਰਨ ਕੰਢੇ ਪਿਆ ਸਿੱਖ ਵੀ ਅਰਦਾਸ ਕਰਦਾ ਹੈ।

**ਪ੍ਰਾਣੀ ਤੂੰ ਆਇਆ ਲਾਹਾ ਲੈਣਿ॥**
**ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥**

*(ਪੰਨਾ-43)*

ਹੇ ਇਨਸਾਨ! ਤੈਨੂੰ ਇਨਸਾਨੀ ਜੀਵਨ ਚੰਗਿਆਈਆਂ ਹਾਸਿਲ ਕਰਨ ਲਈ ਹੀ ਦਿੱਤਾ ਗਿਆ ਹੈ, ਤੇਰਾ ਸਮਾਂ ਘਟਦਾ ਜਾ ਰਿਹਾ ਹੈ ਪਰ ਤੂੰ ਆਪਣੇ ਆਪ ਨੂੰ ਫਜ਼ੂਲ ਕਰਮਾਂ ਵਿੱਚ ਲਗਾ ਲਿਆ ਹੈ। (ਪੰਨਾ-43)

**ਜੇ ਜਾਣਾ ਮਰਿ ਜਾਈਐ ਘੁਮਿ ਨਾ ਆਈਐ॥**
**ਝੂਠੀ ਦੁਨੀਆ ਲਗਿ ਨਾ ਆਪੁ ਵੰਞਾਈਐ॥**

*(ਪੰਨਾ-488)*

ਜੇ ਸਾਨੂੰ ਇਸ ਗੱਲ ਦਾ ਗਿਆਨ ਹੈ ਕਿ ਅਸੀਂ ਮਰ ਜਾਣਾ ਹੈ ਅਤੇ ਵਾਪਿਸ ਨਹੀਂ ਆਉਣਾ ਤਾਂ ਅਸੀਂ ਆਪਣੀ ਜ਼ਿੰਦਗੀ ਝੂਠੀ ਦੁਨੀਆਂ ਨਾਲ ਕਿਉਂ ਜੋੜੀ ਹੋਈ ਹੈ? (ਪੰਨਾ-488)

### 7.2 ਬਦਲਾ

"ਤੁਹਾਡੇ ਮੂੰਹੋਂ ਸਿਰਫ "ਹਾਂ ਹਾਂ "ਜਾਂ "ਨਹੀਂ ਨਹੀਂ" ਹੀ ਨਿਕਲਣਾ ਚਾਹੀਦਾ ਹੈ ਇਸ ਤੋਂ ਵੱਧ ਕੁਝ ਵੀ ਨਾ ਕਹੋ ।ਹੋਰ ਕੁੱਝ ਕਹਿਣਾ ਹੀ ਗੁਨਾਹ ਹੈ ।"

"ਤੁਸੀਂ ਇਹ ਗੱਲ ਸੁਣੀ ਹੋਵੇਗੀ ਕਿ ਅੱਖ ਦੇ ਬਦਲੇ ਅੱਖ, ਦੰਦ ਦੇ ਬਦਲੇ ਦੰਦ। ਮੈਂ ਤੁਹਾਨੂੰ ਆਖਦਾ ਹਾਂ ਕਿ ਬੁਰਾਈ ਦਾ ਟਾਕਰਾ ਨਾ ਕਰੋ ।ਜੇ ਕੋਈ ਤੁਹਾਡੀ ਸੱਜੀ ਗੱਲ੍ਹ ਤੇ ਚਪੇੜ ਮਾਰੇ ਤਾਂ ਤੁਸੀਂ ਦੂਸਰੀ ਗੱਲ੍ਹ ਉਸਦੇ ਅੱਗੇ ਕਰ ਦਿਉ। ਜੇ ਕੋਈ ਬੰਦਾ ਤੁਹਾਡੇ ਉਪਰ ਮੁਕੱਦਮਾ ਕਰ ਦੇਵੇ ਅਤੇ ਤੁਹਾਡਾ ਕੋਟ ਲੈ ਜਾਵੇ ਤਾਂ ਉਸਨੂੰ ਆਪਣਾ ਓਵਰਕੋਟ ਵੀ ਲਾਹ ਕੇ ਦੇ ਦਿਉ "[126] (ਮੈਥਿਊ 5, 37-40)

ਯੀਸੂ ਦੇ ਅਨੁਯਾਈ ਪੀਟਰ ਨੇ ਪੁੱਛਿਆ," ਜੇ ਮੇਰਾ ਭਰਾ ਮੇਰੇ ਖਿਲਾਫ਼ ਕੋਈ ਪਾਪ ਕਰੇ ਤਾਂ ਮੈਂ ਕਿੰਨੀ ਵਾਰ ਉਸਨੂੰ ਮੁਆਫ਼ ਕਰਾਂ ? ਸੱਤ ਵਾਰ ? ਯੀਸੂ ਨੇ ਜਵਾਬ ਦਿੱਤਾ, "ਮੈਂ ਤੈਨੂੰ ਸੱਤ ਵਾਰ ਨਹੀਂ ਕਿਹਾ: ਪਰ ਸੱਤ ਨਾਲੋਂ ਸੱਤਰ ਗੁਣਾ ਹੋਣ

---

126. ਇਸ ਦੇ ਉਲਟ ਪੜ੍ਹੋ "ਅੱਖ ਦੇ ਬਦਲੇ ਅੱਖ, ਦੰਦ ਦੇ ਬਦਲੇ ਦੰਦ, ਹੱਥ ਦੇ ਬਦਲੇ ਹੱਥ, ਸੜਨ ਦੇ ਬਦਲੇ ਸੜਨ, ਜ਼ਖਮ ਦੇ ਬਦਲੇ ਜ਼ਖਮ, ਝ੍ਰੀਟ ਦੇ ਬਦਲੇ ਝ੍ਰੀਟ"। (ਐਗਜ਼ੋਡਸ 21:24 ਅਤੇ ਲਿਊਕ 6:29)

ਤੱਕ ਪਾਪ /ਧੱਕਾ ਮੁਆਫ਼ ਕਰ ਦੇ।"

ਯੀਸੂ ਦੀ ਗ੍ਰਿਫਤਾਰੀ ਸਮੇਂ ਇਕ ਅਨੁਯਾਈ ਨੇ ਆਪਣੀ ਤਲਵਾਰ ਕੱਢੀ ਅਤੇ ਸਿਪਾਹੀ ਦਾ ਕੰਨ ਕੱਟ ਦਿੱਤਾ। ਯੀਸੂ ਨੇ ਕੰਨ ਫਿਰ ਜੋੜ ਦਿੱਤਾ ਤੇ ਕਿਹਾ, " ਜਿਹੜੇ ਤਲਵਾਰ ਉਠਾਉਂਦੇ ਹਨ ਅੰਤ ਤਲਵਾਰ ਨਾਲ ਹੀ ਖ਼ਤਮ ਹੁੰਦੇ ਹਨ।"[127] (ਮੈਥਿਊ 27:51-52, ਲਿਊਕ 22-52)

## ਸਿੱਖ ਦ੍ਰਿਸ਼ਟੀਕੋਣ :

ਇਸ ਜ਼ਾਲਮ ਦੁਨੀਆਂ ਵਿੱਚ ਅਸੀਮਿਤ ਮੁਆਫ਼ੀ ਅਤੇ ਅਹਿੰਸਾ ਸਿਰਫ਼ ਕੁਝ ਸਮੇਂ ਲਈ ਹੀ ਕੰਮ ਕਰਦੀ ਹੈ। ਹੈਰੋਡ, ਹਲਾਕੂ ਤੇ ਹਿਟਲਰ ਵਰਗੇ ਮੁਆਫੀ ਦੀ ਭਾਸ਼ਾ ਨਹੀਂ ਸਮਝਦੇ। ਇਤਿਹਾਸ ਉਨ੍ਹਾ ਕੌਮਾਂ ਦੀ ਅਧੋਗਤੀ ਅਤੇ ਖਾਤਮੇ ਨਾਲ ਭਰਿਆ ਪਿਆ ਹੈ ਜਿਨ੍ਹਾਂ ਨੇ ਹਿੰਸਾ ਅੱਗੇ ਸਿਰ ਝੁਕਾਇਆ।

ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਇਸ ਤੱਥ ਨੂੰ ਪੂਰੀ ਤਰ੍ਹਾਂ ਪ੍ਰਦਰਸ਼ਿਤ ਕਰ ਚੁੱਕੇ ਹਨ ਕਿ ਤਸੀਹੇ ਦੇਣ ਦੀ ਸਮਰੱਥਾ ਦਾ ਤਸੀਹੇ ਸਹਿਣ ਦੀ ਸਮਰਥਾ ਨਾਲ ਤੁਲਨਾ ਕਰਨਾ ਹਮੇਸ਼ਾਂ ਅਸਫ਼ਲ ਰਹਿੰਦਾ ਹੈ। ਸਹਿਣ ਸ਼ਕਤੀ ਨੂੰ ਅੰਤ ਜ਼ੁਲਮ ਦੇ ਟਾਕਰੇ ਲਈ ਆਪਣਾ ਰੂਪ ਬਦਲਣਾ ਹੀ ਪੈਂਦਾ ਹੈ ।। ਸਿੱਖ ਮੁਆਫ਼ ਕਰਨ 'ਚ ਯਕੀਨ ਰੱਖਦੇ ਹਨ, ਪਰ ਉਹ ਆਤਮ-ਰੱਖਿਆ ਲਈ ਤਲਵਾਰ ਪਹਿਨਦੇ ਹਨ ਅਤੇ ਇਸਨੂੰ ਅੰਤਿਮ ਸਾਧਨ (ਜਦ ਕੋਈ ਹੋਰ ਚਾਰਾ ਨਾ ਰਹੇ) ਵਜੋਂ ਵਰਤਦੇ ਹਨ। ਅੰਮ੍ਰਿਤਧਾਰੀ ਸਿੱਖ ਲਈ ਪੰਜ ਕਕਾਰਾਂ ਵਿੱਚੋਂ ਇੱਕ ਕਿਰਪਾਨ ਹੈ। ਗੁਰੂ ਸਾਹਿਬ ਫੁਰਮਾਨ ਕਰਦੇ ਹਨ :

**ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥**
**ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥**

*(ਗੁਰੂ ਗੋਬਿੰਦ ਸਿੰਘ)*

ਜਦੋਂ ਇਨਸਾਫ਼ ਹਾਸਿਲ ਕਰਨ ਦੇ ਸਾਰੇ ਸਾਧਨ ਅਸਫ਼ਲ ਹੋ ਜਾਣ, ਤਲਵਾਰ ਉਠਾਉਣਾ ਜਾਇਜ਼ ਹੈ। (ਗੁਰੂ ਗੋਬਿੰਦ ਸਿੰਘ)

ਲੜਾਈ ਮਨੁੱਖੀ ਇਤਿਹਾਸ ਹੈ ਅਤੇ ਰੱਖਿਆ ਹਰ ਇਨਸਾਨ ਦਾ ਜਨਮ

127. ਕੁਏਕਰ ਕਿਸੇ ਵੀ ਹਾਲ ਵਿੱਚ ਲੜਾਈ ਨਹੀਂ ਕਰਦੇ। ਉਨ੍ਹਾਂ ਦੀ ਸ਼ਾਂਤੀ ਦਾ ਪ੍ਰਮਾਣਪੱਤਰ ਹੈ "ਅਸੀਂ ਬਾਹਰੀ ਲੜਾਈ ਅਤੇ ਜੰਗ ਤੋਂ ਪੁਰਜ਼ੋਰ ਇਨਕਾਰ ਕਰਦੇ ਹਾਂ, ਬਾਹਰੀ ਹਥਿਆਰਾਂ ਨਾਲ ਲੜਾਈ, ਕਿਸੇ ਵੀ ਹੱਦ ਤੱਕ ਕਿਸੇ ਵੀ ਹਾਲ ਵਿੱਚ ਅਸੀਂ ਨਹੀਂ ਲੜਾਂਗੇ। ਇਹੋ ਸਾਰੀ ਦੁਨੀਆਂ ਨੂੰ ਸਾਡਾ ਪ੍ਰਮਾਣ ਪੱਤਰ ਵੀ ਹੈ........।" (1660 ਵਿੱਚ ਕਿੰਗ ਚਾਰਲਸ ਨੂੰ ਪੇਸ਼ ਘੋਸ਼ਣਾ)
"ਜੋ ਕੋਈ ਤੁਹਾਡੀ ਬੇਇੱਜ਼ਤੀ ਕਰਦਾ ਹੈ, ਉਸਨੂੰ ਮੁਆਫ਼ ਕਰੋ ਅਤੇ ਧੱਕੇ ਸਹਿਣੇ ਸਿੱਖੋ" (ਵਿਜ਼ਡਮ ਆਫ ਇਜ਼ਰੀਅਲ ਪੰਨਾ-204)



ਸਿੱਧ ਅਧਿਕਾਰ ਹੈ।[128] ਈਸਾਈ ਸੈਮਸਨ ਦੀ ਹਾਲਤ ਤੋਂ ਚੰਗੀ ਤਰ੍ਹਾਂ ਵਾਕਿਫ਼ ਹਨ ਜੋ ਆਪਣੇ ਵਾਲ ਕਦੇ ਨਹੀਂ ਸੀ ਕੱਟਦਾ ਅਤੇ ਆਪਣੇ ਨਾਲ ਹਮੇਸ਼ਾਂ ਇਕ ਹਥਿਆਰ ਰੱਖਦਾ ਸੀ, ਪਰ ਜਦੋਂ ਉਸ ਕੋਲੋਂ ਇਹ ਦੋਵੇਂ ਚੀਜ਼ਾਂ ਗੁਆਚ ਗਈਆਂ, ਹਾਲਤ ਬੁਰੇ ਹੋ ਗਏ।

ਬਾਈਬਲ ਪੜ੍ਹਦਿਆਂ ਇਹ ਪਤਾ ਲੱਗਦਾ ਹੈ ਕਿ ਯੀਸੂ ਵੀ ਬਾਕੀਆਂ ਵਾਂਗ ਹੀ ਸੋਚਦੇ ਸਨ ਕਿ ਰੱਖਿਆ ਵਾਸਤੇ ਇਕ ਤਲਵਾਰ ਦੀ ਜ਼ਰੂਰਤ ਹੈ, ਨਹੀਂ ਤਾਂ ਉਹ ਇਹ ਨਾ ਆਖਦੇ "ਇਹ ਨਾਂ ਸੋਚੋ ਕਿ ਮੈਂ ਧਰਤੀ ਤੇ ਅਮਨ ਭੇਜਣ ਆਵਾਂਗਾ: ਮੈਂ ਧਰਤੀ ਤੇ ਅਮਨ ਭੇਜਣ ਨਹੀਂ, ਸਗੋਂ ਤਲਵਾਰ ਦੇਣ ਆਇਆ ਹਾਂ"। (ਮੈਥਿਊ 10:34) ਅਤੇ "ਜਿਸ ਪਾਸ ਕੋਈ ਤਲਵਾਰ ਨਹੀਂ ਉਸਨੂੰ ਆਪਣੇ ਵਸਤਰ ਵੇਚਕੇ ਵੀ ਤਲਵਾਰ ਲੈ ਲੈਣੀ ਚਾਹੀਦੀ ਹੈ।" (ਲਿਊਕ 22:36)

ਅਸੀਂ ਇਹ ਵੀ ਜਾਣਦੇ ਹਾਂ ਕਿ ਪੋਪ ਜੂਲੀਅਸ(ਦੂਸਰੇ) ਪਾਸ ਆਪਣੀ ਫੌਜ ਸੀ ਜੋ ਲੜਾਈਆਂ ਲੜਦੀ ਅਤੇ ਸ਼ਹਿਰਾਂ ਨੂੰ ਜਿੱਤਦੀ ਸੀ। ਈਸਾਈਆਂ ਦੁਆਰਾ ਲੜਾਕਿਆਂ ਨੂੰ ਪੂਰਬੀ ਯੂਰਪ ਵਿੱਚ ਮੁਸਲਮਾਨਾਂ ਨੂੰ ਸਬਕ ਸਿਖਾਉਣ ਲਈ ਭੇਜਿਆ ਜਾਂਦਾ ਰਿਹਾ ਹੈ ।

ਵਿਲ ਡੁਰਾਂਟ ਲਿਖਦਾ ਹੈ, " ਈਸਾਈਆਂ ਦਾ ਛੇਵਾਂ ਉਪਦੇਸ਼ ਪੂਰਨਤਾ ਦੀ ਵਕਾਲਤ ਹੈ ਪ੍ਰੰਤੂ ਜਿੰਨੀ ਹੱਤਿਆ ਤੇ ਖੂਨ ਖ਼ਰਾਬਾ ਓਲਡ ਟੈਸਟਾਮੈਂਟ ਵਿੱਚ ਹੈ ਉਨ੍ਹਾਂ ਦੁਨੀਆਂ ਵਿੱਚ ਕਿਤੇ ਵੀ ਨਹੀਂ। ਇਸਦੇ ਹਰ ਅਧਿਆਇ ਵਿੱਚ ਜਾਂ ਤਾਂ ਕੱਟ ਵੱਢ ਹੈ ਅਤੇ ਜਾਂ ਖ਼ੂਨ ਖ਼ਰਾਬੇ ਰਾਹੀਂ ਹੋਏ ਮਨੁਖੀ ਘਾਟੇ ਨੂੰ ਪੂਰਨ ਲਈ ਵਧੇਰੇ ਬੱਚੇ ਪੈਦਾ ਕਰਨ ਦਾ ਉਪਦੇਸ਼ ਹੈ। ਧਾਰਮਿਕ ਆਗੂ ਸ਼ਾਂਤ ਸੁਭਾਅ ਵਾਲੇ ਨਹੀਂ ਸਨ। ਜੇਕਰ ਪਾਦਰੀਆਂ ਨੂੰ ਵਿਚਾਰੀਏ ਤਾਂ ਉਨ੍ਹਾਂ ਨੇ ਜਿੰਨੀਆਂ ਵੀ ਤਕਰੀਰਾਂ (ਭਾਸ਼ਣ) ਜਿਹੋਵਾਹ ਦੇ ਮੂੰਹੋ ਕੱਢਵਾਈਆਂ ਹਨ ਉਨ੍ਹਾਂ ਵਿੱਚ ਲੜਾਈ ਵਾਲੀ ਭਾਵਨਾ ਵੀ ਓਨੀ ਹੀ ਪ੍ਰਜਵਲਿਤ ਸੀ ਜਿੰਨੀ ਕਿ ਪ੍ਰਚਾਰ ਦੀ। ਇਜ਼ਰਾਈਲ ਦੇ 19 ਰਾਜਿਆਂ ਵਿਚੋਂ ਵੀ ਅੱਠ ਰਾਜੇ ਹੱਤਿਆ ਦਾ ਸ਼ਿਕਾਰ ਹੋ ਕੇ ਮਰੇ ਸਨ "। (ਅਵਰ ਓਰੀਐਂਟਲ ਹੈਰੀਟੇਜ ਪੰਨਾ-334)

ਦੁਨੀਆਂ ਦੀਆਂ ਖੂਨੀ ਲੜਾਈਆਂ ਵਿੱਚੋਂ ਵਧੇਰੇ ਖੂਨੀ ਲੜਾਈਆਂ ਈਸਾਈਆਂ ਵੱਲੋਂ ਹੀ ਲੜੀਆਂ ਗਈਆਂ "ਹੋਰ ਕੋਈ ਦੇਸ਼ ਓਨਾ ਖ਼ੂੰਖਾਰ ਨਹੀਂ ਜਿੰਨਾਂ ਕਿ ਈਸਾਈ ਦੇਸ਼ ਹਨ"। ਇਹ ਕਥਨ 17 ਵੀਂ ਸ਼ਤਾਬਦੀ ਦੇ ਯੂਰਪ ਦੇ ਫਰਾਂਸੀਸੀ ਈਸਾਈ

128. ਦੁਨੀਆਂ ਦਾ ਸਭ ਤੋਂ ਵੱਧ ਅਹਿੰਸਾ ਮਈ ਧਰਮ ਬੁੱਧ ਧਰਮ ਵੀ ਅਹਿੰਸਕ ਨਹੀਂ ਰਹਿੰਦਾ ਜਦੋਂ ਉਸਨੂੰ ਦਬਾਉਣ ਲਈ ਧਮਕਾਇਆ ਜਾਂਦਾ ਹੈ। ਮੱਠਾਂ ਨੂੰ ਘੇਰਨਾ ਅਤੇ ਭਿਕਸ਼ੂਆਂ ਨਾਲ ਲੜਾਈਆਂ ਜਪਾਨ ਦੇ ਇਤਿਹਾਸ ਵਿੱਚ ਅਕਸਰ ਹੁੰਦੀਆਂ ਰਹੀਆਂ ਹਨ। (ਦ ਪ੍ਰੋਬਲਮ ਆਫ ਚਾਈਨਾ ਕ੍ਰਿਤ ਬਰਟਰੰਡ ਰਸਲ ਪੰਨਾ-91-92)

ਦਾਰਸ਼ਨਿਕ ਪੀਅਰੇ ਬੇਲ ਨੇ ਅਧਿਐਨ ਉਪਰੰਤ ਕਿਹਾ (ਵਟ ਇਜ਼ ਏ ਰੀਅਲ ਕ੍ਰਿਸ਼ਚੀਅਨ? ਪੰਨਾ 1 ਪਲੇਨ ਟਰੂਥ ਦੁਆਰਾ ਪ੍ਰਕਾਸ਼ਿਤ)। ਇਹ ਟਿੱਪਣੀਆਂ ਲਿਊਕ 6-27 ਦੇ ਹਵਾਲੇ ਨਾਲ ਦਿੱਤੀਆਂ ਗਈਆਂ ਜੋ ਇਸ ਤਰ੍ਹਾਂ ਹੈ, " ਦੁਸ਼ਮਣਾਂ ਨਾਲ ਪਿਆਰ ਕਰੋ, ਜੋ ਨਫ਼ਰਤ ਕਰਦੇ ਹਨ, ਉਨ੍ਹਾਂ ਦਾ ਭਲਾ ਕਰੋ।"

## 7.3 ਔਰਤ :

ਸੇਂਟ ਪਾਲ ਕਹਿੰਦੇ ਹਨ ਚਰਚ ਵਿੱਚ ਇਸਤਰੀ ਦਾ ਭਾਸ਼ਣ ਦੇਣਾ ਬਹੁਤ ਹੀ ਸ਼ਰਮਨਾਕ ਗੱਲ ਹੈ। ਅਜੋਕੇ ਈਸਾਈ ਗਿਰਜਾਘਰਾਂ ਵਿੱਚ ਹੁਣ ਹਾਲਤ ਬਹੁਤ ਸੁਧਰ ਗਈ ਹੈ ਪਰ ਸਿੱਖ ਧਰਮ ਵਿੱਚ ਤਾਂ ਇਸ ਦੇ ਆਰੰਭ ਤੋਂ ਹੀ ਔਰਤਾਂ ਸੇਵਾਵਾਂ ਨਿਭਾ ਰਹੀਆਂ ਹਨ ਅਤੇ ਬਿਨਾਂ ਕਿਸੇ ਰੁਕਾਵਟ ਦੇ ਜਾਂ ਔਕੜ ਦੇ ਉਪਦੇਸ਼ ਦੇ ਰਹੀਆਂ ਹਨ।

ਔਰਤਾਂ ਦੇ ਮਰਦਾਂ ਦੀ ਪਸਲੀ ਤੋਂ ਜਨਮ ਲੈਣ (ਜਿਵੇਂ ਕਿ ਬਾਈਬਲ ਪ੍ਰਚਾਰ ਕਰਦੀ ਹੈ ) ਨੇ ਔਰਤ ਨੂੰ ਮਰਦ ਤੋਂ ਨੀਂਵੇ ਪੱਧਰ ਤੇ ਲੈ ਆਂਦਾ ਅਤੇ ਔਰਤ ਨੂੰ ਮਰਦ ਦੇ ਹੁਕਮ ਅਧੀਨ ਕਰ ਦਿੱਤਾ।[129]

"ਮੈਂ ਤੇਰੀ ਗਰਭ ਵੇਦਨਾ ਨੂੰ ਬਹੁਤ ਵਧਾ ਦਿੱਤਾ ਹੈ, ਜਨਮ ਦੇਣ ਦੀ ਵੇਦਨਾ ਵਿੱਚ ਤੂੰ ਬੱਚਿਆਂ ਨੂੰ ਜਨਮ ਦਿੰਦੀ ਰਹੇਂਗੀ, ਤੇਰੀ ਲਾਲਸਾ ਤੇਰੇ ਪਤੀ ਲਈ ਹੋਵੇਗੀ ਅਤੇ ਉਹ ਤੈਨੂੰ ਨੀਵਾਂ ਬਣਾ ਕੇ ਰੱਖੇਗਾ।" (ਜੈਨੇਸਿਜ਼ 3:16-19)

ਔਰਤਾਂ ਜੰਮਣ-ਪੀੜਾਂ ਇਸ ਲਈ ਸਹਿੰਦੀਆਂ ਹਨ ਕਿਉਂਕਿ ਹਵਾ ਨੇ ਅਪਰਾਧ ਕੀਤਾ ਸੀ ਪਰ ਹੈਰਾਨੀ ਇਸ ਗੱਲ ਦੀ ਹੈ ਕਿ ਬਾਕੀ ਜਾਨਵਰ ਇਸਤਰੀਲਿੰਗ ਜੰਮਣ-ਪੀੜਾਂ ਕਿਉਂ ਸਹਿੰਦੀਆਂ ਹਨ? ਇਸ ਸੰਦਰਭ ਵਿੱਚ ਬਾਈਬਲ ਚੁੱਪ ਹੈ। ਔਰਤਾਂ ਦੀ ਮਰਦਾਂ ਪ੍ਰਤੀ ਕਾਮੁਕ ਖਿੱਚ ਹੈ ਕਿਉਂਕਿ ਹਵਾ ਨੇ ਅਪਰਾਧ ਕੀਤਾ ਸੀ ਪਰ ਇਹ ਕਾਮੁਕਤਾ ਪਤੀਆਂ ਦੇ ਮਨ ਵਿੱਚ ਪਤਨੀਆਂ ਲਈ ਕਿਉਂ ਹੁੰਦੀ ਹੈ?

129. ਸਪੇਨ ਦੀਆਂ ਔਰਤਾਂ ਨੂੰ ਧਰਮ ਗੁਰੂਆਂ ਵੱਲੋਂ ਗੋਇਆ ਫੋਰੈਸਕੋਜ਼ (ਜੋ 11 ਵੀਂ ਸ਼ਤਾਬਦੀ ਵਿੱਚ ਜ਼ਾਰਾਗੋਜ਼ਾ ਤੋਂ ਅੱਠ ਮੀਲ ਦੂਰ ਆਉਲਾ ਦੇਈ ਮੋਨੈਸਟਰੀ ਵੱਲੋਂ ਸਥਾਪਿਤ ਕੀਤਾ ਗਿਆ) ਨੂੰ ਵੇਖਣ ਤੋਂ ਰੋਕ ਦਿੱਤਾ ਗਿਆ। ਗੋਇਆ ਫੋਰੈਸੱਕੋਜ਼ ਨੂੰ 1774 ਵਿਚ ਪੇਂਟ ਕੀਤਾ ਗਿਆ ਅਤੇ ਇਸ ਵਿੱਚ ਕੁਆਰੀ ਮੈਰੀ ਦੇ ਕਈ ਚਿੱਤਰ ਵਿਖਾਏ ਗਏ। ਆਰੰਭ ਤੋਂ ਹੀ ਧਰਮ ਗੁਰੂਆਂ ਨੇ ਕਿਸੇ ਦੂਸਰੀ ਔਰਤ ਨਾਲ ਸੰਬੰਧਤ ਤਸਵੀਰਾਂ ਨੂੰ ਵੇਖਣ ਲਈ ਇਸਤਰੀਆਂ ਨੂੰ ਅਧਿਕਾਰ ਨਾ ਦਿੱਤਾ। ਪੋਪ ਵੀ ਆਖਦੇ ਸਨ," ਇਹ ਤਾਂ ਧਰਮ ਗੁਰੂਆਂ ਦੇ ਹੀ ਅਧਿਕਾਰ ਖੇਤਰ ਵਿੱਚ ਹੈ।" ਜਨਵਰੀ 1998 ਵਿਚ ਧਰਮਗੁਰੂ ਇੱਕ ਸ਼ਰਤ ਤੇ ਔਰਤਾਂ ਦੁਆਰਾ ਉਸ ਥਾਂ ਨੂੰ ਵੇਖਣ ਲਈ ਮੰਨ ਗਏ ਕਿ ਔਰਤਾਂ ਉਸ ਥਾਂ ਕਿਸੇ ਗੁਪਤ ਰਸਤੇ ਤੋਂ ਜਾ ਸਕਦੀਆਂ ਹਨ ਤਾਂ ਜੋ ਉਹ ਕਿਸੇ ਹੋਰ ਨੂੰ ਵਿਖਾਈ ਨਾ ਦੇਣ।



ਆਦਮ ਅਤੇ ਹਵਾ ਦੋਨਾਂ ਨੇ ਹੀ ਵਰਜਿਤ ਰੁੱਖ ਦੇ ਫਲ ਖਾ ਕੇ ਪਰਮਾਤਮਾ ਦਾ ਹੁਕਮ ਤੋੜਿਆ ਸੀ। ਫਿਰ ਸਿਰਫ ਤੇ ਸਿਰਫ ਹਵਾ (ਔਰਤ) ਨੂੰ ਹੀ ਅਜਿਹੇ ਤਥਾਕਥਿਤ ਪਾਪ ਵਾਸਤੇ ਜ਼ਿੰਮੇਵਾਰ ਕਿਉਂ ਸਮਝਿਆ ਜਾਂਦਾ ਹੈ? ਉਸ ਸ਼ੈਤਾਨ ਦੀ ਰਚਨਾ ਕਿਸਨੇ ਕੀਤੀ, ਜਿਸਨੇ ਇਨ੍ਹਾਂ ਤੋਂ ਪਾਪ ਕਰਵਾਏ ਸਨ?

ਔਰਤ ਪਾਦਰੀਆਂ ਨੇ ਈਸਾਈਆਂ ਦੇ ਕੁਝ ਫਿਰਕਿਆਂ ਵਿੱਚ ਹੁਣੇ ਹੁਣੇ ਆਪਣੀ ਧਾਰਮਿਕ ਸੇਵਾ ਆਰੰਭ ਕੀਤੀ ਹੈ। ਇਹ ਕੇਵਲ ਬਹੁਤ ਹੀ ਲੰਮੀ ਬਹਿਸ ਬਾਅਦ ਸੰਭਵ ਹੋ ਸਕਿਆ ਹੈ। ਬਹਿਸ ਅਜੇ ਵੀ ਖ਼ਤਮ ਨਹੀਂ ਹੋਈ ।

### ਸਿੱਖ ਦ੍ਰਿਸ਼ਟੀਕੋਣ :

ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਸ਼ਬਦਾਂ ਨਾਲ ਔਰਤਾਂ ਦੇ ਹੱਕ 'ਚ ਅਵਾਜ਼ ਉਠਾਈ :

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡ ਮੰਗਣੁ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**

*(ਪੰਨਾ-473)*

ਅਸੀਂ ਔਰਤ ਦੇ ਗਰਭ 'ਚ ਆਉਂਦੇ ਹਾਂ, ਔਰਤ ਤੋਂ ਹੀ ਪੈਦਾ ਹੁੰਦੇ ਹਾਂ।
ਔਰਤਾਂ ਨਾਲ ਹੀ ਮੰਗਣਾ ਅਤੇ ਵਿਆਹ ਹੁੰਦਾ ਹੈ।
ਔਰਤਾਂ ਨਾਲ ਹੀ ਦੋਸਤੀ ਹੁੰਦੀ ਹੈ ਅਤੇ ਜ਼ਿੰਦਗੀ ਦਾ ਸਾਥ ਬਣਦਾ ਹੈ।
ਔਰਤਾਂ ਨਾਲ ਹੀ ਵੰਸ਼ ਅੱਗੇ ਤੁਰਦੀ ਹੈ।

ਅਸੀਂ ਔਰਤਾਂ ਨੂੰ ਮੰਦਾ ਕਿਉਂ ਆਖਦੇ ਹਾਂ? ਇਨ੍ਹਾਂ ਲਈ ਅਪਸ਼ਬਦ ਕਿਉਂ ਵਰਤਦੇ ਹਾਂ ਜਦਕਿ ਔਰਤ ਦੀ ਕੁੱਖ 'ਚੋਂ ਹੀ ਰਾਜੇ ਮਹਾਰਾਜੇ ਵੀ ਜਨਮ ਲੈਂਦੇ ਹਨ।

*(ਪੰਨਾ-473)*

**ਲੋਕ ਵੇਦ ਗੁਣ ਗਿਆਨ ਵਿਚਿ ਅਰਧ ਸਰੀਰੀ ਮੋਖ ਦੁਆਰੀ॥**

*(ਵਾਰ ਭਾਈ ਗੁਰਦਾਸ)*

"ਲੋਕ ਧਾਰਾ ਵਿੱਚ, ਗੁਣਾਂ ਰਾਹੀ, ਗਿਆਨ ਰਾਹੀਂ ਇਕ ਪਤਨੀ ਹੀ ਮੁਕਤੀ ਦਾ ਦੁਆਰ ਬਣਦੀ ਹੈ।"

## 7.4 ਗ੍ਰਹਿਸਥ

ਈਸਾ ਮਸੀਹ ਇਹ ਕਹਿੰਦੇ ਸਨ, " ਜੋ ਮਾਂ ਬਾਪ ਨੂੰ ਬੁਰਾ ਕਹਿੰਦਾ ਹੈ,

ਉਸਨੂੰ ਮੌਤ ਆਉਣ ਦਿਉ।" (ਮੈਥਿਊ 15-4) ਪਰ ਯਾਦ ਰਹੇ ਕਿ ਇਕ ਵਾਰ ਜਦੋਂ ਈਸਾ ਦੀ ਮਾਂ ਉਸਨੂੰ ਮਿਲਨ ਲਈ ਆਈ ਤਾਂ ਈਸਾ ਮਸੀਹ ਕੁਰੱਖਤ ਆਵਾਜ਼ ਵਿੱਚ ਬੋਲੇ, "ਐ ਔਰਤ ਮੈਂ ਤੇਰਾ ਕੁਝ ਨਹੀਂ ਲੱਗਦਾ?"(ਮਾਰਕ : 3-34)

"ਜੇਕਰ ਮੇਰੇ ਕੋਲ ਕੋਈ ਆਉਂਦਾ ਹੈ ਪਰ ਆਪਣੇ ਮਾਂ-ਬਾਪ ਨੂੰ ਨਫ਼ਰਤ ਨਹੀਂ ਕਰਦਾ, ਘਰਵਾਲੀ, ਬੱਚੇ, ਭਰਾ-ਭੈਣ ਜਾਂ ਆਪਣੀ ਜ਼ਿੰਦਗੀ ਨੂੰ ਨਫ਼ਰਤ ਨਹੀਂ ਕਰਦਾ, ਮੇਰਾ ਚੇਲਾ ਬਣ ਹੀ ਨਹੀਂ ਸਕਦਾ" (ਲਿਊਕ 14:26)। "ਮੈਂ ਧਰਤੀ ਤੇ ਵਿਅਕਤੀਆਂ ਨੂੰ ਉਨ੍ਹਾਂ ਦੇ ਪਿਤਾ ਦੇ ਖਿਲਾਫ, ਧੀ ਨੂੰ ਮਾਤਾ ਦੇ ਖਿਲਾਫ, ਇਕ ਨੂੰਹ ਨੂੰ, ਸੱਸ ਦੇ ਖਿਲਾਫ ਕਰਨ ਆਇਆ ਹਾਂ। ਆਦਮੀ ਦੇ ਦੁਸ਼ਮਣ ਉਸਦੇ ਆਪਣੇ ਪਰਿਵਾਰ ਦੇ ਮੈਂਬਰ ਹੋਣਗੇ।" (ਮੈਥਿਊ-19:35-36)

## ਸਿੱਖ ਦ੍ਰਿਸ਼ਟੀਕੋਣ :

ਸਿੱਖ ਧਰਮ ਤਾਂ ਗ੍ਰਿਹਸਥ ਜ਼ਿੰਦਗੀ ਵਿਚ ਰਹਿ ਕੇ ਸਮਾਜਿਕ ਜ਼ਿੰਮੇਵਾਰੀਆਂ ਦੀ ਪੂਰਤੀ ਤੋਂ ਹੀ ਆਰੰਭ ਹੁੰਦਾ ਹੈ। ਸਿੱਖ ਗੁਰੂਆਂ ਨੇ ਵਿਆਹ ਕਰਵਾਇਆ ਅਤੇ ਬੱਚੇ ਵੀ ਜਨਮੇ। ਸਿੱਖ ਔਰਤਾਂ ਨੂੰ ਮਰਦਾਂ ਦੇ ਬਰਾਬਰ ਗੁਰੂਦੁਆਰਿਆਂ ਵਿੱਚ ਸੇਵਾਵਾਂ ਨਿਭਾਉਣ ਦੇ ਅਧਿਕਾਰ ਪ੍ਰਾਪਤ ਹਨ।

**ਸਭ ਪਰਵਾਰੈ ਮਾਹਿ ਸਰੇਸਟ॥ ਮਤੀ ਦੇਵੀ ਦੇਵਰ ਜੇਸਟ॥**

*(ਪੰਨਾ-370)*

"ਇਕ ਔਰਤ ਪਰਿਵਾਰ ਦਾ ਮਹੱਤਵਪੂਰਨ ਮੈਂਬਰ ਹੈ ਅਤੇ ਉਹ ਆਪਣੇ ਦਿਓਰ ਜਾਂ ਜੇਠ ਲਈ ਵੱਡੀ ਸਲਾਹਕਾਰ ਵੀ ਹੁੰਦੀ ਹੈ।" (ਪੰਨਾ-370)

**ਸੁਖੀ ਕਰੈ ਘਰ ਸਿੱਖਣੀ ਭਲਾ ਦਿਖਾਵੈ ਰਾਹ॥**

"ਇਕ ਔਰਤ ਘਰ ਨੂੰ ਸੁਖੀ ਬਣਾਉਂਦੀ ਹੈ ਅਤੇ ਪਤੀ ਨੂੰ ਸਹੀ ਰਸਤਾ ਵਿਖਾਉਂਦੀ ਹੈ।"

ਸਿੱਖ ਗੁਰੂ ਸਾਹਿਬਾਨ ਨੇ ਸਾਰੇ ਰਿਸ਼ਤਿਆਂ ਨੂੰ ਆਦਰ ਦਿੱਤਾ ਅਤੇ ਮਾਂ ਬਾਪ ਅਤੇ ਪਰਿਵਾਰਕ ਮੈਂਬਰਾਂ ਦੇ ਪੂਰੇ ਸਤਿਕਾਰ ਦਾ ਪਰਚਾਰ ਵੀ ਕੀਤਾ।

**ਕਾਹੇ ਪੂਤ ਝਗਰਤ ਹਉ ਸੰਗਿ ਬਾਪ॥**
**ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥**

*(ਪੰਨਾ-1200)*

"ਹੇ ਪੁੱਤਰ ਆਪਣੇ ਪਿਤਾ ਨਾਲ ਕਿਉਂ ਝਗੜਦਾ ਹੈਂ? ਉਸ ਨਾਲ ਲੜਨਾ ਪਾਪ ਹੈ ਜਿਸਨੇ ਤੈਨੂੰ ਜ਼ਿੰਦਗੀ ਦਿੱਤੀ ਅਤੇ ਪਾਲ-ਪੋਸ ਕੇ ਵੱਡਿਆਂ ਕੀਤਾ।" (ਪੰਨਾ-1200)



## 7.5 ਵਿਆਹ :

ਪਵਿੱਤਰ ਬਾਈਬਲ ਦਾ ਕਥਨ ਹੈ "ਵਿਆਹ ਸ਼ਾਦੀ ਕਰਵਾਓ ਅਤੇ ਬਹੁਤੀ ਔਲਾਦ ਪੈਦਾ ਕਰੋ " (ਜੈਨੇਸਿਜ਼) ਪਰ ਈਸਾ ਮਸੀਹ ਨੇ ਆਪ ਹੀ ਵਿਆਹ ਨਹੀਂ ਕਰਵਾਇਆ। ਨਨ ਅਤੇ ਮੌਂਕ ਸਾਰੀ ਉਮਰ ਹੀ ਵਿਆਹ ਨਹੀਂ ਕਰਵਾਉਂਦੇ। ਚੇਲੇ ਪੈਗੰਬਰ(Apostles) ਇਸ ਗੱਲ ਨੂੰ ਚੰਗਾ ਨਹੀਂ ਸਮਝਦੇ ਕਿ ਕੋਈ ਔਰਤ ਪਾਦਰੀ ਬਣੇ ਅਤੇ ਅਧਿਕਾਰ ਹਾਸਿਲ ਕਰੇ। ਪਵਿੱਤਰ ਬਾਈਬਲ ਇਹ ਸੁਨੇਹਾ ਦਿੰਦੀ ਹੈ ਕਿ ਕੁਆਰੇ ਰਹਿਣਾ ਹੀ ਵਧੇਰੇ ਬਿਹਤਰ ਹੈ।

(1 ਕੌਰ: 7:7-9,32-38, ਮੈਟ 19:11,12,29)

ਈਸਾਈ ਵਿਸ਼ਵਾਸ ਕਰਦੇ ਹਨ ਕਿ ਵਿਆਹ ਸੁਰਗ ਵਿੱਚ ਤੈਅ ਹੁੰਦੇ ਹਨ ਅਤੇ ਧਰਤੀ ਤੇ ਮਨਾਏ ਜਾਂਦੇ ਹਨ।" "ਜੋ ਪਰਮਾਤਮਾ ਦੁਆਰਾ ਜੋੜੇ ਜਾਂਦੇ ਹਨ,ਉਹ ਕਿਸੇ ਵਿਅਕਤੀ ਦੁਆਰਾ ਵੱਖਰੇ ਨਹੀਂ ਕੀਤੇ ਜਾਣੇ ਚਾਹੀਦੇ"। (ਮਾਰਕ 10-9)

## ਸਿੱਖ ਦ੍ਰਿਸ਼ਟੀਕੋਣ :

ਉਪਰੋਕਤ ਵਿਸ਼ਵਾਸ ਸਿੱਖਾਂ ਵਿਚ ਨਹੀਂ।[130] ਸਿੱਖ ਧਰਮ ਇਹ ਪ੍ਰਚਾਰ ਕਰਦਾ ਹੈ ਕਿ ਹਰ ਵਿਅਕਤੀ ਜੇ ਚਾਹੇ ਤਾਂ ਵਿਆਹ ਕਰਵਾ ਲਵੇ। ਸਿੱਖ ਧਰਮ ਇਹ ਵੀ ਵਿਸ਼ਵਾਸ ਕਰਦਾ ਹੈ ਕਿ ਇਨਸਾਨ ਦੇ ਬਾਕੀ ਕਾਰਜਾਂ ਵਾਂਗ ਵਿਆਹ ਵੀ ਮੁਸ਼ਕਿਲ ਵਿੱਚ ਆ ਸਕਦੇ ਹਨ। ਵਿਆਹ ਇੱਕ ਦੂਜੇ ਪ੍ਰਤੀ ਨਿਸ਼ਠਾ ਦੀ ਸਿੱਖਿਆ ਤੇ ਆਧਾਰਿਤ ਹੈ। ਇਸ ਗੱਲ ਦੀ ਉਮੀਦ ਕੀਤੀ ਜਾਂਦੀ ਹੈ ਕਿ ਪਤੀ ਅਤੇ ਪਤਨੀ ਵਿਆਹ ਸਮੇਂ ਲਏ ਗਏ ਵਚਨਾਂ ਦੀ ਪਾਲਣਾ ਕਰਨਗੇ। ਸਿੱਖ ਸਾਹਿਤ ਵਿੱਚ ਤਲਾਕ ਸੰਬੰਧੀ ਕੋਈ ਹਵਾਲਾ ਨਹੀਂ ਮਿਲਦਾ।[131]

130 ਸਿੱਖ ਗੁਰੂਆਂ ਨੇ ਸੰਨਿਆਸੀ ਜੀਵਨ ਨੂੰ ਨਿੰਦਿਆ ਹੈ ਅਤੇ ਔਰਤ ਨੂੰ ਸਾਰੀ ਜ਼ਿੰਦਗੀ ਨਨ ਵਾਂਗ ਕੁਆਰੀ ਰਹਿਣ ਤੋਂ ਵਰਜਿਆ ਹੈ। ਜਰਾਥੁਸਟਰਾ ਨੇ ਵੀ ਕਿਹਾ ਸੀ ਕਿ, "ਉਹ ਆਦਮੀ ਜਿਸ ਕੋਲ ਪਤਨੀ ਹੈ, ਆਤਮਸੰਜਮੀ ਬੰਦੇ ਨਾਲੋਂ ਬਹੁਤਾ ਉੱਚਾ ਹੈ"। ਗੁਰੂ ਸਾਹਿਬ ਨੇ ਕਿਹਾ ਹੈ ਕਿ, "ਇਕ ਅਣਵਿਆਹੀ ਔਰਤ ਦੀ ਜ਼ਿੰਦਗੀ ਅਭਿਸ਼ਾਪ ਹੈ"। (ਸਿੱਖ ਰਿਲੀਜਨ ਪੁਸਤਕ4 ਪੰਨਾ-175)

131 ਓਲਡ ਟੈਸਟਾਮੈਂਟ ਵਾਲੇ ਸਮਿਆਂ ਵਿੱਚ ਔਰਤ ਨੂੰ ਪਤੀ ਦੀ ਸੰਪੱਤੀ ਸਮਝਿਆ ਜਾਂਦਾ ਸੀ। ਔਰਤ ਨਾ ਸੰਪਤੀ ਖਰੀਦ ਸਕਦੀ ਸੀ ਅਤੇ ਨਾ ਹੀ ਸੰਪਤੀ ਦੀ ਵਾਰਿਸ ਬਣ ਸਕਦੀ ਸੀ। ਕੋਈ ਔਰਤ ਆਪਣੇ ਪਤੀ ਨੂੰ ਤਲਾਕ ਨਹੀਂ ਦੇ ਸਕਦੀ ਸੀ ਪਰ ਪਤੀ ਚਾਹੇ ਤਾਂ ਇੱਛਾ ਅਨੁਸਾਰ ਅਜਿਹਾ ਕਰ ਸਕਦਾ ਸੀ (ਵੇਖੋ ਡਿਊਟ 24:1) ਰੋਮਨ ਵਿਆਹ ਕਾਨੂੰਨ ਨੇ ਪਹਿਲੀ ਵਾਰ ਪ੍ਰੀਭਾਸ਼ਿਤ ਕੀਤਾ ਕਿ, "ਵਿਆਹ ਇਕ ਧਾਰਮਿਕ ਅਤੇ ਸਮਾਜਿਕ ਅਧਿਕਾਰਾਂ ਨੂੰ ਸਾਰੀ ਉਮਰ ਇਕੱਠਿਆਂ ਨਿਭਾਉਣ ਦੀ ਭਾਗੀਦਾਰੀ ਹੈ"। ਈਸਾਈਆਂ ਵਿੱਚ ਆਜ਼ਾਦ ਬੰਦਿਆਂ ਅਤੇ ਗੁਲਾਮਾਂ ਦੇ ਆਪਸੀ ਵਿਆਹ ਵਾਲੇ ਰਿਸ਼ਤੇ ਤੇ ਪਾਬੰਦੀ ਲਗੀ ਰਹੀ ਹੈ।

*(ਚਲਦਾ)*

**ਗੁਰਮੁਖ ਮਾਰਗ ਭੈ ਭਾਇ ਨਿਬਾਹ ਕਰੈ॥**
**ਧੰਨਯ ਗੁਰ ਸਿਖ ਆਦਿ ਅੰਤ ਠਹਿਰਾਵਈ॥**

*(ਕਬਿੱਤ ਭਾਈ ਗੁਰਦਾਸ 119)*

"ਜੋ ਸਿੱਖ ਧਰਮ ਦੇ ਗਾਡੀ ਰਾਹ ਤੇ ਚੱਲਦੇ ਜ਼ਿੰਦਗੀ ਜਿਉਂਦੇ ਹਨ ਪਰਮਾਤਮਾ ਤੋਂ ਡਰਦੇ ਹਨ ਅਤੇ ਵਿਆਹ ਸਮੇਂ ਲਏ ਬਚਨਾਂ ਨੂੰ ਨਿਭਾਉਂਦੇ ਹਨ, ਖੁਸ਼ਕਿਸਮਤ ਹਨ।" (ਭਾਈ ਗੁਰਦਾਸ)

## 7.6 ਜੀਵ ਅਤੇ ਵਿਭਚਾਰ :

ਪਵਿੱਤਰ ਬਾਈਬਲ ਅਨੁਸਾਰ ਪਰਮਾਤਮਾ ਨੇ ਪਹਿਲਾਂ ਸਿਰਫ਼ ਆਦਮ ਅਤੇ ਹੱਵਾ ਨੂੰ ਹੀ ਰਚਿਆ ਹੋਰ ਕਿਸੇ ਇਨਸਾਨ ਨੂੰ ਨਹੀਂ। ਇਹ ਸਪੱਸ਼ਟ ਨਹੀਂ ਹੈ ਕਿ ਆਦਮ ਦੇ ਪੁੱਤਰਾਂ (ਕੈਨ, ਅਬੇਲ ਅਤੇ ਸੇਠ) ਨੇ ਬੱਚਿਆਂ ਨੂੰ ਜਨਮ ਕਿਵੇਂ ਦਿੱਤਾ। ਬਾਈਬਲ ਸਿਰਫ਼ ਏਨਾ ਦੱਸਦੀ ਹੈ "ਜਦੋਂ ਧਰਤੀ ਤੇ ਇਨਸਾਨੀ ਜਨਸੰਖਿਆ 'ਚ ਵਾਧਾ ਹੋਇਆ ਤਾਂ ਉਨ੍ਹਾਂ ਦੇ ਲੜਕੀਆਂ ਨੇ ਵੀ ਜਨਮ ਲਿਆ।" (ਦ ਸੰਨਜ਼ ਆਫ ਗੌਡ)[132]। **ਪਰਮਾਤਮਾ ਦੇ ਪੁੱਤਰਾਂ ਨੇ** ਜਦੋਂ ਇਹ ਵੇਖਿਆ ਕਿ ਇਨਸਾਨਾਂ ਦੀਆਂ ਧੀਆਂ ਸੁਹਣੀਆਂ ਹਨ ਤਾਂ ਉਨ੍ਹਾਂ ਨੇ ਜਿਸ ਨੂੰ ਵੀ ਚੁਣਿਆ, ਪਤਨੀ ਬਣਾ ਲਿਆ।" (ਜੈਨੇਸਿਜ਼ 6:2-3)

ਹੁਣ ਜਾਂ ਤਾਂ ਸਾਨੂੰ ਇਹ ਮੰਨਣਾ ਪਵੇਗਾ ਕਿ "ਪਰਮਾਤਮਾ ਦੇ ਪੁੱਤਰ" ਆਦਮ ਅਤੇ ਹਵਾ ਤੋਂ ਇਲਾਵਾ ਪਰਮਾਤਮਾ ਨੇ ਵੱਖਰੇ ਰਚੇ ਸਨ ਅਤੇ ਜਾਂ ਇਹ

---

ਯੀਸੂ ਨੇ ਤਲਾਕ ਵਾਲਾ ਵਿਚਾਰ ਪ੍ਰਵਾਨ ਕੀਤਾ ਨਹੀਂ ਲੱਗਦਾ (ਵੇਖੋ ਮੈਥਿਊ 5:3 ਅਤੇ ਮਾਰਕ 10:2-12) ਪਰ ਉਸਨੇ ਵਿਆਹ ਨੂੰ ਨਿੰਦਿਆ ਹੈ (ਪੀਟਰ 3:1-7) ਬਹੁਤੇ ਈਸਾਈ ਵਿਸ਼ੇਸ਼ ਕਰਕੇ ਰੋਮਨ ਕੈਥੋਲਿਕ ਅਜੇ ਵੀ ਮੰਨਦੇ ਹਨ ਕਿ, "ਵਿਆਹ ਅਟੁੱਟ ਰਿਸ਼ਤਾ ਹੈ"। ਪਰ ਉਹ ਪਾਦਰੀਆਂ ਨੂੰ ਵਿਆਹ ਕਰਨ ਦੀ ਇਜਾਜ਼ਤ ਨਹੀਂ ਦਿੰਦੇ। ਜੇਕਰ ਕਿਸੇ ਬਹੁਤ ਹੀ ਗੰਭੀਰ ਕਾਰਨ ਕਰਕੇ ਕਿਸੇ ਵਿਆਹ ਨੂੰ ਤੋੜਨਾ ਪਵੇ ਤਾਂ ਦੋਹਾਂ ਵਿਚੋਂ ਕੋਈ ਵੀ ਉਨਾ ਚਿਰ ਵਿਆਹ ਨਹੀਂ ਸੀ ਕਰਾਉਂਦਾ ਜਿੰਨਾ ਚਿਰ ਦੂਜਾ ਜਿਉਂਦਾ ਹੋਵੇ। ਬਾਕੀ ਈਸਾਈ ਵਰਗ ਬ੍ਰਹਮਚਾਰੀ ਅਤੇ ਵਿਆਹੇ ਦੋਵੇਂ ਪਾਦਰੀਆਂ ਨੂੰ ਪ੍ਰਵਾਨ ਕਰਦੇ ਸਨ। ਵਿਆਹ ਨੂੰ ਘੱਟ ਮਹਤਵ ਦੇਣ ਦੇ ਵਿਚਾਰ ਹਿੱਪੋ ਦੇ ਅਗਸਟਾਈਨ ਤੋਂ ਸ਼ੁਰੂ ਹੋਏ ਜਾਪਦੇ ਹਨ ਜੋ ਇਹ ਤਰਕ ਦਿੰਦਾ ਸੀ, "ਇਨਸਾਨਾਂ ਦਾ ਅਸਲ ਪਾਪ ਕਾਮ 'ਚ ਪਰਵਿਰਤ ਹੋਣਾ ਹੈ"। 1549 ਵਿੱਚ ਇੰਗਲੈਂਡ ਦੇ ਚਰਚ ਦੇ ਬੈਪਟਿਜ਼ਮ ਸੇਵਾ ਨਿਭਾਉਣ ਵਾਲਿਆਂ ਨੇ ਬਿਆਨ ਦਿੱਤਾ, "ਸਾਰੇ ਬੰਦੇ ਕਾਮ 'ਚ ਹੀ ਨਿੰਮਦੇ ਹਨ"।ਉਨ੍ਹਾਂ ਨੇ ਕਿਹਾ ਕਿ ਕਾਮਕ ਪਰਵਿਰਤੀਆਂ ਨੂੰ ਤਿਆਗਣਾ ਚਾਹੀਦਾ ਹੈ। 1980 ਵਿੱਚ ਹਵਾ ਦਾ ਰੁੱਖ ਬਦਲਿਆ ਅਤੇ ਸੇਵਾ ਪੁਸਤਕ ਵਿੱਚ ਲਿਖਿਆ ਕਿ ਵਿਆਹ ਆਰਾਮ ਅਤੇ ਸੇਵਾ ਵਾਸਤੇ ਹੈ।

132 ਜੇਕਰ ਉਸ ਵੇਲੇ ਪਰਮਾਤਮਾ ਦੇ ਹੋਰ ਪੁੱਤਰ ਵੀ ਮੋਜੂਦ ਸਨ ਤਾਂ ਫਿਰ ਯੀਸੂ ਪਰਮਾਤਮਾ ਦਾ ਇੱਕੋ ਇੱਕ ਪੁੱਤਰ ਕਿਵੇਂ ਹੋ ਸਕਦਾ ਹੈ?



ਮੰਨਣਾ ਪਵੇਗਾ ਕਿ ਪਰਮਾਤਮਾ ਦੇ ਪੁੱਤਰਾਂ ਨੇ ਆਪਣੀ ਭੈਣ (ਜੇ ਕੋਈ ਭੈਣ ਸੀ ਤਾਂ) ਨਾਲ ਹੀ ਵਿੱਭਚਾਰ ਕੀਤਾ। 'ਲੋਟ' ਦੀਆਂ ਧੀਆਂ ਦੀ ਆਪਣੇ ਸ਼ਰਾਬੀ ਪਿਤਾ ਦੁਆਰਾ 'ਵੰਸ਼ ਜਾਰੀ ਰੱਖਣ ਲਈ' ਪੱਤ ਲੁੱਟ ਲਈ ਗਈ। ਰਿਸ਼ਤੇਦਾਰੀ ਵਾਲੇ ਵਿਭਚਾਰਕ ਸੰਬੰਧਾਂ ਤੋਂ 'ਐਮੋਨਾਈਟਜ਼' ਅਤੇ 'ਮੋਆਬਾਈਟਜ਼' ਪੈਦਾ ਹੋਏ (ਡਿਊਟਰੋਨੋਮੀ 2:19) ਬਾਈਬਲ ਵੀ ਪਿਤਾ ਅਤੇ ਧੀਆਂ ਵਿਚਕਾਰ ਵਿਆਹੁਲੇ ਸੰਬੰਧਾਂ ਦਾ ਜ਼ਿਕਰ ਕਰਦੀ ਹੈ (ਕੋਰਿੰਥੀਅਨਜ਼ 7:36)

### ਸਿੱਖ ਦ੍ਰਿਸ਼ਟੀਕੋਣ :

ਸਿੱਖ ਧਰਮ ਵਿਭਚਾਰ ਨੂੰ ਨਿੰਦਦਾ ਹੈ ਅਤੇ ਸਾਰੇ ਸਾਧਾਰਨ ਸਿੱਖਾਂ ਅਤੇ ਵਿਸ਼ੇਸ਼ ਕਰਕੇ ਪ੍ਰਚਾਰਕਾਂ ਅਤੇ ਧਾਰਮਿਕ ਆਗੂਆਂ ਨੂੰ ਉੱਚੇ ਨੈਤਿਕ ਆਦਰਸ਼ ਸਥਾਪਿਤ ਕਰਨ ਦਾ ਹੁਕਮ ਦਿੰਦਾ ਹੈ। ਸਿੱਖ ਧਰਮ ਦੇ ਸੰਤ ਮਹਾਂਪੁਰਸ਼ਾਂ ਅਤੇ ਧਾਰਮਿਕ ਆਗੂਆਂ ਵਿੱਚ ਕਾਮੁਕਤਾ ਅਤੇ ਆਚਰਣਕ ਗਿਰਾਵਟ ਪ੍ਰਵਾਨ ਨਹੀਂ। ਸਮਾਜ ਵਿਰੋਧੀ ਕਾਮੁਕਤਾ ਇਕ ਗੈਰਕਾਨੂੰਨੀ ਤੇ ਗੈਰਵਿਹਾਰਕ ਇੱਛਾ ਹੈ, ਜਿਸਦਾ ਇਲਾਜ ਹੋਣਾ ਜ਼ਰੂਰੀ ਹੈ।

**ਪਰ ਬੇਟੀ ਕੋ ਬੇਟੀ ਜਾਨੈ ਪਰ ਇਸਤ੍ਰੀ ਕੋ ਮਾਤ ਬਖਾਨੈ॥**

*(ਰਹਿਤਨਾਮਾ ਭਾਈ ਗੁਰਦਾਸ)*

ਦੂਜਿਆਂ ਦੀ ਧੀ ਨੂੰ ਵੇਖ ਕੇ ਆਪਣੀ ਧੀ ਸਮਝਣਾ ਅਤੇ ਦੂਜਿਆਂ ਦੀ ਪਤਨੀ ਨੂੰ ਆਪਣੀ ਮਾਂ ਸਮਝਣਾ ਚਾਹੀਦਾ ਹੈ"।

**ਦੇਖ ਪਰਾਈਆ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੇ॥**

*(ਵਾਰ ਭਾਈ ਗੁਰਦਾਸ 29)*

ਦੂਜੀਆਂ ਔਰਤਾਂ ਨੂੰ ਵੇਖਦਿਆਂ ਉਨ੍ਹਾਂ ਨੂੰ ਮਾਵਾਂ, ਧੀਆਂ ਅਤੇ ਭੈਣਾਂ ਸਮਝਣਾ ਚਾਹੀਦਾ ਹੈ।

## 7.7 ਸਿੱਧ ਅਤੇ ਸੰਤ :

ਮਹਾਨ ਦਾਰਸ਼ਨਿਕ ਅਤੇ ਸਿੱਧ ( ਪਰੌਫਿਟ-ਪੀਰ)[133] ਜੈਕੋਬ ਦਾ ਰੇਸ਼ਲ

---

133 ਪ੍ਰੋਫੇਟ (Prophet) ਸ਼ਬਦ ਯੂਨਾਨੀ ਸ਼ਬਦਾਂ Pro ਅਤੇ phetes ਤੋਂ ਬਣਿਆ ਹੈ। Pro ਦਾ ਅਰਥ ਹੈ 'ਲਈ' ਅਤੇ phet ਦਾ ਅਰਥ ਹੈ 'ਕਹਿਣਾ' ਇਸ ਲਈ ਪ੍ਰੋਫੇਟ ਸ਼ਬਦ ਦਾ ਅਰਥ ਹੈ ਉਹ ਵਿਅਕਤੀ ਜੋ ਆਪਣੇ ਧਰਮ ਬਾਰੇ ਬੋਲਦਾ ਹੈ। ਬਾਈਬਲ ਵਿੱਚ ਦਰਜ ਸਾਰੇ ਲੋਕ ਇਨ੍ਹਾਂ ਅਰਥਾਂ ਕਰਕੇ ਪ੍ਰੋਫੇਟ ਹਨ। ਬਾਈਬਲ ਤਾਂ ਸਿਰਫ 22 ਪੀਰਾਂ (ਪ੍ਰੋਫੇਟਸ) ਦਾ ਨਾਮ ਹੀ ਪੇਸ਼ ਕਰਦੀ ਹੈ ਪਰ ਮੁਸਲਿਮ ਇਤਿਹਾਸ ਅਨੁਸਾਰ (ਮੁਹੰਮਦ ਸਮੇਤ) 124000 ਪ੍ਰੋਫੇਟਸ ਹਨ।

ਨਾਲ ਪ੍ਰੇਮ ਸੀ ਪਰ ਉਸਨੇ ਰੇਸ਼ਲ ਦੀ ਭੈਣ ਲੀਆਹ ਨਾਲ ਵੀ ਇਸ ਸ਼ਰਤ ਤੇ ਵਿਆਹ ਕਰਾ ਲਿਆ ਕਿ ਉਹ ਲੀਆਹ ਦੇ ਪਿਤਾ ਲੈਬਨ ਲਈ ਸੱਤ ਸਾਲ ਗੁਲਾਮੀ ਕਰੇਗਾ। ਰੇਸ਼ਲ ਨਾਲ ਵਿਆਹ ਕਰਵਾ ਕੇ ਜੇਕਬ ਨੇ ਮਰਿਆਦਾ ਨੂੰ ਤਾਂ ਖੰਡਿਤ ਕੀਤਾ ਹੀ ਸੀ ਸੱਤ ਸਾਲ ਦੀ ਗੁਲਾਮੀ ਵੀ ਗਲ ਪੁਵਾਈ (ਜੈਨੇਸਿਸ 29:28)। ਇਕ ਹੋਰ ਈਸਾਈ ਪੀਰ 'ਡੇਵਿਡ' ਜਿਸਨੂੰ ਪਰਮਾਤਮਾ ਨੇ ਆਪਣਾ ਪੁੱਤਰ ਮੰਨਿਆ ਸੀ ਨੇ ਵਿੱਭਚਾਰ ਵੀ ਕੀਤਾ ( ਸੈਮੂਅਲ 11:44-5) ਅਤੇ ਬਾਦਸ਼ੀਬਾ ਨਾਲ ਉਸਦਾ ਪ੍ਰੇਮ ਜਗਤ ਪ੍ਰਸਿੱਧ ਹੈ। ਡੇਵਿਡ ਦੇ ਪੁੱਤਰ ਐਮਨ ਨੇ ਆਪਣੀ ਅੱਧੀ ਭੈਣ ਤਾਮਰ ਨਾਲ ਬਲਾਤਕਾਰ ਅਤੇ ਵਿਭਚਾਰ ਕੀਤਾ। (ਸੈਮੂਅਲ 13:14)[134]। ਡੇਵਿਡ ਦੇ ਇਕ ਹੋਰ ਪੁੱਤਰ ਅਬਸਾਲੋਮ ਨੇ ਆਪਣੇ ਪਿਤਾ ਦੀ ਰਖੇਲ ਨਾਲ ਸਭ ਲੋਕਾਂ ਦੇ ਸਾਹਮਣੇ ਬਲਾਤਕਾਰ ਕੀਤਾ "ਇਨ ਦ ਸਾਈਟ ਆਫ ਆਲ ਇਜ਼ਰਾਈਲ" (ਸੈਮੂਅਲਜ਼ 16:33) ਜੂਡਾਹ ਨੇ ਆਪਣੀ ਨੂੰਹ ਨਾਲ ਵਿਭਚਾਰ ਕੀਤਾ (ਜੈਨੇਸਿਜ਼ 38:18) ਈਸਾਹਿਆ ਯੇਰੂਸ਼ਲਮ ਦੀਆਂ ਗਲੀਆਂ ਵਿੱਚ ਤਿੰਨ ਸਾਲ ਤਕ ਨਗਨ ਅਤੇ ਨੰਗੇ ਪੈਰ ਹੀ ਤੁਰਦੇ ਰਹੇ। ਦੋ ਭੈਣਾਂ ਅਹੋਲਾਹ ਅਤੇ ਅਹੋਲੀਬਾਹ (ਐਜ਼ੀਕੀਅਲ : 23) ਦੀ ਕਹਾਣੀ ਦੇ ਵੇਰਵੇ ਇੱਥੇ ਦਰਜ ਕਰਨ ਤੋਂ ਸ਼ਰਮ ਆਉਂਦੀ ਹੈ।[135] ਹਜ਼ਰਤ ਨੂਹ ਏਨਾ ਸ਼ਰਾਬੀ ਸੀ ਕਿ ਉਹ ਆਪਣੇ ਜਵਾਨ ਹੋ ਰਹੇ ਪੁੱਤਰਾਂ ਸਾਹਮਣੇ ਨੰਗਾ ਹੋ ਗਿਆ(ਜੈਨੇਸਿਜ਼ 9:23-24)।

134 " ਉਸਨੇ ਉਸਦਾ ਮਿੰਨਤ ਤਰਲਾ ਤੇ ਚੀਕ ਚਿਹਾੜਾ ਨਾ ਸੁਣਿਆ, ਉਸ ਨਾਲੋਂ ਤਕੜਾ ਹੋਣ ਕਰਕੇ, ਉਸ ਤੇ ਆਪਣੀ ਤਾਕਤ ਵਰਤੀ ਅਤੇ ਧੱਕੇ ਨਾਲ ਉਸਦਾ ਸਤ ਭੰਗ ਕੀਤਾ" (ਸੈਮੂਅਲ 13:14)

135 ਹੈਰਾਨੀ ਨਹੀ ਹੁੰਦੀ ਹੈ ਜਦ "ਆਖਰੀ ਪ੍ਰਲੋਭਣ" (The last Temptation) ਅਤੇ ਈਸਾ ਦੀ ਕਾਮੁਕ ਜ਼ਿੰਦਗੀ (The sex life of christ) ਵਰਗੀਆਂ ਫਿਲਮਾਂ ਬਾਜ਼ਾਰ ਵਿੱਚ ਆਉਂਦੀਆਂ ਹਨ ।ਸੈਲਿਸਬਰੀ ਦੇ ਬਿਸ਼ਪ ਜਾਨ ਬੇਕਰ ਵਿਭਚਾਰੀ ਪਾਦਰੀਆਂ ਦੀ ਨਿਯੁਕਤੀ ਦਾ ਸੁਆਗਤ ਕਰਦੇ ਹਨ। ਇਸ ਵਿਸ਼ੇ ਤੇ ਵਧੇਰੇ ਜਾਣਕਾਰੀ ਲਈ ਪੜ੍ਹੋ, "ਸਪਲਿਟ ਈਮੇਜ: ਗੋਡਜ਼ ਟਰੂ ਇੰਟੈਨਸ਼ਨਜ਼ ਫਾਰ ਮੇਲ ਐਂਡ ਫੀਮੇਲ" ਪ੍ਰਕਾਸ਼ਕ ਹੋਟਰ ਐਂਡ ਸਟੋਟਨ ਲੰਡਨ। ਇਸ ਵਿਸ਼ੇ ਉੱਪਰ ਹੀ ਇਕ ਹੋਰ ਪੁਸਤਕ 'ਰਿਲੀਜਨ ਇਜ਼ ਏ ਕੁਈਰ ਥਿੰਗ' ਸਿੱਖਿਆ ਸ਼ਾਸਤਰੀਆਂ ਦੇ ਇਕ ਸਮੂਹ ਵੱਲੋਂ ਲਿਖੀ ਗਈ ਜਿਸਦੇ ਪ੍ਰਤੀਨਿਧ (ਗਲੋਮੋਰਗਨ ਯੂਨੀਵਰਸਿਟੀ ਦੇ ਸੀਨੀਅਰ ਲੈਕਚਰਾਰ) ਅਤੇ ਜਰਨਲ ਆਫ ਥੀਓਲੋਜ਼ੀ ਐਂਡ ਸੈਕਸੁਐਲਿਟੀ ਦੇ ਸੰਪਾਦਕ ਐਲਿਜ਼ਾਬੇਥ ਸਟੂਅਰਟ ਸਨ। ਇਹ ਪੁਸਤਕ ਦਾਅਵਾ ਕਰਦੀ ਹੈ ਕਿ 19 ਈਸਾਈ ਸੰਤ ਜਾਂ ਤਾਂ ਲੌਂਡੇਬਾਜ਼ ਅਤੇ ਟ੍ਰਾਂਸਸੈਕਸੁਅਲ ਸਨ ਅਤੇ ਜਾਂ ਫਿਰ ਬਾਈਸੈਕਸੁਅਲ ਡਾ: ਸਟੂਅਰਟ ਦੀ ਇਕ ਹੋਰ ਪੁਸਤਕ "ਡੇਅਰਿੰਗ ਟੂ ਸਪੀਕ ਲਵਜ਼ ਨੇਮ" ਏ ਗੇ ਐਂਡ ਲੈਸਬੀਅਨ ਪ੍ਰੇਅਰ ਬੁਕ' ਵੀ ਇਸੇ ਵਿਸ਼ੇ ਤੇ ਚਾਨਣਾ ਪਾਉਂਦੀ ਹੈ। ਇੰਗਲੈਂਡ ਵਿੱਚ 21 ਪਾਦਰੀ 1995-99 ਈ: ਤੱਕ ਬੱਚਿਆਂ ਨਾਲ ਕੁਕਰਮ ਦੇ ਦੋਸ਼ੀ ਪਾਏ ਗਏ। ਚੰਗੀ ਸੋਚ ਵਾਲੇ ਈਸਾਈਆਂ ਨੇ ਭੂਤਪੂਰਵ ਜੱਜ ਲਾਰਡ ਨੋਲਨ ਦੀ ਨਿਗਰਾਨੀ ਵਿੱਚ ਇਕ ਸੁਤੰਤਰ ਕਮੇਟੀ ਦੀ ਸਥਾਪਨਾ ਕੀਤੀ ਜੋ ਇਸ ਤਰ੍ਹਾਂ ਦੀਆਂ ਕਾਰਵਾਈਆਂ ਤੋਂ ਚਿੰਤਤ ਸਨ ਅਤੇ ਗਿਰਜਾਘਰਾਂ 'ਚੋਂ ਅਜਿਹੇ ਕੁਕਰਮੀਆਂ ਨੂੰ ਕੱਢਣਾ ਚਾਹੁੰਦੇ ਸਨ। 17.4.2001 ਨੂੰ ਇਸ ਕਮੇਟੀ ਨੇ 50 ਸਿਫਾਰਸ਼ਾਂ ਕੀਤੀਆਂ ।



ਜੈਨਿਸਿਜ਼ 20-12 ਵਿਚ ਅਬਰਾਹੀਮ ਜੋ ਬਹੁਤ ਮਹਾਨ ਪੈਗੰਬਰ ਸੀ ਕਹਿੰਦੇ ਹਨ, "ਅਤੇ ਹਾਂ ਉਹ(ਸਾਰਾਹ) ਮੇਰੀ ਭੈਣ ਹੈ ; ਉਹ ਮੇਰੇ ਪਿਤਾ ਦੀ ਧੀ ਹੈ, ਪਰ ਉਹ ਮੇਰੀ ਮਾਂ ਦੀ ਧੀ ਨਹੀਂ ਇਸੇ ਲਈ ਮੈਂ ਉਸ ਨਾਲ ਵਿਆਹ ਕਰਵਾ ਕੇ ਆਪਣੀ ਪਤਨੀ ਬਣਾ ਲਿਆ ਹੈ।" ਇਤਿਹਾਸ ਦੱਸਦਾ ਹੈ ਕਿ ਪੰਦਰਵੀਂ ਸ਼ਤਾਬਦੀ ਵਿਚ ਤਾਂ ਪੋਪ ਵੀ ਭ੍ਰਿਸ਼ਟਾਚਾਰ, ਵਿਭਚਾਰ, ਲੌਂਡੇਬਾਜ਼ੀ ਅਤੇ ਕਤਲ ਦੇ ਦੋਸ਼ੀ ਪਾਏ ਗਏ। ਜੈਨੇਸਿਜ਼ (38:27-29) ਵਿਚ ਅਸੀਂ ਵੇਖਦੇ ਹਾਂ ਕਿ 'ਤਾਮਰ' ਆਪਣੇ ਸਹੁਰੇ ਨਾਲ ਸੁੱਤੀ ਅਤੇ ਉਸਨੇ ਦੋ ਪੁੱਤਰਾਂ ਨੂੰ ਜਨਮ ਦਿੱਤਾ।[136]। ਸ਼ਾਇਦ ਇਹੀ ਕਾਰਨ ਸੀ ਕਿ ਜਾਰਜ ਬਰਨਾਰਡ ਸ਼ਾਅ ਨੇ ਬਾਈਬਲ ਬਾਰੇ ਕਿਹਾ "ਇਹ ਧਰਤੀ ਦੀ ਸਭ ਤੋਂ ਖਤਰਨਾਕ ਕਿਤਾਬ ਹੈ ਇਸ ਨੂੰ ਤਾਲਾ ਲਗਾ ਕੇ ਰੱਖਣਾ ਚਾਹੀਦਾ ਹੈ।"

ਹੈਰਾਨੀ ਇਸ ਗੱਲ ਦੀ ਹੈ ਕਿ ਸੰਤ[137], ਪੀਰ ਅਤੇ ਪੋਪ ਆਦਿਕ ਜਿਨ੍ਹਾਂ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਉਹ ਨੈਤਿਕਤਾ ਨੂੰ ਬਲ ਬਖਸ਼ਣਗੇ ਅਤੇ ਬਾਈਬਲ ਦੀਆਂ ਸਿੱਖਿਆਵਾਂ ਅਨੁਸਾਰ ਚਲਣਗੇ ਆਪ ਹੀ ਕਿਵੇਂ ਅਜਿਹਾ ਕੁੱਝ ਕਰ ਸਕਦੇ ਹਨ। ਬਾਈਬਲ ਦੀ ਇਸ ਆਇਤ ਦਾ ਅਰਥ ਕੀ ਕਰਦੇ ਹੋਣਗੇ "ਕਿਸੇ

136. ਇਟਲੀ ਦਾ ਇਕ ਈਸਾਈ ਸੰਤ ਇਸ਼ਕ ਮੁਸ਼ਕ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ। ਉਸਦਾ ਨਾਮ ਸੇਂਟ ਵੈਲੇਨਟਾਈਨ ਹੈ। 200 ਈ: ਦੇ ਨੇੜੇ-ਤੇੜੇ ਰਾਜਾ ਕਲਾਊਡੀਅਸ ਨੇ ਸਰਵਜਨਿਕ ਤੌਰ ਤੇ ਇਸ਼ਕ ਮੁਸ਼ਕ ਅਤੇ ਰੋਮਾਂਸ ਉੱਪਰ ਪਾਬੰਦੀ ਲਗਾ ਦਿੱਤੀ। ਸੇਂਟ ਵੈਲੇਨਟਾਈਨ ਨੇ ਰਾਜਾ ਦੇ ਆਦੇਸ਼ਾਂ ਦੀ ਉਲੰਘਣਾ ਕੀਤੀ। ਰੋਮਾਂਸ ਰਾਹੀਂ ਵਿਆਹ ਕਰਵਾਇਆ ਅਤੇ ਵਿਆਹ ਵੀ ਸ਼ਾਹੀ ਪਰਿਵਾਰ ਦੀ ਲੜਕੀ ਨਾਲ ਕੀਤਾ। ਉਸਦਾ ਨਾਅਰਾ ਸੀ "ਅਮੋਰ ਵਿਨਸਿਟ ਓਮਨੀਆ" (ਪਿਆਰ ਵਿੱਚ ਸਭ ਜਾਇਜ਼ ਹੈ)। 14 ਫਰਵਰੀ 269 ਨੂੰ ਸਜ਼ਾ ਦੇ ਤੌਰ ਤੇ ਉਸਦਾ ਸਿਰ ਵੱਢ ਦਿੱਤਾ ਗਿਆ। 350 ਈ: ਵਿਚ ਸੰਤ ਬਣਾ ਕੇ ਉਸਦੇ ਸਨਮਾਨ ਵਿੱਚ ਰੋਮ ਵਿੱਚ ਇਕ ਹਾਲ ਦੀ ਉਸਾਰੀ ਹੋਈ। 1469 ਈ: ਨੂੰ ਪੋਪ ਗਲੇਸ਼ੀਅਸ ਨੇ 14 ਫਰਵਰੀ ਦੇ ਦਿਨ ਨੂੰ ਸੇਂਟ ਵੈਲੇਨਟਾਈਨ ਡੇ ਵਜੋਂ ਨਿਸ਼ਚਿਤ ਕਰ ਦਿੱਤਾ। ਇਹ ਨਾਮ ਈਸਾਈ ਵਿਆਹੁਲੇ ਵਾਅਦਿਆਂ, ਖੇਡਾਂ ਜਿਵੇਂ 'ਲੇਡੀ ਐਨੇ ਐਂਡ ਕਿੰਗ, ਵਿਲੀਅਮ ਅਤੇ ਕਿਉਪਡ ਐਂਡ ਵੀਨਸ ਲਵ ਪੋਇਮਜ਼, ਲਵ-ਲੈਟਰਜ਼, ਲਵ-ਪਲੇਅਜ਼ ਅਤੇ ਕਦੇ ਕਦੇ ਬੜੇ ਕਾਮੁਕ ਕਾਰਡ ਉਸ ਵੇਲੇ ਦੇਣ ਲਈ ਜਦੋਂ ਕਿ ਸੰਗੀਤ ਉਨ੍ਹਾਂ ਦੇ ਮਨ ਵਿੱਚ ਕਾਮੁਕ ਇੱਛਾਵਾਂ ਜਮਾਉਂਦਾ ਹੋਵੇ, ਇਹ ਨਾਮ (ਵੈਲਨਟਾਈਨ) ਬਹੁਤ ਪਸੰਦ ਕੀਤਾ ਜਾਂਦਾ ਹੈ। ਕਦੇ ਕਦੇ ਪਿਆਰ ਖ਼ੂਨੀ ਲੜਾਈਆਂ 'ਚ ਤਬਦੀਲ ਹੋ ਜਾਂਦਾ ਹੈ। ਜਿਵੇਂ ਕਿ 1929 ਈ: 'ਚ ਸ਼ਿਕਾਗੋ 'ਚ ਚਾਰ ਨੋਜੁਆਨਾਂ ਨੇ ਵੈਲਨਟਾਈਨ ਪਾਰਟੀ 'ਚ 7 ਵਿਅਕਤੀਆਂ ਨੂੰ ਗੋਲੀ ਮਾਰ ਦਿੱਤੀ ਸੀ।ਕੁਝ ਇਤਿਹਾਸਕਾਰ ਵਿਚਾਰ ਕਰਦੇ ਹਨ ਕਿ ਇੰਟਰਮਨਾ ਦਾ(ਅਜਕੱਲ੍ਹ ਟੇਰਨੀ ਵਜੋਂ ਪ੍ਰਸਿੱਧ ਹੈ) ਬਿਸ਼ਪ ਅਸਲ ਸੇਂਟ ਵੈਲੇਨਟਾਈਨ ਸੀ ਜੋ ਰੋਮ ਤੋਂ 60 ਮੀਲ ਦੂਰ ਹੈ। ਉਸਨੂੰ ਵੀ 14 ਫਰਵਰੀ 269 ਈ: ਨੂੰ ਮਾਰ ਦਿੱਤਾ ਗਿਆ ਸੀ ।

137 ਈਸਾਈ ਮਤ ਵਿੱਚ ਵਿਅਕਤੀ ਦੀ ਮੌਤ ਤੋਂ ਬਾਅਦ ਸੰਤ ਐਲਾਨਿਆ ਜਾਂਦਾ ਹੈ। ਨਿਊ ਟੈਸਟਾਮੈਂਟ ਵਿੱਚ ਸੇਂਟ ਪਾਲ ਸੇਂਟ ਸ਼ਬਦ ਨੂੰ ਦ੍ਰਿੜ੍ਹ ਵਿਸ਼ਵਾਸ਼ੀ ਵਜੋਂ ਪ੍ਰੀਭਾਸ਼ਿਤ ਕਰਦੇ ਹਨ (ਐਫੇਸ਼ੀਅਨਜ਼ 1.1 ਤੇ 1.15)

ਨੂੰ ਵੀ ਵਿਭਚਾਰ ਨਹੀਂ ਕਰਨਾ ਚਾਹੀਦਾ"? ਉਹ ਨਿਮਨਲਿਖਿਤ ਸਤਰਾਂ ਦਾ ਅਰਥ ਕਿਵੇਂ ਕਰਦੇ ਹੋਣਗੇ।

"ਮੈਂ ਤੈਨੂੰ ਕਹਿੰਦਾ ਹਾਂ ਕਿ ਜਿਸ ਵੀ ਇਨਸਾਨ ਨੇ ਕਿਸੇ ਔਰਤ ਨੂੰ ਕਾਮੁਕ ਦ੍ਰਿਸ਼ਟੀ ਨਾਲ ਵੇਖ ਵੀ ਲਿਆ ਉਸਨੇ ਮਨ ਹੀ ਮਨ ਵਿਚ ਉਸ ਔਰਤ ਨਾਲ ਵਿਭਚਾਰ ਹੀ ਕਰ ਲਿਆ ਸਮਝੋ।" (ਮੈਥਿਊ 5:8) " ਕਾਮਾਤੁਰ ਮਨ ਪਰਮਾਤਮਾ ਦਾ ਦੁਸ਼ਮਣ ਹੁੰਦਾ ਹੈ। ਉਹ ਪਰਮਾਤਮਾ ਦਾ ਕਾਨੂੰਨ ਨਹੀਂ ਮੰਨਦਾ ।ਅਜਿਹਾ ਮਨ ਪਰਮਾਤਮਾ ਦੇ ਨੇੜੇ ਵੀ ਨਹੀਂ ਢੁੱਕ ਸਕਦਾ।"[138] (ਰੋਮਨਜ਼ 7-8)

**ਸਿੱਖ ਦ੍ਰਿਸ਼ਟੀਕੋਣ :**

ਈਸਾਈ ਧਰਮ ਦੇ ਨੈਤਿਕ ਸਿਧਾਂਤ ਸਿੱਖ ਧਰਮ ਨਾਲੋਂ ਵੱਖਰੇ ਹਨ। ਧਰਮ ਦੇ ਦੁਨਿਆਵੀ ਪੱਖ ਤੋਂ ਗੁਰੂ ਸਾਹਿਬ ਨੇ ਨੈਤਿਕ ਜੀਵਨ ਨੂੰ ਮਾਨਤਾ ਦਿੱਤੀ ਹੈ। ਉਨ੍ਹਾਂ ਅਨੁਸਾਰ ਨੈਤਿਕਤਾ ਧਰਮ ਦੀ ਕਸਵੱਟੀ ਹੈ ਅਤੇ ਆਤਮਿਕ ਸ਼ੁੱਧਤਾ ਲਈ ਸਭ ਤੋਂ ਪਹਿਲਾਂ ਲੋੜੀਂਦੀ ਚੀਜ਼ ਨੈਤਿਕਤਾ ਹੈ। ਅਨੈਤਿਕਤਾ ਆਤਮਿਕ ਜੀਵਨ ਦੀ ਦੁਸ਼ਮਣ ਹੈ। ਨੈਤਿਕ ਸ਼ੁੱਧਤਾ ਤੋਂ ਬਿਨਾਂ ਕੋਈ ਵੀ ਵਿਅਕਤੀ ਰੂਹਾਨੀ ਜਹਾਜ਼ ਵਿੱਚ ਸਵਾਰ ਹੋ ਹੀ ਨਹੀਂ ਸਕਦਾ। ਸਾਧਾਰਨ ਵਿਅਕਤੀਆਂ ਦਾ ਆਤਮਿਕ ਜੀਵਨ ਅਚੇਤ ਰੂਪ ਵਿੱਚ ਹੀ ਮਹਾਂ ਪੁਰਖਾਂ ਦੇ ਕਰਮਾਂ ਅਤੇ ਵਿਵਹਾਰ ਨਾਲ ਉੱਚਾ ਚੁੱਕਿਆ ਜਾਂਦਾ ਹੈ। ਜਦੋਂ ਸਰਵੋਤਮ ਪੁਰਖ (ਸੰਤ ਮਹਾਂਪੁਰਸ਼) ਸੁਆਸ ਛੱਡਦੇ ਹਨ ਤਾਂ ਸੰਸਾਰ ਇੱਕ ਵਾਰ ਫਿਰ ਅਨੈਤਿਕਤਾ ਵਿੱਚ ਡੋਬੇ ਖਾਂਦਾ ਹੈ। ਸੰਤ ਬਿਲਕੁਲ ਉਵੇਂ ਹੀ ਪਵਿੱਤਰਤਾ ਵੰਡਦਾ ਹੈ ਜਿਵੇਂ ਸੰਦਲ ਦੀ ਲੱਕੜ ਖੁਸ਼ਬੋ ਵੰਡਦੀ ਹੈ। ਗੁਰੂ ਨਾਨਕ ਦੇਵ ਜੀ ਫੁਰਮਾਨ ਕਰਦੇ ਹਨ:

**ਸਚਹੁ ਓਰੈ ਸਭ ਕੋ ਉਪਰ ਸਚ ਆਚਾਰ॥**

*(ਪੰਨਾ-62)*

ਸੱਚ ਸਭ ਤੋਂ ਉੱਚਾ ਹੈ ਪਰ ਸਚ ਤੋਂ ਵੀ ਉੱਚਾ ਕਿਰਦਾਰ ਹੈ।

*(ਪੰਨਾ-62)*

ਸੰਤ ਮਹਾਂਪੁਰਸ਼ਾਂ ਸੰਬੰਧੀ ਗੁਰੂ ਸਾਹਿਬ ਫੁਰਮਾਨ ਕਰਦੇ ਹਨ:

138 ਲੇਖਕ ਨੇ ਇਸ ਨੁਕਤੇ ਤੇ ਪਲੇਨ ਟਰੂਥ ਪਾਸੋਂ ਸਫ਼ਾਈ ਮੰਗੀ ਤਾਂ 2.3.2001 ਨੂੰ ਕੁਲਿੱਫ ਨੀਲ ਬੋਰੈਹਮਵੂਡ ਪਾਸੋਂ ਇਹ ਜਵਾਬ ਹਾਸਿਲ ਹੋਇਆ "ਜਿਥੋਂ ਤੱਕ ਬਾਈਬਲ ਦਾ ਸੰਬੰਧ ਹੈ, ਕਾਮ ਨੂੰ ਵਿਆਹੁਕ ਪ੍ਰੇਮ ਸੰਬੰਧਾਂ ਲਈ ਹੀ ਬਣਾਇਆ ਗਿਆ ਸੀ। ਇਸ ਤੋਂ ਪਰੇ ਇਸਦੀ ਵਰਤੋਂ ਪਾਪ ਹੈ, ਨਿਰਸੰਦੇਹ ਇਸ ਵਿੱਚ ਵਿਭਚਾਰ ਵੀ ਆਉਂਦਾ ਹੈ"।



**ਦੂਖ ਰੋਗ ਬਿਨਸੇ ਭੈ ਭਰਮ॥**
**ਸਾਧ ਨਾਮ ਨਿਰਮਲ ਤਾ ਕੇ ਕਰਮ॥**

*(ਪੰਨਾ-296)*

ਉਨ੍ਹਾਂ ਦੇ ਦੁੱਖ, ਰੋਗ, ਡਰ ਅਤੇ ਭਰਮ ਸਭ ਖਤਮ ਹੋ ਗਏ ਹਨ। ਉਹ ਸਾਧੂ ਬਣ ਗਏ ਹਨ ਅਤੇ ਉਨ੍ਹਾਂ ਦੇ ਕਰਮ ਆਦਰਸ਼ਕ ਅਤੇ ਨਿਰਮਲ ਹਨ। (ਪੰਨਾ-296)

**ਕਾਮ ਕ੍ਰੋਧ ਲੋਭ ਮਦ ਖੋਏ॥**
**ਸਾਧ ਕੈ ਸੰਗ ਕਿਲਬਿਖ ਸਭ ਧੋਇ॥**

*(ਗਉੜੀ ਮ:5)*

ਜੇਕਰ ਕੋਈ ਇਨਸਾਨ ਸਾਧਸੰਗਤ ਕਰ ਕੇ ਕਾਮ, ਕ੍ਰੋਧ, ਲੋਭ, ਮੋਹ, ਨੂੰ ਨਿਯੰਤ੍ਰਣ ਵਿਚ ਲੈ ਆਉਂਦਾ ਹੈ ਤਾਂ ਉਸਦੇ ਸਾਰੇ ਪਾਪ ਆਪਣੇ ਆਪ ਹੀ ਧੋਤੇ ਜਾਂਦੇ ਹਨ।"(ਗਉੜੀ ਮ:5)

ਸਿੱਖ ਧਰਮ ਅਨੁਸਾਰ ਅਤਿ ਕਾਮੁਕਤਾ ਨੈਤਿਕ ਪਤਨ ਹੈ ਅਤੇ ਇਹ ਅਨੈਤਿਕਤਾ ਤੇ ਦੁੱਖਾਂ ਨੂੰ ਜਨਮ ਦਿੰਦੀ ਹੈ। ਸਿੱਖ ਧਰਮ ਸਭ ਇੱਛਾਵਾਂ, ਵਿਸ਼ੇਸ਼ ਕਰਕੇ ਕਾਮ, ਉੱਪਰ ਕਾਬੂ ਪਾਉਣ ਦੀ ਸਿੱਖਿਆ ਦਿੰਦਾ ਹੈ।

**ਕਾਮ ਕ੍ਰੋਧ ਸਬਲ ਸੰਸਾਰਾ॥**
**ਬਹੁ ਕਰਮ ਕਮਾਵਹਿ ਸਭੁ ਦੁਖ ਕਾ ਪਸਾਰਾ॥**

*(ਪੰਨਾ 1030)*

"ਕਾਮੁਕ ਇੱਛਾ ਅਤੇ ਗੁੱਸਾ, ਸੰਸਾਰ ਵਿੱਚ ਬਹੁਤ ਸ਼ਕਤੀਸ਼ਾਲੀ ਹਨ। ਇਹ ਹਰ ਕਿਸਮ ਦੇ ਅਨੈਤਿਕ ਕਰਮਾਂ ਵੱਲ ਲੈ ਕੇ ਜਾਂਦੇ ਹਨ ਅਤੇ ਸਿਰਫ ਦੁੱਖ ਹੀ ਦੁੱਖ ਪਹੁਚਾਉਣ ਦਾ ਕਾਰਨ ਬਣਦੇ ਹਨ।" (ਗੁਰੂ ਗ੍ਰੰਥ ਸਾਹਿਬ ਪੰਨਾ 1030)

ਕਾਮ ਵਿਚ ਵਧੇਰੇ ਰੁਚੀ ਸਰੀਰਕ ਸਿਹਤ ਦਾ ਵੀ ਨਾਸ਼ ਕਰਦੀ ਹੈ।

**ਕਾਮੁ ਕ੍ਰੋਧ ਕਾਇਆ ਕਉ ਗਾਲੈ॥**
**ਜਿਉ ਕੰਚਨ ਸੋਹਾਗਾ ਢਾਲੈ॥**

*(ਪੰਨਾ-932)*

"ਕਾਮ ਅਤੇ ਗੁੱਸਾ ਸਰੀਰ ਨੂੰ ਉਵੇਂ ਢਾਲਦੇ ਹਨ ਜਿਵੇਂ ਸੋਹਾਗੇ ਵਿੱਚ ਸੋਨਾ ਢਲ ਜਾਂਦਾ ਹੈ"। (ਪੰਨਾ 932)

ਮੰਨਿਆ ਜਾਂਦਾ ਹੈ ਕਿ ਸੰਤਾਂ ਮਹਾਂਪੁਰਸ਼ਾਂ ਨੇ ਆਪਣੀ ਕਾਮ ਵਾਸਨਾ ਨੂੰ ਪੂਰੀ ਤਰ੍ਹਾਂ ਕਾਬੂ ਕਰ ਲਿਆ ਹੁੰਦਾ ਹੈ ਅਤੇ ਉਹ ਇਸ ਸਥਿਤੀ 'ਚ ਹੁੰਦੇ ਹਨ ਕਿ ਲੋਕਾਂ ਦਾ ਸਹੀ ਮਾਰਗ ਦਰਸ਼ਨ ਕਰਾ ਸਕਣ। ਉਨ੍ਹਾਂ ਦੀ ਸੰਗਤ ਸਮਾਜ ਵਿੱਚੋਂ ਸਭ ਤੋਂ ਵਧੀਆ ਸੰਗਤ ਹੈ। ਉਹ ਕਿਸੇ ਇੱਛਾ ਦੇ ਗੁਲਾਮ ਨਹੀਂ ਹੁੰਦੇ।

"ਸੰਦਲ ਦੇ ਨੇੜੇ ਉੱਗੇ ਦਰੱਖਤ ਵੀ ਸੰਦਲ ਦੀ ਹੀ ਖੁਸ਼ਬੂ ਵੰਡਦੇ ਹਨ ਜੇਕਰ ਸੱਤ ਧਾਤਾਂ ਵਿੱਚੋਂ ਕਿਸੇ ਨੂੰ ਵੀ ਪਾਰਸ ਛੁਹਾ ਦੇਈਏ ਤਾਂ ਉਹ ਸੋਨਾ ਬਣ ਜਾਂਦੀਆਂ ਹਨ। ਜਿਵੇਂ ਨਦੀਆਂ, ਨਾਲੇ ਅਤੇ ਚਸ਼ਮੇ ਜੋ ਗੰਗਾ ਵਿੱਚ ਆ ਡਿੱਗਦੇ ਹਨ ਪਵਿੱਤਰ ਹੋ ਗਏ ਮੰਨੇ ਜਾਂਦੇ ਹਨ। ਇਸੇ ਪ੍ਰਕਾਰ ਮਹਾਂਪੁਰਸ਼ ਸਮਾਜ ਵਿੱਚ ਪਾਪੀਆਂ ਨੂੰ ਬਚਾਉਂਦੇ ਹਨ ਅਤੇ ਪਾਪ ਵਾਲੀ ਗੰਦਗੀ ਧੋਂਦੇ ਹਨ।" (ਭਾਈ ਗੁਰਦਾਸ)

**ਹਉ ਬਿਲਹਾਰੀ ਸੰਤਨ ਤੇਰੇ**
**ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ॥**
**ਤੂ ਨਿਰਵੈਰ ਸੰਤ ਤੇਰੇ ਨਿਰਮਲ**
**ਜਿਨ ਦੇਖੇ ਸਭ ਉਤਰਹਿ ਕਲਮਲ॥**

*(ਪੰਨਾ-108)*

"ਹੇ ਪਰਮਾਤਮਾ ਮੈਂ ਤੇਰੇ ਸੰਤਾਂ ਤੋਂ ਬਲਿਹਾਰ ਜਾਂਦਾ ਹਾਂ ਜਿਨ੍ਹਾਂ ਨੇ ਆਪਣੇ ਕ੍ਰੋਧ, ਕਾਮ ਅਤੇ ਲਾਲਚ ਨੂੰ ਮਾਰ ਲਿਆ ਹੈ। ਤੂੰ ਨਿਰਵੈਰ ਹੈਂ, ਕੋਈ ਈਰਖਾ ਨਫਰਤ ਨਹੀਂ ਰੱਖਦਾ। ਤੇਰੇ ਸੰਤ ਅਮਰ ਅਤੇ ਨਿਰਮਲ ਹਨ, ਉਨ੍ਹਾਂ ਦੇ ਮਿਲਾਪ ਨਾਲ ਹੀ ਸਭ ਪਾਪ ਖਤਮ ਹੋ ਜਾਂਦੇ ਹਨ।" (ਪੰਨਾ 108)

ਸੰਤਾਂ ਮਹਾਂਪੁਰਖਾਂ ਦੀ ਸੰਗਤ ਤੋਂ ਬਿਨਾਂ ਮਨੁੱਖ ਉਸ ਜਾਨਵਰ ਵਰਗਾ ਹੈ ਜੋ ਦੂਜੇ ਸਾਰੇ ਜੀਵਾਂ ਤੋਂ ਵੱਧ ਅਸੱਭਿਅ ਹੈ। ਗੁਰੂ ਸਾਹਿਬ ਫੁਰਮਾਨ ਕਰਦੇ ਹਨ:

**ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ॥**
**ਕਥਾ ਕੀਰਤਨੁ ਆਨੰਦ ਮੰਗਲ ਧੁਨਿ**
**ਪੂਰਿ ਰਹੀ ਦਿਨਸੁ ਅਰੁ ਰਾਤਿ॥ਰਹਾਉ॥**
**ਕਰਿ ਕਿਰਪਾ ਅਪਨੇ ਪ੍ਰਭ ਕੀਨੇ**
**ਨਾਮ ਅਪੁਨੇ ਕੀ ਕੀਨੀ ਦਾਤਿ॥**
**ਆਠ ਪਹਰ ਗੁਨ ਗਾਵਤ ਪ੍ਰਭ ਕੇ**
**ਕਾਮ ਕ੍ਰੋਧ ਇਸੁ ਤਨ ਤੇ ਜਾਤ॥**
**ਤ੍ਰਿਪਿਤ ਅਘਾਏ ਪੇਖਿ ਸਭ ਦਰਸਨੁ**
**ਅੰਮ੍ਰਿਤ ਹਰਿ ਰਸੁ ਭੋਜਨੁ ਖਾਤ॥**
**ਚਰਨ ਸਰਨ ਨਾਨਕ ਪ੍ਰਭ ਤੇਰੀ**
**ਕਰਿ ਕਿਰਪਾ ਸੰਤਸੰਗਿ ਮਿਲਾਤ॥**

*(ਪੰਨਾ 820)*

"ਸੰਤਾਂ ਦੀ ਮੌਜੂਦਗੀ ਵਿੱਚ ਪਰਮਾਤਮਾ ਦੀਆਂ ਸਿਫਤਾਂ ਸੁਣਾਈ ਦਿੰਦੀਆਂ ਹਨ। ਵਿਆਖਿਆ, ਕਥਾ-ਕੀਰਤਨ ਅਤੇ ਉਸਤਤ ਭਰਪੂਰ ਸ਼ਬਦ ਰਾਤ ਦਿਨ ਪੂਰੀ



ਤਰ੍ਹਾਂ ਸੁਣਾਈ ਦਿੰਦੇ ਹਨ। ਪਰਮਾਤਮਾ ਨੇ ਕ੍ਰਿਪਾ ਕਰਕੇ ਸੰਤਾਂ ਨੂੰ ਆਪਣਾ ਬਣਾਇਆ ਹੈ ਅਤੇ ਉਨ੍ਹਾਂ ਨੂੰ ਆਪਣੇ ਨਾਮ ਦੀ ਬਖਸ਼ਿਸ਼ ਕੀਤੀ ਹੈ। ਉਨ੍ਹਾਂ ਦੀ ਹਾਜ਼ਰੀ ਵਿੱਚ ਪਰਮਾਤਮਾ ਦੇ ਸ਼ਬਦ ਗਾਇਨ ਕਰਨ ਨਾਲ ਗੁੱਸਾ ਅਤੇ ਕਾਮ ਆਪਣੇ ਆਪ ਹੀ ਫਿੱਕੇ ਪੈਣ ਲੱਗਦੇ ਹਨ। ਮੈਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ ਅਤੇ ਸੰਤਾਂ ਉਪਰ ਪਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਦੀ ਤਾਂਘ ਰੱਖਦਾ ਹਾਂ। ਮੈਂ ਪਰਮਾਤਮਾ ਦੇ ਅੰਮ੍ਰਿਤਮਈ ਭੋਜਨ ਦਾ ਆਨੰਦ ਮਾਣਦਾ ਹਾਂ। ਐ ਪਰਮਾਤਮਾ ਤੇਰੀ ਕਿਰਪਾ ਤੋਂ ਬਿਨਾਂ ਸੰਤਾਂ ਦੀ ਸੰਗਤ ਨਹੀਂ ਮਿਲ ਸਕਦੀ।" (ਪੰਨਾ 820)

ਸਿੱਖ ਧਰਮ ਵਿੱਚ ਆਦਮੀਆਂ ਅਤੇ ਔਰਤਾਂ ਦੇ ਨੈਤਿਕ ਮੁੱਲ ਬਰਾਬਰ ਹਨ। ਸਿੱਖ ਨੈਤਿਕ ਮੁੱਲ ਇਸ ਪ੍ਰਕਾਰ ਹਨ

ਸਤ, ਸੰਤੋਖ ਅਤੇ ਵੀਚਾਰ
ਦਇਆ, ਧਰਮ, ਦਾਨ
ਸਿਦਕ ਸਬਰ, ਸੰਜਮ
ਖਿਮਾ, ਗਰੀਬੀ ਸੇਵਾ
ਨਾਮ ਜਪਣਾ, ਵੰਡ ਛਕਣਾ, ਧਰਮ ਦੀ ਕਿਰਤ ਕਰਨਾ।

## ਇਕ ਪਾਪੀ ਦੀ ਪ੍ਰਾਰਥਨਾ (ਸ਼ਬਦ)

**ਕਾਮਿ ਕ੍ਰੋਧਿ ਭਰੇ ਹਮ ਅਪਰਾਧੀ॥**
**ਕਿਆ ਮੁਹੁ ਲੈ ਬੋਲਹ ਨ ਹਮ ਗੁਣ ਨ ਸੇਵਾ ਸਾਧੀ॥**
**ਡੁਬਦੇ ਪਾਥਰ ਮੇਲਿ ਲੈਹੁ ਤੁਮ ਆਪੇ ਸਾਚੁ ਨਾਮੁ ਅਬਿਨਾਸੀ ਹੇ॥**

*(ਪੰਨਾ-1048)*

ਮੈਂ ਇਕ ਪਾਪੀ ਹਾਂ ਅਤੇ ਕਾਮ ਕ੍ਰੋਧ ਨਾਲ ਪੂਰੀ ਤਰ੍ਹਾਂ ਭਰਿਆ ਪਿਆ ਹਾਂ। ਮੈਂ ਕਿਹੜੇ ਮੂੰਹ ਨਾਲ ਬੋਲਾਂ? ਮੇਰੇ ਅੰਦਰ ਕੋਈ ਗੁਣ ਨਹੀਂ, ਮੈਂ ਲੋਕਾਂ ਦੀ ਕੋਈ ਸੇਵਾ ਨਹੀਂ ਕੀਤੀ। ਮੈਂ ਇਕ ਡੁੱਬਦਾ ਪੱਥਰ ਹਾਂ। ਹੇ ਪਰਮਾਤਮਾ ਮੈਨੂੰ ਆਪਣੇ ਵਿੱਚ ਮਿਲਾ ਲੈ। ਤੇਰਾ ਨਾਮ ਸੱਚਾ ਅਤੇ ਅਮਰ ਹੈ।

❑❑❑

## ਅਧਿਆਇ - 8

# ਗੁਣ

## ਕਿਵ ਸਚਿਆਰਾ ਹੋਈਐ?

**ਪ੍ਰਸ਼ਨ :** ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ॥
ਕਿਉ ਪਾਈਐ ਹਰਿ ਰਾਮ ਸਹਾਈ॥ (ਪੰਨਾ-175)
ਹੇ ਭਾਈ ਅਸੀਂ ਆਤਮਿਕ ਪਰਮ ਸੁਖ ਕਿਵੇਂ ਹਾਸਿਲ ਕਰ ਸਕਦੇ ਹਾਂ ਅਤੇ ਪਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਕਿਵੇਂ ਪ੍ਰਾਪਤ ਹੋ ਸਕਦੀ ਹੈ?

**ਉੱਤਰ :** ਪੋਥੀ ਪੁਰਣ ਕਮਾਈਐ॥ ਭਉ ਵਟੀ ਇਤੁ ਤਨਿ ਪਾਈਐ॥ (ਪੰਨਾ-25)
ਪਰਮਾਤਮਾ ਦਾ ਡਰ ਮਨ 'ਚ ਰੱਖੋ ਅਤੇ ਆਪਣੇ ਧਰਮ ਨੂੰ ਪੂਰੀ ਤਰ੍ਹਾਂ ਕਮਾਓ।

**ਪ੍ਰਸ਼ਨ :** ਸੋ ਅਸਥਾਨੁ ਬਤਾਵਹੁ ਮੀਤਾ॥
ਜਾ ਕੈ ਹਰਿ ਹਰਿ ਕੀਰਤਨੁ ਨੀਤਾ॥ (ਪੰਨਾ-385)
ਹੇ ਮੇਰੇ ਮੀਤ ਉਹ ਕਿਹੜਾ ਸਥਾਨ ਹੈ। ਜਿਥੇ ਪਰਮਾਤਮਾ ਦਾ ਕੀਰਤਨ ਗਾਇਨ ਹੁੰਦਾ ਹੈ।

**ਉੱਤਰ :** ਸਾਧਸੰਗਿ ਹਰਿ ਕੀਰਤੁ ਗਾਈਐ॥ ਇਹ ਅਸਥਾਨ ਗੁਰੂ ਤੇ ਪਾਈਐ॥ (ਪੰਨਾ-58)
ਗੁਰੂ ਸਾਹਿਬ ਦੀ ਸਿੱਖਿਆ ਅਨੁਸਾਰ ਸਾਧ ਸੰਗਤ ਕਰੋ ਅਤੇ ਉਨ੍ਹਾਂ ਦੇ ਨਾਲ ਹੀ ਪਰਮਾਤਮਾ ਦੀ ਸਿਫਤਿ ਸਲਾਹ ਕਰੋ।

**ਪ੍ਰਸ਼ਨ :** ਹਰਿ ਜੀ ਸੂਖਮੁ ਅਗਮੁ ਹੈ॥ ਕਿਤੁ ਬਿਧਿ ਮਿਲਿਆ ਜਾਇ॥ (ਪੰਨਾ-756)
ਪਰਮਾਤਮਾ ਸੂਖਮ ਹੈ, ਪਹੁੰਚ ਤੋਂ ਪਰੇ ਹੈ ਉਸਨੂੰ ਕਿਵੇਂ ਮਹਿਸੂਸ ਕੀਤਾ ਜਾ ਸਕਦਾ ਹੈ।

**ਉੱਤਰ :** ਗੁਰ ਕੇ ਸਬਦਿ ਭ੍ਰਮ ਕਟੀਐ॥ ਅਚਿੰਤ ਵਸੈ ਮਨਿ ਆਇ॥ (ਪੰਨਾ-356)
ਗੁਰੂ ਦੀ ਸਿੱਖਿਆ ਨਾਲ ਮਨ ਦੇ ਭੁਲੇਖੇ ਦੂਰ ਕਰੋ ਅਤੇ ਪਰਮਾਤਮਾ ਚਿੰਤਾ ਰਹਿਤ ਮਨ 'ਚ ਨਿਵਾਸ ਕਰੇਗਾ।

**ਪ੍ਰਸ਼ਨ :** ਵਡੜੈ ਝਾਲਿ ਝਲੁੰਭੜੈ ਨਾਵੜਾ ਲਈਐ ਕਿਸੁ? (ਪੰਨਾ-1420)
ਅੰਮ੍ਰਿਤ ਵੇਲੇ ਮੇਰੇ ਮਨ 'ਚ ਕੀ ਵਿਚਾਰ ਹੋਣਾ ਚਾਹੀਦਾ ਹੈ?



**ਉੱਤਰ :** ਨਾਉ ਲਈਐ ਪਰਮੇਸਰੈ॥ ਭੰਨਣ ਘੜਣ ਸਮਰਥੁ॥ (ਪੰਨਾ-1420)
ਉਸ ਪਰਮਾਤਮਾ ਦਾ ਨਾਮ ਸਿਮਰਨਾ ਚਾਹੀਦਾ ਹੈ ਜੋ ਦੁਨੀਆਂ ਦਾ ਰਚਨਾਕਾਰ ਅਤੇ ਨਾਸ਼ਕ ਵੀ ਆਪ ਹੀ ਹੈ।

**ਪ੍ਰਸ਼ਨ :** ਅਉਗਣੀ ਭਰਿਆ ਸਰੀਰੁ ਹੈ ਕਿਉ ਸੰਤਹੁ ਨਿਰਮਲੁ ਹੋਇ॥ (ਪੰਨਾ-322)
ਮੈਂ ਔਗੁਣਾਂ ਨਾਲ ਭਰਿਆ ਪਿਆ ਹਾਂ। ਮੈਂ ਨਿਰਮਲ ਕਿਵੇਂ ਹੋ ਸਕਦਾ ਹਾਂ?

**ਉੱਤਰ :** ਗੁਰਮੁਖਿ ਗੁਣ ਵੇਹਾਝੀਅਹਿ ਮਲੁ ਹਉਮੈ ਕਢੈ ਧੋਇ॥ (ਪੰਨਾ-322)
ਗੁਰੂ ਦੀਆਂ ਸਿੱਖਿਆਵਾਂ ਨਾਲ ਗੁਣਾਂ ਦੀ ਪ੍ਰਾਪਤੀ ਕਰਕੇ ਹੰਕਾਰ ਦੀ ਮੈਲ ਧੋਤੀ ਜਾ ਸਕਦੀ ਹੈ।

□□□

# ਅਧਿਆਇ - 9

# ਅੰਤਿਮ ਸ਼ਬਦ

## (ਪਰਮਾਤਮਾ ਦੀ ਪਵਿੱਤਰ ਸ਼ਾਨ ਵਿੱਚ)

ਸਾਰੇ ਧਰਮ ਪਰਮਾਤਮਾ ਦੀ ਹੋਂਦ(ਬੁੱਧ ਧਰਮ ਤੋਂ ਬਿਨਾਂ)[139] , ਦੂਸਰਿਆਂ ਨਾਲ ਪ੍ਰੇਮ, ਲੋੜਵੰਦਾਂ ਦੀ ਮੱਦਦ, ਵਿਭਚਾਰ ਨਾ ਕਰਨਾ, ਸਖਤ ਮਿਹਨਤ, ਦੂਜਿਆਂ ਦੀ ਸੰਪਤੀ ਦੀ ਵਰਤੋਂ ਨਾ ਕਰਨਾ ਵਰਗੇ ਵਿਸ਼ਿਆਂ ਤੇ ਇੱਕ ਮੱਤ ਹਨ। ਪਰ ਨੈਤਿਕਤਾ ਤਾਂ ਧਰਮ ਦਾ ਕੇਵਲ ਇਕੋ ਪੱਖ ਹੈ।

ਹਰ ਧਰਮ ਆਪਣੀ ਸਿਧਾਂਤਕ ਸ਼ੁੱਧਤਾ ਤੇ ਡੱਟ ਕੇ ਪਹਿਰਾ ਦਿੰਦਾ ਹੈ ਅਤੇ ਇਸਨੂੰ ਸੌਖਿਆਂ ਨਜ਼ਰ ਅੰਦਾਜ਼ ਨਹੀਂ ਕਰਦਾ। ਇਹ ਉਹ ਪੱਖ ਹੈ, ਜਿਸ ਵਿੱਚ ਸਾਰੇ ਧਰਮ ਵੱਖੋ ਵੱਖਰੇ ਦਿਸਦੇ ਹਨ। ਇਕ ਗਾਂ ਦੀ ਪੂਜਾ ਕਰਦਾ ਹੈ ਪਰ ਦੂਜਾ ਇਸ ਦੇ ਮਾਸ ਖਾਣ ਦੀ ਇਜਾਜ਼ਤ ਦਿੰਦਾ ਹੈ। ਇਕ ਸੂਅਰ ਦੇ ਮਾਸ ਖਾਣ ਤੋਂ ਨਫ਼ਰਤ ਕਰਦਾ ਹੈ, ਦੂਜਾ ਇਸ ਦੀ ਇਜਾਜ਼ਤ ਦਿੰਦਾ ਹੈ। ਇਕ ਕਹਿੰਦਾ ਹੈ ਕਿ ਵਰਤ ਧਾਰਮਿਕ ਲੋੜ ਹੈ ਜਦਕਿ ਦੂਜੇ ਅਨੁਸਾਰ ਇਹ ਜਿੰਨਾ ਚਿਰ ਸਿਹਤ ਪੱਖੋ ਨਹੀਂ ਰੱਖਿਆ ਜਾਂਦਾ ਫਜ਼ੂਲ ਦਾ ਪਖੰਡ ਹੈ। ਇੱਕ ਆਪਣੇ ਧਾਰਮਿਕ ਤਿਓਹਾਰ ਤੇ ਲੱਖਾਂ ਹੀ ਜਾਨਵਰਾਂ ਦੀ ਬਲੀ ਦਿੰਦਾ ਹੈ ਤਾਂ ਦੂਜਾ ਜ਼ਿੰਦਗੀ ਨੂੰ ਨੁਕਸਾਨ ਪਹੁੰਚਾਉਣ ਨੂੰ ਪਾਪ ਐਲਾਨ ਕਰਦਾ ਹੈ। ਨਿਰਪੱਖ ਧਾਰਮਿਕ ਵਿਦਵਾਨ ਬਿਨਾਂ ਕਿਸੇ ਵਿਰੋਧ ਦੇ ਇਸ ਸਿੱਟੇ ਤੇ ਪੁੱਜਦਾ ਹੈ ਕਿ ਸਾਰੇ ਧਰਮ ਤਾਂ ਠੀਕ ਹੋ ਨਹੀਂ ਸਕਦੇ ਪਰ ਸਾਰੇ ਧਰਮ ਗਲਤ ਜ਼ਰੂਰ ਹੋ ਸਕਦੇ ਹਨ। ਕਿਹਾ ਜਾ ਸਕਦਾ ਹੈ ਕਿ ਧਰਮ ਸੰਸਥਾਪਕਾਂ ਦੁਆਰਾ ਤਤਕਾਲੀਨ ਸਥਿਤੀ ਨੂੰ ਵੇਖਦਿਆਂ ਸਮਾਜ ਨੂੰ ਸੁਧਾਰਨ ਲਈ ਬਣਾਏ ਗਏ ਨਿਯਮ ਹੀ ਧਰਮ ਸਨ।[140] ਜਿਵੇਂ ਮਿ: ਜੇ.ਸੀ. ਹੇਅਰ ਦੱਸਦੇ ਹਨ, ਸਾਨੂੰ ਧਰਮ ਦੀ ਜ਼ਰੂਰਤ ਹੈ, "ਧਰਮ ਤੋਂ ਸੱਖਣਾ ਇਨਸਾਨ ਹਾਲਾਤ ਦਾ ਜੀਵ ਹੈ"।

ਗਿਆਨ ਦੇ ਅਜੋਕੇ ਯੁੱਗ ਵਿੱਚ ਧਰਮ ਨੂੰ ਇਕ ਨੈਤਿਕ, ਮਨੋਵਿਗਿਆਨਕ ਅਤੇ ਵਿਗਿਆਨਕ ਪੱਧਰ ਨਾਲ ਨਿਰਣਾ ਪੇਸ਼ ਕਰਨ ਯੋਗ ਹੋਣਾ ਚਾਹੀਦਾ ਹੈ।

139 ਹੀਨਯਾਨ ਬੋਧੀਆਂ ਬਾਰੇ "ਮਿਸਟਿਸਿਜ਼ਮ ਇਨ ਵਰਲਡ ਰਿਲੀਜਨ" (ਪੰਨਾ 78) ਵਿੱਚ ਪੈਨਸਰ ਲਿਖਦਾ ਹੈ ਕਿ ਮਹਾਤਮਾ ਬੁਧ ਵੀ ਰੱਬ ਦੀ ਹੋਂਦ ਵਿਚ ਵਿਸ਼ਵਾਸ਼ ਰਖਦੇ ਸਨ ।

140 ਮੱਤ ਕਹੋ ਕਿ ਸਾਰੇ ਧਰਮ ਵਿਅਰਥ ਹਨ, ਉਨ੍ਹਾਂ ਵਿੱਚ ਕੁਝ ਨਾ ਕੁੱਝ ਸੱਚ ਦੀ ਖੁਸ਼ਬੋ ਜ਼ਰੂਰ ਹੈ, ਨਹੀਂ ਤਾਂ ਉਹ ਤੁਹਾਨੂੰ ਪ੍ਰਸੰਨ ਨਾ ਕਰ ਸਕਦੇ। ਮੱਤ ਕਹੋ ਇਹ ਵਿਚਾਰ ਸਾਰਾ ਸੱਚਾ ਨਹੀਂ, ਦੁਨੀਆਂ ਦਾ ਕੋਈ ਵੀ ਵਿਚਾਰ ਬੇ ਫਾਇਦਾ ਨਹੀਂ। (ਜਲਾਲ-ਉਦ-ਦੀਨ-ਰੂਮੀ)



ਇਸਨੂੰ ਲੜਾਈ ਝਗੜੇ, ਅਸਹਿਣਸ਼ੀਲਤਾ, ਸਿਧਾਂਤਕ ਕੱਟੜਤਾ, ਧਾਰਮਿਕ ਅੰਧਰਾਤਾ, ਰੂੜ੍ਹੀਵਾਦ, ਹਉਮੈਂ ਅਤੇ ਹਠ ਧਰਮ ਦੇ ਖਿਲਾਫ਼ ਇਕ ਚੱਟਾਨ ਦੇ ਰੂਪ ਵਿੱਚ ਖੜ੍ਹਨਾ ਚਾਹੀਦਾ ਹੈ। ਅੱਜ ਦੀ ਮਨੁੱਖਤਾ ਨੂੰ ਪ੍ਰੇਮ, ਸਹਿਚਾਰ, ਮਿੱਤਰਤਾ, ਸਹਿਣਸ਼ੀਲਤਾ, ਨਸਲੀ ਇਕਸੁਰਤਾ, ਬਿਹਤਰੀ, ਸਮਾਜਿਕ ਨਿਆਂ ਅਤੇ ਸਭ ਤੋਂ ਉਪਰੰਤ ਸਮਝ ਅਤੇ ਦੂਜਿਆਂ ਦੇ ਦ੍ਰਿਸ਼ਟੀਕੋਣ ਨੂੰ ਸਤਿਕਾਰ ਦੇਣ ਵਰਗੇ ਗੁਣਾਂ ਦੀ ਜ਼ਰੂਰਤ ਹੈ। ਸਾਨੂੰ ਰਲ ਮਿਲਕੇ ਇਕ ਦੂਜੇ ਨਾਲ ਰਹਿਣ ਦੀ ਜਾਚ ਸਿੱਖ ਲੈਣੀ ਚਾਹੀਦੀ ਹੈ। ਐਸਾ ਨਾ ਹੋਇਆ ਤਾਂ ਅਸੀਂ ਮੂਲਵਾਦ ਅਤੇ ਸਮਾਜੀ ਧਾਰਮਿਕ ਪਰਚੰਡਤਾ ਦੀ ਅੱਗ ਵਿੱਚ ਸਾੜ ਕੇ ਮਨੁਖੀ ਨਸਲ ਨੂੰ ਹੀ ਖ਼ਤਮ ਕਰਨ ਦਾ ਬਾਨ੍ਹਣੂ ਬੰਨ੍ਹ ਦਿਆਂਗੇ। ਨਵੀਂ ਪੀੜ੍ਹੀ ਪਾਗਲਪਣ, ਨਾਫੁਰਮਾਨੀ, ਅਪਰਾਧ, ਨਾਸਤਿਕਤਾ ਅਤੇ ਅਨੈਤਿਕਤਾ ਦੀਆਂ ਨਿਸ਼ਾਨੀਆਂ ਵਲ ਵਧ ਰਹੀ ਨਜ਼ਰ ਆ ਰਹੀ ਹੈ। ਜੇਕਰ ਅਜੋਕੇ ਧਰਮ ਅਸਫਲ ਹੋ ਗਏ ਤਾਂ ਦੇਰ ਸਵੇਰ ਦੁਨੀਆਂ ਵਿੱਚ ਭਰਮ ਅਤੇ ਉਪੱਦਰ ਜ਼ਰੂਰ ਪੈਦਾ ਹੋਵੇਗਾ।[141] ਮਨੁੱਖਤਾ ਲਹੂ ਵਹਾਉਂਦੀ ਮੌਤ ਦੇ ਕਗਾਰ ਤੇ ਖੜੀ ਹੈ। ਆਓ ਪਰਮਾਤਮਾ ਬਾਰੇ ਝਗੜਿਆਂ ਦਾ ਤਿਆਗ ਕਰਕੇ ਉਸਦੀ ਆਗਿਆ ਮੰਨਣੀ ਆਰੰਭ ਕਰੀਏ ਤੇ ਨੇਕ ਇਨਸਾਨ ਬਣੀਏ।

ਸਿੱਖ ਧਰਮ ਨੇ ਇਤਿਹਾਸ ਦੇ ਕਈ ਸਖ਼ਤ ਇਮਤਿਹਾਨ ਪਾਸ ਕੀਤੇ ਹਨ ਅਤੇ ਇਹ ਭਵਿੱਖ ਦਾ ਧਰਮ ਬਣ ਗਿਆ ਹੈ। ਇਹ ਗੈਰ ਸੰਪਰਦਾਇਕ ਹੈ, ਹਰ ਕਿਸੇ ਦਾ ਭਲਾ ਚਾਹੁੰਦਾ ਹੈ ਅਤੇ ਇਹ ਜਾਤ, ਧਰਮ, ਰੰਗ ਨਸਲ ਅਤੇ ਧਾਰਮਿਕ ਭੇਦਭਾਵ ਰਹਿਤ ਇਕ ਸਮੁੱਚੇ ਅਤੇ ਨਿਆਂਭਰਪੂਰ ਸਮਾਜ ਦੀ ਸਥਾਪਨਾ ਦਾ ਉਦੇਸ਼ ਦਿੰਦਾ ਹੈ। ਸਿੱਖ ਧਰਮ, ਸਾਰੇ ਧਰਮਾਂ ਨੂੰ ਆਪਣੇ ਵੱਖਰੇ ਆਤਮਿਕ ਪੱਧਰ ਤੇ ਸਹੀ ਅਤੇ ਉਚਿਤ ਮੰਨਦਾ ਹੈ। ਜੇ ਕਰ ਹੋਰ ਕਿਸੇ ਕਾਰਨ ਨਹੀਂ ਤਾਂ ਘੱਟੋ ਘੱਟ ਇਸ ਕਾਰਨ ਹੀ ਸਿੱਖ ਧਰਮ ਦਾ ਸੱਚਾ ਸੁਨੇਹਾ ਹਰ ਵਿਅਕਤੀ ਤੱਕ ਤੇ ਹਰ ਘਰ ਤੱਕ ਪਹੁੰਚਣਾ ਚਾਹੀਦਾ ਹੈ ਤਾਂ ਜੋ ਸਮਾਜ ਦੇ ਸਾਰੇ ਫ਼ਿਰਕੇ ਇਕਸੁਰਤਾ ਵਾਲੇ ਸੀਮੈਂਟ ਨਾਲ ਜੁੜ ਜਾਣ।

ਅਜੋਕੇ ਸੰਸਾਰ ਵਿੱਚ ਸਰਵ ਸਾਧਾਰਣ ਵਿਸ਼ੇਸ਼ ਨਾਅਰਾ "ਸਰਬੱਤ ਦਾ ਭਲਾ" (ਸਭ ਵਿਅਕਤੀਆਂ ਦਾ ਭਲਾ) ਅਤੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" (ਇਹ ਪਹਿਚਾਨਣਾ ਕਿ ਸਾਰੀ ਮਨੁੱਖ ਜਾਤੀ ਇੱਕ ਹੈ) ਹਨ। ਅਤੇ ਇਹ ਵਿਸ਼ੇਸ਼ ਤੌਰ ਤੇ ਸਿੱਖ ਧਰਮ 'ਚ ਪ੍ਰਚਲਿਤ ਆਤਮਿਕ ਸਮਾਜਿਕ ਮੌਲਿਕ ਸਿਧਾਤਾਂ ਦੀ ਮਹੱਤਤਾ ਨੂੰ ਵੀ ਪ੍ਰਗਟਾਉਂਦਾ ਹੈ। 'ਸਿੱਖ ਰਿਲੀਜਨ' ਸਿੱਖ-ਧਰਮ ਵਜੋਂ ਪ੍ਰਸਿੱਧ ਹੈ। ਏਸ਼ੀਅਨ

141 ਧਰਮ ਲਈ ਸਭ ਤੋਂ ਵੱਡਾ ਖ਼ਤਰਾ ਅਵਿਸ਼ਵਾਸ਼ ਹੈ ਕਿਉਂਕਿ ਅਵਿਸ਼ਵਾਸੀ ਹੋਣਾ ਅੱਧੀ ਨਾਸਤਿਕਤਾ ਹੁੰਦੀ ਹੈ" (ਬਰਕ)

ਸਾਹਿਤ ਵਿੱਚ ਧਰਮ ਦਾ ਅਰਥ ਹੈ, "ਜੋ ਸਭ ਕੋਲ ਹੈ ਅਤੇ ਉਹ ਜਿਸ ਨੂੰ ਸਾਰਿਆਂ ਦੁਆਰਾ ਜ਼ਿੰਦਗੀ ਵਿੱਚ ਮਾਮੂਲੀ ਰੂਪ 'ਚ ਵਰਤਣਾ ਚਾਹੀਦਾ ਹੈ "(ਮਨੂੰ ਸਿਮ੍ਰਤੀ 6,92) ਇਹ ਪਾਪ (ਗੁਨਾਹ) ਅਤੇ ਬੁਰਾਈ ਦਾ ਵਿਰੋਧੀ ਪ੍ਰਗਟਾਵਾ ਹੈ।

**"ਵਰਲਡ ਫੈਲੋਸ਼ਿਪ ਔਫ ਰਿਲੀਜਨਜ਼ (World fellowship of religions) ਆਸ ਕਰਦੀ ਹੈ ਕਿ ਸਭ ਲੋਕ ਇਕ ਦੂਜੇ ਨੂੰ ਪਿਆਰ ਕਰਨ ਅਤੇ ਰਲ ਕੇ ਕੰਮ ਕਰਨ ਵਿੱਚ ਪ੍ਰਵਿਰਤ ਹੋ ਜਾਣਗੇ। ਮੇਰੇ ਖ਼ਿਆਲ ਵਿੱਚ ਸਿੱਖ ਧਰਮ, ਸਾਰੇ ਧਰਮਾਂ ਨਾਲੋਂ ਵੱਧ ਅੰਤਰਰਾਸ਼ਟਰੀ ਧਰਮ ਹੋਣ ਦੀ ਸ਼ਾਹਦੀ (ਗਵਾਹੀ) ਭਰਦਾ ਹੈ। ਅਤੇ ਇਹ ਵੀ ਅਫਸੋਸ ਨਾਲ ਕਹਿੰਦਾ ਹਾਂ ਕਿ ਸਭ ਤੋਂ ਘੱਟ ਸਮਝਿਆ ਅਤੇ ਜਾਣਿਆ ਜਾਣ ਵਾਲਾ ਧਰਮ ਵੀ ਇਹੋ ਹੀ ਹੈ।"**

**(ਬੈਰਨ ਫਰੇ ਵੋਨ ਬਲੂਮਬਰਗ- 'ਪ੍ਰੈਜ਼ੀਡੈਂਟ ਆਫ ਵਰਲਡ ਫੈਲੋਸ਼ਿਪ ਆਫ ਰਿਲੀਜਨਜ਼ ਸਿੱਖ ਕੋਰੀਅਰ ਸਪਰਿੰਗ 66 ਪੇਜ 66)**

"ਲਬਿ ਤਿਸ਼ਨਾ ਰਾ ਜ਼ਿ ਆਬਿ ਲਬਤ ਹਸਤ ਆਰਜ਼ੂ,
ਤਸਕੀਨੇ ਮਾ ਜ਼ਿ ਖਿਜ਼ਰ-ਓ-ਮਸੀਹਾ ਨਮੀ ਸ਼ਵੱਦ"[142]

(ਦੀਵਾਨੇ ਗੋਇਆ-ਭਾਈ ਨੰਦ ਲਾਲ ਜੀ ਗਜ਼ਲ 24-2)

"ਮੈਨੂੰ ਤੇਰੇ ਹੋਠਾਂ ਤੋਂ ਅੰਮ੍ਰਿਤ ਮਈ ਸਿੱਖਿਆਵਾਂ ਦੀ ਉਡੀਕ ਹੈ। ਖਿਜ਼ਰ ਅਤੇ ਯੀਸੂ ਮੇਰੀ ਪਿਆਸ ਨਹੀਂ ਬੁਝਾ ਸਕਦੇ"।

(ਦੀਵਾਨੇ ਗੋਇਆ-ਭਾਈ ਨੰਦ ਲਾਲ 24-2)

□□□

142 (ਹੇ ਗੁਰੂ) ਮੇਰੇ ਤ੍ਰਿਹਾਏ ਬੁੱਲਾਂ ਨੂੰ ਤਾਂ ਤੇਰੇ ਅੰਮ੍ਰਿਤ ਜਲ ਦੀ ਹੀ ਤਾਂਘ ਹੈ। ਖਿਜ਼ਰ ਜਾਂ ਮਸੀਹੇ ਤੋਂ ਮੇਰੀ ਸੰਤੁਸ਼ਟਤਾ ਨਹੀਂ ਹੋ ਸਕਦੀ।



## ਇਕ ਪ੍ਰਾਰਥਨਾ

**ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ॥**
**ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ॥**
**ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥**
**ਹਮ ਅਪਰਾਧੀ ਸਦ ਭੂਲਤੇ ਤੁਮ ਬਖਸਨਹਾਰੇ॥**

*(ਪੰਨਾ-809)*

ਹੇ ਪਰਮਾਤਮਾ ਮੈਨੂੰ ਆਪਣੀ ਸ਼ਰਣ ਵਿੱਚ ਰੱਖੋ ਅਤੇ ਮੇਰੇ ਉਪਰ ਕ੍ਰਿਪਾ ਦ੍ਰਿਸ਼ਟੀ ਬਣਾਈ ਰੱਖੋ। ਮੈਂ ਨਹੀਂ ਜਾਣਦਾ ਕਿ ਤੇਰੀ ਸੇਵਾ ਕਿਵੇਂ ਕਰੀਦੀ ਹੈ। ਮੈਂ ਤਾਂ ਇਕ ਨੀਚ ਅਤੇ ਮੂਰਖ ਹਾਂ। ਮੈਂ ਤੇਰੀਆਂ ਬਖਸ਼ਿਸ਼ਾਂ ਉਪਰ ਮਾਣ ਕਰਦਾ ਹਾਂ। ਮੈਂ ਬਹੁਤ ਵੱਡਾ ਅਪਰਾਧੀ ਹਾਂ ਅਤੇ ਤੂੰ ਮੇਰੀਆਂ ਭੁੱਲਾਂ ਨੂੰ ਬਖਸ਼ਣਵਾਲਾ ਹੈ। (ਪੰਨਾ-809)

ਸੇਵਾ ਕਰਤ ਹੋਇ ਨਿਹਕਾਮੀ,
ਤਿਸ ਕਉ ਹੋਤ ਪਰਾਪਤਿ ਸੁਆਮੀ
(ਸੁਖਮਨੀ ਸਾਹਿਬ ੧॥੧੮॥) ਪੰਨਾ ੨੮੬

''ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ॥'' (ਆਸਾ ਮਹਲਾ ੫ ) ਪੰਨਾ ੪੫੭

XXI

(ਸਿਰੀ ਰਾਗ ਮਹਲਾ ੧) ਪੰਨਾ ੨੬

I.O.L

O.P.D.

**UNODC (United Nation Office on Drugs & Crime):**

Hiv/Aids UNODC Hiv/Aids

Hiv/Aids

STD/HIV

UNODC

x x

G

A/c No.

S.P. A/c No. A/c No. 8088,

A/c No.

Sikh

Sewa U.K.

Sikh Sewa (U.K.)



ਅਪੰਗ ਵਿਅਕਤੀਆਂ ਦੀ ਸਹਾਇਤਾ ਲਈ ਫਰੀ ਸੇਵਾਵਾਂ ਦਾ ਵੇਰਵਾ ਦਸੰਬਰ 2008 ਤੱਕ
ਗੁਰੂ ਨਾਨਕ ਚੈਰੀਟੇਬਲ ਟਰੱਸਟ (ਰਜ਼ਿ:) ਮੰਡੀ ਮੁੱਲਾਂਪੁਰ (ਲੁਧਿਆਣਾ)

| | | | | | |
|---|---|---|---|---|---|
| | | | | | |
| 123 | 2014 | 1052 | 71 | 52 | 999 |
| | | | | | |
| 499 | 1056 | 281 | 135 | 6282 | |

ਵਿਧਵਾਵਾਂ ਨੂੰ ਦਿੱਤੀਆਂ ਗਈਆਂ ਸਿਲਾਈ ਮਸ਼ੀਨਾਂ ਦਾ ਵੇਰਵਾ ਦਸੰਬਰ 2008 ਤੱਕ - 655

9

| | | | | | |
|---|---|---|---|---|---|
| | | | | | |
| 288 | 1801 | 8630 | 227 | 2155 | 2135 |
| ਭੰਗ, ਚਰਸ, ਹਸ਼ੀਸ਼ ਮਾਰਜੁਆਨਾਂ | | | | | |
| 899 | 1128 | 1322 | 764 | 19061 | |

| | | | |
|---|---|---|---|
| | | | |
| 60 | 39309 | 10871 | 5837 |



# ਗੁਰੂ ਨਾਨਕ ਚੈਰੀਟੇਬਲ ਟਰੱਸਟ ਮੁੱਲਾਂਪੁਰ ਦਾਖਾ ਮੰਡੀ (ਜ਼ਿਲ੍ਹਾ ਲੁਧਿਆਣਾ) ਪੰਜਾਬ, ਇੰਡੀਆ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਦੀ ਸੂਚੀ

1. ਐਨ ਇੰਟਰੋਡਕਸ਼ਨ ਟੂ ਸਿੱਖਿਜ਼ਮ
2. ਦ ਸਿੱਖ ਗਰੀਟਿੰਗਜ਼
3. ਏ ਚੈਲੇਂਜ ਟੂ ਸਿੱਖਇਜ਼ਮ
4. ਦ ਸਿੱਖ ਮੈਰਿਜ ਸੈਰੇਮਨੀ
5. ਸਿਖ ਰਿਲੀਜਨ ਐਂਡ ਕਰਿਸ਼ਚਿਐਨਿਟੀ
6. ਸਿਖ ਰਿਲੀਜਨ ਐਂਡ ਇਸਲਾਮ
7. ਸਿਖ ਰਿਲੀਜਨ ਐਂਡ ਸਾਇੰਸ
8. ਸਿਖ ਰਿਲੀਜਨ ਐਂਡ ਵਿਮਨ
9. ਪੰਜਾਬ ਐਂਡ ਪੰਜਾਬੀ
10. ਕਨਸੈਪਟਸ ਔਫ ਸਿਖ ਰਿਲੀਜਨ
11. ਸਿਖ ਰਿਲੀਜਨ ਐਂਡ ਹੇਅਰ

ਇੰਗਲੈਂਡ ਵਿੱਚ ਇਸ ਪਤੇ ਤੇ
ਜੀ. ਐੱਸ. ਸਿੱਧੂ
116 ਵਾਲਥਮ ਕਲੋਜ਼,
ਐਬੇ ਪਾਰਕ, ਵੈਸਟ ਬਰਿਜਫੋਰਡ,
ਨੋਟਿੰਘਮ NG2 6LE
gssidhu30@yahoo.co.uk.
ਟੈਲੀਫੋਨ: 01159819902